ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

10-16 ਜੁਲਾਈ 2024

ਸਾਲ 15ਵਾਂ - ਅੰਕ 28

email : info@sadelok.com

Ph. : 510-706-1300

Fax : 925-373-1300

## ਪੰਜਾਬੀਆਂ ਦੀ ਹੋ ਗਈ ਬੱਲੇ ਬੱਲੇ

### ਕੈਨੇਡਾ ਤੋਂ ਬਾਅਦ ਯੂਕੇ ਦੀ ਸਿਆਸਤ ਵਿਚ ਪੰਜਾਬੀਆਂ ਦਾ ਕਬਜ਼ਾ



(ਦੇਖੋ ਸਫ਼ਾ 22-23 'ਤੇ)

## ਨਕਲੀ ਅਨੰਦ ਕਾਰਜ ਦੇ ਫਿਲਮਾਂਕਣ 'ਤੇ ਪਾਬੰਦੀ ਸੰਬੰਧੀ ਸਖ਼ਤ ਲਿਆ ਜਾਵੇਗਾ ਫੈਸਲਾ: ਸਿੰਘ ਸਾਹਿਬ ਜਥੇਦਾਰ ਗਿ. ਰਘਬੀਰ ਸਿੰਘ



34

## ਭਾਰਤ ਵਿਚ ਨਵੇਂ ਬਣੇ ਕਾਨੂੰਨ ਦੀ ਸਭ ਤੋਂ ਪਹਿਲਾਂ ਸਿੱਖਾਂ ਖਿਲਾਫ਼ ਵਰਤੋਂ

### ਰਾਜਸਥਾਨ ਦੇ ਧਾਰਮਿਕ ਸਿੱਖ ਆਗੂ ਖਿਲਾਫ਼ ਦੇਸ਼ ਧ੍ਰੋਹ ਦਾ ਪਰਚਾ ਦਰਜ



20

## ਡਾ. ਜੇਸਨ ਸਿੰਘ ਵੋਹਰਾ ਐਸਟਨ ਯੂਨੀਵਰਸਿਟੀ ਦੇ ਬਣੇ ਪਹਿਲੇ ਸਿੱਖ ਚਾਂਸਲਰ



34

# ਜਿਸ ਤਰ੍ਹਾਂ ਅਸੀਂ ਪਾਕਿਸਤਾਨ ਤੋਂ ਉਜੜ ਕੇ ਆਏ ਸਾਂ ਅੱਜ ਭਾਰਤ ਨੇ ਦੁਬਾਰੇ ਉਸੇ ਤਰ੍ਹਾਂ ਸਾਨੂੰ ਉਜਾੜ ਦਿੱਤਾ : ਪੀੜਤ

## ਦੁਨੀਆ ਭਰ ਦੇ ਸਿੱਖਾਂ 'ਚ ਭਾਰੀ ਰੋਸ, ਸ਼੍ਰੋਮਣੀ ਕਮੇਟੀ ਵਲੋਂ ਮਦਦ ਦਾ ਭਰੋਸਾ

ਕਰਨਾਲ : ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਕਰਨਾਲ ਜ਼ਿਲ੍ਹੇ ਦੇ ਅਮੂਪੁਰ ਪਿੰਡ ਵਿਖੇ ਦੇਸ਼ ਵੰਡ ਸਮੇਂ ਲਹਿੰਦੇ ਪੰਜਾਬ ਤੋਂ ਉੱਜੜ ਕੇ ਵਸੇ ਚਾਰ ਸਿੱਖ ਪਰਿਵਾਰਾਂ ਦੇ ਘਰ ਢਾਹੁਣ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਇੱਥੇ ਪੁੱਜ ਕੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧੀ ਕਮੇਟੀ ਗਠਤ ਕੀਤੀ ਸੀ, ਜਿਸ ਵਿੱਚ ਸ਼੍ਰੋਮਣੀ

(ਦੇਖੋ ਸਫ਼ਾ 33 'ਤੇ)



## ਕੌਮੀ ਯੋਧੇ ਭਾਈ ਗਜਿੰਦਰ ਸਿੰਘ ਜੀ ਦਾ ਵਿਛੋੜਾ ਸਿੱਖ ਕੌਮ ਲਈ ਨਾ ਪੂਰਾ ਹੋਣ ਵਾਲਾ ਘਾਟਾ : ਅਮਰੀਕਨ ਸਿੱਖ ਆਗੂ



ਲਿਵਰਮੋਰ/ਕੈਲੀਫੋਰਨੀਆ (ਸਾਡੇ ਲੋਕ) ਗਦਰੀ ਆਪਣਾ ਇੱਕ ਇੱਕ ਸਾਹ ਸਿੱਖ ਪੰਥ ਦੇ ਲੇਖੇ ਲਗਾਉਣ ਵਾਲੇ ਪਰਿਵਾਰ ਵਿਛੋੜਾ ਜਰਨ ਵਾਲੇ, ਕੌਮ ਲਈ ਜਲਾਵਤਨੀ ਕੱਟਣ ਵਾਲੇ ਕੌਮੀ ਯੋਧੇ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਦਾ ਵਿਛੋੜਾ ਸਿੱਖ ਕੌਮ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਭਾਈ ਸਾਹਿਬ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਦੀ ਸਮੁੱਚੀ ਜ਼ਿੰਦਗੀ ਕੌਮ ਦੇ ਰਾਹਾਂ ਨੂੰ ਰਸ਼ਨਾਉਣ ਵਾਲੀ ਅਤੇ ਆਉਣ ਵਾਲੀਆਂ ਪੀੜ੍ਹੀਆ ਲਈ ਇੱਕ ਚਾਨਣ ਮੁਨਾਰਾ ਹੈ।

ਭਾਈ ਸਾਹਿਬ ਸਿੱਖ ਸੰਘਰਸ਼ ਦੇ ਸਿਪਾਹ ਸਲਾਰ ਅਤੇ ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਜੀ ਦਾ ਸੰਘਰਸ਼ਸ਼ੀਲ ਜੀਵਨ 1975 ਵਿੱਚ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੇ ਵਿਰੋਧ ਵਜੋਂ ਸ਼ੁਰੂ ਹੋ ਗਿਆ ਸੀ। ਉਸ ਤੋਂ ਬਾਅਦ 1981 ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਹਾਈਜੈਕ ਕਰਕੇ ਪਾਕਿਸਤਾਨ ਲੈ ਗਏ ਸਨ।

(ਦੇਖੋ ਸਫ਼ਾ 5, 11 ਅਤੇ 14 'ਤੇ)

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਗੁਰੂਘਰ ਦੀ ਨਵੀਂ ਇਮਾਰਤ ਦਾ ਉਦਘਾਟਨ

## ਭਾਰਤ ਵਿੱਚ ਸਿੱਖਾਂ ਲਈ ਆਉਣ ਵਾਲਾ ਸਮਾਂ ਖਤਰਨਾਕ, ਸਿੱਖ ਸੁਚੇਤ ਰਹਿਣ : ਸਿੱਖ ਵਿਦਵਾਨ ਭਾਈ ਅਜਮੇਰ ਸਿੰਘ




ਮਿਲਪੀਟਸ ਕੈਲੀਫੋਰਨੀਆ (ਸਾਡੇ ਲੋਕ) ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ 'ਗੁਰਮਤਿ ਸੰਗੀਤ ਸਿੱਖਿਆ - ਸਮਕਾਲੀ ਚੁਣੌਤੀਆਂ' ਵਿਸ਼ੇ 'ਤੇ ਗੁਰਮਤਿ ਸੰਗੀਤ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪੰਥ ਦੇ ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਜੀ, ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਅਮਰੀਕ ਸਿੰਘ ਅਤੇ ਸਿੱਖ ਵਿਦਵਾਨ ਅਤੇ ਸਿੱਖ ਇਤਿਹਾਸਕਾਰ ਸ੍ਰ. ਅਜਮੇਰ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੈਮੀਨਾਰ ਵਿਚ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਡਾ. ਗੁਰਨਾਮ ਸਿੰਘ ਜੀ, ਸ੍ਰ. ਰਜਿੰਦਰ ਸਿੰਘ ਜੀ ਟਾਂਡਾ, ਡਾ. ਗਗਨਦੀਪ ਸਿੰਘ ਲੀਨਾ ਸਿੰਘ, ਸ੍ਰ. ਨਿਰਮਲ ਸਿੰਘ ਸੂਰਾ, ਸ੍ਰ. ਗੁਰਸ਼ਰਨ ਸਿੰਘ ਨੇ ਹਾਜ਼ਰੀ ਭਰੀ।

(ਦੇਖੋ ਸਫ਼ਾ 28-29 'ਤੇ)

For your Advertisement

Please Call

510-706-1300

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience

Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444

2951 W. Capital Ave. W. Sacramento CA 95691

4491 West Shaw Ave.# 131 Fresno. CA 93711 Tel : 559-271-5511

37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com



**Punjabi International Services Inc**
Harminder Singh Samana
Bonded Immigration Consultant
bond number #10134206
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਬੋਧੀ ਧਰਮ ਦੇ ਗੁਰੂ ਦਲਾਈ ਲਾਮਾ ਦੀ ਗੋਡੇ ਦੀ ਸਰਜਰੀ ਸਫਲਤਾਪੂਰਵਕ ਹੋਣ ਨਾਲ ਦੁਨੀਆ ਭਰ 'ਚ ਖ਼ੁਸ਼ੀ ਦੀ ਲਹਿਰ



ਨਿਊਯਾਰਕ, (ਸਾਡੇ ਲੋਕ) : ਤਿੱਬਤ ਦੇ ਅਧਿਆਤਮਕ ਮੁਖੀ ਦਲਾਈ ਲਾਮਾ ਨੇ ਆਪਣੇ 89ਵੇਂ ਜਨਮ ਦਿਨ ਦੇ ਸਨਮਾਨ ਵਿੱਚ ਆਪਣੇ ਸਮਰਥਕਾਂ ਨੂੰ ਇੱਕ ਵੀਡੀਓ ਸੰਦੇਸ਼ ਭੇਜਿਆ, ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਨਿਊਯਾਰਕ ਅਮਰੀਕਾ ਵਿੱਚ ਉਹਨਾਂ ਦੇ ਗੋਡੇ ਦੀ ਸਰਜਰੀ ਹੋਣ ਤੋਂ ਬਾਅਦ ਉਹ ਠੀਕ ਹੋ ਰਹੇ ਹਨ। ਪਿਛਲੇ ਮਹੀਨੇ, ਪ੍ਰੇਰਣਾਦਾਇਕ ਬੋਧੀ ਗ਼ੁਲਾਮੀ, ਜੋ ਕਿ ਆਪਣੇ ਜੱਦੀ ਤਿੱਬਤ ਲਈ ਵਧੇਰੇ ਆਜ਼ਾਦੀ ਦੀ ਕੋਸ਼ਿਸ਼ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ, ਇਲਾਜ ਕਰਵਾਉਣ ਲਈ ਭਾਰਤ ਦੇ ਪਹਾੜੀ ਸ਼ਹਿਰ ਧਰਮਸ਼ਾਲਾ ਵਿੱਚ ਆਪਣੇ ਨਵੇਂ ਘਰ ਤੋਂ ਰਵਾਨਾ ਹੋ ਕੇ ਨਿਊਯਾਰਕ ਇਲਾਜ ਲਈ ਪੁੱਜੇ ਸਨ। 90 ਸਾਲ ਤੋਂ ਵੱਧ ਉਮਰ ਦੇ ਹੋਣ ਦੇ ਬਾਵਜੂਦ ਉਹਨਾਂ ਨੇ ਆਪਣੀ ਵੈਬਸਾਈਟ 'ਤੇ ਪੋਸਟ ਕੀਤੇ ਇੱਕ ਵੀਡੀਓ ਦੇ ਸੰਦੇਸ਼ ਵਿੱਚ, ਲੱਤਾਂ ਦੇ ਕੁਝ ਮਾਮੂਲੀ ਦਰਦ ਦੇ ਅਪਵਾਦ ਦੇ ਨਾਲ, ਚੰਗੀ ਸਿਹਤ ਵਿੱਚ ਹੋਣ ਦਾ ਦਾਅਵਾ ਕੀਤਾ। ਬਿਲਕੁਲ, ਕਿਉਂਕਿ ਇਹ ਬਜ਼ੁਰਗ ਬਣਨ ਦਾ ਇੱਕ ਕੁਦਰਤੀ ਹਿੱਸਾ ਹੈ। ਕਿਰਪਾ ਕਰਕੇ ਚਿੰਤਾ ਨਾ ਕਰੋ; ਮੈਂ ਆਮ ਤੌਰ 'ਤੇ ਠੀਕ ਹੋ ਰਿਹਾ ਹਾਂ। ਆਪਣੀ ਸੁਰੱਖਿਆ ਦੇ ਡਰੋਂ, 23 ਸਾਲਾ ਦਲਾਈਲਾਮਾ ਚੀਨੀ ਸੈਨਿਕਾਂ ਦੁਆਰਾ 1959 ਦੇ ਵਿਦਰੋਹ ਨੂੰ ਕੁਚਲਣ ਤੋਂ ਬਾਅਦ ਤਿੱਬਤ ਦੀ ਰਾਜਧਾਨੀ ਲਹਾਸਾ ਤੋਂ ਭੱਜ ਗਿਆ ਸੀ ਅਤੇ ਦੁਨੀਆ ਭਰ ਵਿੱਚ ਲਗਭਗ 130,000 ਤਿੱਬਤੀਆਂ ਦੁਆਰਾ ਲੋਕਤੰਤਰੀ ਢੰਗ ਨਾਲ ਚੁਣੀ ਗਈ ਇੱਕ ਸਰਕਾਰ ਨੂੰ ਧਰਮ ਨਿਰਪੱਖ ਸ਼ਕਤੀ ਸੌਂਪਣ ਤੋਂ ਬਾਅਦ ਉਸ ਨੇ 2011 ਵਿੱਚ ਆਪਣੇ ਲੋਕਾਂ ਦੇ ਰਾਜਨੀਤਿਕ ਨੇਤਾ ਵਜੋਂ ਅਸਤੀਫਾ ਦੇ ਦਿੱਤਾ ਸੀ। ਇਸ ਦੇ ਬਾਵਜੂਦ ਉਸ ਦੇ ਸਾਥੀ ਜਲਾਵਤਨ ਚਿੰਤਾ ਵਿੱਚ ਰਹਿੰਦੇ ਹਨ ਕਿ ਬੀਜਿੰਗ ਆਪਣੇ ਸ਼ਾਸ਼ਨ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵਿਰੋਧੀ ਉੱਤਰਾਧਿਕਾਰੀ ਚੁਣ ਸਕਦਾ ਹੈ। ਆਪਣੀ ਵੱਡੀ ਉਮਰ ਵਿੱਚ ਤਿੱਬਤ ਉੱਤੇ ਚੀਨ ਦੀ ਪਿਛਲੇ ਮਹੀਨੇ ਬਹੁਤ ਆਲੋਚਨਾ ਹੋਈ ਸੀ। ਜਦੋਂ ਸਾਬਕਾ ਸਦਨ ਸਪੀਕਰ ਨੈਂਨਸੀ ਪੇਲੋਸੀ ਸਮੇਤ ਪ੍ਰਮੁੱਖ ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਵਫ਼ਦ ਨੇ ਧਰਮਸ਼ਾਲਾ ਵਿੱਚ ਦਲਾਈਲਾਮਾ ਅਤੇ ਤਿੱਬਤੀ ਸਰਕਾਰ ਦੇ ਜਲਾਵਤਨ ਨਾਲ ਮੁਲਾਕਾਤ ਕੀਤੀ ਸੀ।



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਅਮਰੀਕਾ ਵਿਚ 6 ਹਫਤਿਆਂ ਦੇ ਰਾਸ਼ਟਰ ਵਿਆਪੀ ਆਪਰੇਸ਼ਨ ਦੌਰਾਨ 200 ਲਾਪਤਾ ਬੱਚੇ ਹੋਏ ਬਰਾਮਦ

### ਬਰਾਮਦ ਬੱਚਿਆਂ ਵਿਚ ਇਕ 5 ਮਹੀਨੇ ਦਾ ਬੱਚਾ ਵੀ ਸ਼ਾਮਲ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਵਿਚ ਯੁਨਾਈਟਡ ਸਟੇਟਸ ਮਾਰਸ਼ਲ ਸਰਵਿਸ ਦੀ ਅਗਵਾਈ ਵਿਚ ਰਾਸ਼ਟਰੀ ਪੱਧਰ 'ਤੇ 6 ਹਫਤੇ ਚਲੇ ਆਪਰੇਸ਼ਨ ਦੌਰਾਨ 200 ਲਾਪਤਾ ਬੱਚਿਆਂ ਦੇ ਬਰਾਮਦ ਹੋਣ ਦੀ ਰਿਪੋਰਟ ਹੈ। ਇਨ੍ਹਾਂ ਵਿਚ ਸਭ ਤੋਂ ਛੋਟੀ ਉਮਰ ਦਾ ਇਕ 5 ਮਹੀਨਿਆਂ ਦਾ ਬੱਚਾ ਵੀ ਸ਼ਾਮਿਲ ਹੈ। ਜਸਟਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 20 ਮਈ ਤੋਂ 24 ਜੂਨ ਦਰਮਿਆਨ ਚਲਾਏ ਆਪਰੇਸ਼ਨ ''ਅਸੀਂ ਤੁਹਾਨੂੰ ਲਭਾਂਗੇ -2 '' ਤਹਿਤ ਕਈ ਬੱਚਿਆਂ ਨੂੰ ਬਹੁਤ ਹੀ ਖਤਰਨਾਕ ਹਾਲਾਤ ਵਿਚੋਂ ਬਚਾਇਆ ਹੈ ਤੇ ਇਨਾਂ ਵਿਚ ਇਕ ਬੱਚਾ ਉਹ ਵੀ ਸ਼ਾਮਿਲ ਹੈ ਜਿਸ ਨੂੰ ਮਾਪਿਆਂ ਵੱਲੋਂ ਅਗਵਾ ਕਰ ਲਿਆ ਗਿਆ ਸੀ ਜਦਕਿ ਉਨਾਂ ਕੋਲ ਬੱਚੇ ਨੂੰ ਆਪਣੇ ਕੋਲ ਰਖਣ ਦੀ ਇਜਾਜ਼ਤ ਨਹੀਂ ਸੀ। ਅਧਿਕਾਰੀਆਂ ਅਨੁਸਾਰ 123 ਬੱਚਿਆਂ ਨੂੰ ਖਤਰਨਾਕ ਸਥਿੱਤੀਆਂ ਵਿਚੋਂ ਬਚਾਇਆ ਹੈ। 6 ਸੰਘੀ ਜਿਲਿਆਂ ਤੇ ਅਮਰੀਕਾ ਭਰ ਵਿਚ ਵੱਖ ਵੱਖ ਥਾਵਾਂ 'ਤੇ ਚਲਾਏ ਆਪਰੇਸ਼ਨ ਵਿਚ ਲਾਪਤਾ ਬੱਚਿਆਂ ਬਾਰੇ ਨੈਸ਼ਨਲ ਸੈਂਟਰ ਸਮੇਤ ਸੰਘੀ, ਰਾਜਾਂ ਤੇ ਸਥਾਨਕ ਏਜੰਸੀਆਂ ਨੇ ਹਿੱਸਾ ਲਿਆ। ਨਿਆਂ ਵਿਭਾਗ ਨੇ ਕਿਹਾ ਹੈ ਕਿ ਲਾਪਤਾ ਬੱਚਿਆਂ ਨੂੰ ਲੱਭਣਾ ਇਕ ਵੱਡੀ ਚੁਣੌਤੀ ਹੈ ਕਿਉਂਕਿ ਅਜਿਹੇ ਮਾਮਲਿਆਂ ਵਿੱਚ ਬੱਚਿਆਂ ਦੀ ਸੈਕਸ ਲਈ ਤਸਕਰੀ ਹੋਣ, ਸਰੀਰਕ ਸੋਸ਼ਣ ਹੋਣ ਤੇ ਦਿਮਾਗੀ ਸਿਹਤ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਬਿਆਨ ਅਨੁਸਾਰ ਇਹ ਆਪਰੇਸ਼ਨ ਪੋਰਟਲੈਂਡ ਤੇ ਓਰੇਗੋਨ ਸਮੇਤ ਦੱਖਣੀ ਫਲੋਰਿਡਾ ਦੀਆਂ ਕਈ ਕਾਊਂਟੀਆਂ, ਨਿਊ ਯਾਰਕ ਸ਼ਹਿਰ ਤੇ ਮਿਸ਼ੀਗਨ ਦੇ ਕੁਝ ਹਿੱਸਿਆਂ ਵਿਚ ਚਲਾਇਆ ਗਿਆ।

# ਨਾਟੋ ਸਿਖਰ ਸੰਮੇਲਨ 'ਚ ਯੂਕ੍ਰੇਨ ਪ੍ਰਤੀ ਮਜ਼ਬੂਤ ਸਮਰਥਨ ਪ੍ਰਦਰਸ਼ਿਤ ਕਰੇਗਾ ਅਮਰੀਕਾ




ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਮੇਜ਼ਬਾਨੀ ਵਿਚ ਇਸ ਹਫ਼ਤੇ ਹੋਣ ਵਾਲੇ ਨਾਟੋ ਸੰਮੇਲਨ ਵਿਚ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵਲੋਂ ਯੂਕ੍ਰੇਨ ਪ੍ਰਤੀ ਮਜ਼ਬੂਤ ਸਮਰਥਨ ਦਿਖਾਉਣ ਦੀ ਸੰਭਾਵਨਾ ਹੈ। ਬਾਈਡੇਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਨਫਰੰਸ 'ਚ ਯੂਕ੍ਰੇਨ ਨੂੰ ਫੌਜੀ, ਸਿਆਸੀ ਅਤੇ ਵਿੱਤੀ ਸਹਾਇਤਾ ਦੇਣ ਲਈ ਕਈ ਅਹਿਮ ਐਲਾਨ ਵੀ ਕੀਤੇ ਜਾ ਸਕਦੇ ਹਨ। ਅਧਿਕਾਰੀਆਂ ਮੁਤਾਬਕ ਯੂਰਪੀ ਸੰਘ ਅਤੇ ਇੰਡੋ-ਪੈਸੀਫਿਕ ਭਾਈਵਾਲਾਂ ਨਾਲ ਅਮਰੀਕਾ ਦੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਕਾਨਫਰੰਸ 'ਚ ਇਕ ਬੈਠਕ ਵੀ ਹੋਵੇਗੀ। ਸਵੀਡਨ ਦੇ ਇਕ ਮੈਂਬਰ ਵਜੋਂ ਸੰਗਠਨ 'ਚ ਸ਼ਾਮਲ ਹੋਣ ਤੋਂ ਬਾਅਦ ਇਹ ਪਹਿਲਾ ਨਾਟੋ ਸੰਮੇਲਨ ਹੋਵੇਗਾ। ਮਾਰਚ 'ਚ ਸਵੀਡਨ ਅਧਿਕਾਰਤ ਤੌਰ 'ਤੇ ਨਾਟੋ 'ਚ ਸ਼ਾਮਲ ਹੋਇਆ ਸੀ।

ਇਹ ਇਤਿਹਾਸਕ ਸਿਖਰ ਸੰਮੇਲਨ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਦਾ ਵੀ ਪ੍ਰਤੀਕ ਹੋਵੇਗਾ। ਨਾਟੋ ਹੁਣ 32 ਦੇਸ਼ਾਂ ਦਾ ਇਕ ਮਜ਼ਬੂਤ ??ਫੌਜੀ ਗਠਜੋੜ ਹੈ। ਸਿਖਰ ਸੰਮੇਲਨ ਤੋਂ ਪਹਿਲਾਂ ਇਕ ਸੀਨੀਅਰ ਅਧਿਕਾਰੀ ਨੇ ਪੱਤਰਕਾਰਾਂ ਨੂੰ ਕਿਹਾ, ਇਹ (ਨਾਟੋ) ਯੂਰੋ-ਅਟਲਾਂਟਿਕ ਸੁਰੱਖਿਆ ਲਈ ਅਸਲ 'ਚ ਬੇਹੱਦ ਜ਼ਰੂਰੀ ਹੈ ਅਤੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਦੀ ਰੱਖਿਆ ਕਰਦਾ ਆਇਆ ਹੈ। ਅਮਰੀਕਾ ਦੀ ਰਾਜਧਾਨੀ 'ਚ ਆਯੋਜਿਤ ਹੋਣ ਵਾਲਾ ਇਹ ਸੰਮੇਲਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦਰਮਿਆਨ ਹੋਈ ਬੈਠਕ ਦੇ ਕੁਝ ਹੀ ਦਿਨਾਂ ਅੰਦਰ ਹੋ ਰਿਹਾ ਹੈ। ਅਧਿਕਾਰੀਆਂ ਨੇ ਕਿਹਾ, "ਸੰਮੇਲਨ ਰਾਹੀਂ ਪੁਤਿਨ ਨੂੰ ਇਕ ਸਖ਼ਤ ਸੰਦੇਸ਼ ਜਾਵੇਗਾ ਕਿ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਯੂਕ੍ਰੇਨ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਦੇ ਗਠਜੋੜ ਦੇ ਸਾਹਮਣੇ ਵੱਧ ਸਮੇਂ ਤੱਕ ਟਿਕ ਸਕਦੇ ਹਨ ਤਾਂ ਇਹ ਉਨ੍ਹਾਂ ਦੀ ਗਲਤਫਹਿਮੀ ਹੈ।" ਅਧਿਕਾਰੀ ਨੇ ਕਿਹਾ, "ਹਿੰਦ-ਪ੍ਰਸ਼ਾਂਤ ਖੇਤਰ ਦੇ ਆਪਣੇ ਸਾਂਝੇਦਾਰਾਂ ਨਾਲ ਮਿਲ ਕੇ ਅਸੀਂ ਬਾਕੀ ਦੇਸ਼ਾਂ ਨੂੰ ਵੀ ਇਕ ਮਹੱਤਵਪੂਰਨ ਸੰਦੇਸ਼ ਦੇਵਾਂਗੇ ਕਿ ਅਸੀਂ ਇਕਜੁਟ ਹਾਂ ਅਤੇ ਲੋਕਤੰਤਰੀ ਮੁੱਲਾਂ ਦੇ ਸਮਰਥਨ ਲਈ ਖੜ੍ਹੇ ਹਾਂ।" ਨਾਟੋ ਸਿਖਰ ਸੰਮੇਲਨ ਮੰਗਲਵਾਰ ਨੂੰ ਵਾਸ਼ਿੰਗਟਨ 'ਚ ਸ਼ੁਰੂ ਹੋਵੇਗਾ, ਜਿਸ 'ਚ ਅਮਰੀਕਾ ਦੇ ਰਾਸ਼ਟਰਪਤੀ ਬਾਈਡੇਨ ਸੰਗਠਨ ਦੇ ਨੇਤਾਵਾਂ ਦਾ ਸਵਾਗਤ ਕਰਨਗੇ।

# ਬੰਦੂਕ ਦੀਆਂ ਗੋਲੀਆਂ ਅਮਰੀਕਾ ਵਿੱਚ ਵੈਂਡਿੰਗ ਮਸ਼ੀਨਾਂ ਤੋਂ ਮਿਲਦੀਆਂ ਹਨ

### ਹੁਣ ਤੁਸੀਂ ਗਰੌਸਰੀ ਦੀਆਂ ਦੁਕਾਨਾਂ 'ਤੇ ਵੈਂਡਿੰਗ ਮਸ਼ੀਨਾਂ ਤੋਂ ਬੰਦੂਕ ਦੀਆਂ ਗੋਲੀਆਂ ਕੱਢ ਸਕਦੇ ਹੋ



ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਵਿੱਚ ਬੰਦੂਕ ਦੀ ਹਿੰਸਾ ਆਪਣੇ ਸਿਖਰ 'ਤੇ ਹੋਣ ਦੇ ਬਾਵਜੂਦ ਵੀ, ਇੱਥੇ ਕਰਿਆਨੇ ਦੀਆਂ ਦੁਕਾਨਾਂ 'ਤੇ ਬੰਦੂਕ ਦੀਆਂ ਗੋਲੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਦਿ ਟੈਲੀਗ੍ਰਾਫ ਦੇ ਅਨੁਸਾਰ, ਇਹ ਸਹੂਲਤ ਅਮਰੀਕਾ ਦੇ 3 ਰਾਜਾਂ ਵਿੱਚ ਸ਼ੁਰੂ ਕੀਤੀ ਗਈ ਹੈ, ਜਿਸ ਕਾਰਨ ਗਰੌਸਰੀ ਦੀਆਂ ਦੁਕਾਨਾਂ ਵਿੱਚ ਵੈਂਡਿੰਗ ਮਸ਼ੀਨਾਂ ਰਾਹੀਂ ਬੰਦੂਕ ਦੀਆਂ ਗੋਲੀਆਂ ਵੀ ਉਪਲਬਧ ਹਨ। ਅਲਾਬਾਮਾ, ਓਕਲਾਹੋਮਾ ਅਤੇ ਟੈਕਸਾਸ ਦੇ ਕੁਝ ਸਟੋਰਾਂ 'ਤੇ ਗਾਹਕ ਆਪਣੀ ਆਈ.ਡੀ. ਨੂੰ ਸਕੈਨ ਕਰਨ ਦੁਆਰਾ ਹਥਿਆਰਾਂ ਲਈ ਗੋਲੀਆਂ ਪ੍ਰਾਪਤ ਕਰ ਸਕਦੇ ਹਨ। ਗੋਲੀਆਂ ਕੱਢਣਾ ਏਟੀਐਮ ਜਿੰਨਾ ਹੀ ਆਸਾਨ ਹੈ। ਰਿਪੋਰਟ ਮੁਤਾਬਕ ਮਸ਼ੀਨਾਂ ਦਾ ਨਿਰਮਾਣ ਅਮਰੀਕਨ ਰਾਊਂਡਸ ਦੁਆਰਾ ਕੀਤਾ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਵਰਤੋਂ ਆਟੋਮੇਟਿਡ ਟੈਲਰ ਮਸ਼ੀਨ (ਏ.ਟੀ.ਐੱਮ.) ਜਿੰਨੀ ਹੀ ਆਸਾਨ ਹੈ। ਕੰਪਨੀ ਦੀ ਵੈੱਬਸਾਈਟ ਦੱਸਦੀ ਹੈ ਕਿ ਉਨ੍ਹਾਂ ਦੇ ਸਵੈਚਲਿਤ ਅਸਲਾ ਡਿਸਪੈਂਸਰ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੇ ਹਨ, ਜਿਸ ਨਾਲ ਗਾਹਕਾਂ ਨੂੰ ਲੰਬੀਆਂ ਲਾਈਨਾਂ ਵਿੱਚ ਉਡੀਕ ਕੀਤੇ ਬਿਨਾਂ ਕਿਸੇ ਵੀ ਸਮੇਂ ਆਪਣੀਆਂ ਬੰਦੂਕਾਂ ਲਈ ਅਸਲਾ ਖਰੀਦਣ ਦੀ ਇਜਾਜ਼ਤ ਮਿਲਦੀ ਹੈ। ਕੰਪਨੀ ਲੁਈਸਿਆਨਾ ਅਤੇ ਕੋਲੋਰਾਡੋ ਸਮੇਤ ਉਨ੍ਹਾਂ ਰਾਜਾਂ ਵਿੱਚ ਉਪਕਰਣਾਂ ਦਾ ਉਤਪਾਦਨ ਕਰਨਾ ਜਾਰੀ ਰੱਖੇਗੀ ਜਿੱਥੇ ਸ਼ਿਕਾਰ ਕਰਨਾ ਪ੍ਰਸਿੱਧ ਹੈ। ਇਹ ਮਸ਼ੀਨਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ, ਕਾਰਡ ਸਕੈਨਿੰਗ ਅਤੇ ਚਿਹਰੇ ਦੀ ਪਛਾਣ ਕਰਨ ਵਾਲੇ ਸਾਫਟਵੇਅਰ ਦੀ ਵਰਤੋਂ ਖਰੀਦਦਾਰ ਦੀ ਪਛਾਣ ਨੂੰ ਉਸ ਦੇ ਚਿਹਰੇ ਦੇ ਨਾਲ ਕਰਨ ਲਈ ਕਰਦੀਆਂ ਹਨ ਅਤੇ ਇਹ ਦਰਸਾਉਂਦੀ ਹੈ ਕਿ ਖਰੀਦਦਾਰ ਦੀ ਉਮਰ 18 ਸਾਲ ਤੋਂ ਵੱਧ ਹੋਵੇ।ਗਾਹਕ ਫਿਰ ਇੱਕ ਟੱਚ ਸਕਰੀਨ ਰਾਹੀਂ ਆਪਣੀ ਪਸੰਦ ਦੇ ਅਸਲੇ ਦੀ ਚੋਣ ਕਰਦੇ ਹਨ ਅਤੇ ਮਸ਼ੀਨ ਦੇ ਹੇਠਾਂ ਇੱਕ ਵੱਡੀ ਮੋਰੀ ਤੋਂ ਗੋਲੀਆਂ ਮੁੜ ਪ੍ਰਾਪਤ ਕਰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਬਿਡੇਨ ਪ੍ਰਸ਼ਾਸਨ ਨੇ ਬੰਦੂਕ ਸੁਰੱਖਿਆ ਨੂੰ ਜਨਤਕ ਸਿਹਤ ਸੰਕਟ ਘੋਸ਼ਿਤ ਕੀਤਾ ਹੈ। ਨੈਸ਼ਨਲ ਸੈਂਟਰ ਫਾਰ ਹੈਲਥ ਸਟੈਟਿਸਟਿਕਸ ਦੇ ਅੰਕੜਿਆਂ ਦੇ ਅਨੁਸਾਰ, ਅਮਰੀਕਾ ਦੇ ਅਲਬਾਮਾ ਰਾਜ ਵਿੱਚ ਬੰਦੂਕ ਨਾਲ ਹੋਣ ਵਾਲੀਆਂ ਮੌਤਾਂ ਦੀ ਚੌਥੀ ਸਭ ਤੋਂ ਉੱਚੀ ਦਰ ਹੈ। ਇਸ ਰਾਜ ਵਿੱਚ 2022 ਵਿੱਚ ਪ੍ਰਤੀ 100,000 ਲੋਕਾਂ ਵਿੱਚ ਬੰਦੂਕ ਨਾਲ 25.5 ਮੌਤਾਂ ਹੋਣ ਦਾ ਅਨੁਮਾਨ ਹੈ। ਰਾਜ ਵਿੱਚ ਕੁੱਲ ਬੰਦੂਕਾਂ ਨਾਲ 1,278 ਮੌਤਾਂ ਹੋਈਆਂ ਹਨ।

# ਨਾਸਾ ਦੇ ਮੰਗਲ ਮਿਸ਼ਨ ਦੇ ਚਾਲਕ ਦਲ ਦੇ ਮੈਂਬਰ ਇਕ ਸਾਲ ਬਾਅਦ ਨਿਕਲੇ ਬਾਹਰ



ਵਾਸ਼ਿੰਗਟਨ : ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਮੰਗਲ ਮਿਸ਼ਨ ਦੇ ਚਾਲਕ ਦਲ ਦੇ ਮੈਂਬਰ ਇਕ ਸਾਲ ਦੀ ਲੰਬੀ ਯਾਤਰਾ ਤੋਂ ਬਾਅਦ ਆਪਣੇ ਪੁਲਾੜ ਯਾਨ ਤੋਂ ਬਾਹਰ ਨਿਕਲੇ। ਹਾਲਾਂਕਿ ਇਹ ਪੁਲਾੜ ਯਾਨ ਕਦੇ ਧਰਤੀ ਤੋਂ ਰਵਾਨਾ ਹੀ ਨਹੀਂ ਹੋਇਆ। ਦਰਅਸਲ, ਨਾਸਾ ਨੇ ਹਿਊਸਟਨ ਦੇ ਜੌਹਨਸਨ ਸਪੇਸ ਸੈਂਟਰ 'ਚ ਮੰਗਲ ਗ੍ਰਹਿ ਦੇ ਵਾਤਾਵਰਣ ਦੀ ਨਕਲ ਕਰਦੇ ਹੋਏ ਇਕ ਨਿਵਾਸ ਸਥਾਨ ਬਣਾਇਆ ਹੈ, ਜਿੱਥੇ 12 ਮਹੀਨਿਆਂ ਤੋਂ ਵੱਧ ਸਮੇਂ ਤੱਕ ਬਾਹਰੀ ਦੁਨੀਆ ਤੋਂ ਵੱਖ ਰਹਿਣ ਤੋਂ ਬਾਅਦ ਚਾਲਕ ਦਲ ਦੇ 4 ਮੈਂਬਰ ਸ਼ਨੀਵਾਰ ਸ਼ਾਮ ਕਰੀਬ 5 ਵਜੇ ਬਾਹਰ ਆਏ। ਇਸ ਮੁਹਿੰਮ ਦਾ ਉਦੇਸ਼ ਭਵਿੱਖ 'ਚ ਮੰਗਲ ਗ੍ਰਹਿ 'ਤੇ ਮਿਸ਼ਨ ਭੇਜਣ ਸਮੇਂ ਪੈਦਾ ਹੋਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਹੈ। ਚਾਲਕ ਦਲ ਦੇ ਮੈਂਬਰਾਂ ਨੇ ਸਪੇਸ ਵਾਕ ਯਾਨੀ 'ਮਾਰਸਵਾਕ' ਦੀ ਨਕਲ ਕੀਤੀ ਅਤੇ ਨਾਲ ਹੀ ਸਬਜ਼ੀਆਂ ਵੀ ਉਗਾਈਆਂ।

ਕੈਲੀ ਹੈਸਟਨ, ਆਂਕਾ ਸੇਲਾਰੀਊ, ਰੌਸ ਬ੍ਰਾਕਵੇਲ ਅਤੇ ਨਾਥਨ ਜੋਨਸ 25 ਜੂਨ 2023 ਨੂੰ 34-ਪ੍ਰਿੰਟ ਕੀਤੇ ਨਿਵਾਸ ਸਥਾਨ 'ਚ ਦਾਖਲ ਹੋਏ। ਡਾਕਟਰ ਅਤੇ ਮਿਸ਼ਨ ਦੇ ਮੈਡੀਕਲ ਅਧਿਕਾਰੀ ਜੋਨਸ ਨੇ ਕਿਹਾ ਕਿ ਕੈਦ 'ਚ ਉਨ੍ਹਾਂ ਦੇ 378 ਦਿਨ ਜਲਦੀ ਬੀਤ ਗਏ। ਇਹ ਚਾਰੇ ਵਿਗਿਆਨੀ ਲਾਲ ਗ੍ਰਹਿ ਵਰਗੇ ਵਾਤਾਵਰਣ 'ਚ 1,700 ਵਰਗ ਫੁੱਟ ਦੇ ਸਥਾਨ ਦੇ ਅੰਦਰ ਰਹੇ। ਉਨ੍ਹਾਂ ਨੇ ਸੀਮਿਤ ਸਰੋਤ, ਅਲੱਗ-ਥਲੱਗ ਰਹਿਣ ਅਤੇ ਧਰਤੀ ਨਾਲ ਸੰਚਾਰ 'ਚ 22 ਮਿੰਟ ਤੱਕ ਦੀ ਦੇਰੀ ਸਮੇਤ ਭਵਿੱਖ 'ਚ ਮੰਗਲ ਗ੍ਰਹਿ 'ਤੇ ਆਉਣ ਵਾਲੀਆਂ ਸੰਭਾਵਿਤ ਚੁਣੌਤੀਆਂ ਦਾ ਸਾਹਮਣਾ ਕੀਤਾ। ਨਾਸਾ ਨੇ ਦੱਸਿਆ ਕਿ ਅਜਿਹੇ 2 ਹੋਰ ਮਿਸ਼ਨਾਂ ਦੀ ਯੋਜਨਾ ਬਣਾਈ ਗਈ ਹੈ। ਨਾਸਾ ਅਨੁਸਾਰ, ਚਾਲਕ ਦੇ ਮੈਂਬਰ ਪੁਲਾੜ 'ਚ ਚਹਿਲਕਦਮੀ ਕਰਦੇ ਰਹਿਣਗੇ ਅਤੇ ਸਰੀਰਕ ਤੇ ਵਿਵਾਹਿਰਕ ਸਿਹਤ ਅਤੇ ਪ੍ਰਦਰਸ਼ਨ ਨਾਲ ਜੁੜੇ ਕਾਰਕਾਂ 'ਤੇ ਜਾਣਕਾਰੀ ਇਕੱਠੇ ਕਰਦੇ ਰਹਿਣਗੇ। ਜੌਹਨਸਨ ਸਪੇਸ ਸੈਂਟਰ ਦੇ ਡਿਪਟੀ ਡਾਇਰੈਕਟਰ ਸਟੀਵ ਕੋਰਨਰ ਨੇ ਕਿਹਾ, "ਮੰਗਲ ਗ੍ਰਹਿ ਸਾਡਾ ਮਕਸਦ ਹੈ।" ਉਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਗਲੋਬਲ ਪੁਲਾੜ ਖੋਜ ਯਤਨਾਂ 'ਚ ਮੋਹਰੀ ਬਣਨ ਦੇ ਅਮਰੀਕਾ ਦੇ ਟੀਚੇ ਵੱਲ ਇਕ ਮਹੱਤਵਪੂਰਨ ਕਦਮ ਦੱਸਿਆ।

# ਅਮਰੀਕਾ ਦੇ ਸ਼ਹਿਰ ਡੈਟਰਾਇਟ ਵਿਚ ਹੋਈ ਗੋਲੀਬਾਰੀ ਵਿੱਚ 2 ਵਿਅਕਤੀਆਂ ਦੀ ਮੌਤ ਤੇ 19 ਹੋਰ ਜ਼ਖਮੀ



ਅਮਰੀਕਾ ਦੇ ਡੈਟਰਾਇਟ ਸ਼ਹਿਰ ਵਿਚ ਹੋਈ ਗੋਲੀਬਾਰੀ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਨਿਸ਼ਾਨਦੇਹੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਸ਼ਹਿਰ ਡੈਟਰਾਇਟ ਵਿਚ ਹੋਈ ਗੋਲੀਬਾਰੀ ਵਿਚ 2 ਲੋਕਾਂ ਦੀ ਮੌਤ ਹੋਣ ਤੇ 19 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਮਿਸ਼ੀਗਨ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪ੍ਰਾਪਤ ਵੇਰਵੇ ਅਨੁਸਾਰ ਗੋਲੀਬਾਰੀ ਦੀ ਘਟਨਾ ਤੜਕਸਾਰ 2.30 ਵਜੇ ਦੇ ਆਸਪਾਸ ਇਕ ਬਲਾਕ ਪਾਰਟੀ ਵਿਚ ਵਾਪਰੀ। ਮਿਸ਼ੀਗਨ ਸਟੇਟ ਪੁਲਿਸ ਨੇ ਕਿਹਾ ਹੈ ਕਿ ਮੁੱਢਲੀ ਜਾਣਕਾਰੀ ਅਨੁਸਾਰ ਇਸ ਘਟਨਾ ਵਿਚ ਕੁਲ 19 ਲੋਕ ਜ਼ਖਮੀ ਹੋਏ ਹਨ ਪਰੰਤੂ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਨਾਂ ਦੇ ਸਾਰਿਆਂ ਦੇ ਗੋਲੀਆਂ ਵੱਜੀਆਂ ਹਨ ਜਾਂ ਹੋਰ ਕਿਸੇ ਕਾਰਨ ਜ਼ਖਮੀ ਹੋਏ ਹਨ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਹੈ। ਮਾਮਲਾ ਜਾਂਚ ਅਧੀਨ ਹੈ ਤੇ ਸਟੇਟ ਪੁਲਿਸ ਮਾਮਲੇ ਦੀ ਜਾਂਚ ਵਿੱਚ ਡੈਟਰਾਇਟ ਪੁਲਿਸ ਵਿਭਾਗ ਦੀ ਮੱਦਦ ਕਰ ਰਹੀ ਹੈ। ਡੈਟਰਾਇਟ ਪੁਲਿਸ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸਮੇ ਜਾਂਚਕਾਰ ਤੇ ਫੌਰੈਂਸਿਕ ਮਾਹਿਰ ਸਬੂਤ ਜੁਟਾ ਰਹੇ ਹਨ ਤੇ ਅਗਲੇ ਕੁਝ ਦਿਨਾਂ ਦੌਰਾਨ ਉਹ ਆਪਣਾ ਕੰਮ ਜਾਰੀ ਰੱਖਣਗੇ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

# ਜਿਨ੍ਹਾਂ ਨੇ ਇਕ ਇਕ ਪਲ ਪੰਥ ਦੇ ਲੇਖੇ ਲਾਇਆ
# ਭਾਈ ਸਾਹਿਬ ਭਾਈ ਗਜਿੰਦਰ ਸਿੰਘ ਨੂੰ ਕੋਟਿ-ਕੋਟਿ ਪ੍ਰਣਾਮ



ਭਾਈ ਸਾਹਿਬ ਭਾਈ ਗਜਿੰਦਰ ਸਿੰਘ

ਸਾਰੀ ਜ਼ਿੰਦਗੀ ਪੰਥ ਲਈ ਇਕ ਇਕ ਸਾਹ ਲੇਖੇ ਲਾਉਣ ਵਾਲੇ ਕੌਮ ਦੇ ਨਿਸ਼ਕਾਮ ਸੇਵਕ ਭਾਈ ਸਾਹਿਬ ਭਾਈ ਗਜਿੰਦਰ ਸਿੰਘ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਕੌਮ ਦੀ ਅਣਖ ਅਤੇ ਮੌਜੂਦ ਦੌਰ ਦੀ ਲੜਾਈ ਵਿਚ ਜਦੋਂ 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਭਾਈ ਸਾਹਿਬ ਭਾਈ ਗਜਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ 29 ਸਤੰਬਰ 1980 ਨੂੰ ਰੋਸ ਵਜੋਂ ਜਹਾਜ਼ ਅਗਵਾ ਕਰਕੇ ਪਾਕਿਸਤਾਨ ਲੈ ਗਏ, ਜਿਥੇ ਉਨ੍ਹਾਂ ਨੇ ਤਕਰੀਬਨ 15 ਸਾਲ ਜੇਲ੍ਹ ਕੱਟੀ ਅਤੇ ਕੌਮ ਦੀ ਅਣਖ ਆਬਰੂ ਅਤੇ ਅਜ਼ਾਦੀ ਲਈ ਜਿਥੇ ਪਰਿਵਾਰ ਵਿਛੋੜਾ ਝੱਲਿਆ, ਉਥੇ ਆਖਰੀ ਸਾਹ ਤੱਕ ਜਲਾਵਤਨੀ ਦੀ ਜ਼ਿੰਦਗੀ ਝੱਲੀ। ਭਾਈ ਸਾਹਿਬ ਭਾਈ ਗਜਿੰਦਰ ਸਿੰਘ ਕੱਲ੍ਹ ਸਿੱਖਾਂ ਦੀ ਪੁਰਾਣੀ ਰਾਜਧਾਨੀ ਲਾਹੌਰ ਵਿਚ ਪੰਥ ਨੂੰ ਆਖਰੀ ਫਤਹਿ ਬੁਲਾ ਗਏ। ਅਸੀਂ ਉਨ੍ਹਾਂ ਦੀ ਇਸ ਮਹਾਨ ਸ਼ਹਾਦਤ ਨੂੰ ਸਿਜਦਾ ਕਰਦੇ ਹਾਂ ਅਤੇ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।



## ਸ੍ਰ. ਹਰਮਿੰਦਰ ਸਿੰਘ ਸਮਾਣਾ

**ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼**

# ਅਮਰੀਕਾ 'ਚ ਭਾਰਤੀ ਮੂਲ ਦੇ ਪਿਤਾ ਨੂੰ ਗੋਲੀ ਮਾਰ ਕੇ ਮਾਰਨ ਵਾਲੇ ਪੁੱਤਰ ਨੂੰ ਉਮਰ ਕੈਦ

ਨਿਊਯਾਰਕ (ਰਾਜ ਗੋਗਨਾ)- ਅਮਰੀਕਾ ਵਿੱਚ ਬੰਦੂਕ ਹਿੰਸਾ ਕਾਰਨ ਇਸ ਸਾਲ 5,000 ਤੋਂ ਵੱਧ ਲੋਕ ਮਾਰੇ ਗਏ। ਅਜਿਹੀ ਹੀ ਇੱਕ ਦਰਦਨਾਕ ਘਟਨਾ ਅਮਰੀਕਾ ਦੇ ਜਾਰਜੀਆ ਸੂਬੇ ਵਿਚ ਵਾਪਰੀ। ਜਿੱਥੇ ਭਾਰਤੀ ਮੂਲ ਦੇ ਰਾਜੀਵ ਕੁਮਾਰ ਸਵਾਮੀ ਨੇ ਗੋਲੀ ਮਾਰ ਕੇ ਆਪਣੇ ਪਿਤਾ ਦੀ ਹੱਤਿਆ ਕਰ ਦਿੱਤੀ। 28 ਸਾਲਾ ਦੋਸ਼ੀ ਜੋ ਅਮਰੀਕਾ ਦੀ ਫੋਰਸਥ ਕਾਉਂਟੀ, ਜਾਰਜੀਆ ਦਾ ਰਹਿਣ ਵਾਲਾ ਸੀ, ਨੇ 2021 ਵਿਚ ਘਰ ਵਿੱਚ ਕਿਸੇ ਗੱਲ 'ਤੇ ਹੋਏ ਝਗੜੇ ਦੌਰਾਨ ਆਪਣੇ ਪਿਤਾ ਸਦਾਸ਼ਿਵਿਆ ਕੁਮਾਰ ਸਵਾਮੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਜਾਰਜੀਆ ਰਾਜ ਦੀ ਇਕ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਦੁਖਦਾਈ ਘਟਨਾ 22 ਜੁਲਾਈ, 2021 ਨੂੰ ਸ਼ਾਮ ਨੂੰ ਲਗਭਗ 5:50 ਵਜੇ ਦੇ ਕਰੀਬ ਵਾਪਰੀ ਸੀ। ਜਦੋਂ ਰਾਜੀਵ ਅਤੇ ਉਸ ਦੇ ਪਿਤਾ ਵਿਚਕਾਰ ਘਰੇਲੂ ਝਗੜਾ ਘਾਤਕ ਹੋ ਗਿਆ ਸੀ। ਇਸ ਘਟਨਾ ਵਿਚ ਰਾਜੀਵ ਨੇ ਆਪਣੇ ਕਮਰੇ ਵਿੱਚੋਂ ਬੰਦੂਕ ਲਿਆਂਦੀ ਅਤੇ ਆਪਣੇ ਘਰ ਦੇ



ਅੰਦਰ ਹੀ ਆਪਣੇ ਪਿਤਾ ਨੂੰ ਕਈ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਉਸ ਸਮੇਂ 49 ਸਾਲ ਦੀ ਉਮਰ ਦੇ ਸਦਾਸ਼ਿਵਿਆ ਸਵਾਮੀ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ। ਪੁਲਸ ਨੇ ਰਾਜੀਵ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਉਸ 'ਤੇ ਆਪਣੇ ਪਿਤਾ ਨੂੰ ਮਾਰਨ ਦਾ ਫਸਟ ਡਿਗਰੀ ਦਾ ਦੋਸ਼ ਲਗਾਇਆ ਗਿਆ ਸੀ। ਬੀਤੇ ਦਿਨ ਜਾਰਜੀਆ ਰਾਜ ਦੀ ਅਦਾਲਤ ਨੇ ਰਾਜੀਵ ਕੁਮਾਰ ਸਵਾਮੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

# ਕਿਸ਼ਤੀ ਹਾਦਸੇ 'ਚ ਗਈ ਇਕ ਵਿਅਕਤੀ ਦੀ ਜਾਨ, 10 ਜ਼ਖਮੀ



ਲਾਸ ਏਂਜਲਸ : ਦੱਖਣੀ ਕੈਲੀਫੋਰਨੀਆ ਦੇ ਤੱਟਵਰਤੀ ਸ਼ਹਿਰ ਲਾਂਗ ਬੀਚ 'ਚ ਕਿਸ਼ਤੀ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਆਪਣੇ ਫੇਸਬੁੱਕ ਪੇਜ਼ 'ਤੇ ਇਕ ਪ੍ਰੈੱਸ ਬਿਆਨ 'ਚ ਇਸ ਦੀ ਜਾਣਕਾਰੀ ਦਿੱਤੀ। ਸਮਾਚਾਰ ਏਜੰਸੀ ਸਿਨਹੁਆ ਦੀ ਰਿਪੋਰਟ ਅਨੁਸਾਰ ਵੀਰਵਾਰ ਨੂੰ ਵਿਭਾਗ ਨੇ ਦੱਸਿਆ ਕਿ ਲਾਂਗ ਬੀਚ ਫਾਇਰ ਡਿਪਾਰਟਮੈਂਟ ਦੇ ਮੈਂਬਰਾਂ ਨੇ ਬੁੱਧਵਾਰ ਨੂੰ ਲਗਭਗ 9.21 ਵਜੇ (ਸਥਾਨਕ ਸਮੇਂ) ਸੂਚਨਾ ਦਿੱਤੀ ਕਿ 48 ਫੁੱਟ (ਲਗਭਗ 14.6 ਮੀਟਰ) ਲੰਬੀ ਕਿਸ਼ਤੀ ਏਲਾਮਿਟੋਸ ਬੇ ਜੇਟੀ ਨਾਲ ਟਕਰਾ ਗਈ ਹੈ। ਸਥਾਨਕ ਕੇਟੀਐੱਲਏ ਟੈਲੀਵਿਜ਼ਨ ਸਟੇਸ਼ਨ ਦੀ ਰਿਪੋਰਟ ਅਨੁਸਾਰ, "ਇਸ ਘਟਨਾ 'ਚ ਕੁੱਲ 11 ਮਰੀਜ਼ ਸ਼ਾਮਲ ਸਨ। ਬਦਕਿਸਮਤੀ ਨਾਲ ਇਕ ਦੀ ਮੌਤ ਹੋ ਗਈ।" ਵਿਭਾਗ ਨੇ ਕਿਹਾ,"ਬਾਕੀ 10 ਮਰੀਜ਼ਾਂ ਨੂੰ ਸਥਾਨਕ ਖੇਤਰ ਦੇ ਹਸਪਤਾਲਾਂ 'ਚ ਲਿਜਾਇਆ ਗਿਆ। ਤਿੰਨ ਮਰੀਜ਼ਾਂ ਦੀ ਹਾਲਤ ਗੰਭੀਰ ਦੱਸੀ ਗਈ ਹੈ।" ਪੀੜਤ ਦੀ ਉਮਰ ਸਿਰਫ਼ 40-50 ਸਾਲ ਦੱਸੀ ਗਈ ਹੈ, ਜਿਸ ਨੂੰ ਕਿਸ਼ਤੀ 'ਚ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਕਿਸ਼ਤੀ ਦੇ ਚੱਟਾਨਾਂ ਨਾਲ ਟਕਰਾਉਣ ਦਾ ਅਸਲ ਕਾਰਨ ਸਪੱਸ਼ਟ ਨਹੀਂ ਹੈ ਪਰ ਅਧਿਕਾਰੀਆਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਗਤੀ ਇਸ ਦਾ ਕਾਰਨ ਸੀ।

# ਅਮਰੀਕਾ ਦੇ ਐਟਲਾਂਟਾ ਸ਼ਹਿਰ ਨੇੜੇ 2 ਬੱਚਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਤੇ ਇਕ ਬੱਚਾ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਜਾਰਜੀਆ ਰਾਜ ਦੀ ਰਾਜਧਾਨੀ ਐਟਲਾਂਟਾ ਨੇੜੇ ਦੁਪਹਿਰ ਵੇਲੇ 13 ਸਾਲਾਂ ਦੇ 2 ਬੱਚਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਐਟਲਾਂਟਾ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਜੋ ਐਟਲਾਂਟਾ ਦੇ ਦੱਖਣ ਪੱਛਮ ਵਿਚ ਓਕਲੈਂਡ ਸ਼ਹਿਰ ਵਿੱਚ ਵਾਪਰੀ, ਵਿਚ ਇਕ 12 ਸਾਲਾਂ ਦਾ ਬੱਚਾ ਗੋਲੀ ਵੱਜਣ ਕਾਰਨ ਜ਼ਖਮੀ ਵੀ ਹੋਇਆ ਹੈ। ਦੁਪਹਿਰ 12.30 ਵਜੇ ਕਿਸੇ ਵੱਲੋਂ ਫੋਨ ਕਰਨ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ ਤਾਂ ਉਨਾਂ ਨੂੰ ਇਕ ਅਪਾਰਟਮੈਂਟ ਕੰਪਲੈਕਸ ਵਿਚ 13 ਸਾਲਾਂ ਦੇ 2 ਬੱਚੇ ਤੇ ਇਕ 12 ਸਾਲਾਂ ਦਾ ਬੱਚਾ ਜ਼ਖਮੀ ਹਾਲਤ ਵਿਚ ਮਿਲੇ। 13 ਸਾਲਾਂ ਦੇ ਇਕ ਬੱਚੇ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ 13 ਸਾਲਾਂ ਦਾ ਦੂਸਰਾ ਬੱਚਾ ਹਸਪਤਾਲ ਵਿਚ ਦਮ ਤੋੜ ਗਿਆ। ਜ਼ਖਮੀ ਹੋਇਆ ਤੀਸਰਾ ਬੱਚਾ ਹਸਪਤਾਲ ਵਿਚ ਇਲਾਜ਼ ਅਧੀਨ ਹੈ। ਫੁਲਟੋਨ ਕਾਊਂਟੀ ਮੈਡੀਕਲ ਜਾਂਚ ਦਫਤਰ ਨੇ ਮ੍ਰਿਤਕ ਬੱਚਿਆਂ ਦੀ ਪਛਾਣ ਜਕੋਡੀ ਡੇਵਿਸ ਤੇ ਲੈਮਨ ਫਰੀਮੈਨ ਵਜੋਂ ਦੱਸੀ ਹੈ। ਹੋਮੀਸਾਇਡ ਯੁਨਿਟ ਕਮਾਂਡਰ ਲੈਫਟੀਨੈਂਟ ਐਂਡਰੀਊ ਸਮਿਥ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧੀ ਮੌਕੇ ਦੇ ਗਵਾਹਾਂ ਦੀ ਮਦਦ ਲਈ ਜਾ ਰਹੀ ਹੈ। ਉਨਾਂ ਕਿਹਾ ਕਿ ਜਾਂਚਕਾਰ ਇਹ ਪਤਾ ਲਾਉਣ ਦਾ ਯਤਨ ਕਰ ਰਹੇ ਹਨ ਕਿ ਅਸਲ ਵਿਚ ਕੀ ਵਾਪਰਿਆ। ਮੌਕੇ 'ਤੇ ਪੁੱਜੇ ਸਮਿਥ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਘਟਨਾ ਬਹੁਤ ਦੁੱਖਦਾਈ ਹੈ ਜਿਸ ਵਿਚ ਦੋ ਬੱਚਿਆਂ ਦੀ ਮੌਤ ਹੋਈ ਹੈ।

# ਮੈਂ ਡੈਮੋਕਰੈਟਿਕ ਪਾਰਟੀ ਦੁਆਰਾ ਨਾਮਜ਼ਦ ਹਾਂ, ਕੁਝ ਲੋਕ ਮੈਨੂੰ ਮੁਕਾਬਲੇ ਵਿਚੋਂ ਹਟਾ ਦੇਣਾ ਚਾਹੁੰਦੇ ਹਨ, ਅਜਿਹਾ ਕਦੀ ਨਹੀਂ ਹੋਵੇਗਾ : ਬਾਈਡਨ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਜੋ ਬਾਈਡਨ ਨੇ ਇਕ ਚੋਣ ਰੈਲੀ ਦੌਰਾਨ ਕਿਹਾ ਕਿ ਉਨਾਂ ਦੇ ਕੁਝ ਸਾਥੀ ਡੈਮੋਕਰੈਟਸ 2024 ਦੀਆਂ ਚੋਣਾਂ ਵਿਚੋਂ ਉਸ ਨੂੰ ਬਾਹਰ ਕਰ ਦੇਣਾ ਚਹੁੰਦੇ ਹਨ ਪਰੰਤੂ ਅਜਿਹਾ ਨਹੀਂ ਹੋਵੇਗਾ, ਮੈਂ ਡਟਿਆ ਰਹਾਂਗਾ। ਮੈਡੀਸਨ, ਵਿਸਕਾਨਸਿਨ ਵਿਚ ਇਕ ਮਿਡਲ ਸਕੂਲ ਜਿਮਨੇਜੀਅਮ ਵਿਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਬਾਈਡਨ ਨੇ ਕਿਹਾ ਕਿ "ਮੈਂ ਡੈਮੋਕਰੈਟਿਕ ਪਾਰਟੀ ਦੁਆਰਾ ਨਾਮਜ਼ਦ ਹਾਂ ਤੇ ਪੂਰੇ ਅਮਰੀਕਾ ਵਿਚੋਂ ਮੈਨੂੰ ਤੁਹਾਡੇ ਵਾਂਗ ਲੱਖਾਂ-ਕਰੋੜਾਂ ਡੈਮੋਕਰੈਟਸ ਨੇ ਵੋਟਾਂ ਪਾ ਕੇ ਨਾਮਜ਼ਦ ਕੀਤਾ ਹੈ।" ਉਨਾਂ ਕਿਹਾ "ਹੋਰ ਕਿਸੇ ਨੇ ਨਹੀਂ ਤੁਸੀਂ ਮੈਨੂੰ ਆਪਣੇ ਉਮੀਦਵਾਰ ਵਜੋਂ ਵੋਟਾਂ ਪਾਈਆਂ ਹਨ। ਇਸ ਦੇ ਬਾਵਜੂਦ ਕੁਝ ਲੋਕ ਇਸ ਹਕੀਕਤ ਨੂੰ ਸਮਝ ਨਹੀਂ ਰਹੇ। ਉਹ ਮੈਨੂੰ ਚੋਣ ਮੈਦਾਨ ਵਿਚੋਂ ਬਾਹਰ ਕੱਢ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।" ਉਨ੍ਹਾਂ ਕਿਹਾ ਮੈ ਸਪੱਸ਼ਟ ਤੌਰ 'ਤੇ ਆਪਣਾ ਪੱਖ ਰਖਣ ਜਾ ਰਿਹਾ



ਹਾਂ ਤੇ ਉਹ ਇਹ ਹੈ ਕਿ ਮੈ ਮੁਕਾਬਲੇ ਵਿਚੋਂ ਨਹੀਂ ਹਟਾਂਗਾ ਤੇ ਮੈ ਡੋਨਲਡ ਟਰੰਪ ਨੂੰ ਹਰਾਵਾਂਗਾ।" ਰੈਲੀ ਵਿਚ ਵਿਸਕਾਨਸਿਨ ਦੇ ਡੈਮੋਕਰੈਟਿਕ ਗਵਰਨਰ ਟੋਨੀ ਐਵਰਜ ਨੇ ਬਾਈਡਨ ਦੀ ਜਾਣ ਪਛਾਣ ਕਰਵਾਈ। ਬਾਈਡਨ ਨੇ ਕਿਹਾ "ਕੁਝ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਬਾਈਡਨ ਕੀ ਕਰਨ ਜਾ ਰਿਹਾ ਹੈ? ਕੀ ਉਹ ਮੁਕਾਬਲੇ ਵਿਚ ਬਣਿਆ ਰਹੇਗਾ? ਕੀ ਉਹ ਮਕਾਬਲੇ ਵਿਚੋਂ ਹਟ ਰਿਹਾ ਹੈ? ਇਸ ਦੇ ਜਵਾਬ ਵਿਚ ਮੇਰਾ ਉਤਰ ਇਹ ਹੈ ਕਿ ਮੈ ਚੋਣ ਲੜਨ ਜਾ ਰਿਹਾ ਹਾਂ ਤੇ ਚੋਣ ਜਿਤਾਂਗਾ। ਰੈਲੀ ਤੋਂ ਬਾਅਦ ਵਸ਼ਿੰਗਟਨ ਜਾਣ ਲਈ ਏਅਰ ਫੋਰਸ ਦੇ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਇਕ ਪੱਤਰਕਾਰ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਬਾਈਡਨ ਨੇ ਚੋਣ ਮੁਕਾਬਲੇ ਵਿਚੋਂ ਹਟਣ ਦੀ ਸੰਭਾਵਨਾ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਦਿੱਤਾ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਉਨਾਂ ਨੂੰ ਆਪਣੀ ਗੱਲ ਪੂਰੀ ਕਰਨ ਵਿੱਚ ਦਿੱਕਤ ਆਈ ਸੀ ਤੇ ਇਕ ਸਮੇ ਉਨਾਂ ਇਹ ਕਿਹਾ ਕਿ ਮੈ ਉਸ ਨੂੰ 2020 ਵਿਚ ਦੁਬਾਰਾ ਫਿਰ ਹਰਾਵਾਂਗਾ ਹਾਲਾਂ ਕਿ ਬਾਅਦ ਵਿਚ ਉਨਾਂ ਨੇ ਇਸ ਨੂੰ ਠੀਕ ਕਰਕੇ ਕਿਹਾ 'ਅਸੀਂ 2024 ਵਿਚ ਦੁਬਾਰਾ ਫਿਰ ਅਜਿਹਾ ਕਰਾਂਗੇ।' ਇਸ ਬਹਿਸ ਤੋਂ ਬਾਅਦ ਕੁਝ ਡੈਮੋਕਰੈਟਸ ਬਾਈਡਨ ਨੂੰ ਚੋਣ ਲੜਨ ਸਬੰਧੀ ਦੁਬਾਰਾ ਵਿਚਾਰ ਕਰਨ ਲਈ ਕਹਿ ਰਹੇ ਹਨ।

# ਅਮਰੀਕਾ ਦੇ 2 ਸ਼ਮਸ਼ਾਨਘਾਟਾਂ ਵਿਚ ਯਹੂਦੀ ਕਬਰਾਂ ਦੀ ਭੰਨਤੋੜ

## ਮਾਮਲੇ ਦੀ ਜਾਂਚ ਐਫ ਬੀ ਆਈ ਤੇ ਪੁਲਿਸ ਕਰੇਗੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਓਹੀਓ ਰਾਜ ਦੇ ਸ਼ਹਿਰ ਸਿਨਸਿਨਾਟੀ ਦੇ 2 ਸ਼ਮਸ਼ਾਨਘਾਟਾਂ ਵਿਚ 180 ਦੇ ਕਰੀਬ ਯਹੂਦੀ ਕਬਰਾਂ ਦੀ ਭੰਨਤੋੜ ਕੀਤੀ ਗਈ ਹੈ। ਕਬਰਾਂ ਉਪਰ ਲੱਗੇ ਪੱਥਰਾਂ ਨੂੰ ਤੋੜ ਦਿੱਤਾ ਗਿਆ ਹੈ। ਇਹ ਜਾਣਕਾਰੀ ਜੈਵਿਸ਼ ਸੀਮਿਟਰੀਜ ਗਰੇਟ ਸਿਨਸਿਨਾਟੀ ਤੇ ਜੈਵਿਸ਼ ਫੈਡਰੇਸ਼ਨ ਸਿਨਸਿਨਾਟੀ ਨੇ ਦਿੱਤੀ ਹੈ। ਜਿਨਾਂ ਕਬਰਾਂ ਦੇ ਪੱਥਰ ਤੋੜੇ ਗਏ ਹਨ ਉਨਾਂ ਵਿਚੋਂ ਕੁਝ ਕਬਰਾਂ 18ਵੀਂ ਸਦੀ ਦੇ ਆਖਰ ਦੀਆਂ ਹਨ। ਯਹੂਦੀ ਸੰਸਥਾਵਾਂ ਵੱਲੋਂ ਜਾਰੀ ਬਿਆਨ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਕਬਰਾਂ ਦਾ ਅਪਮਾਨ 25 ਜੂਨ ਤੋਂ 1 ਜੁਲਾਈ ਦੇ ਵਿਚਾਲੇ ਹੋਇਆ ਹੈ ਪਰੰਤੂ ਇਸ ਦਾ ਪਤਾ ਸੋਮਵਾਰ ਦੀ ਸਵੇਰ ਨੂੰ ਲੱਗਾ। ਬਿਆਨ ਅਨੁਸਾਰ ਮਾਮਲੇ ਦੀ ਐਫ ਬੀ ਆਈ, ਸਿਨਸਿਨਾਟੀ ਪੁਲਿਸ ਤੇ ਗਰੀਨ ਟਾਊਨਸ਼ਿੱਪ ਹਮਿਲਟਨ ਕਾਊਂਟੀ ਕਰ ਰਹੇ ਹਨ। ਜੈਵਿਸ਼ ਫੈਡਰੇਸ਼ਨ ਸਿਨਸਿਨਾਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ "ਉਹ ਇਸ ਨਫਰਤ ਭਰੀ




ਤਸਵੀਰ ਵਿਚ ਤੋੜੀਆਂ ਕਬਰਾਂ ਉਪਰ ਲੱਗੇ ਅਮਰੀਕੀ ਝੰਡੇ ਨਜਰ ਆ ਰਹੇ ਹਨ

ਕਾਰਵਾਈ ਤੇ ਅਪਮਾਨ ਦੀ ਨਿੰਦਾ ਕਰਦੇ ਹਨ। ਅਸੀਂ ਇਸ ਬੇਹੂਦਾ ਕਾਰਵਾਈ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ। ਸਿਨਸਿਨਾਟੀ ਵਿਚਲਾ ਯਹੂਦੀ ਭਾਈਚਾਰਾ ਬਹੁਤ ਉਦਾਰ ਪਹੁੰਚ ਰਖਦਾ ਹੈ ਤੇ ਉਹ ਕਬਰਾਂ ਦੀ ਮੁਰੰਮਤ ਕਰਨ ਤੇ ਉਨਾਂ ਦੀ ਪਵਿੱਤਰਤਾ ਬਹਾਲ ਕਰਨ ਪ੍ਰਤੀ ਦ੍ਰਿੜ ਸੰਕਲਪ ਹੈ।" ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿਚ ਹਮਾਸ ਤੇ ਇਸਰਾਈਲ ਵਿਚਾਲੇ ਛਿੜੀ ਜੰਗ ਤੋਂ ਬਾਅਦ ਅਮਰੀਕਾ ਵਿਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿਚ ਭਾਰੀ ਵਾਧਾ ਹੋਇਆ ਹੈ।

# ਅਮਰੀਕਾ ਦੇ ਕੈਂਟੁਕੀ ਰਾਜ 'ਚ ਹੋਈ ਗੋਲੀਬਾਰੀ 'ਚ 4 ਮੌਤਾਂ ਤੇ 3 ਹੋਰ ਗੰਭੀਰ ਜ਼ਖਮੀ

## ਜਨਮ ਦਿਨ ਪਾਰਟੀ ਵਿੱਚ ਵਾਪਰੀ ਘਟਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਕੈਂਟੁਕੀ ਰਾਜ ਦੇ ਇਕ ਘਰ ਵਿਚ ਜਨਮ ਦਿਨ ਪਾਰਟੀ ਦੇ ਜਸ਼ਨ ਮਨਾ ਰਹੇ ਲੋਕਾਂ ਉਪਰ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 4 ਵਿਅਕਤੀਆਂ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਫਲੋਰੈਂਸ ਪੁਲਿਸ ਵਿਭਾਗ ਦੇ ਮੁੱਖੀ ਜੈਫ ਮੈਲਰੀ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸਿਨਸਿਨਾਟੀ, ਓਹੀਓ ਦੇ ਦੱਖਣ ਪੱਛਮ ਵਿਚ ਫਲੋਰੈਂਸ ਵਿਚ ਰਿਜ਼ਕਰੈਸਟ ਡਰਾਈਵ 'ਤੇ ਇਕ ਘਰ ਵਿਚ ਤੜਕਸਾਰ 3 ਵਜੇ ਦੇ ਕਰੀਬ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਨੂੰ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 7 ਵਿਅਕਤੀ ਮਿਲੇ। ਮ੍ਰਿਤਕਾਂ ਦੀ ਪਛਾਣ ਸ਼ੇਨ ਮਿਲਰ (20), ਹੇਡਨ ਗੀਬਿਕੀ (20), ਡੇਲਾਨੀ ਏਰੀ (19) ਤੇ ਮੇਲੀਸਾ ਪੈਰਟ (44) ਵਜੋਂ ਹੋਈ ਹੈ। ਮੈਲਰੀ ਨੇ ਕਿਹਾ ਹੈ ਕਿ ਘਰ ਦੇ ਮਾਲਕ ਮੇਲੀਸਾ ਪੈਰਟ ਨੇ ਆਪਣੇ ਪੁੱਤਰ ਦੇ 21 ਵੇਂ ਜਨਮ ਦਿਨ 'ਤੇ ਪਾਰਟੀ ਰਖੀ ਸੀ ਜਿਸ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਪਛਾਣ ਚੇਸ



ਫਲੋਰੈਂਸ, ਕੈਂਟੁਕੀ ਵਿਚ ਗੋਲੀਬਾਰੀ ਦੀ ਘਟਨਾ ਉਪਰੰਤ ਪੁਲਿਸ ਵੱਲੋਂ ਮੌਕੇ 'ਤੇ ਕੀਤੀ ਨਿਸ਼ਾਨਦੇਹੀ।

ਗਾਰਵੇ (21) ਵਜੋਂ ਕੀਤੀ ਹੈ ਜਿਸ ਨੂੰ ਪਾਰਟੀ ਲਈ ਸੱਦਿਆ ਨਹੀਂ ਗਿਆ ਸੀ ਪਰ ਉਹ ਪਾਰਟੀ ਵਿਚ ਸ਼ਾਮਿਲ ਲੋਕਾਂ ਨੂੰ ਜਾਣਦਾ ਸੀ। ਪੁਲਿਸ ਅਨੁਸਾਰ ਗਾਰਵੇ ਮੌਕੇ ਤੋਂ ਫਰਾਰ ਹੋ ਗਿਆ ਸੀ ਪਰੰਤੂ ਛੇਤੀ ਹੀ ਉਸ ਨੂੰ ਇਕ ਹਾਦਸਾਗ੍ਰਸਤ ਹੋਏ ਵਾਹਣ ਵਿਚੋਂ ਜ਼ਖਮੀ ਹਾਲਤ ਵਿਚ ਲੱਭ ਲਿਆ ਗਿਆ। ਪੁਲਿਸ ਅਨੁਸਾਰ ਸਪੱਸ਼ਟ ਤੌਰ 'ਤੇ ਗਾਰਵੇ ਖੁਦ ਵੱਲੋਂ ਚਲਾਈ ਗੋਲੀ ਨਾਲ ਜ਼ਖਮੀ ਹੋਇਆ ਹੈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਪੁਲਿਸ ਮੁੱਖੀ ਅਨੁਸਾਰ ਸ਼ੂਟਰ ਵੱਲੋਂ ਗੋਲੀ ਚਲਾਉਣ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਇਕੱਲਾ ਗਾਰਵੇ ਹੀ ਇਸ ਗੋਲਬਾਰੀ ਦੀ ਘਟਨਾ ਵਿਚ ਸ਼ਾਮਲ ਹੈ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ। ਪੁਲਿਸ ਅਨੁਸਾਰ 3 ਜ਼ਖਮੀਆਂ ਨੂੰ ਸਿਨਸਿਨਾਟੀ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਗੰਭੀਰ ਪਰ ਸਥਿਰ ਹੈ।

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ ਅਜ਼ਾਦੀ ਦਿਹਾੜੇ ਦੇ ਸਮਾਗਮਾਂ 'ਚ ਕੀਤੀ ਸ਼ਮੂਲੀਅਤ

## ਵੱਡੀ ਗਿਣਤੀ 'ਚ ਲੋਕ ਪਰੇਡ ਅਤੇ ਆਜ਼ਾਦੀ ਸਮਾਗਮ 'ਚ ਹੋਏ ਸ਼ਾਮਲ



















ਡੈਟਨ, (ਰਾਜ ਗੋਗਨਾ) : ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਗਿਣੇ ਜਾਂਦੇ ਦੇਸ਼ ਅਮਰੀਕਾ, ਜਿਸ ਨੂੰ ਗ੍ਰੇਟ ਬ੍ਰਿਟੇਨ ਤੋਂ 1776 ਵਿੱਚ 4 ਜੁਲਾਈ ਨੂੰ ਆਜ਼ਾਦੀ ਮਿਲੀ ਸੀ। ਅਮਰੀਕਾ ਦੀ ਆਜ਼ਾਦੀ ਦਿਹਾੜਾ ਪੂਰੇ ਦੇਸ਼ ਵਿੱਚ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਅਮਰੀਕਾ ਦੇ ਵੱਖੋ-ਵੱਖਰੇ ਹਿੱਸਿਆਂ 'ਚ ਸਰਕਾਰੀ, ਗੈਰ ਸਰਕਾਰੀ ਸਮਾਗਮ ਹੁੰਦੇ ਹਨ। ਪਰੇਡਾਂ ਕੱਢੀਆਂ ਜਾਂਦੀਆਂ ਹਨ ਅਤੇ ਸਾਰੇ ਇੱਥੋਂ ਦੇ ਸ਼ਹਿਰ ਰੌਸ਼ਨੀ ਦੇ ਨਾਲ ਜਗਮਗ ਹੁੰਦੇ ਹਨ। ਇਸ ਲੜੀ ਤਹਿਤ ਬੀਤੇ ਦਿਨ ਹੋਰਨਾਂ ਸ਼ਹਿਰਾਂ ਤੋਂ ਇਲਾਵਾ ਇੱਥੇ ਡੇਟਨ ਦੇ ਸ਼ਹਿਰ ਵਿੱਚ ਵਸਦੇ ਭਾਰਤੀਆ ਵੱਲੋ ਡੇਟਨ ਸ਼ਹਿਰ ਵਿੱਚ ਵਿਸ਼ਾਲ ਪੱਧਰ 'ਤੇ ਆਜ਼ਾਦੀ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਸਾਰੇ ਵਰਗਾਂ, ਧਰਮਾਂ, ਰੰਗ, ਨਸਲ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਜ਼ਸ਼ਨ ਮਨਾਏ। ਸਿੱਖ ਭਾਈਚਾਰੇ ਨੇ ਸਮਾਜ ਸੇਵੀ ਅਵਤਾਰ ਸਿੰਘ ਸਪਰਿੰਗਫੀਲਡ ਦੀ ਅਗਵਾਈ 'ਚ ਡੇਟਨ ਦੇ ਨਾਲ ਲੱਗਦੇ ਸ਼ਹਿਰ ਫੇਅਰਬੋਰਨ ਅਤੇ ਬੀਵਰਕ੍ਰੀਕ ਦੀ ਪਰੇਡ 'ਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਪਰੇਡ ਵਿੱਚ ਵੱਡੀ ਗਿਣਤੀ 'ਚ ਪਰਿਵਾਰ ਸਣੇ ਭਾਰਤੀਆਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿੱਚ ਭਾਈਚਾਰੇ ਦੇ ਮੈਂਬਰਾਂ ਨੇ ਅਮਰੀਕੀ ਝੰਡੇ, ਸਿੱਖਸ ਇਨ ਅਮਰੀਕਾ ਦੇ ਬੈਨਰ ਫੜੇ ਹੋਏ ਸਨ। ਸਿੱਖ ਭਾਈਚਾਰਾ ਪਿਛਲੇ 8 ਸਾਲਾਂ ਤੋਂ ਸਿੱਖ ਸੁਸਾਇਟੀ ਆਫ਼ ਡੈਟਨ ਦੇ ਬੈਨਰ ਹੇਠ ਭਾਗ ਲੈ ਰਿਹਾ ਹੈ। ਇਸ ਵੱਡੇ ਮਾਰਚ ਦਾ ਲੋਕ ਹੈਪੀ ਫੌਰਥ ਜੁਲਾਈ, ਹੈਪੀ ਇੰਡੀਪੈਨਡੈਂਸ ਡੇਅ ਕਹਿਕੇ ਸਵਾਗਤ ਕਰ ਰਹੇ ਸਨ। ਇਸ ਪਰੇਡ 'ਚ ਸਿੱਖ ਆਪਣੀ ਨਿਵੇਕਲੀ ਪਛਾਣ ਕਾਰਨ ਵਿਸ਼ੇਸ਼ ਖਿੱਚ ਦਾ ਕੇਂਦਰ ਸਨ ਅਤੇ ਲੋਕ ਉਹਨਾਂ ਦਾ ਹੈਪੀ ਫੌਰਥ ਜੁਲਾਈ ਕਹਿ ਰਹੇ ਸਨ। ਇਸ ਪਰੇਡ 'ਚ ਸਿੱਖ ਸੁਸਾਇਟੀ ਆਫ ਡੈਟਨ ਨੇ ਸ਼ਾਮਲ ਹੋ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਫੇਅਰਬੋਰਨ ਦੀ ਪਰੇਡ 'ਚ ਜਦੋਂ ਸਿੱਖਾਂ ਦਾ ਫਲੋਟ ਮੁੱਖ ਸਟੇਜ ਦੇ ਕੋਲੋਂ ਲੰਘਿਆ ਤਾਂ ਪ੍ਰਬੰਧਕਾਂ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਸਿੱਖਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਭਾਈਚਾਰੇ ਵਲੋਂ ਠੰਡੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਅਵਤਾਰ ਸਿੰਘ ਸਪ੍ਰਿੰਗਫੀਲਡ ਨੇ ਦੱਸਿਆ ਕਿ ਪਰੇਡ ਵਿੱਚ ਮੇਲੇ ਵਰਗਾ ਮਾਹੌਲ ਸੀ ਅਤੇ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਨੇ ਇਹਨਾਂ ਪਰੇਡ 'ਚ ਸ਼ਾਮਲ ਹੋਕੇ ਆਜ਼ਾਦੀ ਜ਼ਸ਼ਨ ਮਨਾਉਣ ਲਈ ਵਰਨਣਯੋਗ ਹਿੱਸਾ ਪਾਇਆ। ਇਸ ਮੌਕੇ ਏਐੈਂਡਏ ਫੋਟੋਗ੍ਰਾਫੀ ਦੇ ਸੁਨੀਲ ਮੱਲ੍ਹੀ ਨੇ ਇਹਨਾਂ ਸਮਾਗਮਾਂ ਦੀਆਂ ਯਾਦਾਂ ਨੂੰ ਕੈਮਰਾਬੰਦ ਕੀਤਾ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ






Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

# ਅੰਧ-ਵਿਸ਼ਵਾਸ ਦੀ ਖੇਤੀ

ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਹਾਥਰਸ ਦੇ ਪਿੰਡ ਫੁਲਰਾਈ ਵਿਚ ਵਾਪਰੀ ਦੁਖਦਾਈ ਘਟਨਾ ਨੇ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ। ਉਥੇ ਹੋਏ ਇਕ ਧਾਰਮਿਕ ਸਮਾਗਮ ਵਿਚ ਭਾਜੜ ਪੈਣ ਨਾਲ 122 ਦੇ ਲਗਭਗ ਲੋਕ ਮਾਰੇ ਗਏ ਹਨ। ਉਕਤ ਧਾਰਮਿਕ ਸਮਾਗਮ ਵਿਚ ਨਰਾਇਣ ਸਕਾਰ ਵਿਸ਼ਵ ਹਰੀ ਉਰਫ਼ ਭੋਲੇ ਬਾਬਾ ਦੇ ਪ੍ਰਵਚਨ ਸੁਣਨ ਲਈ ਦੋ ਲੱਖ ਤੋਂ ਵੱਧ ਲੋਕ ਉਥੇ ਇਕੱਠੇ ਹੋਏ ਸਨ। ਜਦੋਂ ਕਿ ਧਾਰਮਿਕ ਸਮਾਗਮ ਦੇ ਪ੍ਰਬੰਧਕਾਂ ਵਲੋਂ ਪ੍ਰਵਾਨਗੀ ਸਿਰਫ਼ 80,000 ਲੋਕਾਂ ਦੀ ਲਈ ਗਈ ਸੀ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਜਦੋਂ ਵੀ ਉਕਤ ਧਾਰਮਿਕ ਬਾਬੇ ਵਲੋਂ ਸਤਿਸੰਗ ਦੇ ਨਾਂਅ 'ਤੇ ਇਸ ਤਰ੍ਹਾਂ ਦੇ ਸਮਾਗਮ ਕੀਤੇ ਜਾਂਦੇ ਸਨ ਤਾਂ ਉਨ੍ਹਾਂ ਵਿਚ ਪੁਲਿਸ ਜਾਂ ਹੋਰ ਸਰਕਾਰੀ ਸੁਰੱਖਿਆ ਏਜੰਸੀਆਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ, ਸਗੋਂ ਅਜਿਹੇ ਸਤਿਸੰਗ ਅੰਦਰ ਬਾਬੇ ਦੇ ਆਪਣੇ ਸੇਵਾਦਾਰ ਅਤੇ ਸੇਵਾਦਾਰਨੀਆਂ ਪ੍ਰਬੰਧ ਅਤੇ ਸੁਰੱਖਿਆ ਦੀ ਵਿਵਸਥਾ ਸੰਭਾਲਦੀਆਂ ਸਨ, ਜਿਨ੍ਹਾਂ ਨੇ ਕਿ ਬਾਕਾਇਦਾ ਨਿਰਧਾਰਿਤ ਵਰਦੀਆਂ ਪਾਈਆਂ ਹੁੰਦੀਆਂ ਸਨ। ਇਸ ਕਰਕੇ ਬਹੁਤੀ ਵਾਰ ਸੁਰੱਖਿਆ ਏਜੰਸੀਆਂ ਨੂੰ ਵੀ ਇਹ ਜਾਣਕਾਰੀ ਨਹੀਂ ਸੀ ਹੁੰਦੀ ਕਿ ਅੰਦਰ ਪੰਡਾਲਾਂ ਵਿਚ ਕਿੰਨੇ ਕੁ ਲੋਕ ਇਕੱਤਰ ਹੋ ਗਏ ਹਨ ਜਾਂ ਕਿਸ ਤਰ੍ਹਾਂ ਦੇ ਧਾਰਮਿਕ ਪ੍ਰਵਚਨ ਹੁੰਦੇ ਹਨ।

ਵਾਪਰੀ ਇਸ ਘਟਨਾ ਸੰਬੰਧੀ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਸਤਿਸੰਗ ਤੋਂ ਬਾਅਦ ਜਦੋਂ ਉਕਤ ਬਾਬਾ ਪੰਡਾਲ ਵਿਚੋਂ ਬਾਹਰ ਨਿਕਲਣ ਲੱਗਿਆ ਤਾਂ ਉਸ ਦੇ ਪਿੱਛੇ-ਪਿੱਛੇ ਵੱਡੀ ਗਿਣਤੀ ਵਿਚ ਸ਼ਰਧਾਲੂ ਉਸ ਦੇ ਪੈਰਾਂ ਦੀ ਚਰਨ ਧੂੜ ਪ੍ਰਾਪਤ ਕਰਨ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਭੱਜਣ ਲੱਗੇ ਪਰ ਬਾਬਾ ਤੇਜ਼ੀ ਨਾਲ ਆਪਣੀ ਕਾਰ ਵਿਚ ਬੈਠ ਕੇ ਉਥੋਂ ਨਿਕਲ ਗਿਆ। ਪਰ ਇਸ ਤਰ੍ਹਾਂ ਪਈ ਭਾਜੜ ਵਿਚ ਕੁਝ ਲੋਕ ਥੱਲੇ ਡਿੱਗ ਗਏ ਅਤੇ ਬਾਕੀ ਲੋਕ ਉਨ੍ਹਾਂ ਦੇ ਉੱਪਰ ਤੋਂ ਗੁਜ਼ਰਦੇ ਰਹੇ। ਇਹ ਇਸ ਤਰ੍ਹਾਂ ਦੀ ਪਹਿਲੀ ਘਟਨਾ ਨਹੀਂ ਹੈ, ਦੇਸ਼ ਵਿਚ ਅਨੇਕਾਂ ਵਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਪਹਿਲਾਂ ਵੀ ਵਾਪਰਦੀਆਂ ਰਹੀਆਂ ਹਨ। ਅਜਿਹੇ ਸਮਾਗਮਾਂ ਦੇ ਪ੍ਰਬੰਧਕਾਂ ਅਤੇ ਇਥੋਂ ਤੱਕ ਕਿ ਸਥਾਨਕ ਪ੍ਰਸ਼ਾਸਨਾਂ ਵਲੋਂ ਵੀ ਲੋਕਾਂ ਦੀ ਸੁਰੱਖਿਆ ਦੇ ਪੱਖ ਤੋਂ ਅਕਸਰ ਅਣਗਹਿਲੀ ਕੀਤੀ ਜਾਂਦੀ ਹੈ। ਜਦੋਂ ਅਜਿਹੀਆਂ ਘਟਨਾਵਾਂ ਵਿਚ ਵੱਡੀ ਪੱਧਰ 'ਤੇ ਜਾਨੀ ਨੁਕਸਾਨ ਹੋ ਜਾਂਦਾ ਹੈ ਤਾਂ ਬਾਅਦ ਵਿਚ ਬਿਆਨਬਾਜ਼ੀ ਹੋਣ ਲਗਦੀ ਹੈ ਅਤੇ ਇਸ ਦੇ ਨਾਲ ਹੀ ਜਾਂਚ ਕਮੇਟੀਆਂ ਬਣਾਉਣ ਦਾ ਦੌਰ ਵੀ ਸ਼ੁਰੂ ਹੋ ਜਾਂਦਾ ਹੈ। ਕੁਝ ਸਮੇਂ ਬਾਅਦ ਸਰਕਾਰਾਂ ਅਤੇ ਲੋਕ ਇਸ ਤਰ੍ਹਾਂ ਦੀਆਂ ਦੁਖਦਾਈ ਘਟਨਾਵਾਂ ਨੂੰ ਭੁੱਲ ਜਾਂਦੇ ਹਨ ਅਤੇ ਜ਼ਿੰਦਗੀ ਦੀ ਤੋਰ ਫਿਰ ਪਹਿਲਾਂ ਵਰਗੀ ਹੋ ਜਾਂਦੀ ਹੈ। ਜਿਨ੍ਹਾਂ ਪਰਿਵਾਰਾਂ ਦੇ ਜੀਅ ਇਸ ਤਰ੍ਹਾਂ ਦੀਆਂ ਘਟਨਾਵਾਂ ਵਿਚ ਮਾਰੇ ਜਾਂਦੇ ਹਨ, ਉਨ੍ਹਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ ਅਤੇ ਅਨੇਕਾਂ ਪਰਿਵਾਰ ਜਿਨ੍ਹਾਂ ਵਿਚ ਕੋਈ ਕਮਾਊ ਨਹੀਂ ਰਹਿੰਦਾ, ਉਨ੍ਹਾਂ ਦੀਆਂ ਤਾਂ ਜ਼ਿੰਦਗੀਆਂ ਹੀ ਬਰਬਾਦ ਹੋ ਜਾਂਦੀਆਂ ਹਨ। ਬਹੁਤੀ ਵਾਰ ਇਸ ਤਰ੍ਹਾਂ ਦੀਆਂ ਭਾਜੜਾਂ ਵਿਚ ਮਰਨ ਵਾਲੇ ਲੋਕ ਸਮਾਜ ਦੇ ਗ਼ਰੀਬ ਵਰਗ ਵਿਚੋਂ ਹੀ ਹੁੰਦੇ ਹਨ।

ਇਸ ਦੇ ਬਾਵਜੂਦ ਦੇਸ਼ ਭਰ ਵਿਚ ਅਖੌਤੀ ਬਾਬਿਆਂ ਦੇ ਵੱਡੇ-ਵੱਡੇ ਧਾਰਮਿਕ ਸਮਾਗਮ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਵਿਚ ਭੀੜਾਂ ਜੁੜਦੀਆਂ ਰਹਿੰਦੀਆਂ ਹਨ। ਬਾਬਿਆਂ ਦੇ ਸਾਮਰਾਜ ਵੱਧਦੇ ਫੁੱਲਦੇ ਰਹਿੰਦੇ ਹਨ। ਬਹੁਤੇ ਸਿਆਸੀ ਹੁਕਮਰਾਨ ਵੀ ਅਜਿਹੇ ਅਖੌਤੀ ਧਾਰਮਿਕ ਬਾਬਿਆਂ ਦੇ ਉਪਾਸ਼ਕ ਹੁੰਦੇ ਹਨ ਜੋ ਉਨ੍ਹਾਂ ਦੇ ਧਾਰਮਿਕ ਸਮਾਗਮਾਂ ਵਿਚ ਹਾਜ਼ਰੀ ਭਰਦੇ ਹਨ। ਸਿਆਸਤਦਾਨਾਂ ਦੀ ਨਜ਼ਰ ਵਿਚ ਅਜਿਹੇ ਬਾਬੇ ਵੋਟ ਬੈਂਕ ਦੇ ਮੁਖੀ ਹੁੰਦੇ ਹਨ, ਜਿਨ੍ਹਾਂ ਨੂੰ ਰਿਝਾ ਕੇ ਉਹ ਆਪਣੇ ਤੇ ਆਪਣੀ ਪਾਰਟੀ ਲਈ ਵੋਟਾਂ ਹਾਸਿਲ ਕਰ ਸਕਦੇ ਹਨ। ਦੂਜੇ ਪਾਸੇ ਜਦੋਂ ਕੋਈ ਵੱਡਾ ਸੱਤਾਧਾਰੀ ਲੀਡਰ ਅਜਿਹੇ ਬਾਬਿਆਂ ਦੇ ਧਾਰਮਿਕ ਸਮਾਗਮ ਵਿਚ ਜਾਂਦਾ ਹੈ ਤਾਂ ਉਸ ਬਾਬੇ ਦੇ ਸ਼ਰਧਾਲੂਆਂ ਵਿਚ ਉਸ ਦੀ ਸਾਖ਼ ਅਤੇ ਪ੍ਰਭਾਵ ਹੋਰ ਵਧਦਾ ਹੈ। ਉਸ ਦੇ ਸ਼ਰਧਾਲੂ ਸੋਚਦੇ ਹਨ ਕਿ ਉਨ੍ਹਾਂ ਦਾ 'ਗੁਰੂ' ਏਨਾ ਸ਼ਕਤੀਸ਼ਾਲੀ ਹੈ ਕਿ ਵੱਡੇ-ਵੱਡੇ ਸਿਆਸਤਦਾਨ ਵੀ ਉਸ ਦਾ ਪਾਣੀ ਭਰਦੇ ਹਨ। ਬਾਬਿਆਂ ਤੇ ਹੁਕਮਰਾਨਾਂ ਦਾ ਅਜਿਹਾ ਗੱਠਜੋੜ ਦੋਵਾਂ ਧਿਰਾਂ ਲਈ ਹੀ ਲਾਭਕਾਰੀ ਹੁੰਦਾ ਹੈ। ਇਸ ਤਰ੍ਹਾਂ ਬਾਬਿਆਂ ਨੂੰ ਲੋਕਾਂ ਦਾ ਅਨੇਕਾਂ ਪੱਖਾਂ ਤੋਂ ਸੋਸ਼ਣ ਕਰਨ ਦਾ ਅਵਸਰ ਵੀ ਮਿਲਦਾ ਹੈ, ਕਿਉਂਕਿ ਹੁਕਮਰਾਨ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਦੇ ਰਹਿੰਦੇ ਹਨ। ਅਨੇਕਾਂ ਡੇਰਿਆਂ ਜਾਂ ਆਸ਼ਰਮਾਂ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂ ਦਿਨ-ਰਾਤ ਬਾਬਿਆਂ ਦੇ ਖੇਤੀਬਾੜੀ ਫਾਰਮਾਂ 'ਤੇ ਮੁਫ਼ਤ ਕੰਮ ਕਰਦੇ ਹਨ। ਉਨ੍ਹਾਂ ਦੇ ਹੋਰ ਅਨੇਕਾਂ ਤਰ੍ਹਾਂ ਦੇ ਕੰਮ-ਧੰਦੇ ਕਰਦੇ ਹਨ ਤੇ ਵੱਡੀ ਪੱਧਰ 'ਤੇ ਉਨ੍ਹਾਂ ਨੂੰ ਚੜ੍ਹਾਵਾ ਵੀ ਚੜ੍ਹਾਉਂਦੇ ਹਨ। ਹੌਲੀ-ਹੌਲੀ ਕਈ ਬਾਬੇ ਏਨੇ ਤਾਕਤਵਰ ਹੋ ਜਾਂਦੇ ਹਨ ਕਿ ਉਹ ਆਪਣੀਆਂ ਸ਼ਰਧਾਲੂ ਔਰਤਾਂ ਦਾ ਸਰੀਰਕ ਸ਼ੋਸ਼ਣ ਵੀ ਕਰਨ ਲੱਗ ਪੈਂਦੇ ਹਨ। ਦੇਸ਼ ਭਰ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਹੁਣ ਤੱਕ ਸਾਹਮਣੇ ਆ ਚੁੱਕੀਆਂ ਹਨ। ਇਸ ਕਾਰਨ ਅਨੇਕਾਂ ਬਾਬੇ ਜੇਲ੍ਹਾਂ ਵਿਚ ਵੀ ਜਾ ਚੁੱਕੇ ਹਨ। ਪਰ ਫਿਰ ਵੀ ਅਜਿਹਾ ਸਿਲਸਿਲਾ ਚਲਦਾ ਰਹਿੰਦਾ ਹੈ।

ਇਸ ਸਮਾਜਕ ਵਰਤਾਰੇ ਦੀਆਂ ਜੜ੍ਹਾਂ ਲੋਕਾਂ ਦੀ ਗ਼ਰੀਬੀ ਅਤੇ ਅੰਧ-ਵਿਸ਼ਵਾਸ ਵਿਚ ਹਨ। ਆਮ ਗ਼ਰੀਬ ਲੋਕਾਂ ਨੂੰ ਬੇਹੱਦ ਔਕੜਾਂ ਭਰੀ ਜ਼ਿੰਦਗੀ ਜਿਊਣੀ ਪੈਂਦੀ ਹੈ। ਆਪਣੀ ਸੁਰੱਖਿਆ ਤੋਂ ਲੈ ਕੇ ਹੋਰ ਅਨੇਕਾਂ ਸਮੱਸਿਆਵਾਂ ਕਾਰਨ ਉਹ ਚਿੰਤਾ ਤੇ ਫ਼ਿਕਰਾਂ ਵਿਚ ਘਿਰੇ ਰਹਿੰਦੇ ਹਨ। ਆਪਣੀ ਦੁੱਖਾਂ ਭਰੀ ਇਸ ਜ਼ਿੰਦਗੀ ਤੋਂ ਨਿਜ਼ਾਤ ਚਾਹੁੰਦੇ ਹਨ। ਇਸ ਮਕਸਦ ਲਈ ਸਹੀ ਰਸਤਾ ਤਾਂ ਇਹ ਹੁੰਦਾ ਹੈ ਕਿ ਸਰਕਾਰਾਂ ਅਜਿਹੀਆਂ ਨੀਤੀਆਂ ਬਣਾਉਣ ਕਿ ਲੋੜਵੰਦ ਲੋਕਾਂ ਨੂੰ ਚੰਗੀ ਸਿੱਖਿਆ ਮਿਲੇ ਤੇ ਉਹ ਰੋਟੀ-ਰੋਜ਼ੀ ਕਮਾਉਣ ਦੇ ਸਮਰੱਥ ਹੋ ਕੇ ਇਕ ਸੰਤੁਲਿਤ ਅਤੇ ਸੁਖਾਵੀਂ ਜ਼ਿੰਦਗੀ ਬਤੀਤ ਕਰਨ। ਪਰ ਜਦੋਂ ਸਰਕਾਰਾਂ ਤੋਂ ਉਨ੍ਹਾਂ ਨੂੰ ਕੋਈ ਆਸ ਨਹੀਂ ਰਹਿੰਦੀ ਤਾਂ ਉਹ ਅਖੌਤੀ ਬਾਬਿਆਂ ਦੇ ਡੇਰਿਆਂ ਵਿਚ ਜਾਣ ਲਗਦੇ ਹਨ ਤੇ ਇਹ ਆਸ ਕਰਦੇ ਹਨ ਕਿ ਉਨ੍ਹਾਂ ਦੇ ਸ਼ਰਧਾਲੂ ਬਣਨ ਨਾਲ ਅਤੇ ਬਾਬੇ ਦੀ ਮਿਹਰ ਹਾਸਿਲ ਕਰਨ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਜਾਵੇਗੀ, ਅਖੌਤੀ ਬਾਬੇ ਵੀ ਆਪਣੇ ਪ੍ਰਚਾਰ ਨਾਲ ਉਨ੍ਹਾਂ ਵਿਚ ਸੁਚੇਤ ਤੌਰ 'ਤੇ ਇਸ ਤਰ੍ਹਾਂ ਦਾ ਅੰਧ-ਵਿਸ਼ਵਾਸ ਪੈਦਾ ਕਰਦੇ ਹਨ। ਧਾਗੇ-ਤਵੀਤਾਂ ਤੇ ਲਾਕਟਾਂ ਨਾਲ ਉਨ੍ਹਾਂ ਨੂੰ ਸਭ ਤਰ੍ਹਾਂ ਦੇ ਕਸ਼ਟਾਂ ਤੋਂ ਰਾਹਤ ਦੁਆਉਣ ਦਾ ਭਰੋਸਾ ਦਿੰਦੇ ਹਨ। ਜਮਹੂਰੀ ਸਰਕਾਰਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਤੇ ਹੋਰ ਗ਼ੈਰ-ਵਿਗਿਆਨਕ ਅਮਲਾਂ ਰਾਹੀਂ ਰਿੱਧੀਆਂ-ਸਿੱਧੀਆਂ ਦਾ ਪ੍ਰਚਾਰ ਕਰਨ ਵਾਲੇ ਅਖੌਤੀ ਬਾਬਿਆਂ ਦੀਆਂ ਇਹੋ ਜਿਹੀਆਂ ਸਰਗਰਮੀਆਂ ਨੂੰ ਰੋਕਣ ਲਈ ਪ੍ਰਭਾਵੀ ਕਾਨੂੰਨ ਬਣਾਉਣ, ਤਾਂ ਜੋ ਅਖੌਤੀ ਬਾਬੇ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦਾ ਸ਼ੋਸ਼ਣ ਨਾ ਕਰ ਸਕਣ। ਪਰ ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ ਸੱਤਾਧਾਰੀ ਹੁਕਮਰਾਨ ਬਾਬਿਆਂ ਨੂੰ ਰਿਝਾ ਕੇ ਆਪਣੇ ਸਿਆਸੀ ਮਕਸਦ ਹਾਸਿਲ ਕਰਨ ਲਈ ਅਜਿਹੇ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਥਾਂ 'ਤੇ ਅਜਿਹੇ ਵਰਤਾਰਿਆਂ ਤੋਂ ਅੱਖਾਂ ਫੇਰੀ ਰੱਖਦੇ ਹਨ ਤੇ ਸਮਾਜ ਵਿਚ ਅੰਧ-ਵਿਸ਼ਵਾਸ ਦੀ ਖੇਤੀ ਵੱਧਦੀ-ਫੁੱਲਦੀ ਰਹਿੰਦੀ ਹੈ।

ਦੇਸ਼ 21ਵੀਂ ਸਦੀ ਵਿਚੋਂ ਗੁਜ਼ਰ ਰਿਹਾ ਹੈ ਅਤੇ ਸਾਡੇ ਹੁਕਮਰਾਨ ਇਸ ਦੇ ਛੇਤੀ ਹੀ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣਨ ਦੇ ਦਾਅਵੇ ਵੀ ਕਰ ਰਹੇ ਹਨ। ਪਰ ਆਮ ਲੋਕਾਂ ਦੀ ਮਾਨਸਿਕ ਸਥਿਤੀ ਕੀ ਹੈ? ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਜੀਅ ਰਹੇ ਹਨ, ਇਸ ਦਾ ਅੰਦਾਜ਼ਾ ਗ਼ਰੀਬੀ-ਅਮੀਰੀ ਦੇ ਵਧਦੇ ਪਾੜੇ ਤੋਂ ਅਤੇ ਉਨ੍ਹਾਂ ਦੇ ਡੇਰਿਆਂ ਵਿਚ ਭਟਕਦੀਆਂ ਭੀੜਾਂ ਤੋਂ ਬਾਬਿਆਂ ਦੇ ਵਿਸ਼ਾਲ ਹੁੰਦੇ ਜਾ ਰਹੇ ਸਾਮਰਾਜਾਂ ਤੋਂ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਬਿਨਾਂ ਸ਼ੱਕ ਦੇਸ਼ ਨੂੰ ਇਕ ਬਹੁਤ ਵੱਡੀ ਸਮਾਜ ਸੁਧਾਰਕ ਲਹਿਰ ਦੀ ਜ਼ਰੂਰਤ ਹੈ, ਜੋ ਲੋਕਾਂ ਨੂੰ ਜਾਗਰੂਕ ਕਰਕੇ ਭਾਰਤੀ ਸਮਾਜ ਨੂੰ ਸਹੀ ਰਾਹ 'ਤੇ ਲਿਆ ਸਕੇ।

# ਗਾਜ਼ਾ ਜੰਗ: ਇਜ਼ਰਾਈਲੀ ਹਾਕਮਾਂ ਅੰਦਰ ਵਧ ਰਹੇ ਅੰਤਰ-ਵਿਰੋਧ



ਗੁਰਪ੍ਰੀਤ ਅੰਮ੍ਰਿਤਸਰ

ਕੁਝ ਦਿਨ ਪਹਿਲਾਂ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਜ਼ਰਾਈਲ ਦਾ ਜੰਗੀ ਮੰਤਰੀ ਮੰਡਲ ਭੰਗ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਇਜ਼ਰਾਇਲੀ ਹਾਕਮ ਜਮਾਤ ਦੇ ਦੂਜੇ ਧੜੇ ਦੇ ਆਗੂਆਂ ਬੈਨੀਗੈਂਟਜ ਅਤੇ ਗਾਦੀ ਆਈਸਨਕੋਟ ਦੇ ਜੰਗੀ ਮੰਤਰੀ ਮੰਡਲ ਵਿੱਚੋਂ ਅਸਤੀਫੇ ਤੋਂ ਬਾਅਦ ਕੀਤਾ ਗਿਆ। ਪਿਛਲੇ ਕਾਫੀ ਸਮੇਂ ਤੋਂ ਹੀ ਇਜ਼ਰਾਇਲੀ ਹਾਕਮ ਜਮਾਤ ਦੇ ਵੱਖ-ਵੱਖ ਧੜਿਆਂ ਵਿੱਚ ਆਪਸੀ ਕਲੇਸ਼ ਕਾਫੀ ਜਿ ?ਆਦਾ ਵਧ ਰਿਹਾ ਸੀ। ਇਸ ਤੋਂ ਬਿਨਾਂ ਇਜ਼ਰਾਈਲ ਦਾ ਸਭ ਤੋਂ ਕਰੀਬੀ ਸਾਮਰਾਜੀ ਹਮਾਇਤੀ ਅਮਰੀਕਾ ਵੀ ਨੇਤਨਯਾਹੂ ਨਾਲ਼ ਕੁਝ ਜ਼ਿਆਦਾ ਖ਼ੁਸ਼ ਨਹੀਂ ਸੀ। ਇਹ ਸਭ ਪ੍ਰਤੱਖ ਤੌਰ 'ਤੇ ਹਮਾਸ ਨਾਲ ਟਕਰਾਅ ਦੇ ਖਿੱਚੇ ਜਾਣ, ਇਜ਼ਰਾਈਲ ਵੱਲੋਂ ਜੰਗ ਦੇ ਸ਼ੁਰੂ ਵਿੱਚ ਐਲਾਨੇ ਮਕਸਦ (ਬੰਦੀ ਬਣਾਏ ਇਜ਼ਰਾਇਲੀ ਫੌਜੀਆਂ ਦੀ ਰਿਹਾਈ, ਹਮਾਸ ਦਾ ਪੂਰਨ ਖਾਤਮਾ) ਵਿੱਚੋਂ ਅਜੇ ਤੱਕ ਕੁਝ ਵੀ ਪੂਰਾ ਨਾ ਹੋਣ, ਇਜ਼ਰਾਇਲੀ ਫੌਜ ਨੂੰ ਹਮਾਸ ਵੱਲੋਂ ਲੱਗ ਰਹੀ ਪਛਾੜ ਦੀ ਹੀ ਨਿਸ਼ਾਨੀ ਹੈ ਕਿ ਇਜ਼ਰਾਈਲ ਦੇ ਅੰਦਰ ਵੀ ਨੇਤਨਯਾਹੂ ਖਿਲਾਫ ਵਿਰੋਧ ਦੀਆਂ ਸੁਰਾਂ ਤੇਜ਼ ਹੋ ਰਹੀਆਂ ਹਨ।

ਨੇਤਨਯਾਹੂ ਇਸ ਸਮੇਂ ਕਾਫੀ ਦਬਾਅ ਵਿੱਚ ਹੈ। ਇਹ ਦਬਾਅ ਇਜ਼ਰਾਈਲ ਦੇ ਅੰਦਰੂਨੀ ਹਾਲਾਤ ਤੋਂ ਲੈ ਕੇ ਇਸ ਦਾ ਜੋਟੀਦਾਰ ਅਮਰੀਕਾ ਵੀ ਪਾ ਰਿਹਾ ਹੈ। ਇਸੇ ਸਾਲ ਨਵੰਬਰ ਵਿੱਚ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ ਜਿਹਨਾਂ ਵਿੱਚ ਇਸ ਵੇਲ਼ੇ ਦਾ ਅਮਰੀਕੀ ਸਦਰ ਜੋਅ ਬਾਇਡਨ ਕਾਫੀ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਜਿਹਨਾਂ ਵਿੱਚੋਂ ਇੱਕ ਕਾਰਨ ਅਮਰੀਕੀ ਲੋਕਾਂ ਵੱਲੋਂ ਫਲਸਤੀਨੀ ਲੋਕ ਦੇ ਕਤਲੇਆਮ ਵਿਰੁੱਧ ਕੀਤੇ ਗਏ ਵੱਡੇ ਰੋਸ ਮੁਜ਼ਾਹਰੇ ਹਨ। ਆਪਣੀ ਸਾਖ ਬਹਾਲੀ ਲਈ ਅਮਰੀਕੀ ਸਦਰ ਫਲਸਤੀਨ ਦੇ ਮਸਲੇ ਲਈ 'ਕੁਝ ਕਰਦਾ' ਦਿਸਣਾ ਚਾਹੁੰਦਾ ਹੈ। ਇਸੇ ਲਈ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਇਜ਼ਰਾਈਲ ਉੱਪਰ ਬਣਾਉਟੀ, ਸੀਮਤ ਜਿਹੀ ਜੰਗਬੰਦੀ ਲਈ ਦਬਾਅ ਬਣਾ ਰਿਹਾ ਹੈ, ਭਾਵੇਂ ਇਜ਼ਰਾਈਲ ਨੂੰ ਦਿੱਤੀ ਜਾਣ ਵਾਲ਼ੀ ਵਿੱਤੀ ਤੇ ਫੌਜੀ ਮਦਦ ਲਗਾਤਾਰ ਜਾਰੀ ਹੈ।

ਜੰਗੀ ਮੰਤਰੀ ਮੰਡਲ ਪਿਛਲੇ ਸਾਲ ਅਕਤੂਬਰ ਵਿੱਚ ਬਣਾਇਆ ਗਿਆ ਸੀ ਅਤੇ ਇਸ ਵਿੱਚ ਇਜ਼ਰਾਇਲੀ ਹਾਕਮ ਜਮਾਤ ਦੀਆਂ ਵੱਖ-ਵੱਖ ਪਾਰਟੀਆਂ ਦੇ ਆਗੂ ਸ਼ਾਮਲ ਸਨ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਨੇਤਨਯਾਹੂ ਦਾ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਸੀ; ਖਾਸਕਰ ਨੇਤਨਯਾਹੂ ਵੱਲੋਂ ਇਜ਼ਰਾਈਲ ਦੀ ਨਿਆਂ ਪ੍ਰਣਾਲੀ ਨੂੰ ਸਰਕਾਰ ਦੇ ਕਾਬੂ ਹੇਠ ਲਿਆਉਣ ਲਈ ਲਿਆਂਦੇ ਗਏ ਕਾਨੂੰਨਾਂ ਤੋਂ ਬਾਅਦ ਇਹ ਵਿਰੋਧ ਕਾਫੀ ਜ਼ਿਆਦਾ ਵਧ ਗਏ ਸਨ। ਜੰਗੀ ਮੰਤਰੀ ਮੰਡਲ ਵਿੱਚ ਨੇਤਨਯਾਹੂ ਦੇ ਧੁਰ-ਵਿਰੋਧੀ ਵੀ ਸ਼ਾਮਲ ਸਨ ਜੋ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਨੇਤਨਯਾਹੂ ਦੇ ਅਸਤੀਫੇ ਦੀ ਮੰਗ ਕਰ ਰਹੇ ਸਨ ਪਰ ਫਲਸਤੀਨ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਲਈ ਸਾਰੇ ਧੜੇ ਇੱਕ ਹੋ ਗਏ ਸਨ।

ਬੈਨੀਗੈਂਟਜ ਜਿਸ ਨੂੰ ਇਜ਼ਰਾਇਲੀ ਬੁਰਜੁਆ ਸਿਆਸਤ ਵਿੱਚ ਮੁਕਾਬਲਤਨ ਉਦਾਰਪੰਥੀ ਮੰਨਿਆ ਜਾਂਦਾ ਹੈ, ਵੀ 2012 ਵਿੱਚ ਫਲਸਤੀਨੀਆਂ ਦਾ ਕਤਲੇਆਮ ਕਰਨ ਵਾਲ਼ੀ ਇਜ਼ਰਾਇਲੀ ਫੌਜ ਦਾ ਜਰਨੈਲ ਰਹਿ ਚੁੱਕਾ ਹੈ। ਇਸੇ ਸਿਆਸਤਦਾਨ ਦੀ ਅਗਵਾਈ ਵਿੱਚ ਇਜ਼ਰਾਇਲੀ ਫੌਜ ਨੇ 2014 ਵਿੱਚ 2200 ਤੋਂ ਵੱਧ ਫਲਸਤੀਨੀ ਨਾਗਰਿਕਾਂ ਦਾ ਕਤਲੇਆਮ ਕੀਤਾ ਸੀ। ਇਸ ਤੋਂ ਬਿਨਾਂ ਉਹ 2019 ਵਿੱਚ ਫਲਸਤੀਨ ਨੂੰ ਬੰਬਾਰੀ ਕਰ ਕੇ ਪੱਥਰ ਯੁੱਗ ਵਿੱਚ ਪਹੁੰਚਾਉਣ ਜਿਹੇ ਬਿਆਨ ਵੀ ਦੇ ਚੁੱਕਾ ਹੈ। ਜੰਗੀ ਮੰਤਰੀ ਮੰਡਲ ਵਿੱਚ ਸ਼ਾਮਲ ਦੂਜਾ ਸਿਆਸਤਦਾਨ ਗਾਦੀ ਆਈਸਨਕੋਟ ਵੀ ਇਜ਼ਰਾਇਲੀ ਫੌਜ ਦਾ ਸਾਬਕਾ ਜਰਨੈਲ ਹੈ। 2008 ਵਿੱਚ ਇਸ ਨੇ ਕਿਹਾ ਸੀ ਕਿ ਸਾਰੇ ਫਲਸਤੀਨੀ ਆਮ ਨਾਗਰਿਕ ਫੌਜੀ ਨਿਸ਼ਾਨੇ ਹਨ ਅਤੇ ਇਹਨਾਂ ਉੱਪਰ ਹਮਲਾ ਕੀਤਾ ਜਾਣਾ ਚਾਹੀਦਾ ਹੈ।

ਇਜ਼ਰਾਈਲ ਦੀ ਹਾਕਮ ਜਮਾਤ ਵਿੱਚ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਨੂੰ ਲੈ ਕੇ ਕੋਈ ਬੁਨਿਆਦੀ ਮਤਭੇਦ ਨਹੀਂ ਹਨ। ਸਾਰੇ ਇਹ ਮੰਨਦੇ ਹਨ ਕਿ ਇਹ ਜੰਗ ਜਾਇਜ਼ ਹੈ ਅਤੇ ਇਜ਼ਰਾਈਲ ਦਾ ਪੂਰੇ ਫਲਸਤੀਨ ਉਪਰ ਹੱਕ ਹੈ ਤੇ ਫਲਸਤੀਨੀ ਲੋਕਾਂ ਨੂੰ ਇੱਥੋਂ ਖਦੇੜ ਦੇਣ ਚਾਹੀਦਾ ਹੈ। ਬੱਸ ਹਾਕਮਾਂ ਦੇ ਵੱਖ-ਵੱਖ ਧੜਿਆਂ ਵਿੱਚ ਕੰਮ ਕਰਨ ਦੇ ਢੰਗ-ਤਰੀਕਿਆਂ ਵਿੱਚ ਫਰਕ ਹੈ। ਬੈਨੀਗੈਂਟਜ ਵਰਗੇ ਉਦਾਰਪੰਥੀ ਇਹ ਕੰਮ ਇਜ਼ਰਾਇਲੀ ਜਨਤਾ ਅਤੇ ਬਾਕੀ ਸੰਸਾਰ ਦੇ ਲੋਕਾਂ ਤੋਂ ਵੱਧ ਤੋਂ ਵੱਧ ਪ੍ਰਵਾਨਗੀ ਲੈ ਕੇ ਕਰਨਾ ਚਾਹੁੰਦੇ ਹਨ ਜਿਸ ਨਾਲ਼ ਇਜ਼ਰਾਇਲੀ ਜੁਰਮਾਂ ਉੱਪਰ ਇੱਕ ਹੱਦ ਤੱਕ ਪਰਦਾ ਪੈ ਜਾਵੇ। ਦੂਜੇ ਹੱਥ, ਨੇਤਨਯਾਹੂ ਅਤੇ ਉਸ ਦੀ ਸਰਕਾਰ ਵਿੱਚ ਸ਼ਾਮਲ ਧੁਰ ਸੱਜੇ ਪੱਖੀ ਸਿਆਸਤਦਾਨ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਨੰਗੇ-ਚਿੱਟੇ ਰੂਪ ਵਿੱਚ ਕਰਨ ਦੇ ਹੱਕ ਵਿੱਚ ਹਨ ਪਰ ਹੁਣ ਨੇਤਨਯਾਹੂ ਵਿਰੋਧੀ ਧੜੇ ਦਾ ਮੰਨਣਾ ਹੈ ਕਿ ਇਜ਼ਰਾਈਲ ਦੀ ਜਨਤਾ ਵਿੱਚ ਇਸ ਜੰਗ ਪ੍ਰਤੀ ਰੋਸ ਵਧ ਰਿਹਾ ਹੈ। ਖਾਸ ਤੌਰ 'ਤੇ ਉਹਨਾਂ ਲੋਕਾਂ ਵਿੱਚ ਜਿਹਨਾਂ ਦੇ ਪਰਿਵਾਰ ਵਿੱਚੋਂ ਲੋਕ ਜੰਗ ਵਿੱਚ ਮਾਰੇ ਗਏ ਹਨ ਜਾਂ ਬੰਦੀ ਬਣਾਏ ਗਏ ਹਨ। ਬੈਨੀਗੈਂਟਜ ਜੰਗ ਨੂੰ ਕੁਝ ਸਮੇਂ ਲਈ ਰੋਕ ਕੇ ਬੰਦੀ ਛੁਡਾਉਣ ਦੀ ਮੰਗ ਕਰ ਰਿਹਾ ਹੈ ਜਿਸ ਨਾਲ਼ ਇਜ਼ਰਾਈਲ ਦੀ ਜਨਤਾ ਵਿੱਚ ਇੱਕ ਵਾਰ ਫਿਰ ਤੋਂ ਫਲਸਤੀਨੀ ਲੋਕਾਂ ਦੇ ਕਤਲੇਆਮ ਲਈ ਪ੍ਰਵਾਨਗੀ ਲਈ ਜਾ ਸਕੇ।

ਇਸ ਤੋਂ ਬਿਨਾਂ ਇਸ ਵਕਤੀ ਜੰਗਬੰਦੀ ਨਾਲ਼ ਲਿਬਨਾਨ ਨਾਲ਼ ਲਗਦੀ ਉੱਤਰੀ ਸਰਹੱਦ 'ਤੇ ਹਿਜ਼ਬੁੱਲ੍ਹਾ ਨਾਲ਼ ਹੋ ਰਹੀਆਂ ਝੜਪਾਂ ਵੀ ਰੁਕ ਜਾਣਗੀਆਂ। ਇਹਨਾਂ ਦੋਹਾਂ ਨੇ ਨੇਤਨਯਾਹੂ ਉੱਪਰ ਗਾਜ਼ਾ ਵਿੱਚ ਹੋ ਰਹੀ ਜੰਗ ਖਤਮ ਹੋਣ ਤੋਂ ਬਾਅਦ ਅੱਗੇ ਲਈ ਕੋਈ ਠੋਸ ਯੋਜਨਾ ਨਾ ਹੋਣ ਦਾ ਵੀ ਦੋਸ਼ ਲਗਾਇਆ ਹੈ। ਅਸਲ ਵਿੱਚ ਇਹ ਆਗੂ ਜੰਗ ਖਤਮ ਹੋਣ ਤੋਂ ਬਾਅਦ ਗਾਜਾ ਵਿੱਚ ਸਾਊਦੀ-ਅਮਰੀਕਾ-ਯੂਰੋਪ ਦੀ ਅਗਵਾਈ ਵਿੱਚ ਸਾਂਝੀ ਸੁਰੱਖਿਆ ਵਿਵਸਥਾ ਜਿਸ ਦਾ ਅਸਲ ਅਰਥ ਕਬਜ਼ਾ ਹੋਵੇਗਾ, ਦੇ ਹੱਕ ਵਿੱਚ ਹਨ। ਇਹ ਯੋਜਨਾ ਕੁਝ ਸਮਾਂ ਪਹਿਲਾਂ ਅਮਰੀਕਾ ਨੇ ਇਜ਼ਰਾਈਲ ਅਤੇ ਹਮਾਸ ਵਿਚਕਾਰ ਹੋ ਰਹੀ ਗੱਲਬਾਤ ਦੌਰਾਨ ਸਾਹਮਣੇ ਰੱਖੀ ਸੀ। ਪਿਛਲੇ ਮਹੀਨੇ ਗੈਂਟਜ ਨੇ ਗਾਜ਼ਾ ਲਈ ਯੋਜਨਾ ਸਾਹਮਣੇ ਰੱਖੀ ਸੀ। ਯੋਜਨਾ ਮੁਤਾਬਕ ਅਸਥਾਈ ਅਮਰੀਕੀ-ਯੂਰੋਪੀਅਨ-ਅਰਬ-ਫਲਸਤੀਨੀ ਪ੍ਰਸ਼ਾਸਨ ਪ੍ਰਣਾਲੀ ਸ਼ਾਮਲ ਸੀ ਜਿਸ ਵਿੱਚ ਇਜ਼ਰਾਈਲ ਨੂੰ ਗਾਜ਼ਾ ਦੀ ਸੁਰੱਖਿਆ ਦਾ ਸਮੁੱਚਾ ਕੰਟਰੋਲ ਮਿਲ਼ਣਾ ਸੀ।

ਦੂਜੇ ਹੱਥ, ਅਮਰੀਕਾ ਵਿੱਚ ਵੀ ਇਸ ਸਾਲ ਨਵੰਬਰ ਵਿੱਚ ਚੋਣਾਂ ਹਨ ਜਿਹਨਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਸਦਰ ਜੋਅ ਬਾਇਡਨ ਲਈ ਰਾਹ ਐਨਾ ਸੁਖਾਲਾ ਨਹੀਂ ਹੈ। ਗਾਜ਼ਾ ਵਿੱਚ ਇਜ਼ਰਾਈਲ ਦੇ ਕਤਲੇਆਮ ਅਤੇ ਅਮਰੀਕਾ ਦੀ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਆਰਥਿਕ ਅਤੇ ਫੌਜੀ ਮਦਦ ਵਿਰੁੱਧ ਅਮਰੀਕਾ ਵਿੱਚ ਵੱਡੇ ਪੱਧਰ ਉੱਪਰ ਰੋਸ ਹੈ; ਖਾਸਕਰ ਡੈਮੋਕ੍ਰੇਟਿਕ ਪਾਰਟੀ ਦੇ ਰਸਮੀ ਵੋਟ ਬੈਂਕ ਜਿਹਨਾਂ ਵਿੱਚ ਅਮਰੀਕਾ ਵਿੱਚ ਰਹਿ ਰਹੇ ਘੱਟ ਗਿਣਤੀ ਮੁਸਲਿਮ, ਕਾਲ਼ੇ ਅਤੇ ਹੋਰ ਉਦਾਰਪੰਥੀ ਜਮਹੂਰੀ ਵੋਟਰ ਸ਼ਾਮਲ ਹਨ। ਇਸ ਰੋਸ ਨੂੰ ਠੰਢਾ ਕਰਨ ਲਈ ਅਮਰੀਕੀ ਸਰਕਾਰ ਦੀ ਕੋਸ਼ਿਸ਼ ਹੈ ਕਿ ਕਿਸੇ ਤਰ੍ਹਾਂ ਨਾਲ਼ ਵਕਤੀ ਜੰਗਬੰਦੀ ਹੋ ਜਾਵੇ। ਇਸੇ ਕਾਰਨ ਹੀ ਅਮਰੀਕਾ ਨੇ ਇਜ਼ਰਾਈਲ ਨੂੰ ਭੇਜੇ ਜਾਣ ਵਾਲ਼ੇ ਹਥਿਆਰਾਂ ਵਿੱਚ ਵੀ ਮਾਮੂਲੀ ਕਟੌਤੀ ਕਰ ਕੇ ਨੇਤਨਯਾਹੂ ਨੂੰ ਸੁਨੇਹਾ ਦੇਣਾ ਚਾਹਿਆ ਹੈ। ਨੇਤਨਯਾਹੂ ਵਿਰੁੱਧ ਖੜ੍ਹੀ ਇਜ਼ਰਾਇਲੀ ਵਿਰੋਧੀ ਧਿਰ ਰਾਹੀਂ ਅਮਰੀਕਾ ਨੇਤਨਯਾਹੂ ਸਰਕਾਰ ਉੱਪਰ ਦਬਾਅ ਬਣਾ ਰਿਹਾ ਹੈ। ਹਮਾਸ ਦੇ ਜਾਨ ਹੂਲਵੇਂ ਸੰਘਰਸ਼ ਕਾਰਨ ਇਜ਼ਰਾਇਲੀ ਧਾੜਵੀਆਂ ਨੂੰ ਲੱਗ ਰਹੀ ਪਛਾੜ ਤੇ ਉੱਪਰੋਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜਰ ਅਮਰੀਕਾ ਦੀ ਨੀਤੀ ਦੇ ਮਾਤਹਿਤ ਹੀ ਇਜ਼ਰਾਈਲ ਵਿੱਚ ਵਿਰੋਧੀ ਧਿਰ ਦੇ ਇਹਨਾਂ ਆਗੂਆਂ ਦੇ ਜੰਗੀ ਮੰਤਰੀ ਮੰਡਲ ਵਿੱਚੋਂ ਬਾਹਰ ਨਿਕਲਣ ਦੇ ਫੈਸਲੇ ਨੂੰ ਸਮਝਣਾ ਚਾਹੀਦਾ ਹੈ।

ਜੰਗੀ ਮੰਤਰੀ ਮੰਡਲ ਭੰਗ ਹੋਣ ਤੋਂ ਬਾਅਦ ਹੁਣ ਜੰਗ ਨਾਲ਼ ਸਬੰਧਿਤ ਸਾਰੇ ਫੈਸਲੇ ਨੇਤਨਯਾਹੂ ਸਰਕਾਰ ਦੇ ਸੁਰੱਖਿਆ ਵਿਭਾਗ ਨਾਲ਼ ਸਬੰਧਿਤ ਮੰਤਰੀ ਮੰਡਲ ਵਿੱਚ ਕੀਤੇ ਜਾਣਗੇ। ਇਸ ਪੂਰੇ ਮਾਮਲੇ ਵਿੱਚ ਇੱਕ ਹੋਰ ਦਿਲਚਸਪ ਖਬਰ ਇਹ ਹੈ ਕਿ ਇਜ਼ਰਾਇਲੀ ਫੌਜ ਨੇ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਪ੍ਰਵਾਨਗੀ ਤੋਂ ਬਿਨਾਂ ਗਾਜ਼ਾ ਵਿੱਚ ਰੋਜ਼ਾਨਾ 11 ਘੰਟੇ ਦੀਆਂ 'ਦਾਅ-ਪੇਚਕ ਰੋਕਾਂ' ਲਗਾਉਣ ਦਾ ਫੈਸਲਾ ਕੀਤਾ ਹੈ ਜਿਸ ਉੱਪਰ ਨੇਤਨਯਾਹੂ ਕਾਫੀ ਨਾਖ਼ੁਸ਼ ਹੈ। ਇਹਨਾਂ ਸਭ ਤੱਥਾਂ ਦਾ ਸਾਰ ਇਹ ਹੈ ਕਿ ਇਜ਼ਰਾਇਲੀ ਹਾਕਮ ਜਮਾਤ ਅੰਦਰ ਇਸ ਜੰਗ ਨੂੰ ਲੈ ਕੇ ਬੇਚੈਨੀ ਵਧ ਰਹੀ ਹੈ। ਇਸ ਦਾ ਵੱਡਾ ਕਾਰਨ ਫਲਸਤੀਨੀਆਂ ਵੱਲੋਂ ਇਜ਼ਰਾਇਲੀ ਜ਼ਾਲਮ ਫੌਜ ਦਾ ਬਹਾਦਰੀ ਨਾਲ਼ ਮੁਕਾਬਲਾ ਅਤੇ ਸੰਸਾਰ ਭਰ ਦੇ ਲੋਕਾਂ ਦਾ ਇਸ ਨਸਲਕੁਸ਼ੀ ਦਾ ਵਿਰੋਧ ਹੈ ਪਰ ਇਜ਼ਰਾਇਲੀ ਹਾਕਮ ਦੇ ਆਪਸੀ ਵਿਰੋਧਾਂ ਦੇ ਬਾਵਜੂਦ ਇਹ ਸਭ ਫਲਸਤੀਨੀਆਂ ਦਾ ਕਤਲੇਆਮ ਕਰਨ ਵਿੱਚ ਆਪਣੇ ਸਾਮਰਾਜੀ ਭਾਈਵਾਲਾਂ ਸਮੇਤ ਬਿਲਕੁਲ ਇੱਕਮਿਕ ਹਨ ਕਿਉਂਕਿ ਇਹ ਸਭ ਜ਼ਾਇਨਵਾਦੀ ਇਜ਼ਰਾਇਲੀ ਰਾਜ ਦੇ ਹਮਾਇਤੀ ਹਨ ਜਿਸ ਦਾ ਆਧਾਰ ਹੀ ਫਲਸਤੀਨੀਆਂ ਨੂੰ ਉਹਨਾਂ ਦੇ ਕੌਮੀ ਘਰ ਤੋਂ ਉਜਾੜ ਕੇ ਗੈਰ-ਜਮਹੂਰੀ, ਬਰਬਰ ਰਾਜ ਦੀ ਸਥਾਪਨਾ ਹੈ। ਇਹ ਬਰਬਰ ਰਾਜ ਸਾਮਰਾਜੀ ਚੌਕੀ ਵਜੋਂ ਮੱਧ-ਪੂਰਬ ਦੇ ਕੁਦਰਤੀ ਸਰੋਤਾਂ ਨਾਲ਼ ਭਰਪੂਰ ਖਿੱਤੇ ਵਿੱਚ ਅਮਰੀਕਾ ਤੇ ਉਸਦੇ ਪੱਛਮੀ ਭਾਈਵਾਲਾਂ ਦੇ ਪ੍ਰਭਾਵ ਖੇਤਰ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਵੈਸੇ ਤਾਂ ਫਲਸਤੀਨੀਆਂ ਦੀ ਨਸਲਕੁਸ਼ੀ ਪਿਛਲੇ 75 ਸਾਲ ਤੋਂ ਜਾਰੀ ਹੈ ਪਰ ਪਿਛਲੇ ਸਾਲ ਅਕਤੂਬਰ ਤੋਂ ਸ਼ੁਰੂ ਹੋਈ ਜੰਗ ਹੁਣ ਤੱਕ ਦੀ ਸਭ ਤੋਂ ਡਾਢੀ ਜੰਗ ਸਾਬਤ ਹੋਈ ਹੈ ਜਿਸ ਵਿੱਚ 38000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਜਿਹਨਾਂ ਵਿੱਚ ਬਹੁ-ਗਿਣਤੀ ਬੱਚੇ ਅਤੇ ਔਰਤਾਂ ਹਨ। ਸਾਮਰਾਜੀ ਪ੍ਰਾਜੈਕਟ ਵਜੋਂ ਸਥਾਪਤ ਜਿਉਨਵਾਦੀ ਇਜ਼ਰਾਈਲ ਦੇ ਕਬਜ਼ੇ ਵਿਰੁੱਧ ਲੜ ਰਹੇ ਫਲਸਤੀਨੀਆਂ ਦੇ ਸੰਘਰਸ਼ ਨੇ ਧਾੜਵੀ ਇਜ਼ਰਾਇਲੀ ਹਕੂਮਤ ਦੇ ਅੰਦਰ ਵੀ ਵਿਰੋਧ ਹੋਰ ਉਭਾਰ ਦਿੱਤੇ ਹਨ। ਆਪਣੀ ਜਾਨ ਹੂਲਵੀਂ ਲੜਾਈ ਕਾਰਨ ਸੰਸਾਰ ਭਰ ਵਿੱਚ ਆਪਣੇ ਸੰਘਰਸ਼ ਲਈ ਹਮਾਇਤ ਜੁਟਾਉਣ ਪਿੱਛੋਂ ਨਿਸਚੇ ਹੀ ਇਹ ਫਲਸਤੀਨੀਆਂ ਦੀ ਇੱਕ ਹੋਰ ਪ੍ਰਾਪਤੀ ਹੈ।

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

ਸਾਡੇ ਲੋਕ SADE LOK

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮੈਰਿਕਨ ਅਜ਼ਾਦੀ ਦਿਹਾੜੇ 'ਤੇ ਵਾਸ਼ਿੰਗਟਨ ਡੀ.ਸੀ. 'ਚ ਕੱਢੀ ਗਈ ਨੈਸ਼ਨਲ ਪਰੇਡ 'ਚ ਸਿੱਖਸ ਆਫ਼ ਅਮੈਰਿਕਾ ਦੇ 'ਸਿੱਖ ਫ਼ਲੋਟ' ਦੀ ਹੋਈ ਖ਼ੂਬ ਚਰਚਾ

## ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਭਾਈਚਾਰੇ ਦੀਆਂ ਪ੍ਰਾਪਤੀਆਂ ਦਰਸਾਉਣ ਲਈ ਸ਼ਾਮਿਲ ਕਰਦੇ ਹਾਂ ਹਰ ਸਾਲ ਸਿੱਖ










ਵਾਸ਼ਿੰਗਟਨ (ਸਾਡੇ ਲੋਕ/ਰਾਜ ਗੋਗਨਾ) : ਅਮੈਰਿਕਾ ਵਿਚ ਵੱਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਅਜ਼ਾਦੀ ਦਾ ਦਿਨ ਬਹੁਤ ਹੀ ਖ਼ੁਸ਼ੀਆਂ ਤੇ ਉਤਸ਼ਾਹ ਵਾਲਾ ਹੁੰਦਾ ਹੈ ਅਤੇ ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਰਾਸ਼ਟਰੀ ਪੱਧਰ ਦੀ ਇਕ ਅਜ਼ਾਦੀ ਦੀ ਨੈਸ਼ਨਲ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਆਪਣਾ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਸਿੱਖਸ ਆਫ਼ ਅਮੈਰਿਕਾ ਵਲੋਂ ਪਿਛਲੇ 11 ਸਾਲਾਂ ਤੋਂ ਆਪਣਾ ਫ਼ਲੋਟ ਇਸ ਪਰੇਡ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ਼ ਅਮੈਰਿਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਸਿੱਖ ਫ਼ਲੋਟ ਸ਼ਾਮਲ ਕਰਨ ਦੀ ਪ੍ਰਵਾਨਗੀ ਮਿਲੀ ਤੇ ਸਿੱਖਸ ਆਫ਼ ਅਮੈਰਿਕਾ ਨੇ ਇਸ ਪਰੇਡ ਵਿਚ ਸਿੱਖ ਫ਼ਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫ਼ਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ਼ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ 'ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖ਼ੇਤਰ, ਬਿਜਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਦੱਸਣਯੋਗ ਹੈ ਕਿ ਇਸ ਫਲੋਟ ਵਿਚ ਵਰਲਡ ਬੈਂਕ ਦੇ ਪ੍ਰਧਾਨ ਬਣੇ ਕੇਸਾਧਾਰੀ ਸਿੱਖ ਅਜੇ ਬੰਗਾ ਅਤੇ ਪ੍ਰਸਿੱਧ ਟੀ.ਵੀ. ਸ਼ੋਅ ਬਿਗ ਬ੍ਰਦਰਜ਼ ਦੇ ਜੇਤੂ ਰਹੇ ਨਵ ਬੈਂਸ ਦੀਆਂ ਪ੍ਰਾਪਤੀਆਂ ਨੂੰ ਵੀ ਦਰਸਾਇਆ ਗਿਆ ਸੀ। ਫ਼ਲੋਟ ਦੇ ਅੱਗੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ ਜਿਹਨਾਂ ਦੇ ਪਿੱਛੇ ਮਿੰਟਗੁਮਰੀ ਕਾਉਂਟੀ ਦੇ ਪੁਲਿਸ ਡਿਪਾਰਟਮੈਂਟ ਦੇ ਦੋ ਪਗੜੀਧਾਰੀ ਸਿੱਖ ਪੁਲਿਸ ਅਫਸਰ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਪੈਦਲ ਮਾਰਚ ਕਰਦੇ ਆ ਰਹੇ ਸਨ। ਇਕ ਅੰਦਾਜ਼ੇ ਮੁਤਾਬਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫ਼ਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਸਿੱਖ ਫ਼ਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰਿਕਨ ਫਲੈਗ ਤੇ ਸਿੱਖਸ ਆਫ ਅਮੈਰਿਕਾ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਹਿਨੇ ਮਰਦ ਅਤੇ ਅਮੈਰਿਕਨ ਝੰਡੇ ਦੇ ਸਕਾਰਫ਼ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫ਼ਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫ਼ਲੋਟ ਵਿਚ ਸਿੱਖਸ ਆਫ ਅਮਰੀਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਦਿਲਵੀਰ ਸਿੰਘ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਫ਼ਲੋਰਾ, ਚਤਰ ਸਿੰਘ ਸੈਣੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਗੁਰਚਰਨ ਸਿੰਘ ਸਾਬਕਾ ਵਰਲਡ ਬੈਂਕ ਅਧਿਕਾਰੀ, ਜਸਵਿੰਦਰ ਸਿੰਘ ਰੌਇਲ ਤਾਜ, ਨਿਹਾਲ ਸਿੰਘ, ਸਰਮੁੱਖ ਸਿੰਘ ਮਾਣਕੂ ਅਤੇ ਦਵਿੰਦਰ ਸਿੰਘ ਚਿੱਬ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਿੱਖ ਐਸੋਸੀਏਸ਼ਨ ਬਾਲਟੀਮੋਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਸੰਨੀ ਪ੍ਰਧਾਨ, ਚਰਨਜੀਤ ਸਿੰਘ ਸਰਪੰਚ ਚੇਅਰਮੈਨ, ਗੁਰਦਿਆਲ ਸਿੰਘ ਭੋਲਾ, ਗੁਰਦੇਵ ਘੋਤੜਾ, ਸੁਰਜੀਤ ਸਿੰਘ ਗੋਲਡੀ, ਜਰਨੈਲ ਸਿੰਘ ਟੀਟੂ, ਜਸਵੰਤ ਸਿੰਘ ਧਾਲੀਵਾਲ ਅਤੇ ਡੰਡਾਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜੋਗਿੰਦਰ ਸਿੰਘ ਸਮਰਾ ਸ਼ਾਮਿਲ ਹੋਏ। ਪਰੇਡ ਵਿਚ ਸ਼ਾਮਲ ਲੋਕਾਂ ਵਿਚ ਸਿੱਖ ਫਲੋਟ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਹਰ ਭਾਈਚਾਰੇ ਵਿਚ ਸਿੱਖਸ ਆਫ ਅਮੈਰਿਕਾ ਦੇ ਇਸ ਸਿੱਖ ਫਲੋਟ ਦੀ ਖ਼ੂਬ ਚਰਚਾ ਹੁੰਦੀ ਰਹੀ।


CAPITAL ACCOUNTING & TAX SERVICES




Kuldip Singh Kang

Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਦੋ ਮਹੀਨੇ ਪਹਿਲਾਂ ਕੈਨੇਡਾ ਗਈ ਮੁਟਿਆਰ ਦੀ ਮੌਤ



ਮਾਨਸਾ : ਨੇੜਲੇ ਪਿੰਡ ਬਰ੍ਹੇ ਦੀ ਦੋ ਮਹੀਨੇ ਪਹਿਲਾਂ ਕੈਨੇਡਾ ਗਈ ਲੜਕੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਭਾਰਤ ਲਿਆਂਦਾ ਜਾਵੇ। ਜਾਣਕਾਰੀ ਅਨੁਸਾਰ ਪਿੰਡ ਬਰ੍ਹੇ ਦੇ ਕਿਸਾਨ ਮਿੱਠੂ ਸਿੰਘ ਨੇ ਜ਼ਮੀਨ ਵੇਚ ਕੇ ਆਪਣੀ ਧੀ ਬੇਅੰਤ ਕੌਰ (25) ਨੂੰ 31 ਮਾਰਚ ਨੂੰ ਕੈਨੇਡਾ ਭੇਜਿਆ ਸੀ ਜਿੱਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਿਸਾਨ ਮਿੱਠੂ ਸਿੰਘ ਦਾ ਕਹਿਣਾ ਹੈ ਕਿ ਉਹ 2 ਏਕੜ ਜ਼ਮੀਨ ਦਾ ਮਾਲਕ ਸੀ। ਇਕ ਏਕੜ ਜ਼ਮੀਨ ਵੇਚ ਕੇ ਉਸ ਨੇ ਆਪਣੀ ਧੀ ਨੂੰ ਕੈਨੇਡਾ ਭੇਜਿਆ ਸੀ। ਉਸਦਾ ਕਹਿਣਾ ਹੈ ਕਿ ਧੀ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਕਰੀਬ 25 ਲੱਖ ਰੁਪਏ ਖਰਚ ਆਉਣਗੇ ਪਰ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

# ਗੁਰੂ ਘਰ ਵਿਚ ਬੱਚਿਆਂ ਦੇ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਕਰਵਾਏ



ਕੈਲਗਰੀ : ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਪ੍ਰਬੰਧਕ ਕਮੇਟੀ ਵਲੋਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਇਹ ਪ੍ਰੋਗਰਾਮ ਕੈਲਗਰੀ ਵਿਖੇ ਚੱਲ ਰਹੇ ਸਟੈਂਪੀਡ ਮੇਲੇ ਦੇ ਸੰਬੰਧ 'ਚ ਕਰਵਾਇਆ ਗਿਆ ਅਤੇ ਨਾਲ ਹੀ ਲੰਗਰ ਦੀ ਸੇਵਾ ਕੀਤੀ ਗਈ। ਇਸ ਪ੍ਰੋਗਰਾਮ ਵਿਚ 5 ਸਾਲ ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਨੇ ਭਾਗ ਲਿਆ। ਮੁਕਾਬਲੇ ਕਰਵਾਉਣ ਸਮੇਂ ਸਾਰੇ ਬੱਚਿਆਂ ਨੂੰ 2 ਭਾਗਾਂ ਵਿਚ ਵੰਡਿਆ ਗਿਆ। ਜੇਤੂ ਬੱਚਿਆਂ ਨੂੰ ਗੁਰੂ ਘਰ ਵਲੋਂ ਪ੍ਰਸੰਸਾ ਪੱਤਰ ਅਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ। ਬਾਕੀ ਭਾਗ ਲੈਣ ਵਾਲੇ ਬੱਚਿਆਂ ਨੂੰ ਵੀ ਪ੍ਰਸੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਮੁਕਾਬਲਿਆਂ ਵਿਚ ਪਹੁੰਚੀ ਸੰਗਤ ਵਲੋਂ ਵਲੰਟੀਅਰ ਤੌਰ 'ਤੇ ਸੇਵਾਵਾਂ ਨਿਭਾਈਆਂ ਗਈਆਂ। ਇਥੇ ਦੱਸ ਦੇਈਏ ਕਿ ਬੱਚਿਆਂ ਨੂੰ ਸਕੂਲਾਂ ਵਿਚ ਛੁੱਟੀਆਂ ਹੋਣ ਕਰਕੇ ਪਿਛਲੇ ਦਿਨਾਂ ਤੋਂ ਗੁਰਮਤਿ ਕੈਂਪ ਵੀ ਲਗਾਏ ਗਏ ਹਨ, ਜਿਸ ਵਿਚ ਭਾਈ ਰਵਿੰਦਰ ਸਿੰਘ ਬੱਚਿਆਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਵਿਚ ਗੁਰਬਾਣੀ ਕੰਠ ਕਰਵਾ ਰਹੇ ਹਨ ਅਤੇ ਗੁਰਬਾਣੀ ਸ਼ਬਦ ਨਾਲ ਜੋੜ ਰਹੇ ਹਨ। ਅਖੀਰ 'ਚ ਭਾਈ ਬਲਜਿੰਦਰ ਸਿੰਘ ਗਿੱਲ, ਭਾਈ ਗੁਰਜੀਤ ਸਿੰਘ ਸਿੱਧੂ ਅਤੇ ਭਾਈ ਰਵਿੰਦਰ ਸਿੰਘ ਤੱਥੜ ਨੇ ਸੰਗਤਾਂ ਅਤੇ ਵਲੰਟੀਅਰ ਦਾ ਸਹਿਯੋਗ ਦੇਣ ਵਾਸਤੇ ਧੰਨਵਾਦ ਕੀਤਾ।

# ਬ੍ਰਿਟਿਸ਼ ਕੋਲੰਬੀਆ 'ਚ 5 ਪੰਜਾਬਣਾਂ ਨੂੰ ਮਿਲਿਆ 1.95 ਕਰੋੜ ਦਾ ਵਜ਼ੀਫ਼ਾ



ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿੱਦਿਅਕ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਲੋਂ ਸੂਬੇ ਦੇ ਵੱਖ-ਵੱਖ ਸਕੂਲਾਂ ਤੋਂ ਗ੍ਰੈਜੂਏਟ ਹੋਈਆਂ 5 ਪੰਜਾਬੀ ਵਿਦਿਆਰਥਣਾਂ ਨੂੰ 3 ਲੱਖ 22 ਹਜ਼ਾਰ ਡਾਲਰ ਭਾਵ ਤਕਰੀਬਨ ਇਕ ਕਰੋੜ 95 ਲੱਖ ਰੁਪਏ ਦਾ ਵਜ਼ੀਫ਼ਾ ਦਿੱਤਾ ਗਿਆ ਹੈ। ਖ਼ਾਲਸਾ ਸੈਕੰਡਰੀ ਸਕੂਲ ਦੀ ਹੋਣਹਾਰ ਵਿਦਿਆਰਥਣ ਹਰਨੂਰ ਕੌਰ ਧਾਲੀਵਾਲ ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਅਵਾਰਡ ਤਹਿਤ 80 ਹਜ਼ਾਰ, ਸਾਈਮਨ ਫਰੇਜ਼ਰ ਯੂਨੀਵਰਸਿਟੀ ਵਲੋਂ 40 ਹਜ਼ਾਰ, ਬੀ ਸੀ ਐਕਸੀਲੈਂਸ 5 ਹਜ਼ਾਰ, ਸਿੱਖ ਵਿਰਾਸਤੀ 1500 ਤੇ ਡਿਸਟ੍ਰਿਕਟ ਅਥਾਰਟੀ ਵਲੋਂ 1250 ਡਾਲਰ ਭਾਵ ਕੁੱਲ 1 ਲੱਖ 27 ਹਜ਼ਾਰ 750 ਡਾਲਰ ਵਜ਼ੀਫ਼ਾ ਮਿਲਿਆ ਹੈ, ਜਦਕਿ ਸੀਮੋਲਕ ਫਾਊਂਡੇਸ਼ਨ ਵਲੋਂ ਅਮਨੀਕ ਖੋਸਾ, ਜੀਆ ਗਿੱਲ, ਰਾਵੀਨ ਰਾਏ ਤੇ ਤਮੰਨਾ ਕੌਰ ਗਿੱਲ ਨੂੰ 1 ਲੱਖ 80 ਹਜ਼ਾਰ ਡਾਲਰ ਦਾ ਵਜ਼ੀਫ਼ਾ ਦਿੱਤਾ ਗਿਆ ਹੈ। ਤਮੰਨਾ ਕੌਰ ਗਿੱਲ ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਪ੍ਰੈਜ਼ੀਡੈਂਟਲ ਸਕਾਲਰਜ਼ ਅਵਾਰਡ ਤਹਿਤ 15 ਹਜ਼ਾਰ ਡਾਲਰ ਦਾ ਵੀ ਵਜ਼ੀਫ਼ਾ ਮਿਲਿਆ ਹੈ। ਜੀਆ ਗਿੱਲ ਤੇ ਤਮੰਨਾ ਗਿੱਲ ਆਉਂਦੇ ਸਤੰਬਰ ਮਹੀਨੇ ਤੋਂ ਬੀ.ਐਸ.ਸੀ. ਤੇ ਐਨੀ ਖੋਸਾ ਡੈਂਟਿਸਟਰੀ ਦੀ ਪੜ੍ਹਾਈ ਸ਼ੁਰੂ ਕਰੇਗੀ, ਜਦਕਿ ਰਾਵੀਨ ਰਾਏ ਖੇਡਾਂ ਜਾਂ ਫੈਸ਼ਨ ਦੇ ਕਰੀਏਟਿਵ ਡਾਇਰੈਕਟਰ ਦਾ ਕੰਮ ਕਰਨਾ ਚਾਹੁੰਦੀ ਹੈ।

# ਪੱਲਵੀ ਪਟੇਲ ਨੇ ਪਾਰਟੀ ਵਰਕਰਾਂ ਨਾਲ ਕੀਤਾ ਪ੍ਰਦਰਸ਼ਨ




ਲਖਨਊ : ਅਪਨਾ ਦਲ (ਕਮੇਰਾਵਾਦੀ) ਦੀ ਆਗੂ ਪੱਲਵੀ ਪਟੇਲ ਨੇ ਪਾਰਟੀ ਵਰਕਰਾਂ ਨਾਲ ਐਤਵਾਰ ਨੂੰ ਲਖਨਊ ਵਿੱਚ ਆਪਣੇ ਪਿਤਾ ਅਤੇ ਅਪਨਾ ਦਲ ਦੇ ਸੰਸਥਾਪਕ ਡਾਕਟਰ ਸੋਨੇ ਲਾਲ ਪਟੇਲ ਦੀ ਹੱਤਿਆ ਦੀ ਸੀਬੀਆਈ ਜਾਂਚ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।

# ਯੂਕਰੇਨ 'ਤੇ ਰੂਸੀ ਮਿਜ਼ਾਈਲ ਹਮਲਿਆਂ 'ਚ 31 ਮੌਤਾਂ, 154 ਜ਼ਖ਼ਮੀ



ਕੀਵ : ਯੂਕਰੇਨ 'ਚ ਰੂਸ ਦੇ ਵੱਡੇ ਮਿਜ਼ਾਈਲ ਹਮਲੇ 'ਚ ਘੱਟੋ ਘੱਟ 31 ਲੋਕ ਮਾਰੇ ਗਏ ਤੇ 154 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਯੂਕਰੇਨ ਦੀ ਰਾਜਧਾਨੀ ਕੀਵ 'ਚ ਬੱਚਿਆਂ ਦੇ ਹਸਪਤਾਲ ਨੂੰ ਨਿਸ਼ਾਨਾ ਬਣਾ ਕੇ ਕੀਤੇ ਮਿਜ਼ਾਈਲ ਹਮਲੇ ਦੇ ਪੀੜਤਾਂ ਦੀ ਐਮਰਜੈਂਸੀ ਅਮਲੇ ਵਲੋਂ ਮਲਬੇ 'ਚੋਂ ਭਾਲ ਜਾਰੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲਾਦੀਮੀਰ ਜ਼ੇਲੇਨਸਕੀ ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਹੈ ਕਿ ਰੂਸ ਵਲੋਂ ਵੱਖ-ਵੱਖ ਕਿਸਮਾਂ ਦੀਆਂ 40 ਤੋਂ ਵੱਧ ਮਿਜ਼ਾਈਲਾਂ ਨਾਲ 5 ਯੂਕਰੇਨੀ ਸ਼ਹਿਰਾਂ ਦੀਆਂ ਅਪਾਰਟਮੈਂਟ ਇਮਾਰਤਾਂ ਤੇ ਜਨਤਕ ਬੁਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਇਸ ਦੌਰਾਨ ਯੂਕਰੇਨ ਦੀ ਹਵਾਈ ਸੈਨਾ ਨੇ 30 ਮਿਜ਼ਾਈਲਾਂ ਨੂੰ ਨਾਕਾਮ ਕਰ ਦਿੱਤਾ। ਜ਼ੇਲੇਨਸਕੀ ਨੇ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਦੁਨੀਆ ਨੂੰ ਹੁਣ ਇਸ ਬਾਰੇ ਚੁੱਪ ਨਹੀਂ ਰਹਿਣਾ ਚਾਹੀਦਾ, ਕੀਵ ਦੇ ਓਖਮਾਤਦਿਤ ਚਿਲਡਰਨ ਹਸਪਤਾਲ ਦੀਆਂ ਦੋ ਮੰਜ਼ਿਲਾਂ ਢਹਿ-ਢੇਰੀ ਹੋ ਗਈਆਂ ਹਨ ਤੇ ਮਲਬੇ 'ਚੋਂ ਪੀੜਤਾਂ ਦੀ ਭਾਲ ਜਾਰੀ ਹੈ। ਰੂਸ ਦੇ ਲਗਭਗ ਚਾਰ ਮਹੀਨਿਆਂ 'ਚ ਕੀਵ 'ਤੇ ਇਹ ਸਭ ਤੋਂ ਵੱਡੇ ਹਮਲੇ ਹਨ। ਯੂਕਰੇਨੀ ਹਵਾਈ ਸੈਨਾ ਨੇ ਦੱਸਿਆ ਕਿ ਇਨ੍ਹਾਂ ਹਮਲਿਆਂ 'ਚ ਕਿੰਜਲ ਹਾਈਪ੍ਰਸੋਨਿਕ ਮਿਜ਼ਾਈਲਾਂ ਸ਼ਾਮਿਲ ਸਨ, ਜੋ ਕਿ ਸਭ ਤੋਂ ਆਧੁਨਿਕ ਰੂਸੀ ਹਥਿਆਰਾਂ 'ਚੋਂ ਇਕ ਹੈ। ਯੂਕਰੇਨ ਦੇ ਰਾਸ਼ਟਰਪਤੀ ਦਫ਼ਤਰ ਦੇ ਮੁਖੀ ਐਂਡਰੀ ਯੇਰਮਾਕ ਨੇ ਕਿਹਾ ਕਿ ਹਮਲਾ ਅਜਿਹੇ ਸਮੇਂ ਹੋਇਆ ਜਦੋਂ ਬਹੁਤ ਸਾਰੇ ਲੋਕ ਸ਼ਹਿਰ ਦੀਆਂ ਸੜਕਾਂ 'ਤੇ ਸਨ। ਜਰਮਨ ਸਰਕਾਰ ਨੇ ਇਨ੍ਹਾਂ ਹਮਲਿਆਂ ਦੀ ਨਿੰਦਾ ਕਰਦਿਆਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਨਿਰਦੋਸ਼ ਲੋਕਾਂ ਦੇ ਖ਼ਿਲਾਫ਼ ਹਮਲਿਆਂ ਤੇ ਇਸ ਜੰਗ ਨੂੰ ਤੁਰੰਤ ਖਤਮ ਕਰਨ ਲਈ ਕਿਹਾ ਹੈ। ਜਦਕਿ ਰੂਸ ਦੇ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਯੂਕਰੇਨ ਦੇ ਰੱਖਿਆ ਪਲਾਂਟਾਂ ਤੇ ਫੌਜੀ ਹਵਾਈ ਅੱਡੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਮਿਜ਼ਾਈਲ ਹਮਲੇ ਸਫਲ ਰਹੇ ਹਨ ਤੇ ਉਨ੍ਹਾਂ ਕਿਸੇ ਵੀ ਨਾਗਰਿਕ ਟਿਕਾਣੇ ਨੂੰ ਨਿਸ਼ਾਨਾ ਬਣਾਉਣ ਤੋਂ ਇਨਕਾਰ ਕੀਤਾ ਹੈ।

# ਰਾਹੁਲ ਵੱਲੋਂ ਸ਼ਹੀਦ ਅੰਸ਼ੂਮਨ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ



ਰਾਏ ਬਰੇਲੀ : ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਅੱਜ ਆਪਣੇ ਸੰਸਦੀ ਖੇਤਰ ਰਾਏ ਬਰੇਲੀ ਵਿੱਚ ਕੀਰਤੀ ਚੱਕਰ ਨਾਲ ਸਨਮਾਨਿਤ ਸ਼ਹੀਦ ਕੈਪਟਨ ਅੰਸ਼ੂਮਨ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਰਾਹੁਲ ਨਾਲ ਮੁਲਾਕਾਤ ਮਗਰੋਂ ਸ਼ਹੀਦ ਕੈਪਟਨ ਦੀ ਮਾਤਾ ਮੰਜੂ ਸਿੰਘ ਨੇ ਕਿਹਾ, "ਮੈਂ ਸਰਕਾਰ ਨੂੰ ਅਪੀਲ ਕਰਦੀ ਹਾਂ ਕਿ ਫ਼ੌਜ ਨੂੰ ਦੋ ਵਰਗਾਂ ਵਿੱਚ ਨਾ ਵੰਡਿਆ ਜਾਵੇ।" 2022 ਵਿੱਚ ਸ਼ੁਰੂ ਕੀਤੀ ਗਈ ਅਗਨੀਵੀਰ ਯੋਜਨਾ ਬਾਰੇ ਉਨ੍ਹਾਂ ਕਿਹਾ, "ਉਹ (ਅਗਨੀਵੀਰ) ਚਾਰ ਸਾਲਾਂ ਬਾਅਦ ਮਾਨਸਿਕ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਹੋ ਜਾਣਗੇ ਜਿਸ ਤੋਂ ਬਾਅਦ ਉਹ ਪੜ੍ਹਾਈ ਵੀ ਜਾਰੀ ਨਹੀਂ ਰੱਖ ਸਕਣਗੇ। ਇਹ ਠੀਕ ਨਹੀਂ ਹੈ।" ਕੈਪਟਨ ਅੰਸ਼ੂਮਨ ਸਿੰਘ ਪਿਛਲੇ ਸਾਲ ਜੁਲਾਈ ਵਿੱਚ ਅੱਗ ਤੋਂ ਲੋਕਾਂ ਨੂੰ ਬਚਾਉਂਦੇ ਹੋਏ ਸ਼ਹੀਦ ਹੋ ਗਏ ਸਨ। ਇਸ ਦੌਰਾਨ ਰਾਹੁਲ ਗਾਂਧੀ ਨੇ ਏਮਜ਼ ਰਾਏ ਬਰੇਲੀ ਦਾ ਵੀ ਦੌਰਾ ਕੀਤਾ। ਰਾਹੁਲ ਨੇ ਲਖਨਊ ਵਿੱਚ ਰਹਿੰਦੇ ਸ਼ਹੀਦ ਦੇ ਪਰਿਵਾਰ ਨੂੰ ਗੈਸਟ ਹਾਊਸ ਵਿੱਚ ਮਿਲਣ ਲਈ ਬੁਲਾਇਆ ਸੀ। ਕਾਂਗਰਸੀ ਆਗੂ ਨਾਲ ਮੁਲਾਕਾਤ ਤੋਂ ਬਾਅਦ ਮੰਜੂ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਹੁਲ ਨੇ ਉਨ੍ਹਾਂ ਦੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ, "ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਅਗਨੀਵੀਰ ਯੋਜਨਾ ਖ਼ਤਮ ਕਰਨ ਦੀ ਅਪੀਲ ਕੀਤੀ ਹੈ ਕਿਉਂਕਿ ਇਹ ਫ਼ੌਜ ਲਈ ਠੀਕ ਨਹੀਂ ਹੈ।" ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਗੈਸਟ ਹਾਊਸ ਵਿੱਚ ਪਾਰਟੀ ਵਰਕਰਾਂ ਅਤੇ ਭਾਰਤੀ ਉਦਯੋਗ ਐਸੋਸੀਏਸ਼ਨ (ਆਈਆਈਏ) ਦੇ ਵਫ਼ਦ ਸਮੇਤ ਹੋਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਲਾਲਗੰਜ 'ਚ ਸ਼ਹੀਦੀ ਸਮਾਰਕ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਪੌਦਾ ਵੀ ਲਗਾਇਆ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਰਾਹੁਲ ਨੇ ਰਾਏ ਬਰੇਲੀ ਲੋਕ ਸਭਾ ਸੀਟ ਤੋਂ 3.90 ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਸੀ।

# ਆਪਣਾ ਇੱਕ ਇੱਕ ਸਾਹ ਸਿੱਖ ਪੰਥ ਦੇ ਲੇਖੇ ਲਗਾਉਣ ਵਾਲੇ, ਪ੍ਰਵਾਰ ਵਿਛੋੜਾ ਅਤੇ ਕੌਮ ਲਈ ਜਲਾਵਤਨੀ ਕੱਟਣ ਵਾਲੇ ਕੌਮੀ ਯੋਧੇ ਭਾਈ ਗਜਿੰਦਰ ਸਿੰਘ ਜੀ ਦਾ ਵਿਛੋੜਾ ਸਿੱਖ ਕੌਮ ਲਈ ਨਾ ਪੂਰਾ ਹੋਣ ਵਾਲਾ ਘਾਟਾ : ਅਮਰੀਕਨ ਸਿੱਖ ਆਗੂ

ਸਟਾਕਟਨ ਕੈਲੀਫੋਰਨੀਆ (ਸਾਡੇ ਲੋਕ) ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸੀਨੀਅਰ ਸੇਵਾਦਾਰ ਜਿਨ੍ਹਾਂ ਵਿੱਚ ਸ੍ਰ. ਰਵਿੰਦਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਮਨਜੀਤ ਸਿੰਘ ਉੱਪਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਕੁਲਜੀਤ ਸਿੰਘ ਨਿੱਝਰ ਸਾਬਕਾ ਸਕੱਤਰ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਗੁਲਵਿੰਦਰ ਸਿੰਘ (ਭਿੰਦਾ) ਗਾਖਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ ਗੁਰਬਚਨ ਸਿੰਘ ਰਾਣਾ ਸਿੱਖ ਯੂਥ ਆਫ਼ ਅਮਰੀਕਾ, ਸ੍ਰ. ਕੁਲਵੰਤ ਸਿੰਘ ਖਹਿਰਾ ਸਿੱਖ ਯੂਥ ਆਫ਼ ਅਮਰੀਕਾ ਅਤੇ ਹੋਰਨਾਂ ਵਲੋਂ ਕੌਮੀ ਯੋਧੇ ਸ਼ਹੀਦ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਪਾਕਿਸਤਾਨ ਦੀ ਅਚਾਨਕ ਹੋਈ ਮੌਤ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸਾਬਕਾ ਪ੍ਰਧਾਨ ਸ੍ਰ. ਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਆਪਣਾ ਇੱਕ ਇੱਕ ਸਾਹ ਸਿੱਖ ਪੰਥ ਦੇ ਲੇਖੇ ਲਗਾਉਣ ਵਾਲੇ ਪਰਿਵਾਰ ਵਿਛੋੜਾ ਜਰਨ ਵਾਲੇ, ਕੌਮ ਲਈ ਜਲਾਵਤਨੀ ਕੱਟਣ ਵਾਲੇ ਕੌਮੀ ਯੋਧੇ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਦਾ ਵਿਛੋੜਾ ਸਿੱਖ ਕੌਮ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਭਾਈ ਸਾਹਿਬ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਦੀ ਸਮੁੱਚੀ ਜ਼ਿੰਦਗੀ ਕੌਮ ਦੇ ਰਾਹਾਂ ਨੂੰ ਰਸ਼ਨਾਉਣ ਵਾਲੀ ਅਤੇ ਆਉਣ ਵਾਲੀਆਂ ਪੀੜ੍ਹੀਆ ਲਈ ਇੱਕ ਚਾਨਣ ਮੁਨਾਰਾ ਹੈ।

## ਅਸੀਂ ਭਾਈ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਨੂੰ ਕੇਸਰੀ ਪ੍ਰਣਾਮ ਕਰਦੇ ਹਾਂ

ਉਨ੍ਹਾਂ ਕਿਹਾ ਕਿ ਭਾਈ ਸਾਹਿਬ ਖਾਲਿਸਤਾਨ ਦੇ ਸਿਪਾਹ ਸਲਾਰ ਅਤੇ ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਜੀ ਦਾ ਸੰਘਰਸ਼ਸ਼ੀਲ ਜੀਵਨ 1975 ਵਿੱਚ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੇ ਵਿਰੋਧ ਵਜੋਂ ਸ਼ੁਰੂ ਹੋ ਗਿਆ ਸੀ। ਉਸ ਤੋਂ ਬਾਅਦ 1981 ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਹਾਈਜੈਕ ਕਰਕੇ ਪਾਕਿਸਤਾਨ ਲੈ ਗਏ ਸਨ। ਜਿਸਦੀ ਸਜ਼ਾ ਉਹਨਾਂ ਨੇ 14 ਸਾਲ ਤੋਂ ਉਪਰ ਕੋਟ ਲਖਪਤ ਜੇਲ੍ਹ ਵਿੱਚ ਕੱਟੀ। ਉਸ ਤੋਂ ਉਪਰੰਤ ਪਾਕਿਸਤਾਨ ਵਿੱਚ ਜਲਾਵਤਨੀ ਜੀਵਨ ਗੁਜਾਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

ਸ. ਗਜਿੰਦਰ ਸਿੰਘ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਨਿਰਸਵਾਰਥ ਹੋ ਕੇ ਪੰਥ ਦੀ ਸੇਵਾ ਕੀਤੀ। ਭਾਈ ਗਜਿੰਦਰ ਸਿੰਘ ਜੀ ਇਸ ਦੌਰ ਦਾ ਮਹਾਨ ਸ਼ਹੀਦ ਹੈ ਜਿਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦਾ ਮੁੱਲ ਅੱਜ ਨਹੀਂ ਤਾਂ ਕੱਲ ਦੇਰ ਸਵੇਰ ਜ਼ਰੂਰ ਪਵੇਗਾ। ਉਹਨਾਂ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ ਸਮੁੱਚੀ ਕੌਮ ਉਹਨਾਂ ਦੀ ਹਮੇਸ਼ਾ ਰੀਣੀ ਰਹੇਗੀ।

ਅਸੀਂ ਭਾਈ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਨੂੰ ਕੇਸਰੀ ਪ੍ਰਣਾਮ ਕਰਦੇ ਹਾਂ।

ਸ੍ਰ. ਰਵਿੰਦਰ ਸਿੰਘ ਧਾਲੀਵਾਲ, ਸ੍ਰ. ਮਨਜੀਤ ਸਿੰਘ ਉੱਪਲ, ਸ੍ਰ. ਕੁਲਜੀਤ ਸਿੰਘ ਨਿੱਝਰ, ਸ੍ਰ. ਗੁਲਵਿੰਦਰ ਸਿੰਘ (ਭਿੰਦਾ) ਗਾਖਲ, ਸ੍ਰ ਗੁਰਬਚਨ ਸਿੰਘ ਰਾਣਾ ਸਿੱਖ ਯੂਥ ਆਫ਼ ਅਮਰੀਕਾ, ਸ੍ਰ. ਕੁਲਵੰਤ ਸਿੰਘ ਖਹਿਰਾ।



ਸਵ. ਭਾਈ ਸਾਹਿਬ ਭਾਈ ਗਜਿੰਦਰ ਸਿੰਘ
19 ਨਵੰਬਰ 1951 ਤੋਂ 4 ਜੁਲਾਈ 2024




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਰਾਗਮਾਲਾ ਜਾਂ ਮੁੰਦਾਵਾਣੀ 'ਤੇ ਪਾਉਣਾ ਹੈ, ਇਸ ਦਾ ਨਿਰਣਾ ਵਿਅਕਤੀ 'ਤੇ ਨਹੀਂ ਬਲਕਿ ਸਥਾਨਕ ਰੀਤ 'ਤੇ ਨਿਰਭਰ ਕਰਦਾ ਹੈ। ਛੋਟ ਥਾਂ ਨੂੰ ਹੈ, ਕਿਸੇ ਵਿਅਕਤੀ ਜਾਂ ਜਥੇ ਨੂੰ ਨਹੀਂ। ਸੋ ਜਿਸ ਥਾਂ 'ਤੇ ਭੋਗ ਸਮੇਂ ਰਾਗਮਾਲਾ ਦਾ ਪਾਠ ਕੀਤਾ ਜਾਂਦਾ ਹੈ, ਉਥੇ ਉਸ ਵਿਅਕਤੀ ਵਲੋਂ ਵੀ ਰਾਗਮਾਲਾ ਦਾ ਪਾਠ ਕਰਨਾ ਲਾਜ਼ਮੀ ਹੈ ਭਾਵੇਂ ਉਹ ਨਿੱਜੀ ਤੌਰ 'ਤੇ ਇਸ ਬਾਰੇ ਮਤਭੇਦ ਰੱਖਦਾ ਹੈ। ਦੂਸਰੇ ਪਾਸੇ ਜਿਸ ਸਥਾਨ 'ਤੇ ਭੋਗ ਰਾਗਮਾਲਾ ਦੇ ਪਾਠ ਦੇ ਬਿਨਾਂ ਹੀ ਪੜ੍ਹਨ ਦੀ ਰੀਤ ਹੈ ਉਥੇ ਇਸ ਦਾ ਪਾਠ ਕਰਨਾ ਜ਼ਰੂਰੀ ਹੈ। ਇਹ ਪੰਥਕ ਨਿਰਣਾ ਹੈ, ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵੈਸੇ ਇਹ ਵੀ ਸਹੀ ਹੈ ਕਿ ਸ਼ਾਇਦ ਹੀ ਕੋਈ ਵਿਰਲਾ ਸਥਾਨ ਹੋਵੇਗਾ ਜਿਥੇ ਰਾਗਮਾਲਾ ਪੜ੍ਹੇ ਬਿਨਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਣ ਦੀ ਰੀਤ ਹੋਵੇ।

ਰਾਗਮਾਲਾ ਬਾਰੇ ਕਈ ਵਾਰ ਇਹ ਵਿਚਾਰ ਵੀ ਦਿੱਤਾ ਜਾਂਦਾ ਹੈ ਕਿ ਰਾਗਮਾਲਾ ਮੁੰਦਾਵਣੀ (ਗੁ. ਗ੍ਰੰ.ਸ. 1429) ਤੋਂ ਬਾਅਦ ਹੈ ਇਸ ਲਈ ਇਸ ਦਾ ਪਾਠ ਜ਼ਰੂਰੀ ਨਹੀਂ। ਪਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਹੋਰ ਮੁੰਦਾਵਣੀ ਅੰਗ 645 'ਤੇ ਵੀ ਸੁਭਾਇਮਾਨ ਹੈ।

ਸਲੋਕੁ ਮ: ੩ ॥ ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥
(ਮ. ੩, ਅੰਗ ੩੪੫)

**ਇਸ ਮੁੱਦੇ ਦਾ ਪਿਛੋਕੜ**

ਧਾਰਮਿਕ ਸਲਾਹਕਾਰ ਕਮੇਟੀ ਦੀ ਪੰਦਰ੍ਹਵੀਂ ਇਕੱਤਰਤਾ ਮਤੀ 27 ਮਈ, 1945 ਵਿਚ ਰਾਗਮਾਲਾ ਬਾਰੇ ਵਿਚਾਰ ਕੀਤੀ ਗਈ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਮੋਹਣ ਸਿੰਘ ਜੀ, ਪ੍ਰੋ. ਜੋਧ ਸਿੰਘ, ਪ੍ਰ. ਤੇਜਾ ਸਿੰਘ ਅਤੇ ਪ੍ਰੋ. ਗੰਗਾ ਸਿੰਘ ਦੀ ਇਕ ਸਬ-ਕਮੇਟੀ ਬਣਾਈ ਜਾਏ ਜੋ ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ ਰਿਪੋਰਟ ਪੇਸ਼ ਕਰੇ ਅਤੇ ਤਦ ਤੱਕ ਜਿਸ ਜਗ੍ਹਾ ਭੋਗ ਮੁੰਦਾਵਣੀ 'ਤੇ ਜਾਂ ਰਾਗਮਾਲਾ 'ਤੇ ਪਾਇਆ ਜਾਂਦਾ ਹੈ ਉਸ ਨੂੰ ਕਾਇਮ ਰੱਖਿਆ ਜਾਵੇ। ਇਹ ਮਤਾ ਇਸ ਤਰ੍ਹਾਂ ਹੈ :

34. ਮੁੰਦਾਵਣੀ 'ਤੇ ਭੋਗ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਉਣ ਤੇ ਰਾਗਮਾਲਾ ਨਾ ਪੜ੍ਹਨ ਸਬੰਧੀ ਮਾਮਲਾ ਪੇਸ਼ ਹੋ ਕੇ ਇਕ ਦੂਜੇ ਦੀ ਗੱਲਬਾਤ ਸੁਣਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਕਿਉਂਕਿ ਇਹ ਮਾਮਲਾ ਬੜਾ ਜ਼ਰੂਰੀ ਹੈ ਇਸ ਲਈ ਪਹਿਲਾਂ ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ ਮੁੜ ਇਸ 'ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ, ਇਸ ਕੰਮ ਲਈ ਸਿੰਘ ਸਾਹਿਬ ਜਥੇਦਾਰ ਮੋਹਣਸਿੰਘ ਜੀ, ਪ੍ਰੋ. ਜੋਧ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਅਤੇ ਪ੍ਰੋ. ਗੰਗਾ ਸਿੰਘ ਜੀ ਦੀ ਸਬ ਕਮੇਟੀ ਨੀਯਤ ਕੀਤੀ ਜਾਂਦੀ ਹੈ। ਇਹ ਸਾਰੇ ਸੱਜਣ ਇਕੱਠੇ ਜਾ ਕੇ ਕਰਤਾਰਪੁਰ ਸਾਹਿਬ ਵਾਲੀ, ਦਮਦਮੇ ਸਾਹਿਬ ਵਾਲੀ, ਭਾ. ਬੰਨੋ ਵਾਲੀ ਤੇ ਢਾਕੇ ਵਾਲੀ ਬੀੜ ਦੇ ਦਰਸ਼ਨ ਕਰਨ ਅਤੇ ਹੋਰ ਜਿਨ੍ਹਾਂ ਪੁਰਾਤਨ ਬੀੜਾਂ ਦੇ ਉਹ ਇਸ ਕੰਮ ਲਈ ਦਰਸ਼ਨ ਕਰਨੇ ਜ਼ਰੂਰੀ ਸਮਝਣ ਉਨ੍ਹਾਂ ਦੇ ਵੀ ਦਰਸ਼ਨ ਕਰਕੇ ਰਿਪੋਰਟ ਕਰਨਤੇ ਜੇ ਲੋੜ ਸਮਝਣ ਤਾਂ ਉਹ ਆਪਣੇ ਨਾਲ ਦੋ ਦਸਤਖਤ ਪਹਿਚਾਨਣ ਦੇ ਸਿੱਖ ਮਾਹਿਰ ਵੀ ਲੈ ਜਾਣ। ਇਸ ਸਬ ਕਮੇਟੀ ਦੀ ਰਿਪੋਰਟ ਪੁੱਜਣ 'ਤੇ ਇਹ ਮਾਮਲਾ ਮੁੜ ਛੇਤੀ ਤੋਂ ਛੇਤੀ ਧਾਰਮਿਕ ਸਲਾਹਕਾਰ ਕਮੇਟਂ ਵਿਚ ਪੇਸ਼ ਕੀਤਾ ਜਾਵੇ। ਇਹ ਵੀ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਜਦ ਤੱਕ ਧਾਰਮਿਕ ਸਲਾਹਕਾਰ ਕਮੇਟੀ ਇਸ ਸਬੰਧੀ ਫੈਸਲਾ ਨਹੀਂ ਕਰਦੀ ਹਾਲਾਂਕਿ ਇਹੋ ਪੋਜੀਸ਼ਨ ਰੱਖੀ ਜਾਵੇ ਕਿ ਜਿਸ ਜਗ੍ਹਾ ਭੋਗ ਮੁੰਦਾਵਣੀ 'ਤੇ ਪਾਇਆ ਜਾਂਦਾ ਹੈ ਉਥੇ ਨਵੇਂ ਫੈਸਲੇ ਤੱਕ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਇਆ ਕਰੇ ਤੇ ਜਿਥੇ ਰਾਗਮਾਲਾ ਪੜ੍ਹੀ ਜਾਂਦੀ ਹੈ ਉਨ੍ਹਾਂ ਨੂੰ ਰਾਗਮਾਲਾ ਪੜ੍ਹਨ ਤੋਂ ਨਾ ਰੋਕਿਆ ਜਾਵੇ। ਇਸ ਉਪਰੰਤ ਇਕੱਤਰਤਾ ਸਮਾਪਤ ਹੋਈ।
(ਮਤਾ ਨੰ. ੩੪, ਪੰਥਕ ਮਤੇ, ਪੰਨਾ ੩੯)

ਧਾਰਮਿਕ ਸਲਾਹਕਾਰ ਕਮੇਟੀ ਦੇ ਉਕਤ ਫੈਸਲੇ ਦੀ ਰੋਸ਼ਨੀ ਵਿਚ 26 ਅਕਤੂਬਰ, 1945 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੋਹਨ ਸਿਘੰ ਜੀ ਦੀ ਪ੍ਰਧਾਨਗੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਚ ਹੋਈ। ਇਸ ਵਿਚ ਅਰੰਭਤਾ ਦਾ ਅਰਦਾਸਾ ਸਰਦਾਰ ਕਰਤਾਰ ਸਿੰਘ ਝੱਬਰ ਨੇ ਸੋਧਿਆ। ਇਸ ਇਕੱਤਰਤਾ ਵਿਚ ਰਾਗਮਾਲਾ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੇ 27 ਮਈ, 1945 ਦੇ ਫੈਸਲੇ ਦੀ ਪ੍ਰੋੜ੍ਹਤਾ ਹੀ ਕੀਤੀ ਗਈ ਅਤੇ ਪ੍ਰਵਾਨ ਹੋਇਆ ਕਿ ਧਾਰਮਿਕ ਸਲਾਹਕਾਰ ਕਮੇਟੀ ਵਲੋਂ ਬਣਾਈ ਗਈ ਸਬ ਕਮੇਟੀ ਦੀ ਰਿਪੋਰਟ ਆਉਣ ਤੱਕ ਵੱਖ ਵੱਖ ਥਾਵੇਂ ਉਨ੍ਹਾਂ ਦਾ ਉਹੋ ਪੁਰਾਦਾ ਬੰਧੇਜ ਹੀ ਕਾਇਮ ਰਹੇ ਅਤੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖ਼ੀਰਲੀ ਬਾਣੀ ਦਾ ਸਿਰਲੇਖ ਰਾਗਮਾਲਾ ਹੈ।




(ਚਲਦਾ)

# ਇੰਗਲੈਂਡ 'ਚ ਵੋਟਰਾਂ ਦੀ ਨਾਰਾਜ਼ਗੀ ਲੈ ਡੁੱਬੀ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ

ਇੰਗਲੈਂਡ ਦੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ ਬੁਰੀ ਤਰ੍ਹਾਂ ਹਰਾ ਕੇ ਲੇਬਰ ਪਾਰਟੀ ਨੇ ਆਪਣੀ 1997 ਦੀ ਇਤਿਹਾਸਕ ਜਿੱਤ ਦੁਹਰਾਉਂਦੇ ਹੋਏ 14 ਸਾਲ ਦੇ ਬਾਅਦ ਇੰਗਲੈਂਡ ਦੀ ਸੱਤਾ 'ਚ ਵਾਪਸੀ ਕਰ ਲਈ ਅਤੇ 5 ਜੁਲਾਈ ਨੂੰ ਲੇਬਰ ਪਾਰਟੀ ਦੇ ਨੇਤਾ 'ਕੀਰ ਸਟਾਰਮਰ' ਬਕਿੰਘਮ ਪੈਲੇਸ 'ਚ ਮਹਾਰਾਜਾ ਚਾਰਲਸ ਤੀਜੇ ਨਾਲ ਮੁਲਾਕਾਤ ਤੋਂ ਬਾਅਦ ਅਧਿਕਾਰਕ ਤੌਰ 'ਤੇ ਇੰਗਲੈਂਡ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ।

ਇਸ ਤੋਂ ਪਹਿਲਾਂ ਰਿਸ਼ੀ ਸੁਨਕ ਨੇ ਇਨ੍ਹਾਂ ਚੋਣਾਂ 'ਚ ਪਾਰਟੀ ਦੇ ਖਰਾਬ ਪ੍ਰਦਰਸ਼ਨ ਦੇ ਦਰਮਿਆਨ ਆਪਣੇ ਅਸਤੀਫੇ ਦਾ ਐਲਾਨ ਅਤੇ ਇਸ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਵੋਟਰਾਂ ਨੂੰ ਕਿਹਾ, "ਮੈਨੂੰ ਮੁਆਫ ਕਰ ਦਿਓ।"

ਆਬਜ਼ਰਵਰਾਂ ਦੇ ਅਨੁਸਾਰ ਕੰਜ਼ਰਵੇਟਿਵ ਪਾਰਟੀ ਦੀ ਇੰਨੀ ਵੱਡੀ ਹਾਰ ਦੇ ਪਿੱਛੇ ਹੋਰ ਕਾਰਨਾਂ ਦੇ ਇਲਾਵਾ ਇਕ ਕਾਰਨ ਇਹ ਵੀ ਸੀ ਕਿ ਇਹ ਪਿਛਲੇ 14 ਸਾਲਾਂ ਤੋਂ ਸਰਕਾਰ ਚਲਾ ਰਹੀ ਸੀ ਅਤੇ ਜਨਤਾ ਇਸ ਤੋਂ ਅੱਕ ਚੁੱਕੀ ਸੀ।

ਕੰਜ਼ਰਵੇਟਿਵ ਪਾਰਟੀ ਦੇ ਆਗੂਆਂ ਦੀਆਂ ਗਲਤੀਆਂ ਦਾ ਵੀ ਇਸ 'ਚ ਯੋਗਦਾਨ ਰਿਹਾ। ਕੰਜ਼ਰਵੇਟਿਵ ਪਾਰਟੀ ਦੀ ਸਰਕਾਰ 'ਤੇ ਕੋਵਿਡ-19 ਨਾਲ ਨਜਿੱਠਣ ਦੇ ਤਰੀਕਿਆਂ 'ਤੇ ਵੀ ਸਵਾਲ ਉੱਠੇ। ਤਤਕਾਲੀਨ ਪ੍ਰਧਾਨ ਮੰਤਰੀ ਬੋਰਿਸ ਜਾਨਸਨ (24 ਜੁਲਾਈ, 2019 ਤੋਂ 6 ਸਤੰਬਰ, 2022) ਅਤੇ ਉਨ੍ਹਾਂ ਦੀ ਸਰਕਾਰ ਦੇ ਮੰਤਰੀਆਂ ਨੇ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਜਿਸ ਕਾਰਨ ਬੋਰਿਸ ਜਾਨਸਨ ਨੂੰ ਅਸਤੀਫਾ ਦੇਣਾ ਪਿਆ।

ਉਨ੍ਹਾਂ ਦੇ ਬਾਅਦ ਪ੍ਰਧਾਨ ਮੰਤਰੀ ਬਣੀ ਲਿਜ ਟਰੱਸ (6 ਸਤੰਬਰ, 2022 ਤੋਂ 25 ਅਕਤੂਬਰ, 2022) ਦੀਆਂ ਆਰਥਿਕ ਨੀਤੀਆਂ ਤਾਂ ਇੰਨੀਆਂ ਖਰਾਬ ਸਨ ਕਿ ਉਹ ਸਿਰਫ 50 ਦਿਨ ਹੀ ਪ੍ਰਧਾਨ ਮੰਤਰੀ ਰਹਿ ਸਕੀ। ਫਿਰ ਭਾਰਤੀ ਮੂਲ ਦੇ ਰਿਸ਼ੀ ਸੁਨਕ (25 ਅਕਤੂਬਰ, 2022 ਤੋਂ 5 ਜੁਲਾਈ, 2024) ਨੇ ਸੱਤਾ ਸੰਭਾਲੀ ਅਤੇ ਉਨ੍ਹਾਂ ਦੀ ਸਰਕਾਰ ਆਪਣੇ ਸਮੁੱਚੇ ਕਾਰਜਕਾਲ ਦੌਰਾਨ ਆਰਥਿਕ ਤੰਗੀ, ਮਹਿੰਗਾਈ ਅਤੇ ਬੇਰੋਜ਼ਗਾਰੀ ਵਰਗੀਆਂ ਸਮੱਸਿਆਵਾਂ ਨਾਲ ਜੂਝਦੀ ਰਹੀ। ਇੰਗਲੈਂਡ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕ ਵੀ ਉਨ੍ਹਾਂ ਨਾਲ ਨਾਰਾਜ਼ ਸਨ।

ਰਿਸ਼ੀ ਸੁਨਕ ਇੰਗਲੈਂਡ ਦੀ ਆਰਥਿਕ ਹਾਲਤ ਸੁਧਾਰਨ ਅਤੇ ਮਹਿੰਗਾਈ ਘਟਾਉਣ 'ਚ ਪੂਰੀ ਤਰ੍ਹਾਂ ਅਸਫਲ ਰਹੇ। ਉਨ੍ਹਾਂ ਦੇ ਸ਼ਾਸਨਕਾਲ 'ਚ



ਐੱਨ. ਆਰ. ਆਈ. ਟੈਕਸ ਸਮੇਤ ਵੱਖ-ਵੱਖ ਟੈਕਸਾਂ ਅਤੇ ਰਹਿਣ-ਸਹਿਣ ਦੇ ਖਰਚ 'ਚ ਲਗਾਤਾਰ ਵਾਧਾ ਹੁੰਦਾ ਰਿਹਾ ਅਤੇ ਲੋਕਾਂ ਨੇ ਸੁਨਕ ਦੀ ਗੱਲ ਸੁਣਨੀ ਬੰਦ ਕਰ ਦਿੱਤੀ।

ਕੰਜ਼ਰਵੇਟਿਵ ਪਾਰਟੀ ਜਿੱਥੇ ਦੇਸ਼ 'ਚ ਰਿਹਾਇਸ਼ ਦੀ ਸਮੱਸਿਆ ਨਾਲ ਨਜਿੱਠਣ 'ਚ ਅਸਫਲ ਰਹੀ ਅਤੇ ਇੰਗਲੈਂਡ 'ਚ ਹਾਊਸਿੰਗ ਇਕ ਵੱਡੀ ਸਮੱਸਿਆ ਦੇ ਨਾਲ-ਨਾਲ ਇਸ ਚੋਣ 'ਚ ਇਕ ਵੱਡਾ ਮੁੱਦਾ ਬਣੀ ਸੀ, ਓਧਰ ਲੇਬਰ ਪਾਰਟੀ ਨੇ ਇਸ ਮੁੱਦੇ ਨੂੰ ਆਪਣੇ ਚੋਣ ਪ੍ਰਚਾਰ ਦੇ ਦੌਰਾਨ ਕੈਸ਼ ਕੀਤਾ ਅਤੇ ਆਪਣੀ ਹਾਊਸਿੰਗ ਸਕੀਮ ਦੇ ਅਧੀਨ ਲੱਖਾਂ ਨਵੇਂ ਮਕਾਨ ਬਣਾਉਣ ਦੀ ਯੋਜਨਾ ਦਾ ਐਲਾਨ ਕੀਤਾ।

ਅਤੇ ਹੁਣ ਨਵੇਂ ਪ੍ਰਧਾਨ ਮੰਤਰੀ 'ਕੀਰ ਸਟਾਰਮਰ' ਨੇ ਕਿਹਾ, "ਅਸੀਂ ਕਰ ਦਿਖਾਇਆ। ਬਦਲਾਅ ਹੁਣ ਸ਼ੁਰੂ ਹੁੰਦਾ ਹੈ ਅਤੇ ਇਹ ਚੰਗਾ ਲੱਗਦਾ ਹੈ। ਮੈਨੂੰ ਈਮਾਨਦਾਰ ਹੋਣਾ ਚਾਹੀਦੈ।"

ਵਰਨਣਯੋਗ ਹੈ ਕਿ 2019 'ਚ ਜਦੋਂ ਜਰਮੀ ਕੋਰਬਿਨ ਲੇਬਰ ਪਾਰਟੀ ਦੇ ਨੇਤਾ ਸਨ ਤਾਂ ਉਨ੍ਹਾਂ ਨੇ ਇਹ ਕਹਿ ਕੇ ਵਿਵਾਦ ਪੈਦਾ ਕਰ ਦਿੱਤਾ ਸੀ ਕਿ "ਕਸ਼ਮੀਰ 'ਚ ਮਨੁੱਖੀ ਸੰਕਟ ਪੈਦਾ ਹੋ ਗਿਆ ਹੈ ਅਤੇ ਉਸ ਨੂੰ ਆਤਮ-ਨਿਰਣੇ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ।" ਭਾਰਤ ਨੇ ਇਸ ਦਾ ਵਿਰੋਧ ਕੀਤਾ ਸੀ ਅਤੇ ਉਦੋਂ 'ਕੀਰ ਸਟਾਰਮਰ' ਨੇ ਇਹ ਕਹਿ ਕੇ ਮਾਮਲਾ ਸ਼ਾਂਤ ਕੀਤਾ ਸੀ ਕਿ "ਇਹ ਭਾਰਤ-ਪਾਕਿਸਤਾਨ ਦਾ ਆਪਸੀ ਮਾਮਲਾ ਹੈ।"

'ਕੀਰ ਸਟਾਰਮਰ' ਨੇ ਭਾਰਤ ਨਾਲ ਰਿਸ਼ਤੇ ਸੁਧਾਰਨ ਦਾ ਵਾਅਦਾ ਕੀਤਾ ਹੈ। ਲੇਬਰ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਵਰਿੰਦਰ ਸ਼ਰਮਾ ਦਾ ਕਹਿਣਾ ਹੈ ਕਿ "ਕੀਰ ਸਟਾਰਮਰ ਦੇ ਰਾਜ 'ਚ ਭਾਰਤ ਅਤੇ ਬ੍ਰਿਟੇਨ ਦੇ ਸਬੰਧ ਖੂਬ ਵਧਣ-ਫੁੱਲਣਗੇ। ਸਟਾਰਮਰ ਇਕ ਸੰਤੁਲਿਤ ਅਤੇ ਵਿਵਹਾਰਕ ਨੇਤਾ ਹਨ ਅਤੇ ਉਹ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਸੁਧਾਰ ਨੂੰ ਯਕੀਨੀ ਬਣਾਉਣਗੇ।"

'ਕੀਰ ਸਟਾਰਮਰ' ਅਤੀਤ 'ਚ ਭਾਰਤ ਦੇ ਨਾਲ ਨਵੀਂ ਰਣਨੀਤਕ ਸਾਂਝੇਦਾਰੀ ਬਣਾਉਣ ਦਾ ਦਾਅਵਾ ਕਰਦੇ ਆਏ ਹਨ। ਕੁਝ ਹੀ ਸਮਾਂ ਪਹਿਲਾਂ ਉਨ੍ਹਾਂ ਨੇ ਆਪਣੇ ਇਕ ਭਾਸ਼ਣ 'ਚ ਮੁਕਤ ਵਪਾਰ ਸਮਝੌਤੇ ਨੂੰ ਕੇਂਦਰ 'ਚ ਰੱਖਦੇ ਹੋਏ ਭਾਰਤ ਦੇ ਨਾਲ ਲੋਕਤੰਤਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ 'ਤੇ ਆਧਾਰਿਤ ਸਬੰਧ ਕਾਇਮ ਕਰਨ ਦੀ ਗੱਲ ਕਹੀ ਸੀ।

ਇੱਥੇ ਇਹ ਗੱਲ ਵੀ ਦਿਲਚਸਪ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਵਧੇਰੇ ਨੇਤਾ ਖੁੱਲ੍ਹੇ ਦਿਲ ਨਾਲ ਇਸ ਗੱਲ ਲਈ 'ਕੀਰ ਸਟਾਰਮਰ' ਦੀ ਸ਼ਲਾਘਾ ਕਰ ਰਹੇ ਹਨ ਕਿ ਉਨ੍ਹਾਂ ਨੇ ਲੇਬਰ ਪਾਰਟੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ, ਇਸੇ ਲਈ ਉਹ ਜੇਤੂ ਹੋਈ ਹੈ।

ਆਉਣ ਵਾਲੇ ਦਿਨਾਂ 'ਚ ਸਪੱਸ਼ਟ ਹੋ ਜਾਵੇਗਾ ਕਿ ਇੰਗਲੈਂਡ ਦੀ ਨਵੀਂ ਸਰਕਾਰ ਆਪਣੇ ਦੇਸ਼ ਦੇ ਅੰਦਰੂਨੀ ਹਾਲਾਤ ਤੇ ਵਿਦੇਸ਼ ਨੀਤੀ 'ਚ ਕਿੰਨਾ ਬਦਲਾਅ ਲਿਆ ਸਕਦੀ ਹੈ ਅਤੇ ਭਾਰਤ ਦੇ ਨਾਲ ਇਸ ਦੇ ਸਬੰਧ ਪਹਿਲਾਂ ਦੀ ਤੁਲਨਾ 'ਚ ਕਿੰਨੇ ਅੱਗੇ ਵਧਦੇ ਹਨ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਦਲ ਖ਼ਾਲਸਾ ਦੇ ਮੋਢੀ ਮੈਂਬਰ ਭਾਈ ਗਜਿੰਦਰ ਸਿੰਘ ਹਾਈਜੈਕਰ ਦਾ ਦਿਹਾਂਤ


-ਗਜਿੰਦਰ ਸਿੰਘ

ਅੰਮ੍ਰਿਤਸਰ : ਸਰਹੱਦ ਪਾਰ ਦੇ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਜਥੇਬੰਦੀ ਦਲ ਖ਼ਾਲਸਾ ਦੇ ਮੋਢੀ ਮੈਂਬਰ ਭਾਈ ਗਜਿੰਦਰ ਸਿੰਘ ਹਾਈਜੈਕਰ ਦਾ ਲਾਹੌਰ ਦੀ ਜੇਲ੍ਹ ਰੋਡ ਵਿਖੇ ਪੰਜਾਬ ਇੰਸਟੀਚਿਊਟ ਆਫ਼ ਕਾਰਡੀਓਲਾਜੀ ਵਿਖੇ ਬਾਅਦ ਦੁਪਹਿਰ ਦਿਹਾਂਤ ਹੋ ਗਿਆ। ਹਾਲਾਂਕਿ, ਪਾਕਿਸਤਾਨੀ ਸਿੱਖ ਆਗੂਆਂ ਨੇ ਉਨ੍ਹਾਂ ਦੀ ਹਾਲਤ ਅਤਿ ਗੰਭੀਰ ਬਣੀ ਹੋਈ ਹੈ ਦੱਸਿਆ ਪਰ ਸੂਤਰਾਂ ਨੇ ਇਹ ਵੀ ਦੱਸਿਆ ਕਿ ਤਬੀਅਤ ਬਹੁਤ ਜ਼ਿਆਦਾ ਖ਼ਰਾਬ ਹੋਣ ਕਰਕੇ ਉਨ੍ਹਾਂ ਨੂੰ ਹਸਪਤਾਲ 'ਚ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਇੰਗਲੈਂਡ ਤੋਂ ਭਾਈ ਗਜਿੰਦਰ ਸਿੰਘ ਹਾਈਜੈਕਰ ਦੀ ਧੀ ਬਿਕਰਮ ਕੌਰ ਉਰਫ਼ ਬਿੱਕੀ ਅੱਜ ਸਵੇਰੇ ਹੀ ਲਾਹੌਰ ਪਹੁੰਚ ਗਈ ਸੀ। ਦੱਸਿਆ ਜਾ ਰਿਹਾ ਹੈ ਕਿ ਭਾਈ ਗਜਿੰਦਰ ਸਿੰਘ ਨੂੰ 26 ਜੂਨ ਨੂੰ ਹਲਕੇ ਪੱਧਰ ਦਾ ਹਾਰਟ ਅਟੈਕ ਆਇਆ ਸੀ ਅਤੇ ਫਿਰ 28 ਜੂਨ ਨੂੰ ਮੁੜ ਦਿਲ 'ਚ ਦਰਦ ਹੋਣ 'ਤੇ ਉਨ੍ਹਾਂ ਨੂੰ ਇਲਾਜ ਲਈ ਉਕਤ ਹਸਪਤਾਲ ਲਿਜਾਇਆ ਗਿਆ। ਇਲਾਜ ਦੇ ਬਾਅਦ ਉਨ੍ਹਾਂ ਦੀ ਸਿਹਤ 'ਚ ਕੁਝ ਸੁਧਾਰ ਹੋ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਵੀ ਦਿਲ ਦਾ ਦੌਰਾ ਪਿਆ ਸੀ, ਜਿਸ ਕਾਰਨ ਉਨ੍ਹਾਂ ਦੀ ਸਿਹਤ ਕਾਫੀ ਕਮਜ਼ੋਰ ਹੋ ਗਈ ਸੀ ਅਤੇ ਉਹ ਕਾਫੀ ਬਿਰਧ ਤੇ ਕਮਜ਼ੋਰ ਹੋ ਗਏ ਸਨ। ਦੱਸਣਯੋਗ ਹੈ ਕਿ ਪਤਨੀ ਮਨਜੀਤ ਕੌਰ ਦੇ ਦਿਹਾਂਤ ਤੋਂ ਬਾਅਦ ਉਹ ਸ੍ਰੀ ਨਨਕਾਣਾ ਸਾਹਿਬ 'ਚ ਇਕੱਲੇ ਰਹਿ ਰਹੇ ਸਨ ਅਤੇ ਉਨ੍ਹਾਂ ਆਪਣੀ ਪਤਨੀ ਦੀ ਯਾਦ 'ਚ ਜ਼ਿਲ੍ਹੇ ਦੀ ਬੁੱਚੇਕੀ ਰੋਡ 'ਤੇ ਐੱਮ. ਕੇ. ਫ਼ਰੀ ਡਿਸਪੈਂਸਰੀ ਸਥਾਪਿਤ ਕੀਤੀ ਹੋਈ ਸੀ। ਜਿੱਥੇ ਗ਼ਰੀਬਾਂ ਅਤੇ ਜ਼ਰੂਰਤਮੰਦਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਸੀ। ਉਹ ਪਿਛਲੇ ਕੁਝ ਮਹੀਨਿਆਂ ਤੋਂ ਲਾਹੌਰ 'ਚ ਕਿਸੇ ਗੁਪਤ ਠਿਕਾਣੇ 'ਤੇ ਰਹਿ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਦਲ ਖ਼ਾਲਸਾ ਦੇ ਮੋਢੀ ਮੈਂਬਰ ਭਾਈ ਗਜਿੰਦਰ ਸਿੰਘ ਅਪਣੇ ਸਾਥੀਆਂ ਸਮੇਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ ਅਤੇ ਖ਼ਾਲਿਸਤਾਨ ਲਹਿਰ ਨੂੰ ਕੌਮਾਂਤਰੀ ਪੱਧਰ 'ਤੇ ਉਭਾਰਨ ਲਈ 29 ਸਤੰਬਰ 1981 ਨੂੰ ਏਅਰ ਇੰਡੀਆ ਦੀ ਫਲਾਈਟ ਨੂੰ ਅਗਵਾ ਕਰਕੇ ਲਾਹੌਰ ਲੈ ਕੇ ਗਏ ਸਨ। ਉਦੋਂ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ 20 ਸਤੰਬਰ 1982 ਨੂੰ ਜਲੰਧਰ ਤੋਂ ਪ੍ਰਕਾਸ਼ਿਤ ਇਕ ਸਮਾਚਾਰ ਗਰੁੱਪ ਦੇ ਮਾਲਕ ਦੇ ਕਤਲ ਕੇਸ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਈ ਗਜਿੰਦਰ ਸਿੰਘ ਅਤੇ ਸਾਥੀਆਂ ਨੂੰ ਪਾਕਿ 'ਚ ਗ੍ਰਿਫ਼ਤਾਰ ਕਰਕੇ 14 ਸਾਲ ਕੈਦ ਦੀ ਸਜ਼ਾ ਹੋਈ ਅਤੇ ਉਨ੍ਹਾਂ ਨੇ ਪੂਰੀ ਕੈਦ ਕੱਟੀ ਅਤੇ ਨਵੰਬਰ 1994 'ਚ ਰਿਹਾਅ ਹੋਏ।

# ਭਾਈ ਗੁਜਿੰਦਰ ਸਿੰਘ ਦੀ ਮੌਤ ਤੇ ਦਿਲਜੀਤ ਸਿੰਘ ਬੇਦੀ ਨੇ ਗਹਿਰਾ ਦੁੱਖ ਪ੍ਰਗਟਾਇਆ



ਅੰਮ੍ਰਿਤਸਰ : ਸਿੱਖ ਕੌਮ ਦੀਆਂ ਮੰਗਾਂ ਮਨਵਾਉਣ ਤੇ ਸਿੱਖ ਸੰਘਰਸ਼ ਨੂੰ ਅਗਾਂਹ ਤੋਰਨ ਵਾਲੇ ਉਘੇ ਵਿਚਾਰਵਾਨ ਸ. ਗਜਿੰਦਰ ਸਿੰਘ ਮੁਖੀ ਦਲ ਖਾਲਸਾ ਦਾ ਪਾਕਿਸਤਾਨ ਲਾਹੌਰ ਵਿੱਚ ਅਕਾਲ ਚਲਾਣਾ ਹੋ ਜਾਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਤੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਨੇ ਗਹਿਰਾ ਅਫਸੋਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਸ. ਗਜਿੰਦਰ ਸਿੰਘ ਵੱਲੋਂ ਰਚਿਆ ਸਾਹਿਤ ਸਦਾ ਪ੍ਰਕਾਸ਼ਮਾਨ ਰਹੇਗਾ।

ਉਨ੍ਹਾਂ ਕਿਹਾ ਕਿ ਸਿੱਖ ਰਹਿਤ ਮਰਯਾਦਾ ਅਤੇ ਕੌਮੀ ਘਰ ਲਈ ਜੂਝਣ ਵਾਲੇ 43 ਸਾਲਾਂ ਜਲਾਵਤਨੀ ਭਾਈ ਗੁਜਿੰਦਰ ਸਿੰਘ ਇਸ ਫਾਨੀ ਸੰਸਾਰ ਨੂੰ ਸਦਾ ਲਈ ਫਤਿਹ ਬੁਲਾ ਗਏ ਹਨ, ਉਨ੍ਹਾਂ ਦੀ ਪੰਥ ਪ੍ਰਸਤੀ ਤੇ ਜੀਵਨ ਯਾਤਰਾ ਨੂੰ ਅਕਾਲ ਪੁਰਖ ਘਾਲ ਪਾਏ। ਸਿਰੜੀ, ਸਮਰਪਿਤ ਭਾਵਨਾ ਵਾਲੀ ਇਸ ਸਖ਼ਸ਼ੀਅਤ ਦਾ ਸਦਾ ਲਈ ਇਸ ਸੰਸਾਰ ਤੋਂ ਤੁਰ ਜਾਣਾ ਦੁਖਦਾਈ ਹੈ। ਪਰ ਉਨ੍ਹਾਂ ਵੱਲੋਂ ਕੀਤੀ ਕੁਰਬਾਨੀ ਸਦਾ ਕੌਮੀ ਪੱਧਰ ਤੇ ਯਾਦ ਕੀਤੀ ਜਾਂਦੀ ਰਹੇਗੀ। ਉਨ੍ਹਾਂ ਕਿਹਾ ਕਿ ਮੇਰੀ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਪਿੱਛੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਬਾਬਾ ਬਲਬੀਰ ਸਿੰਘ ਅਕਾਲੀ ਦੀ ਅਗਵਾਈ ਵਿੱਚ ਬੁੱਢਾ ਦਲ ਨੇ ਬਹੁਤ ਤਰੱਕੀ ਕੀਤੀ ਹੈ: ਬਾਬਾ ਅਵਤਾਰ ਸਿੰਘ

## ਅਮਰੀਕਾ ਵਿਖੇ ਬੁੱਢਾ ਦਲ ਦੀ ਛਾਉਣੀ ਗੁ: ਅਕਾਲੀ ਬਾਬਾ ਫੂਲਾ ਸਿੰਘ ਵਿਖੇ ਬਾਬਾ ਅਵਤਾਰ ਸਿੰਘ ਸੁਰਸਿੰਘ ਨਤਮਸਤਕ ਹੋਏ




ਸ੍ਰੀ ਅਨੰਦਪੁਰ ਸਾਹਿਬ : ਗੁਰੂ ਕੀ ਮੇਹਰ ਹੋਏ ਤਾਂ ਦੇਸ਼ ਵਿਦੇਸ਼ ਵਿੱਚ ਗੁਰੂ ਘਰਾਂ ਦੀ ਸੇਵਾ ਸੰਭਾਲ ਦੀ ਕਾਰ ਮਿਲਦੀ ਹੈ। ਖਾਲਸਾ ਪੰਥ ਦੀ ਇਹ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਵੱਡੀ ਤਰੱਕੀਆਂ ਤੇ ਪ੍ਰਾਪਤੀਆਂ ਕਰ ਧਰਮ ਪ੍ਰਚਾਰ ਦੀ ਸੇਵਾ ਨਿਭਾਅ ਰਿਹਾ ਹੈ। ਇਹ ਵਿਚਾਰ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ, ਬਾਬਾ ਬਿਧੀ ਚੰਦ ਜੀ ਸੰਪਰਦਾ ਸੁਰ ਸਿੰਘ ਵਾਲਿਆਂ ਨੇ ਬੁੱਢਾ ਦਲ ਦੀ ਛਾਉਣੀ ਗੁ: ਅਕਾਲੀ ਬਾਬਾ ਫੂਲਾ ਸਿੰਘ ਪਲੇਨਫੀਲਡ ਏਰੀਆ ਇੰਡਿਆਨਾ ਅਮਰੀਕਾ ਵਿਖੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਪੰਜਾਬ ਤੇ ਹੋਰ ਸੂਬਿਆਂ ਵਿੱਚ ਜਥੇ: ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਅਨੇਕਾਂ ਗੁਰੂਘਰਾਂ ਛਾਉਣੀਆਂ ਦੀ ਕਾਇਆ ਕਲਪ ਹੋਈ ਹੈ। ਨਵੇਂ ਗੁਰੂਘਰ ਉਸਾਰੇ ਗਏ ਹਨ, ਵਿਦੇਸ਼ਾਂ ਵਿਚ ਵੀ ਉਨ੍ਹਾਂ ਵੱਲੋਂ ਛਾਉਣੀਆਂ ਸਥਾਪਤ ਹੋ ਰਹੀਆਂ ਹਨ। ਬੁੱਢਾ ਦਲ ਨਿਹੰਗ ਸਿੰਘਾਂ ਦੀ ਮੁਖ ਸਿਰਮੌਰ ਸੰਸਥਾ ਹੈ। ਗੁਰੂ ਇਨ੍ਹਾਂ ਤੇ ਮੇਹਰ ਭਰਿਆ ਹੱਥ ਰੱਖਣ ਅਤੇ ਅੰਗ ਸੰਗ ਹੋ ਕੇ ਕਾਰਜ ਕਰਵਾਉਣ। ਉਪਰੰਤ ਬੁੱਢਾ ਦਲ ਦੀ ਛਾਉਣੀ ਗੁ: ਅਕਾਲੀ ਬਾਬਾ ਫੂਲਾ ਸਿੰਘ ਵਿਖੇ ਬਾਬਾ ਅਵਤਾਰ ਸਿੰਘ ਦੇ ਪੁੱਜਣ ਤੇ ਸਿੰਘਾਂ ਤੇ ਸੰਗਤਾਂ ਨੇ ਨਿੱਘਾ ਸੁਆਗਤ ਕੀਤਾ ਅਤੇ ਜੀ ਆਇਆਂ ਕਿਹਾ। ਬਾਬਾ ਅਵਤਾਰ ਸਿੰਘ ਨੂੰ ਬੁੱਢਾ ਦਲ ਅਮਰੀਕਾ ਈਕਾਈ ਦੇ ਇੰਚਾਰਜ਼ ਜਥੇਦਾਰ ਬਾਬਾ ਜਸਵਿੰਦਰ ਸਿੰਘ ਖਾਲਸਾ ਜੱਸੀ ਨੇ ਗੁਰਦੁਆਰਾ ਸਾਹਿਬ ਦੇ ਦੀਵਨ ਹਾਲ ਵਿਖੇ ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਸ੍ਰੀ ਸਾਹਿਬ, ਦੋਸ਼ਾਲਾ, ਸਿਰਪਾਓ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਬਾਬਾ ਅਵਤਾਰ ਸਿੰਘ ਅਮਰੀਕਾ ਵਿਖੇ ਦੌਰੇ ਤੇ ਹਨ। ਇਹ ਜਾਣਕਾਰੀ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਸ. ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ ਨੇ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ 1955 ਦੇ ਹਮਲੇ ਦੀ ਯਾਦ 'ਚ ਗੁਰਮਤਿ ਸਮਾਗਮ

## ਪੰਜਾਬੀ ਸੂਬਾ ਮੋਰਚੇ ਦੌਰਾਨ ਹੋਏ ਹਮਲੇ ਤੋਂ ਸੰਗਤ ਨੂੰ ਜਾਣੂ ਕਰਵਾਇਆ; ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ




ਅੰਮ੍ਰਿਤਸਰ : ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਹਮਲੇ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ। ਇਸ ਸਬੰਧੀ ਰੱਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸੰਗਤ ਨੂੰ ਸੰਬੋਧਨ ਕਰਦਿਆਂ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਕਿਹਾ ਕਿ ਸਮੇਂ-ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਹਮਲੇ ਕਰ ਕੇ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਹਨ। ਪੰਜਾਬੀ ਸੂਬਾ ਮੋਰਚੇ ਦੌਰਾਨ ਵੀ ਸਿੱਖਾਂ ਦੀ ਆਵਾਜ਼ ਨੂੰ ਦਬਾਉਣ ਲਈ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ, ਜੋ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਉਨ੍ਹਾਂ ਕਿਹਾ ਕਿ ਆਪਣੇ ਗੁਰਧਾਮਾਂ ਦੀ ਰਾਖੀ ਲਈ ਸ਼ਹਾਦਤਾਂ ਦੇਣ ਵਾਲੇ ਕੌਮੀ ਯੋਧਿਆਂ ਨੂੰ ਕੌਮ ਹਮੇਸ਼ਾ ਯਾਦ ਰੱਖਦੀ ਹੈ। ਇਸ ਦੌਰਾਨ ਸਜਾਏ ਗਏ ਧਾਰਮਿਕ ਦੀਵਾਨ ਸਮੇਂ ਢਾਡੀ ਜਥਿਆਂ ਨੇ ਵੀ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੁੱਖ ਲੇਖਾਕਾਰ ਮਿਲਖਾ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਜਗਤਾਰ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਮੀਤ ਮੈਨੇਜਰ ਲਾਲ ਸਿੰਘ, ਪ੍ਰਚਾਰਕ ਭਾਈ ਖਜਾਨ ਸਿੰਘ ਅਤੇ ਸੰਗਤਾਂ ਮੌਜੂਦ ਸਨ।

4 ਜੁਲਾਈ 1955 ਦੇ ਸਾਕੇ ਦੀ ਯਾਦ ਵਿਚ ਆਵਾਜ਼-ਏ-ਕੌਮ ਜੱਥੇਬੰਦੀ ਵਲੋਂ ਆਪਣੇ ਤੌਰ 'ਤੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਅਤੇ ਇਸ ਸਬੰਧੀ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ। ਜੱਥੇਬੰਦੀਆਂ ਦੇ ਆਗੂਆਂ ਮਨਜੀਤ ਸਿੰਘ, ਨੋਬਲਜੀਤ ਸਿੰਘ ਬੁੱਲ੍ਹੋਵਾਲ, ਹਰਜਿੰਦਰ ਸਿੰਘ ਨਿਹੰਗ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 4 ਜੁਲਾਈ 1955 ਦੇ ਸਾਕੇ ਨੂੰ ਹਰ ਸਿੱਖ ਅਤੇ ਪੰਜਾਬੀ ਦੀਆਂ ਯਾਦਾਂ ਵਿੱਚ ਤਰੋ-ਤਾਜ਼ਾ ਕਰਨ ਲਈ ਇਹ ਉਪਰਾਲਾ ਕੀਤਾ ਗਿਆ ਹੈ। ਇਹ ਸਾਕਾ ਅਕਾਲੀ ਦਲ ਅਤੇ ਐਸਜੀਪੀਸੀ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਸੀ ਪਰ ਇਨ੍ਹਾਂ ਪੰਜਾਬ ਅਤੇ ਪੰਥ ਦੇ ਮੁੱਦਿਆਂ 'ਤੇ ਸੰਘਰਸ਼ ਕਰਨਾ ਛੱਡ ਦਿੱਤਾ ਹੈ। ਸਮਾਗਮ ਉਪਰੰਤ ਜੱਥੇਬੰਦੀ ਵੱਲੋਂ ਇੱਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਉਸ ਸਮੇਂ ਹੋਏ ਜਬਰ ਅਤੇ ਜ਼ੁਲਮ ਦੀਆਂ ਤਸਵੀਰਾਂ ਲਗਾਈਆਂ ਗਈਆਂ।

# ਜਰਗ 'ਚ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ



ਪਾਇਲ : ਪਿੰਡ ਜਰਗ ਦੇ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ। ਬਾਬਾ ਅਮਰੀਕ ਸਿੰਘ, ਸਰਪੰਚ ਜਸਪ੍ਰੀਤ ਸਿੰਘ ਅਤੇ ਪ੍ਰਧਾਨ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਬੱਚੇ-ਬੱਚੀਆਂ ਨੂੰ ਗੁਰਸਿੱਖੀ ਸਰੂਪ ਨਾਲ ਜੋੜਨ ਲਈ ਗੁਰਬਾਣੀ ਕੰਠ, ਦੁਮਾਲਾ, ਸੁੰਦਰ ਦਸਤਾਰ ਅਤੇ ਧਾਰਮਿਕ ਕੁਇਜ਼ ਕਰਵਾਏ ਗਏ। ਪਹਿਲੇ ਗਰੁੱਪ ਵਿੱਚ ਤਰਨਵੀਰ ਸਿੰਘ ਜਰਗ ਨੇ ਪਹਿਲਾ, ਮਹਰੀਨ ਕੌਰ ਜਰਗ ਨੇ ਦੂਜਾ, ਗੁਰਸਹਿਜ ਸਿੰਘ ਜਰਗ ਨੇ ਤੀਜਾ ਸਥਾਨ ਹਾਸਲ ਕੀਤਾ। ਦੂਜੇ ਗਰੁੱਪ ਵਿਚ ਹੁਸਨਦੀਪ ਸਿੰਘ ਮੋਹਨ ਪੁਰ ਨੇ ਪਹਿਲਾ, ਸੁਰਿੰਦਰ ਸਿੰਘ ਨਸਰਾਲੀ ਨੇ ਦੂਜਾ, ਦਲਵੀਰ ਸਿੰਘ ਜਰਗ ਨੇ ਤੀਜਾ ਸਥਾਨ ਹਾਸਲ ਕੀਤਾ। ਤੀਜੇ ਗਰੁੱਪ ਵਿਚ ਹਰਮਨਜੀਤ ਕੌਰ ਨਸਰਾਲੀ ਨੇ ਪਹਿਲਾ, ਮਨਪ੍ਰੀਤ ਕੌਰ ਬਗਲੀ ਕਲਾਂ ਨੇ ਦੂਜਾ, ਮਨਪ੍ਰੀਤ ਕੌਰ ਭੱਟੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਚੌਥੇ ਗਰੁੱਪ ਵਿੱਚ ਰਾਜਦੀਪ ਕੌਰ ਮੋਹਨਪੁਰ ਅਤੇ ਅਕਾਲ ਕੌਰ ਭੱਟੀਆਂ ਜੇਤੂ ਰਹੀਆਂ। ਪੰਜਵੇਂ ਗਰੁੱਪ (ਦਸਤਾਰ) ਵਿੱਚ ਜਸ਼ਨਦੀਪ ਸਿੰਘ ਨੌਹਰਾ ਨੇ ਪਹਿਲਾ, ਮਹਿਕਪ੍ਰੀਤ ਸਿੰਘ ਸਾਹਿਬ ਪੁਰਾ ਨੇ ਦੂਜਾ ਕਰਨਵੀਰ ਸਿੰਘ ਘਵੱਦੀ ਨੇ ਤੀਜਾ ਸਥਾਨ ਹਾਸਲ ਕੀਤਾ। ਪੰਜਵਾਂ ਗਰੁੱਪ (ਦੁਮਾਲਾ) ਪ੍ਰਭਜੋਤ ਸਿੰਘ ਨਸਰਾਲੀ ਨੇ ਪਹਿਲਾ, ਜਸਕਰਨਵੀਰ ਸਿੰਘ ਖੰਨਾ ਨੇ ਦੂਜਾ, ਗੁਰਕਰਨ ਸਿੰਘ ਕੌੜੀ ਨੇ ਤੀਜਾ ਸਥਾਨ ਹਾਸਲ ਕੀਤਾ। ਛੇਵੇਂ ਗਰੁੱਪ ਵਿੱਚ ਸੁਖਦੀਪ ਸਿੰਘ ਲਸੋਈ ਨੇ ਪਹਿਲਾ, ਗੁਰਸਿਮਰਨ ਸਿੰਘ ਘਲੋਟੀ ਦੂਜਾ, ਏਕਮਪਾਲ ਸਿੰਘ ਲੁਧਿਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਸੱਤਵੇਂ ਗਰੁੱਪ ਵਿੱਚ ਪਿੰਡ ਮੋਹਨਪੁਰ ਨੇ ਪਹਿਲਾ, ਜਰਗ ਨੇ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਦੌਰਾਨ ਜੇਤੂਆਂ ਅਤੇ ਭਾਗ ਲੈਣ ਆਏ ਪ੍ਰਤੀਯੋਗੀਆਂ ਨੂੰ ਪ੍ਰਬੰਧਕਾਂ ਤੇ ਸੰਤ ਭੁਪਿੰਦਰ ਸਿੰਘ ਜਰਗ ਰਾੜਾ ਸਾਹਿਬ ਵਾਲਿਆਂ ਵੱਲੋਂ ਸਨਮਾਨਿਆ ਗਿਆ। ਬਾਬਾ ਅਮਰੀਕ ਸਿੰਘ ਨੇ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵੀਰ ਸਿੰਘ, ਫ਼ੌਜੀ ਸੁਖਦੇਵ ਸਿੰਘ, ਪੰਚ ਗੁਰਪ੍ਰੀਤ ਸਿੰਘ, ਜਸਵੀਰ ਸਿੰਘ ਕਾਲਾ, ਦਵਿੰਦਰ ਸਿੰਘ, ਅਰਜੀਤ ਸਿੰਘ, ਗਗਨ ਤੇ ਅਮਨ ਮੰਡੇਰ ਆਦਿ ਹਾਜ਼ਰ ਸਨ।

# ਭਗਵੰਤ ਮਾਨ ਨੇ ਸ਼ੁਭਕਰਨ ਦੇ ਪਰਿਵਾਰ ਨੂੰ ਸੌਂਪਿਆ ਇੱਕ ਕਰੋੜ ਦਾ ਚੈੱਕ

- *ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਦੀ ਭੈਣ ਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਦਾ ਦਿੱਤਾ ਨਿਯੁਕਤੀ ਪੱਤਰ*
- *ਸ਼ਹੀਦ ਦਾ ਦਰਜਾ ਦਿਵਾਉਣ ਲਈ ਵਿਧਾਨ ਸਭਾ ਇਜਲਾਸ 'ਚ ਮਤਾ ਲਿਆਉਣ ਦਾ ਵਾਅਦਾ*

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਖਨੌਰੀ ਬਾਰਡਰ 'ਤੇ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਅੱਜ ਇੱਕ ਕਰੋੜ ਰੁਪਏ ਦਾ ਚੈੱਕ ਅਤੇ ਉਨ੍ਹਾਂ ਦੀ ਭੈਣ ਗੁਰਪ੍ਰੀਤ ਕੌਰ ਨੂੰ ਪੰਜਾਬ ਪੁਲੀਸ ਵਿੱਚ ਸਰਕਾਰੀ ਨੌਕਰੀ ਸਬੰਧੀ ਨਿਯੁਕਤੀ-ਪੱਤਰ ਦੇ ਦਿੱਤਾ ਹੈ। ਮੁੱਖ ਮੰਤਰੀ ਵੱਲੋਂ ਸ਼ੁਭਕਰਨ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਵਿਧਾਨ ਸਭਾ ਇਜਲਾਸ ਦੌਰਾਨ ਮਤਾ ਲਿਆਉਣ ਦਾ ਵਾਅਦਾ ਵੀ ਕੀਤਾ ਗਿਆ। ਉਧਰ, ਕਿਸਾਨ ਜਥੇਬੰਦੀਆਂ ਨੇ ਇਹ ਮੰਗਾਂ ਮੰਨੇ ਜਾਣ ਮਗਰੋਂ 12 ਜੁਲਾਈ ਨੂੰ ਬਠਿੰਡਾ ਦੇ ਡੀਸੀ ਤੇ ਐੱਸਐੱਸਪੀ ਦਫ਼ਤਰ ਦੇ ਘਿਰਾਓ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਹੈ।



ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਦਿੱਲੀ ਕੂਚ ਸਮੇਂ 21 ਫਰਵਰੀ ਨੂੰ ਹਰਿਆਣਾ ਸਰਕਾਰ ਦੀ ਗੋਲੀ ਨਾਲ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਸ਼ੁਭਕਰਨ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਸ਼ਹੀਦ ਦਾ ਦਰਜਾ ਦੇਣ, ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਵਾਅਦਾਖ਼ ?ਲਾਫ਼ੀ ਵਿਰੁੱਧ ਦੋਵਾਂ ਜਥੇਬੰਦੀਆਂ ਵੱਲੋਂ 12 ਜੁਲਾਈ ਨੂੰ ਡੀਸੀ ਤੇ ਐੱਸਐੱਸਪੀ ਦਫ਼ਤਰ ਬਠਿੰਡਾ ਦੇ ਘਿਰਾਓ ਦਾ ਐਲਾਨ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਤੈਅ ਕਰਵਾਈ ਗਈ। ਮੁੱਖ ਮੰਤਰੀ ਨੇ ਸ਼ਹੀਦ ਸ਼ੁਭਕਰਨ ਸਿੰਘ ਦੇ ਪਿਤਾ ਚਰਨਜੀਤ ਸਿੰਘ ਨੂੰ ਇੱਕ ਕਰੋੜ ਰੁਪਏ ਦੇ ਮੁਆਵਜ਼ੇ ਦਾ ਚੈੱਕ ਅਤੇ ਉਨ੍ਹਾਂ ਦੀ ਭੈਣ ਗੁਰਪ੍ਰੀਤ ਕੌਰ ਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਦਾ ਨਿਯੁਕਤੀ ਪੱਤਰ ਸੌਂਪਿਆ। ਮੁੱਖ ਮੰਤਰੀ ਨੇ ਵਿਧਾਨ ਸਭਾ ਦੇ ਇਜਲਾਸ ਵਿੱਚ ਮਤਾ ਲਿਆ ਕੇ ਸ਼ੁਭਕਰਨ ਸਿੰਘ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਦਾ ਵਾਅਦਾ ਵੀ ਕੀਤਾ ਗਿਆ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨ ਕਿਸਾਨ ਸ਼ੁਭਕਰਨ ਨੇ ਖਨੌਰੀ ਸਰਹੱਦ 'ਤੇ ਕਿਸਾਨ ਸੰਘਰਸ਼ ਦੌਰਾਨ ਗੋਲੀਬਾਰੀ ਵਿੱਚ ਸ਼ਹਾਦਤ ਦਿੱਤੀ ਹੈ। ਇਸ ਘਟਨਾ ਨੇ ਸਮੂਹ ਪੰਜਾਬੀਆਂ ਨੂੰ ਠੇਸ ਪਹੁੰਚਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼ੁਭਕਰਨ ਸਿੰਘ ਦੀ ਸ਼ਹਾਦਤ ਪਰਿਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ ਜਿਸ ਦੀ ਕਿਸੇ ਵੀ ਕੀਮਤ 'ਤੇ ਭਰਪਾਈ ਨਹੀਂ ਕੀਤੀ ਜਾ ਸਕਦੀ। ਇੱਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਅਤੇ ਪਰਿਵਾਰ ਦੇ ਜੀਅ ਨੂੰ ਸਰਕਾਰੀ ਨੌਕਰੀ ਦੇਣਾ ਸੰਕਟ ਦੀ ਇਸ ਘੜੀ ਵਿੱਚ ਸੂਬਾ ਸਰਕਾਰ ਦਾ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸਾਨ ਨੇ ਦੇਸ਼ ਦੇ ਕਿਸਾਨਾਂ ਦੀ ਖਾਤਰ ਵੱਡੀ ਕੁਰਬਾਨੀ ਦਿੱਤੀ ਹੈ, ਜਿਸ ਕਰਕੇ ਪਰਿਵਾਰ ਦੀ ਮਦਦ ਕਰਨਾ ਸਰਕਾਰ ਆਪਣਾ ਫਰਜ਼ ਸਮਝਦੀ ਹੈ। ਮੁੱਖ ਮੰਤਰੀ ਨਾਲ ਮੀਟਿੰਗ ਮੌਕੇ ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਰਾਏ, ਸੁਖਜੀਤ ਸਿੰਘ ਹਰਦੋਝੰਡੇ ਆਦਿ ਆਗੂ ਮੌਜੂਦ ਸਨ। ਕਿਸਾਨ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸ਼ਹੀਦ ਸ਼ੁਭਕਰਨ ਸਿੰਘ ਦੇ ਨਾਮ 'ਤੇ ਪਿੰਡ ਵਿੱਚ ਖੇਡ ਸਟੇਡੀਅਮ ਅਤੇ ਪਿੰਡ ਦੇ ਸਕੂਲ ਨੂੰ ਅੱਪਗਰੇਡ ਕਰਨ ਅਤੇ ਮੇਨ ਸੜਕ ਤੋਂ ਸ਼ਹੀਦ ਸ਼ੁਭਕਰਨ ਸਿੰਘ ਦੇ ਘਰ ਤੱਕ ਪੱਕੀ ਸੜਕ ਬਣਾਉਣ ਦਾ ਵਾਅਦਾ ਵੀ ਕੀਤਾ ਹੈ।

# ਮਸਕਟ ਵਿੱਚ ਵੇਚੀਆਂ ਮਾਵਾਂ-ਧੀਆਂ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਘਰ ਪਰਤੀਆਂ

ਜਲੰਧਰ : ਮਸਕਟ ਵਿੱਚ ਵੇਚੀਆਂ ਮਾਵਾਂ ਧੀਆਂ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਘਰ ਪਰਤ ਆਈਆਂ ਹਨ। ਜਲੰਧਰ ਜ਼ਿਲ੍ਹੇ ਦੀਆਂ ਰਹਿਣ ਵਾਲੀਆਂ ਇਨ੍ਹਾਂ ਮਾਵਾਂ-ਧੀਆਂ ਨੂੰ ਉਨ੍ਹਾਂ ਦੀ ਰਿਸ਼ਤੇਦਾਰ ਨੇ ਹੀ ਮਸਕਟ ਵਿੱਚ ਵੇਚ ਦਿੱਤਾ ਸੀ।



ਜਦਕਿ ਦੋਵਾਂ ਨੂੰ ਦੁਬਈ ਵਿੱਚ ਤੀਹ-ਤੀਹ ਹਜ਼ਾਰ ਰੁਪਏ ਪ੍ਰਤੀ ਮਹੀਨੇ ਦੀ ਨੌਕਰੀ ਦਾ ਝਾਂਸਾ ਦਿੱਤਾ ਗਿਆ ਸੀ। ਦੋ ਮਹੀਨਿਆਂ ਮਗਰੋਂ ਮਸਕਟ ਤੋਂ ਪਰਤੀ ਧੀ ਨੇ ਦੱਸਿਆ ਕਿ ਘਰ ਦੀ ਗਰੀਬੀ ਕਾਰਨ ਉਸ ਨੇ ਤੇ ਉਸ ਦੀ ਮਾਂ ਨੇ ਦੁਬਈ ਜਾਣ ਦਾ ਫੈਸਲਾ ਕੀਤਾ ਸੀ। ਟਰੈਵਲ ਏਜੰਟ ਬਣੀ ਇੱਕ ਰਿਸ਼ਤੇਦਾਰ ਨੇ ਉਨ੍ਹਾਂ ਕੋਲੋਂ 1 ਲੱਖ 20 ਹਜ਼ਾਰ ਰੁਪਏ ਮੰਗੇ ਸਨ ਪਰ ਗੱਲ 80 ਹਜ਼ਾਰ ਵਿੱਚ ਮੁੱਕ ਗਈ।

ਉੱਥੇ ਪਹੁੰਚਣ 'ਤੇ ਪਤਾ ਲੱਗਿਆ ਕਿ ਉਨ੍ਹਾਂ ਨੂੰ ਦੁਬਈ ਦੀ ਥਾਂ ਮਸਕਟ ਵਿੱਚ ਕੰਮ ਦਿੱਤਾ ਜਾਣਾ ਹੈ। ਜਦੋਂ ਉਨ੍ਹਾਂ ਇਸ ਦਾ ਵਿਰੋਧ ਕੀਤਾ ਤਾਂ ਟਰੈਵਲ ਏਜੰਟ ਉਨ੍ਹਾਂ ਨੂੰ ਦੁਬਈ ਲੈ ਗਏ ਜਿੱਥੇ 2 ਦਿਨ ਰੱਖਣ ਤੋਂ ਬਾਅਦ ਮੁੜ ਵਾਪਸ ਮਸਕਟ ਲਿਆਂਦਾ ਗਿਆ। ਉੱਥੇ ਸਾਰਾ ਦਿਨ ਕੰਮ ਕਰਵਾਉਣ ਮਗਰੋਂ ਇੱਕ ਦਫਤਰ ਵਿੱਚ ਸਖ਼ਤ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਪੀੜਤ ਲੜਕੀ ਨੇ ਦੱਸਿਆ ਕਿ ਉਸ ਦੇ ਪਤੀ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ। ਪੀੜਤਾ ਦੇ ਪਤੀ ਨੇ ਕਿਹਾ ਕਿ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਸ ਸਬੰਧੀ ਵਿਦੇਸ਼ ਮੰਤਰਾਲੇ ਅਤੇ ਮਸਕਟ ਵਿਚਲੀ ਭਾਰਤੀ ਅੰਬੈਸੀ ਨਾਲ ਸੰਪਰਕ ਕੀਤਾ। ਕੁੱਝ ਦਿਨਾਂ ਬਾਅਦ ਹੀ ਪਹਿਲਾਂ ਉਸ ਦੀ ਸੱਸ ਤੇ ਮਗਰੋਂ ਉਸ ਦੀ ਪਤਨੀ ਦੀ ਭਾਰਤ ਵਾਪਸੀ ਸੰਭਵ ਹੋ ਸਕੀ।

ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀ ਪੀੜਤਾ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕੀਤਾ। ਉਸ ਦੀ ਮਾਂ ਦੀ ਤਬੀਅਤ ਖਰਾਬ ਹੋਣ ਕਾਰਨ ਉਹ ਇੱਥੇ ਆ ਨਾ ਸਕੀ। ਇਸ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਲੋਕਾਂ ਨੂੰ ਗ਼ੈਰਕਾਨੂੰਨੀ ਟਰੈਵਲ ਏਜੰਟਾਂ ਤੋਂ ਸਾਵਧਾਨ ਹੋਣ ਲਈ ਕਿਹਾ।

# ਸੰਤ ਸੀਚੇਵਾਲ ਨੇ ਬਤੌਰ ਰਾਜ ਸਭਾ ਮੈਂਬਰ 2 ਸਾਲ ਕੀਤੇ ਪੂਰੇ, ਜਾਰੀ ਕੀਤਾ ਰਿਪੋਰਟ ਕਾਰਡ

ਲੋਹੀਆਂ ਖ਼ਾਸ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣਾ 2 ਸਾਲ ਦੇ ਕਾਰਜਕਾਲ ਪੂਰਾ ਹੋਣ 'ਤੇ ਰਿਪੋਰਟ ਕਾਰਡ ਜਾਰੀ ਕੀਤਾ ਹੈ। ਉਨ੍ਹਾਂ ਨੇ ਆਪਣੇ ਇਸ ਕਾਰਜਕਾਲ ਦੌਰਾਨ ਪੰਜਾਬ, ਪੰਜਾਬੀ, ਕਿਸਾਨੀ, ਪਾਣੀ, ਵਾਤਾਵਰਣ ਅਤੇ ਗਰੀਬਾਂ ਲੋੜਵੰਦਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਰਾਜ ਸਭਾ 'ਚ ਰੱਖਿਆ। ਉਨ੍ਹਾਂ ਨੇ ਵਿਦੇਸ਼ ਮੰਤਰਾਲਾ ਦੇ ਸਹਿਯੋਗ ਨਾਲ ਖਾੜੀ ਦੇਸ਼ਾਂ ਦੇ ਨਾਲ-ਨਾਲ ਹੋਰ ਵੱਖ-ਵੱਖ ਦੇਸ਼ਾਂ ਵਿਚ ਫਸੇ ਔਰਤਾਂ ਅਤੇ ਨੌਜਵਾਨਾਂ ਨੂੰ ਵਾਪਸ ਲਿਆਉਣ ਵਿਚ ਮੋਹਰੀ ਭੂਮਿਕਾ ਅਦਾ ਕੀਤੀ। ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ 'ਤੇ ਵਾਤਾਵਰਣ ਨਾਲ ਸਬੰਧਤ ਮੁੱਦਿਆਂ ਨੂੰ ਉਭਾਰਿਆ ਤੇ ਦੇਸ਼ ਵਿਚ ਪੈਦਾ ਹੋਏ ਜਲ ਸੰਕਟ ਦੀ ਚੁਣੌਤੀ ਨੂੰ ਵੀ ਬਾਖ਼ੂਬੀ ਪੇਸ਼ ਕੀਤਾ।

ਸਰਦ ਰੁੱਤ 2022 ਦੇ ਪਹਿਲੇ ਸੈਸ਼ਨ ਦੌਰਾਨ ਹੀ ਪਾਰਲੀਮੈਂਟ ਵਿਚ ਇਕ ਇਤਿਹਾਸਿਕ ਮੋੜ ਆਇਆ ਜਦੋਂ ਆਜ਼ਾਦੀ ਦੇ 75 ਸਾਲਾਂ ਮਗਰੋਂ ਰਾਜ ਸਭਾ 'ਚ ਸੰਤ ਸੀਚੇਵਾਲ ਨੂੰ ਦਸਤਾਵੇਜ਼ ਸੌਂਪੇ ਗਏ। ਇਹ ਮਾਂ ਬੋਲੀ ਪੰਜਾਬੀ ਲਈ ਉਨ੍ਹਾਂ ਵੱਲੋਂ ਕੀਤਾ ਗਿਆ ਇਹ ਇਕ ਵੱਡਾ ਇਤਿਹਾਸਿਕ ਕਾਰਜ ਸੀ। ਇਸੇ ਨਾਲ ਹੀ ਉਨ੍ਹਾਂ ਨੇ ਦੇਸ਼ ਦੀਆਂ ਹੋਰ ਵੀ ਖੇਤਰੀ ਭਾਸ਼ਾਵਾਂ ਨੂੰ ਲਾਗੂ ਕਰਵਾਉਣ ਵਿਚ ਵੱਡਾ ਯੋਗਦਾਨ ਪਾਇਆ, ਜਿਸ ਦੀ ਸ਼ਲਾਘਾ ਉਸ ਵੇਲੇ ਦੇ ਉੱਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਐੱਮ. ਵੈਂਕਾਈਆ ਨਾਇਡੂ ਨੇ ਡਟ ਕੇ ਕੀਤੀ ਸੀ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ 8 ਜੁਲਾਈ 2022 ਨੂੰ ਰਾਜ ਸਭਾ ਦੇ ਮੈਂਬਰ ਵਜੋਂ ਸੁਹੰ ਚੁੱਕੀ



ਸੀ। ਉਨ੍ਹਾਂ ਦੱਸਿਆ ਕਿ ਸੰਸਦ ਵਿਚ ਉਨ੍ਹਾਂ ਨੇ ਆਪਣੇ ਪਹਿਲੇ ਭਾਸ਼ਣ ਦੌਰਾਨ ਹੀ ਕਿਸਾਨਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੱਕਿਆ ਸੀ ਅਤੇ ਆਪਣੇ ਸੈਸ਼ਨਾਂ ਦੌਰਾਨ ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ, ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਅਤੇ ਕਿਸਾਨਾਂ ਦੀ ਫਸਲ ਦੇ ਵਾਜਿਬ ਮੁੱਲ ਨਾ ਮਿਲਣ ਦਾ ਮੁੱਦਿਆਂ ਨੂੰ ਉੱਠਾਇਆ। ਉਨ੍ਹਾਂ ਪੰਜਾਬ ਦੇ ਕਿਸਾਨਾਂ ਦੀ ਹਾਲਤ ਦਾ ਬਾਖ਼ੂਬੀ ਜ਼ਿਕਰ ਕੀਤਾ ਸੀ ਕਿ ਕਿਵੇਂ ਕਰਜ਼ੇ ਹੇਠ ਦੱਬੀ ਕਿਸਾਨੀ ਆਰਥਿਕ ਹਾਲਾਤ ਨਾਲ ਜੂਝਦਿਆਂ ਹੋਇਆ ਵੀ ਦੇਸ਼ ਦਾ ਢਿੱਡ ਭਰ ਰਹੀ ਹੈ।

ਪਾਰਲੀਮੈਂਟ ਦੇ ਨਾ ਚੱਲਣ ਤੋਂ ਖ਼ਫ਼ਾ ਹੋ ਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਦੇ ਚੇਅਰਮੈਨ ਜਦਗੀਪ ਧਨਖੜ ਨੂੰ ਪੱਤਰ ਵੀ ਲਿਖਿਆ ਸੀ ਕਿ ਹਾਊਸ ਦੇ ਨਾ ਚੱਲਣ ਕਾਰਣ ਦੇਸ਼ ਦੇ ਲੋਕਾਂ ਦਾ ਕਰੋੜਾਂ ਰੁਪਏ ਬਰਬਾਦ ਹੋ ਰਿਹਾ ਹੈ। ਦੇਸ਼ ਦੇ ਲੋਕ ਆਪਣੇ ਪ੍ਰਤੀਨਿਧਾ ਨੂੰ ਇਸ ਲਈ ਚੁਣਦੇ ਹਨ ਤਾਂ ਜੋ ਸਦਨ ਵਿਚ ਉਨ੍ਹਾਂ ਦੀ ਗੱਲ ਰੱਖ ਸਕਣ ਪਰ ਸਦਨ ਦੀ ਠੱਪ ਹੋ ਰਹੀ ਕਾਰਵਾਈ ਮਾੜੀ ਹੈ। ਨਵੇਂ ਬਣੇ ਪਾਰਲੀਮੈਂਟ ਹਾਊਸ ਵਿਚ ਸੰਤ ਸੀਚੇਵਾਲ ਨੇ ਜਲਵਾਯੂ ਤਬਦੀਲੀ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਇਆ ਕਿਹਾ ਕਿ ਦੇਸ਼ ਦੇ 310 ਜ਼ਿਲੇ ਇਸ ਦੀ ਮਾਰ ਹੇਠ ਹਨ ਅਤੇ ਪੰਜਾਬ ਦੇ 9 ਜ਼ਿਲ੍ਹੇ ਜਲਵਾਯੂ ਦੇ ਤਬਦੀਲੀ ਦੇ ਅਸਰ ਹੇਠ ਆਏ ਹੋਏ ਹਨ। ਇਸੇ ਸੈਸ਼ਨ ਦੌਰਾਨ ਸੰਤ ਸੀਚੇਵਾਲ ਨੇ ਦੇਸ਼ 'ਚ ਅਚਾਨਕ ਦਿਲ ਦੀ ਧੜਕਣ ਰੁਕ ਜਾਣ ਨਾਲ ਹੋ ਰਹੀਆਂ ਮੌਤਾਂ ਦਾ ਮੁੱਦਾ ਜ਼ੋਰਦਾਰ ਤਰੀਕੇ ਨਾਲ ਉਠਾਇਆ।

ਉਨ੍ਹਾਂ ਨੂੰ ਇਨ੍ਹਾਂ 2 ਸਾਲਾਂ ਦੌਰਾਨ 7 ਕਰੋੜ 50 ਲੱਖ ਦੀ ਗ੍ਰਾਂਟ ਮਿਲੀ ਸੀ, ਜਿਸ ਵਿਚੋਂ 100 ਫ਼ੀਸਦੀ ਵੰਡੀ ਗਈ। ਇਸ ਵਿਚੋਂ ਵੱਡਾ ਹਿੱਸਾ ਉਨ੍ਹਾਂ ਵੱਲੋਂ ਪਾਣੀਆਂ, ਸਿਹਤ ਅਤੇ ਸਿੱਖਿਆ ਸਹੂਲਤਾਂ ਲਈ ਖਰਚਿਆ ਗਿਆ ਹੈ। ਆਪਣੇ ਅਖਤਿਆਰੀ ਫੰਡਜ਼ ਵਿਚੋਂ ਉਨ੍ਹਾਂ ਵੱਲੋਂ ਆਪਣੀ ਪਹਿਲੀ ਗ੍ਰਾਂਟ 1 ਕਰੋੜ 19 ਲੱਖ ਸਿੰਬਲੀ ਵਿਚ ਰੈਗੂਲੇਟਰ ਬਣਾ ਕਿ ਚਿੱਟੀ ਵੇਂਈ ਵਿਚ ਪਾਣੀ ਵਗਦਾ ਕਰਨ ਲਈ ਵਰਤੀ ਸੀ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਜੋ ਦੋ ਪਿੰਡ ਡੱਲਾ ਸਾਹਿਬ ਤੇ ਲੋਪੋਂ ਨੂੰ ਗੋਦ ਲਿਆ ਗਿਆ ਹੈ, ਉਨ੍ਹਾਂ ਪਿੰਡਾਂ ਦੇ ਵਿਕਾਸ ਲਈ ਕਰੀਬ 1 ਕਰੋੜ ਦੀ ਰਾਸ਼ੀ ਵਰਤੀ ਗਈ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਉਹ 22 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਮਾਨਸੂਨ ਸੈਸ਼ਨ ਵਿਚ ਵੀ ਪੰਜਾਬ ਅਤੇ ਦੇਸ਼ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਠਾਉਣਗੇ।

# ਬਾਬਾ ਮਹਾਰਾਜ ਸਿੰਘ ਦਾ ਦੇਸ਼ ਦੀ ਆਜ਼ਾਦੀ 'ਚ ਅਹਿਮ ਯੋਗਦਾਨ: ਸੰਧਵਾਂ

*ਵਿਧਾਨ ਸਭਾ ਸਪੀਕਰ ਵੱਲੋਂ ਪਿੰਡ ਰੱਬੋਂ ਉੱਚੀ 'ਚ ਆਜ਼ਾਦੀ ਘੁਲਾਟੀਏ ਨੂੰ ਸ਼ਰਧਾਂਜਲੀ ਭੇਟ*



ਪਾਇਲ : ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਰੱਬੋਂ ਉੱਚੀ ਵਿੱਚ ਆਜ਼ਾਦੀ ਘੁਲਾਟੀਏ ਬਾਬਾ ਮਹਾਰਾਜ ਸਿੰਘ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਧਵਾਂ ਨੇ ਕਿਹਾ ਕਿ ਬਾਬਾ ਮਹਾਰਾਜ ਸਿੰਘ ਜੰਗ-ਏ-ਆਜ਼ਾਦੀ ਦੇ ਪਹਿਲੇ ਸ਼ਹੀਦ ਸਨ ਜਿਨ੍ਹਾਂ ਨੇ ਪਹਿਲੀ ਐਂਗਲੋ-ਸਿੱਖ ਜੰਗ ਪਿੱਛੋਂ ਪੰਜਾਬ 'ਚ ਅੰਗਰੇਜ਼ ਵਿਰੋਧੀ ਲਹਿਰ ਦੀ ਅਗਵਾਈ ਕੀਤੀ ਅਤੇ ਲੋਕਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜੂਝਣ ਲਈ ਪ੍ਰੇਰਿਆ। ਦੇਸ਼ ਦੀ ਆਜ਼ਾਦੀ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ। ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਇਸ ਦੌਰਾਨ ਸੰਧਵਾਂ ਨੇ ਬਾਬਾ ਮਹਾਰਾਜ ਸਿੰਘ ਦੇ ਸ਼ਹੀਦੀ ਸਥਾਨ ਲਈ 10 ਲੱਖ ਰੁਪਏ ਦੀ ਗਰਾਂਟ ਦੇਣ ਦਾ ਵੀ ਐਲਾਨ ਕੀਤਾ। ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਬਾਬਾ ਮਹਾਰਾਜ ਸਿੰਘ ਦੇ ਜੀਵਨ ਬਾਰੇ ਪੜ੍ਹਾਉਣਾ ਚਾਹੀਦਾ ਹੈ। ਇਸ ਸਬੰਧੀ ਸੰਧਵਾਂ ਨੇ ਕਿਹਾ ਕਿ ਉਹ ਇਸ ਬਾਰੇ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਨਗੇ। ਗਿਆਸਪੁਰਾ ਨੇ ਕਿਹਾ ਕਿ ਉਹ ਬਾਬਾ ਜੀ ਦੇ ਜਨਮ ਸਥਾਨ ਪਿੰਡ ਰੱਬੋਂ ਉੱਚੀ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਸ ਦੌਰਾਨ ਗਿਆਸਪੁਰਾ ਨੇ ਸੰਧਵਾਂ ਦਾ ਵਿਸ਼ੇਸ਼ ਸਨਮਾਨ ਕਰਦਿਆਂ ਉਨ੍ਹਾਂ ਨੂੰ ਬਾਬਾ ਮਹਾਰਾਜ ਸਿੰਘ ਦੀ ਜੀਵਨੀ ਸਬੰਧੀ ਪੁਸਤਕ ਭੇਟ ਕੀਤੀ। ਇਸ ਮੌਕੇ ਪਾਇਲ ਦੇ ਐੱਸਡੀਐੱਮ ਚਰਨਜੀਤ ਸਿੰਘ, ਸੰਤ ਜਗਜੀਤ ਸਿੰਘ ਹਰਖੋਵਾਲ, ਬਾਬਾ ਸਰਬਜੋਤ ਸਿੰਘ ਬੇਦੀ ਊਨਾ ਵਾਲੇ ਤੇ ਹੋਰ ਹਾਜ਼ਰ ਸਨ।

# ਭਗਵਾਨ ਜਗਨਨਾਥ ਰਥ ਯਾਤਰਾ ਦੌਰਾਨ ਪੁਰੀ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂ ਹੋਏ ਇਕੱਠੇ









ਪੁਰੀ : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪੁਰੀ ਵਿੱਚ ਭਗਵਾਨ ਜਗਨਨਾਥ ਯਾਤਰਾ ਦੀ ਗੁੰਡੀਚਾ ਜਾਤਰਾ (ਕਾਰ ਉਤਸਵ) ਦੌਰਾਨ ਪ੍ਰਾਰਥਨਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਓਡੀਸ਼ਾ ਦੇ ਰਾਜਪਾਲ ਰਘੁਬਰ ਦਾਸ ਅਤੇ ਰਾਜ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਸਨ। ਸਾਥੀ ਭਾਰਤੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਐਤਵਾਰ ਨੂੰ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਭਗਵਾਨ ਜਗਨਨਾਥ ਦੀ ਵਿਸ਼ਵ-ਪ੍ਰਸਿੱਧ ਰੱਥ ਯਾਤਰਾ ਦੇ ਮੌਕੇ 'ਤੇ ਮੈਂ ਸਾਰੇ ਦੇਸ਼ਵਾਸੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੰਦੀ ਹਾਂ। ਅੱਜ ਦੇਸ਼ ਅਤੇ ਦੁਨੀਆ ਭਰ ਦੇ ਅਣਗਿਣਤ ਜਗਨਨਾਥ ਪ੍ਰੇਮੀ ਰੱਥ 'ਤੇ ਬਿਰਾਜਮਾਨ ਭਾਗਵਤ ਦੇ ਤਿੰਨ ਰੂਪਾਂ ਨੂੰ ਦੇਖਣ ਲਈ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਇਸ ਮਹਾਨ ਤਿਉਹਾਰ ਦੇ ਮੌਕੇ 'ਤੇ ਮੈਂ ਮਹਾਪ੍ਰਭੂ ਸ਼੍ਰੀ ਜਗਨਨਾਥ ਨੂੰ ਸਾਰਿਆਂ ਦੀ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕਰਦੀ ਹਾਂ।

ਉੜੀਸਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਐਕਸ 'ਤੇ ਲਿਖਿਆ ਕਿ ਪਵਿੱਤਰ ਰਥ ਯਾਤਰਾ ਦੇ ਮੌਕੇ 'ਤੇ ਮੈਂ ਸਾਰਿਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਅਤੇ ਸ਼ੁੱਭਕਾਮਨਾਵਾਂ ਦਿੰਦਾ ਹਾਂ। ਭਗਵਾਨ ਜਗਨਨਾਥ ਦੀ ਅਸੀਮ ਦਇਆ ਸਾਡੇ ਰਾਜ ਦੇ ਹਰ ਖੇਤਰ ਵਿੱਚ ਖੁਸ਼ਹਾਲੀ ਲਿਆਵੇ, ਇੱਕ ਨਵੇਂ ਅਤੇ ਅਮੀਰ ਓਡੀਸ਼ਾ ਨੂੰ ਉਤਸ਼ਾਹਿਤ ਕਰੇ।

# ਸ਼ਰਧਾਲੂਆਂ ਨੇ ਭਗਵਾਨ ਜਗਨਨਾਥ ਦੀ ਰੱਥ ਯਾਤਰਾ 'ਚ ਲਿਆ ਹਿਸਾ



ਮੁੰਬਈ : ਸੋਮਵਾਰ ਨੂੰ ਮੁੰਬਈ ਵਿੱਚ ਇਸਕਾਨ ਦੁਆਰਾ ਆਯੋਜਿਤ ਭਗਵਾਨ ਜਗਨਨਾਥ ਦੀ ਸਾਲਾਨਾ ਰੱਥ ਯਾਤਰਾ ਵਿੱਚ ਹਿੱਸਾ ਲੈਣ ਦੇ ਦੌਰਾਨ ਸ਼ਰਧਾਲੂ ਖੁਸ਼ੀ ਦੇ ਮੂਡ ਵਿੱਚ ਹਨ।



ਨਾਗਪੁਰ : ਭਗਵਾਨ ਕ੍ਰਿਸ਼ਨ ਅਤੇ ਦੇਵੀ ਰਾਧਾ ਦੇ ਰੂਪ ਵਿਚ ਸਜੇ ਹੋਏ ਲੋਕ ਸੋਮਵਾਰ ਨੂੰ ਨਾਗਪੁਰ ਵਿਚ ਇਸਕਾਨ ਦੁਆਰਾ ਆਯੋਜਿਤ ਭਗਵਾਨ ਜਗਨਨਾਥ ਦੀ ਰੱਥ ਯਾਤਰਾ ਵਿਚ ਹਿੱਸਾ ਲੈਂਦੇ ਹਨ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

11. ਪ੍ਰਧਾਨ ਸਾਹਿਬ ਗੁਰਦੁਆਰਾ ਕਮੇਟੀ ਮੀਰਪੁਰ ਖ਼ਾਸ (ਸਿੰਧ) ਦੀ ਤਾਰ –

"Gurdwara committee Mirpur Khas wishes conference success Sanctioned Rs. 100/- per year."

(ਗੁਰਦੁਆਰਾ ਗਜ਼ਟ, ਪੰਨਾ 9)

ਤਰਜਮਾ : 'ਗੁਰਦੁਆਰਾ ਕਮੇਟੀ ਮੀਰ ਪੁਰ ਖ਼ਾਸ ਦੀ ਤੀਬਰ ਇੱਛਾ ਹੈ ਕਿ ਕਾਨਫਰੰਸ ਨੂੰ ਸਫ਼ਲਤਾ ਪ੍ਰਾਪਤ ਹੋਵੇ। ਇਕ ਸੌ ਰੁਪਿਆ ਸਾਲਾਨਾ ਇਸ ਕੰਮ ਲਈ ਪਾਸ ਕੀਤਾ ਜਾਂਦਾ ਹੈ।'

ਗੁਰਦੁਆਰਾ ਗਜ਼ਟ ਅੰਮ੍ਰਿਤਸਰ (10 ਮਈ 1936)

12. ਸ੍ਰੀ ਯੁਤ ਗਣੇਸ਼ ਦਮੋਦਰ ਸਾਵਰਕਰ ਜੀ ਦੀ ਨਾਸਿਕ ਸ਼ਹਿਰ ਤੋਂ ਲਿਖੀ 25-3-36 ਦੀ ਚਿੱਠੀ–

'I received your letter on behalf of the Swagat Samiti of Akhil Hindustan Shiromani Sikh Parcher Conference, duly. As I am interned in Nasik, I am sorry to write to you that I shall not be able to be present for the Conference. I hope you will excuse me for the inability to attend it.

There can be no question of friendship between the parent body and the part or limb of the same, Jains, Budhas, Sheekhs, Aryasmaji, Brabmosmajis and the like sections are inseprable limbs of the great parent body of the Hindu Race of ours.

If the untouchables, who are out to leave the Hindu fold, are induced to accept the offer of the inclusion from any of these sections. If can not be a matter of regret. Rather it will be a thing of satisfaction that they have not left the Hindu fold altogether. Rather they should go preferably to either the Sikhs (Sheeksh) or the Aryasmajiees sections of the Race.

By the by there is confusion in




your mind about the identify of we three brothers and therefore I give you the correct information for your use.

1. I am the eldest of the three and my name is Ganesh Damodar Savarkar. I am interned here from three years-address Panchaksharis wada, Samwar Peeth Nasik.

2. Younger brother of mine Barrister Savarker is interned at Ratnagiri from the time of his release from his life sentence. His name is Barrister Vinayak Damodar Savarkar. Address-Ratnagri (Bombay Presidency).

3. Third and youngest brother is Dr. Savarkar. His full name is Dr. Narayan Damodar Savarker, Address-Soman Building-Girgaon, (Bombay).

If you wish to write to any or both of them you may write to them on the given address.

ਤਰਜਮਾ : "ਮੈਨੂੰ ਸਵਾਗਤ ਕਮੇਟੀ ਸਰਬ-ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਦੀ ਪੱਤ੍ਰਿਕਾ ਪੁੱਜ ਗਈ ਹੈ। ਕਿਉਂਕਿ ਮੈਂ ਨਾਸਿਕ ਵਿਚ ਨਜ਼ਰਬੰਦ ਹਾਂ ਇਸ ਲਈ ਮੈਂ ਅਫ਼ਸੋਸ ਨਾਲ ਲਿਖ ਰਿਹਾ ਹਾਂ ਕਿ ਮੈਂ ਕਾਨਫਰੰਸ 'ਤੇ ਨਹੀਂ ਪੁੱਜ ਸਕਾਂਗਾ, ਆਸ ਹੈ ਕਿ ਆਪ ਮੈਨੂੰ ਇਸ ਮਜਬੂਰੀ ਲਈ ਖਿਮਾ ਬਖ਼ਸ਼ੋਗੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (11 ਮਈ 1936)

ਇਕ ਜਿਸਮ ਅਤੇ ਉਸ ਦੇ ਅੰਗਾਂ ਵਿਚ ਮਿੱਤਰਤਾ ਹੋਣ ਦਾ ਸਵਾਲ ਪੈਦਾ ਹੀ ਨਹੀਂ ਹੋ ਸਕਦਾ। ਜੈਨ, ਬੁੱਧ, ਸਿੱਖ, ਆਰੀਆ ਸਮਾਜੀ, ਬ੍ਰਹਮੋ ਸਮਾਜੀ ਆਦਿ ਸਾਡੀ ਹਿੰਦੂ ਕੌਮ ਰੂਪੀ ਵੱਡੇ ਜਿਸਮ ਦੇ ਅਜਿਹੇ ਅੰਗ ਹਨ ਜੋ ਕਿ ਇਕ ਦੂਸਰੇ ਨਾਲੋਂ ਅੱਡ ਨਹੀਂ ਹੋ ਸਕਦੇ।

ਜੇ ਅਖੌਤੀ ਅਛੂਤ ਜੋ ਹਿੰਦੂ ਧਰਮ ਛੱਡਣ ਲਈ ਤਿਆਰ ਹੋਏ ਹਨ ਉਪਰ ਲਿਖੇ ਫ਼ਿਰਕਿਆਂ ਵਿਚੋਂ ਕਿਸੇ ਇਕ ਨੂੰ ਗ੍ਰਹਿਣ ਕਰਨਾ ਪ੍ਰਵਾਨ ਕਰ ਲੈਣ ਤਾਂ ਇਸ ਸਬੰਧੀ ਕੋਈ ਅਫ਼ਸੋਸ ਨਹੀਂ ਹੋ ਸਕਦਾ। ਸਗੋਂ ਇਹ ਤਸੱਲੀ ਰਹੇਗੀ ਕਿ ਉਨ੍ਹਾਂ ਨੇ ਹਿੰਦੂ ਧਰਮ ਨੂੰ ਉੱਕਾ ਹੀ ਤਿਆਗ ਨਹੀਂ ਦਿੱਤਾ।

(ਚਲਦਾ)

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver With 2 Year Experience




(209) 405-1544
127 Darcy Parkway, Lathrop, CA 95330

# ਜੱਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ ਦੀ ਮਾੜੀ ਹਾਲਤ

## ਪਾਰਕ ਦੀ ਸਾਂਭ-ਸੰਭਾਲ ਨਾ ਹੋਣ ਕਾਰਨ ਟਾਈਲਾਂ ਉਖੜੀਆਂ; ਲਾਈਟਾਂ ਵੀ ਗਾਇਬ



ਅੰਮ੍ਰਿਤਸਰ : ਸਥਾਨਕ ਰਣਜੀਤ ਐਵਨਿਊ ਸਥਿਤ ਆਨੰਦ ਅੰਮ੍ਰਿਤ ਪਾਰਕ ਵਿੱਚ ਸਥਾਪਿਤ ਕੀਤੀ ਜੱਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ ਇਸ ਵੇਲੇ ਮਾੜੀ ਹਾਲਤ ਵਿੱਚ ਹੈ। ਪਾਰਕ ਦੀ ਕੋਈ ਸਾਂਭ ਸੰਭਾਲ ਨਾ ਹੋਣ ਕਾਰਨ ਟਾਈਲਾਂ ਡਿੱਗ ਰਹੀਆਂ ਹਨ, ਲਾਈਟਾਂ ਗਾਇਬ ਹਨ ਅਤੇ ਪਾਰਕ ਵਿੱਚ ਬੂਟਿਆਂ ਦਾ ਰੱਖ ਰਖਾਅ ਵੀ ਠੀਕ ਢੰਗ ਨਾਲ ਨਹੀਂ ਹੋ ਰਿਹਾ ਹੈ। ਇਹ ਯਾਦਗਾਰ ਅਗਸਤ 2021 ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕਾਂ ਨੂੰ ਸਮਰਪਿਤ ਕੀਤੀ ਗਈ ਸੀ। ਇਹ ਯਾਦਗਾਰ ਜੱਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਕਰਦਿਆ ਉਸਾਰੀ ਗਈ ਸੀ।

ਜੱਲ੍ਹਿਆਂਵਾਲਾ ਬਾਗ ਯਾਦਗਾਰ ਹੋਣ ਦੇ ਬਾਵਜੂਦ ਸ਼ਤਾਬਦੀ ਨੂੰ ਸਮਰਪਿਤ ਇਹ ਇੱਕ ਨਵੀਂ ਯਾਦਗਾਰ ਸ਼ਹਿਰ ਦੇ ਬਾਹਰ ਰਣਜੀਤ ਐਵਨਿਊ ਇਲਾਕੇ ਵਿੱਚ ਬਾਈਪਾਸ ਨੇੜੇ ਉਸਾਰੀ ਗਈ ਸੀ। ਇਸ ਦੇ ਉਦਘਾਟਨ ਵੇਲੇ ਜੱਲ੍ਹਿਆਂਵਾਲਾ ਬਾਗ ਸਾਕੇ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਸੱਦਿਆ ਗਿਆ ਸੀ ਅਤੇ ਸਨਮਾਨਿਤ ਕੀਤਾ ਗਿਆ। ਇਹ ਯਾਦਗਾਰ ਲਗਪਗ 3.5 ਕਰੋੜ ਰੁਪਏ ਦੀ ਲਾਗਤ ਨਾਲ ਡੇਢ ਏਕੜ ਰਕਬੇ ਵਿੱਚ ਸਥਾਪਿਤ ਕੀਤੀ ਗਈ ਸੀ । ਸ਼ਹੀਦਾਂ ਨੂੰ ਸਮਰਪਿਤ ਸਤੰਭ ਬਣਾਏ ਗਏ ਸਨ ਅਤੇ ਸ਼ਹੀਦਾਂ ਦੀ ਇੱਕ ਸੂਚੀ ਵੀ ਇੱਥੇ ਅੰਕਿਤ ਕੀਤੀ ਗਈ ਸੀ। ਇਸ ਵੇਲੇ ਯਾਦਗਾਰ ਦੀ ਹਾਲਤ ਮਾੜੀ ਹੈ ਅਤੇ ਰੱਖ ਰਖਾਓ ਨਾ ਹੋਣ ਕਾਰਨ ਇਹ ਹਾਲਤ ਹੋਰ ਬਦਤਰ ਹੁੰਦੀ ਜਾ ਰਹੀ ਹੈ। ਯਾਦਗਾਰ ਨੂੰ ਜਾਣ ਵਾਲੇ ਰਸਤੇ ਦੀਆਂ ਟਾਈਲਾਂ ਉੱਖੜ ਚੁੱਕੀਆਂ ਹਨ, ਪਾਰਕ ਵਿੱਚ ਸੀਵਰੇਜ ਦਾ ਪਾਣੀ ਭਰਿਆ ਰਹਿੰਦਾ ਹੈ। ਅਤੇ ਸ਼ਹੀਦਾਂ ਦੀ ਸੂਚੀ ਨੇੜੇ ਲੱਗੀਆਂ ਟਾਈਲਾਂ ਵੀ ਉੱਖੜ ਰਹੀਆਂ ਹਨ ।

ਨੇੜੇ ਰਹਿੰਦੇ ਲੋਕਾਂ ਨੇ ਆਖਿਆ ਕਿ ਇਥੇ ਯਾਦਗਾਰ ਵਾਲੇ ਪਾਰਕ ਦੀ ਮਾੜੀ ਹਾਲਤ ਹੈ ਅਤੇ ਪ੍ਰਸ਼ਾਸਨ ਵੱਲੋਂ ਇਸ ਪਾਸੇ ਜਾਂ ਇਸ ਦੀ ਸਾਂਭ ਸੰਭਾਲ ਲਈ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਦੇ ਨੇੜੇ ਹੀ ਕੂੜੇ ਦਾ ਡੰਪ ਵੀ ਬਣਾ ਦਿੱਤਾ ਗਿਆ ਹੈ , ਜਿੱਥੇ ਅਕਸਰ ਕੂੜੇ ਨੂੰ ਅੱਗ ਲੱਗ ਜਾਂਦੀ ਹੈ। ਸਮਾਜ ਸੇਵਕ ਪਵਨ ਕੁਮਾਰ ਨੇ ਆਖਿਆ ਕਿ ਇਸ ਯਾਦਗਾਰ ਵਿਖੇ ਇਤਿਹਾਸ ਨੂੰ ਅੰਕਿਤ ਕੀਤਾ ਗਿਆ ਸੀ ਅਤੇ ਇੱਥੇ ਆਉਣ ਵਾਲੇ ਲੋਕ ਇਸ ਨੂੰ ਦੇਖ ਇਤਿਹਾਸ ਤੋਂ ਜਾਣੂ ਹੁੰਦੇ ਸਨ ਪਰ ਹੁਣ ਗੰਦਗੀ ਤੇ ਸਾਂਭ ਸੰਭਾਲ ਨਾ ਹੋਣ ਕਾਰਨ ਲੋਕ ਇੱਥੇ ਆਉਣ ਤੋਂ ਕਤਰਾ ਰਹੇ ਹਨ। ਰਾਜਿੰਦਰ ਸਿੰਘ ਨੇ ਕਿਹਾ ਕਿ ਪਹਿਲਾਂ ਇਥੇ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਸਨ ਪਰ ਹੁਣ ਲੋਕ ਸੰਕੋਚ ਕਰਦੇ ਹਨ, ਹੁਣ ਇੱਥੇ ਯਾਦਗਾਰ ਵਿਖੇ ਕਦੇ ਕੋਈ ਸੈਲਾਨੀ ਵੀ ਨਹੀਂ ਦੇਖਿਆ।

# ਸੰਦੀਪ ਥਾਪਰ ਨੂੰ ਸਾਕਾ ਨੀਲਾ ਤਾਰਾ ਦੇ ਜਸ਼ਨ ਮਨਾਉਣ ਅਤੇ ਲੱਡੂ ਵੰਡਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ: ਸਾਹਨੀ

## 'ਆਪ' ਦੇ ਸੰਸਦ ਮੈਂਬਰ ਨੇ ਹਮਲੇ ਦੀ ਨਿੰਦਾ ਕੀਤੀ



ਚੰਡੀਗੜ੍ਹ : 'ਆਪ' ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸੰਦੀਪ ਥਾਪਰ 'ਤੇ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸ਼ਿਵ ਸੈਨਾ ਆਗੂ ਨੂੰ ਸਾਕਾ ਨੀਲਾ ਤਾਰਾ ਦੇ ਜਸ਼ਨ ਮਨਾਉਂਦੇ ਸਮੇਂ ਸੰਜਮ ਵਰਤਣਾ ਚਾਹੀਦਾ ਸੀ। ਐਕਸ 'ਤੇ ਆਪ' ਸੰਸਦ ਮੈਂਬਰ ਨੇ ਕਿਹਾ, 'ਅਸੀਂ ਕਿਸੇ ਵੀ ਵਿਅਕਤੀ ਖ਼ ?ਲਾਫ਼ ਹਿੰਸਾ ਦੀ ਸਖ਼ਤ ਨਿੰਦਾ ਕਰਦੇ ਹਾਂ ਪਰ ਸੰਦੀਪ ਥਾਪਰ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ ਸੀ ਤੇ ਸੰਜਮ ਵਰਤਣਾ ਚਾਹੀਦਾ ਸੀ। 6 ਜੂਨ, ਬਲੂਸਟਾਰ ਮਨਾਉਣਾ ਅਤੇ ਲੱਡੂ ਵੰਡਣਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ। ਉਸ ਨੇ ਪਿਛਲੇ ਸਾਲ ਜਦੋਂ ਪੂਰਾ ਸੂਬਾ ਹੜ੍ਹਾਂ ਦੀ ਮਾਰ ਝੱਲ ਰਿਹਾ ਸੀ ਤਾਂ ਉਸ ਨੇ ਪੰਜਾਬ ਦੀ ਤਬਾਹੀ ਦਾ ਮਜ਼ਾਕ ਉਡਾਇਆ ਸੀ। ਇਸ ਕਰ ਕੇ ਨਫਰਤ ਫੈਲਾਉਣ ਵਾਲੇ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਫਿਰਕੂ ਸਦਭਾਵਨਾ ਨੂੰ ਹਰ ਕੀਮਤ 'ਤੇ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

# ਹਵਾ ਪ੍ਰਦੂਸ਼ਣ ਕਾਰਨ ਦੇਸ਼ ਦੇ 10 ਸ਼ਹਿਰਾਂ 'ਚ ਹੁੰਦੀਆਂ ਹਨ ਹਰ ਸਾਲ 33 ਹਜ਼ਾਰ ਮੌਤਾਂ

## ਦਿੱਲੀ ਦੀ ਹਾਲਤ ਸਭ ਤੋਂ ਖ਼ਰਾਬ

ਨਵੀਂ ਦਿੱਲੀ : ਅੰਤਰਰਾਸ਼ਟਰੀ ਮੈਡੀਕਲ ਜਨਰਲ ਲੈਸੈਂਟ ਵਲੋਂ ਕੀਤੇ ਇਕ ਅਧਿਐਨ 'ਚ ਦਾਅਵਾ ਕੀਤਾ ਹੈ ਕਿ ਭਾਰਤ ਦੇ 10 ਵੱਡੇ ਸ਼ਹਿਰਾਂ 'ਚ ਹੋਣ ਵਾਲੀਆਂ ਹਰ 100 ਮੌਤਾਂ 'ਚੋਂ 7 ਮੌਤਾਂ ਜ਼ਹਿਰੀਲੀ ਹਵਾ ਭਾਵ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਇਨ੍ਹਾਂ 'ਚ ਸਭ ਤੋਂ ਵੱਧ ਪ੍ਰਭਾਵਿਤ ਦਿੱਲੀ ਦੀ ਹਵਾ ਹੈ, ਜਿਥੇ ਮੌਤਾਂ ਦਾ ਅੰਕੜਾ ਤਕਰੀਬਨ 12 ਹਜ਼ਾਰ ਹੈ। ਲੈਸੈਂਟ ਵਲੋਂ ਜਾਰੀ ਰਿਪੋਰਟ 'ਚ ਕਿਹਾ ਗਿਆ ਕਿ 10 ਸ਼ਹਿਰਾਂ-ਅਹਿਮਦਾਬਾਦ, ਬੈਂਗਲੁਰੂ, ਚੇਨਈ, ਦਿੱਲੀ, ਹੈਦਰਾਬਾਦ, ਕੋਲਕਾਤਾ, ਮੁੰਬਈ, ਪੁਣੇ, ਸ਼ਿਮਲਾ ਅਤੇ ਵਾਰਾਣਸੀ 'ਚ ਹਰ ਸਾਲ ਔਸਤਨ 33 ਹਜ਼ਾਰ ਤੋਂ ਵੱਧ ਮੌਤਾਂ ਦਾ ਕਾਰਨ ਪ੍ਰਦੂਸ਼ਿਤ ਹਵਾ ਹੈ। ਇਸ ਲਈ 50 ਸ਼ਹਿਰਾਂ 'ਚ ਕੁੱਲ 36 ਲੱਖ ਤੋਂ ਵੱਧ ਮੌਤਾਂ ਦਾ ਸਮੀਖਿਆ ਕੀਤੀ ਗਈ। ਰਿਪੋਰਟ ਮੁਤਾਬਿਕ 2018-2019 ਦਰਮਿਆਨ ਘੱਟੋ-ਘੱਟ 33 ਹਜ਼ਾਰ ਲੋਕਾਂ ਦੀ ਮੌਤ ਪੀ. ਐਮ. 2.5 ਦੇ ਕਾਰਨ ਹੋਈ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਿਕ ਪੀ. ਐਮ. 2.5 ਤੱਤਵਾਂ ਦਾ ਘਣ ਮੀਟਰ 15 ਮਾਈਕਰੋਗ੍ਰਾਮ ਹੈ, ਜਦਕਿ ਭਾਰਤ 'ਚ ਇਹ ਪੱਧਰ 60 ਮਾਈਕਰੋਗ੍ਰਾਮ ਪ੍ਰਤੀ ਘਣ ਰੱਖਿਆ ਗਿਆ ਹੈ। ਇਸ ਪਾਰਟੀਕਲ (ਤੱਤ) ਨੂੰ ਕੈਂਸਰ ਦਾ ਸਭ ਤੋਂ ਵੱਡਾ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਪਿਛਲੇ ਸਾਲ ਦੇ ਅੰਕੜਿਆਂ ਮੁਤਾਬਿਕ ਦਿੱਲੀ ਨੂੰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚੋਂ ਇਕ ਦੱਸਿਆ ਗਿਆ। ਰਿਪੋਰਟ ਮੁਤਾਬਿਕ ਇਸ ਸਮੇਂ ਦੌਰਾਨ ਹਵਾ ਦੇ ਪ੍ਰਦੂਸ਼ਣ ਕਾਰਨ ਸਭ ਤੋਂ ਵੱਧ 11,964 ਮੌਤਾਂ ਦਿੱਲੀ 'ਚ ਹੋਈਆਂ। ਜਦਕਿ ਉਸ ਤੋਂ ਬਾਅਦ ਮੁੰਬਈ 'ਚ 5091, ਫਿਰ ਕੋਲਕਾਤਾ 4678 ਅਤੇ ਉਸ ਤੋਂ ਬਾਅਦ



ਚੇਨਈ 2870 ਦਾ ਸਥਾਨ ਹੈ। ਅਹਿਮਦਾਬਾਦ 'ਚ 2495, ਬੈਂਗਲੁਰੂ 2102, ਹੈਦਰਾਬਾਦ 1597, ਪੁਣੇ 'ਚ 1367 ਅਤੇ ਵਾਰਾਣਸੀ 'ਚ 831 ਲੋਕਾਂ ਦੀ ਜਾਨ ਗਈ, ਜਦਕਿ ਸ਼ਿਮਲਾ 'ਚ ਇਹ ਦਰ ਸਭ ਤੋਂ ਘੱਟ ਭਾਵ 59 ਹੈ। ਰਿਪੋਰਟ 'ਚ ਕਿਹਾ ਗਿਆ ਹੈ, ਭਾਰਤ 'ਚ ਰਾਸ਼ਟਰੀ ਹਵਾ ਦੀ ਗੁਣਵੱਤਾ ਬਾਰੇ ਮਾਪਦੰਡਾਂ ਨੂੰ ਸਖ਼ਤ ਕਰਨ ਦੀ ਲੋੜ ਹੈ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਕਾਬੂ 'ਚ ਕਰਨ ਦੀਆਂ ਕੋਸ਼ਿਸ਼ਾਂ ਦੁੱਗਣੀ ਕਰਨ ਦੀ ਲੋੜ ਹੈ।

# ਲੁਧਿਆਣਾ 'ਚ ਸ਼ਿਵ ਸੈਨਾ ਆਗੂ 'ਤੇ ਕਾਤਲਾਨਾ ਹਮਲਾ

## ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ

ਲੁਧਿਆਣਾ : ਸ਼ਿਵ ਸੈਨਾ ਪੰਜਾਬ ਦੇ ਆਗੂ ਸੰਦੀਪ ਥਾਪਰ ਗੋਰਾ 'ਤੇ ਅੱਜ ਸਵੇਰੇ ਨਿਹੰਗ ਬਾਣੇ 'ਚ ਆਏ ਤਿੰਨ ਨੌਜਵਾਨਾਂ ਨੇ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਸੰਦੀਪ ਥਾਪਰ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਦੋ ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸੰਦੀਪ ਥਾਪਰ ਐਕਟਿਵਾ ਸਕੂਟਰ 'ਤੇ ਆਪਣੇ ਸੁਰੱਖਿਆ ਮੁਲਾਜ਼ਮ ਨਾਲ ਸਿਵਲ ਹਸਪਤਾਲ ਦੇ ਬਾਹਰੋਂ ਲੰਘ ਰਿਹਾ ਸੀ। ਇਸ ਦੌਰਾਨ ਪਿੱਛਿਓਂ ਆਏ ਕੁਝ ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰ ਲਿਆ। ਨੌਜਵਾਨ ਨਿਹੰਗ ਸਿੰਘਾਂ ਦੇ ਬਾਣੇ ਵਿੱਚ ਸਨ। ਇਨ੍ਹਾਂ 'ਚੋਂ ਇੱਕ ਨੌਜਵਾਨ ਸੁਰੱਖਿਆ ਮੁਲਾਜ਼ਮ ਨੂੰ ਇੱਕ ਪਾਸੇ ਲੈ ਗਿਆ ਤੇ ਦੂਜਿਆਂ ਨੇ ਸ਼ਿਵ ਸੈਨਾ ਆਗੂ 'ਤੇ ਹਮਲਾ ਕਰ ਦਿੱਤਾ। ਇਹ ਦੇਖ ਕੇ ਸੁਰੱਖਿਆ ਮੁਲਾਜ਼ਮ ਨੇ ਰਿਵਾਲਵਰ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਉਸ ਨੂੰ ਧੱਕੇ ਮਾਰ ਕੇ ਪਿੱਛੇ ਕਰ ਦਿੱਤਾ ਅਤੇ ਰਿਵਾਲਵਰ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਮੁਲਜ਼ਮ ਥਾਪਰ ਦੀ ਐਕਟਿਵਾ 'ਤੇ ਹੀ ਮੌਕੇ ਤੋਂ ਫ਼ਰਾਰ ਹੋ ਗਏ। ਇਸ ਦੌਰਾਨ ਸਥਾਨਕ ਲੋਕਾਂ ਨੇ ਥਾਪਰ ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੋਂ ਉਸ ਨੂੰ ਡੀਐੱਮਸੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਡੀਐੱਮਸੀ ਹਸਪਤਾਲ ਵਿੱਚ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਬਾਰੇ ਸੂਚਨਾ ਮਿਲਦੇ ਹੀ ਡੀਸੀਪੀ



ਘਟਨਾ ਸਥਾਨ 'ਤੇ ਜਾਂਚ ਕਰਦੇ ਹੋਏ ਪੁਲਿਸ ਅਧਿਕਾਰੀ ਅਤੇ (ਇਨਸੈਂਟ) ਹਸਪਤਾਲ 'ਚ ਜ਼ੇਰੇ ਇਲਾਜ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਗੋਰਾ।

ਜਸਕਿਰਨਜੀਤ ਸਿੰਘ ਤੇਜਾ ਸਮੇਤ ਹੋਰ ਪੁਲੀਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਸਾਰੀ ਵਾਰਦਾਤ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ ਹੈ। ਪੁਲੀਸ ਨੇ ਥਾਣਾ ਡਿਵੀਜ਼ਨ ਨੰਬਰ-2 ਵਿੱਚ ਤਿੰਨ ਨੌਜਵਾਨਾਂ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਅਤੇ ਲੁੱਟ ਸਮੇਤ ਹੋਰ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਵੱਖ-ਵੱਖ ਹਿੰਦੂ ਜਥੇਬੰਦੀਆਂ ਨੇ ਹਮਲਾਵਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਰਬਜੀਤ ਸਿੰਘ ਸਾਬਾ (34) ਵਾਸੀ ਟਿੱਬਾ ਰੋਡ, ਲੁਧਿਆਣਾ ਅਤੇ ਹਰਜੋਤ ਸਿੰਘ ਜੋਤਾ ਵਾਸੀ ਭਾਮੀਆਂ ਕਲਾਂ, ਲੁਧਿਆਣਾ ਵਜੋਂ ਹੋਈ ਹੈ ਜਦੋਂਕਿ ਅੰਮ੍ਰਿਤਸਰ ਦਾ ਰਹਿਣ ਵਾਲਾ ਟਹਿਲ ਸਿੰਘ ਅਜੇ ਫ਼ਰਾਰ ਹੈ। ਦੋਹਾਂ ਮੁਲਜ਼ਮਾਂ ਨੂੰ ਫ਼ਤਹਿਗੜ੍ਹ ਸਾਹਿਬ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ ਅਗਲੇਰੀ ਪੁੱਛ-ਪੜਤਾਲ ਜਾਰੀ ਹੈ।

# ਸ਼੍ਰੋਮਣੀ ਕਮੇਟੀ ਨੇ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ




ਅੰਮ੍ਰਿਤਸਰ : ਮਹਾਨ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਦੇ ਜੀਵਨ ਇਤਿਹਾਸ ਬਾਰੇ ਜਾਣਕਾਰੀ ਦਿਤੀ ਅਤੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਈ ਮਨੀ ਸਿੰਘ ਸਿੱਖ ਕੌਮ ਦੀ ਉਹ ਸ਼ਖ਼ਸੀਅਤ ਹਨ, ਜਿਨ੍ਹਾਂ ਦੇ ਪਰਿਵਾਰ ਵਿੱਚੋਂ ਕਈ ਸ਼ਹਾਦਤਾਂ ਹੋਈਆਂ। ਭਾਈ ਮਨੀ ਸਿੰਘ ਨੇ ਧਰਮ 'ਤੇ ਅਡੋਲ ਰਹਿੰਦਿਆਂ ਬੰਦ-ਬੰਦ ਕਟਵਾ ਕੇ ਸਿੱਖੀ ਸਿਦਕ ਦੀ ਮਿਸਾਲ ਕਾਇਮ ਕੀਤੀ। ਇਸ ਦੌਰਾਨ ਸਜਾਏ ਗਏ ਧਾਰਮਿਕ ਦੀਵਾਨ 'ਚ ਪ੍ਰਚਾਰਕ ਭਾਈ ਤਰਸੇਮ ਸਿੰਘ ਤੇ ਢਾਡੀ ਭਾਈ ਹਰਪ੍ਰੀਤ ਸਿੰਘ ਜੇਠੂਵਾਲ ਦੇ ਜਥੇ ਨੇ ਸੰਗਤ ਨੂੰ ਸ਼ਹੀਦ ਭਾਈ ਮਨੀ ਸਿੰਘ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ।

# ਦਰਬਾਰ ਸਾਹਿਬ ਸਮੂਹ 'ਚ ਫਿਲਮਾਂ ਦੇ ਪ੍ਰਚਾਰ 'ਤੇ ਰੋਕ

## ਪਰਿਕਰਮਾ ਵਿੱਚ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਮਰਿਆਦਾ ਦੀ ਹੋ ਰਹੀ ਉਲੰਘਣਾ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਫਿਲਮੀ ਕਲਾਕਾਰਾਂ ਵੱਲੋਂ ਫਿਲਮਾਂ ਦੇ ਪ੍ਰਚਾਰ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ 'ਤੇ ਰੋਕ ਲਾ ਦਿੱਤੀ ਹੈ। ਇਹ ਫ਼ੈਸਲਾ ਬੀਤੇ ਦਿਨ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਸੀ, ਜਿਸ ਨੂੰ ਹੁਣ ਲਾਗੂ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਵਡੋਦਰਾ ਵਾਸੀ ਅਰਚਨਾ ਮਕਵਾਨਾ ਨੇ ਇੱਥੇ ਪਰਿਕਰਮਾ ਵਿੱਚ ਯੋਗ ਆਸਣ ਕੀਤਾ ਸੀ, ਜਿਸ ਦਾ ਵਿਵਾਦ ਅਜੇ ਚੱਲ ਹੀ ਰਿਹਾ ਸੀ ਕਿ ਅਗਲੇ ਦਿਨ ਦਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਨੇ ਆਪਣੀ ਫਿਲਮ ਦੇ ਪ੍ਰਚਾਰ ਲਈ ਇੱਥੇ ਮੱਥਾ ਟੇਕਿਆ। ਦਲਜੀਤ ਦੋਸਾਂਝ ਨੇ ਸਵੇਰੇ ਪ੍ਰਕਾਸ਼ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਵੀਡੀਓ ਸਾਂਝੀ ਕੀਤੀ, ਜਿਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖ਼ਤ ਨੋਟਿਸ ਲਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧੀ ਫ਼ੈਸਲਾ ਲੈਂਦਿਆਂ ਫਿਲਮਾਂ ਦੇ ਪ੍ਰਚਾਰ ਅਤੇ ਪ੍ਰਮੋਸ਼ਨ ਵਾਸਤੇ ਸ੍ਰੀ



ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ 'ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ।

ਇਸ ਰੋਕ ਤਹਿਤ ਆਮ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਕੁਝ ਛੋਟ ਦਿੱਤੀ ਗਈ ਹੈ, ਜਿਸ ਤਹਿਤ ਉਹ ਯਾਦਗਾਰ ਵਜੋਂ ਪਰਿਕਰਮਾ ਵਿੱਚ ਆਪਣੀ ਤਸਵੀਰ ਅਤੇ ਸੈਲਫੀ ਲੈ ਸਕਦੇ ਹਨ ਪਰ ਚਲਦੇ ਹੋਏ ਵੀਡੀਓਗ੍ਰਾਫੀ ਕਰਨ ਤੋਂ ਗੁਰੇਜ਼ ਕਰਨਾ ਹੋਵੇਗਾ। ਇਸ ਸਬੰਧੀ ਮਰਿਆਦਾ ਦੇ ਪਾਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਪਰਿਕਰਮਾ ਵਿੱਚ ਵਾਧੂ ਟਾਸਕ ਫੋਰਸ ਲਗਾਉਣ ਅਤੇ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਫ਼ੌਰੀ ਤੌਰ 'ਤੇ ਲਾਗੂ ਕੀਤਾ ਗਿਆ ਹੈ। ਪਰਿਕਰਮਾ ਵਾਸਤੇ ਵਾਧੂ ਸਟਾਫ ਭਰਤੀ ਕੀਤਾ ਜਾ ਰਿਹਾ ਹੈ, ਜੋ ਇਸੇ ਹਫ਼ਤੇ ਆਪਣੀ ਡਿਊਟੀ 'ਤੇ ਪੁੱਜ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਿਕਰਮਾ ਵਿੱਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਵਰਕਸ਼ਾਪ ਲਾ ਕੇ ਸਿੱਖਿਅਤ ਕੀਤਾ ਜਾਵੇਗਾ ਕਿ ਕਿਵੇਂ ਧਾਰਮਿਕ ਸਥਾਨ ਦੀ ਮਰਿਆਦਾ ਦੀ ਪਾਲਣਾ ਕਰਨੀ ਹੈ ਅਤੇ ਸੈਲਾਨੀਆਂ ਨਾਲ ਨਿਮਰਤਾ ਨਾਲ ਪੇਸ਼ ਆਉਣਾ ਹੈ।

**ਮਰਿਆਦਾ ਦੀ ਪਾਲਣਾ ਜ਼ਰੂਰੀ: ਧਾਮੀ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਧਾਰਮਿਕ ਸਥਾਨ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਆਸਥਾ ਦਾ ਧਿਆਨ ਰੱਖਣਾ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਗੁਰੂ ਧਾਮ ਦੀ ਮਰਿਆਦਾ ਦੀ ਪਾਲਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸੇ ਤਹਿਤ ਹੀ ਕੁਝ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

# ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ 'ਚ ਨਾਮਜ਼ਦਗੀਆਂ ਨੂੰ ਚੁਣੌਤੀ ਦਿੰਦੀ ਪਟੀਸ਼ਨ ਰੱਦ

ਨਵੀਂ ਦਿੱਲੀ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਮਲਿਆਂ ਦਾ ਪ੍ਰਬੰਧ ਦੇਖਣ ਵਾਲੀ ਪ੍ਰਬੰਧਕ ਕਮੇਟੀ ਲਈ ਪਟਨਾ ਦੇ ਜ਼ਿਲ੍ਹਾ ਜੱਜ ਵੱਲੋਂ ਕੀਤੀਆਂ ਤਿੰਨ ਨਾਮਜ਼ਦਗੀਆਂ ਨੂੰ ਚੁਣੌਤੀ ਦਿੰਦੀ ਪਟੀਸ਼ਨ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ ਹੈ। ਜਸਟਿਸ ਬੀਆਰ ਗਵਈ ਨੇ ਕਿਹਾ, 'ਅਸੀਂ ਹਾਈ ਕੋਰਟ ਵੱਲੋਂ ਦਿੱਤੇ ਫ਼ੈਸਲੇ 'ਚ ਦਖ਼ਲ ਨਹੀਂ ਦੇਣਾ ਚਾਹੁੰਦੇ। ਇਸ ਲਈ, ਸ਼ਪੈਸ਼ਲ ਲੀਵ ਪਟੀਸ਼ਨ ਰੱਦ ਕੀਤੀ ਜਾਂਦੀ ਹੈ।' ਇਹ ਪਟੀਸ਼ਨ ਸਿੱਖ ਸੰਸਥਾ 'ਦਿ ਸਿੱਖ ਕੁਲੈਕਟਿਵ' ਵੱਲੋਂ ਦਾਇਰ ਕੀਤੀ ਗਈ ਸੀ। ਪਟੀਸ਼ਨਰ ਨੇ ਪਟਨਾ ਹਾਈ ਕੋਰਟ ਵੱਲੋਂ 16 ਫਰਵਰੀ ਨੂੰ ਦਿੱਤੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਰਾਹੀਂ ਅਦਾਲਤ ਨੇ ਪਟਨਾ ਦੇ ਜ਼ਿਲ੍ਹਾ ਜੱਜ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਲਈ ਕੀਤੀਆਂ ਤਿੰਨ ਨਾਮਜ਼ਗੀਆਂ ਖ਼?ਲਾਫ਼ ਇਸ ਵੱਲੋਂ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਪਟੀਸ਼ਨਰ ਦਾ ਕਹਿਣਾ ਸੀ ਕਿ ਜ਼ਿਲ੍ਹਾ ਜੱਜ ਨੂੰ ਚੋਣਾਂ ਤੋਂ ਪਹਿਲਾਂ ਨਾਮਜ਼ਦਗੀਆਂ ਨਹੀਂ ਕਰਨੀਆਂ ਚਾਹੀਦੀਆਂ ਸਨ ਕਿਉਂਕਿ ਅਜਿਹਾ ਕਰਨਾ ਕਮੇਟੀ ਬਣਾਉਣ ਲਈ ਬਣੇ ਸੰਵਿਧਾਨ ਤੇ ਉਪ-ਨਿਯਮਾਂ ਦੇ ਦਾਇਰੇ ਤੋਂ ਬਾਹਰ ਹੈ।

# ਪੰਥ ਤੇ ਪਰਿਵਾਰ 'ਚੋਂ ਹਮੇਸ਼ਾ ਪੰਥ ਨੂੰ ਚੁਣਾਂਗਾ: ਅੰਮ੍ਰਿਤਪਾਲ

ਅੰਮ੍ਰਿਤਸਰ : ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਜੇ ਉਸ ਨੂੰ ਪੰਥ ਜਾਂ ਪਰਿਵਾਰ 'ਚੋਂ ਕਿਸੇ ਇੱਕ ਨੂੰ ਚੁਣਨਾ ਪਿਆ ਤਾਂ ਉਹ ਪੰਥ ਨੂੰ ਚੁਣੇਗਾ। ਅੰਮ੍ਰਿਤਪਾਲ ਦਾ ਇਹ ਬਿਆਨ ਉਸ ਦੀ ਮਾਂ ਦੇ ਬਿਆਨ ਤੋਂ ਬਾਅਦ ਆਇਆ ਹੈ। ਉਸ ਨੇ ਆਪਣੀ ਮਾਂ ਬਲਵਿੰਦਰ ਕੌਰ ਵੱਲੋਂ ਉਸ ਨੂੰ 'ਖਾਲਿਸਤਾਨ ਸਮਰਥਕ ਨਹੀਂ' ਦੱਸਣ ਸਬੰਧੀ ਦਿੱਤੇ ਬਿਆਨ ਦਾ ਸਖ਼ਤ ਵਿਰੋਧ ਕੀਤਾ ਹੈ। ਉਸ ਨੇ ਕਿਹਾ ਕਿ ਖਾਲਸਾ ਰਾਜ ਦਾ ਸੁਪਨਾ ਦੇਖਣਾ ਕੋਈ ਗੁਨਾਹ ਨਹੀਂ ਹੈ, ਸਗੋਂ ਇਹ ਮਾਣ ਵਾਲੀ ਗੱਲ ਹੈ। ਉਸ ਦਾ ਇਹ ਬਿਆਨ ਡਿਬਰੂਗੜ੍ਹ ਜੇਲ੍ਹ ਤੋਂ ਆਇਆ ਹੈ ਅਤੇ ਇਹ ਬਿਆਨ ਉਸ ਦੇ ਸੋਸ਼ਲ ਮੀਡੀਆ ਖਾਤੇ 'ਤੇ ਵੀ ਅਪਲੋਡ ਕੀਤਾ ਗਿਆ ਹੈ।

ਗ਼ੌਰਲਤਬ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ 5 ਜੁਲਾਈ ਨੂੰ ਦਿੱਲੀ ਵਿੱਚ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਸੀ। ਇਸ ਦੌਰਾਨ ਉਸ ਦੀ ਮਾਤਾ ਬਲਵਿੰਦਰ ਕੌਰ ਵੱਲੋਂ ਬਿਆਨ ਦਿੱਤਾ ਗਿਆ ਸੀ ਕਿ ਉਸ ਦਾ ਪੁੱਤਰ ਖਾਲਿਸਤਾਨ ਸਮਰਥਕ ਨਹੀਂ ਹੈ ਤੇ ਉਸ ਦੀ ਰਿਹਾਈ ਕੀਤੀ ਜਾਵੇ। ਇਸ ਤੋਂ ਇੱਕ ਦਿਨ ਬਾਅਦ ਬੀਤੇ ਕੱਲ੍ਹ ਦੇਰ ਰਾਤ ਅੰਮ੍ਰਿਤਪਾਲ



ਸਿੰਘ ਦਾ ਇਹ ਬਿਆਨ ਜਨਤਕ ਕੀਤਾ ਗਿਆ ਹੈ। ਅੱਜ ਇਸ ਸਬੰਧੀ ਉਸ ਦੇ ਮਾਤਾ ਅਤੇ ਪਿਤਾ ਦੋਵੇਂ ਇੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਮਿਲੇ ਹਨ। ਇਸ ਤੋਂ ਬਾਅਦ ਉਸ ਦੇ ਪਿਤਾ ਤਰਸੇਮ ਸਿੰਘ ਨੇ ਇਸ ਬਿਆਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਬਿਆਨ ਅੰਮ੍ਰਿਤਪਾਲ ਸਿੰਘ ਦਾ ਹੀ ਹੈ। ਉਸ ਨੇ ਜੇਲ੍ਹ ਤੋਂ ਜਾਰੀ ਕੀਤੇ ਆਪਣੇ ਬਿਆਨ ਵਿੱਚ ਆਖਿਆ ਕਿ ਉਸ ਨੂੰ ਜਦੋਂ ਆਪਣੀ ਮਾਤਾ ਵੱਲੋਂ ਦਿੱਤੇ ਅਜਿਹੇ ਬਿਆਨ ਦਾ ਪਤਾ ਲੱਗਾ ਤਾਂ ਉਸ ਦਾ ਮਨ ਬਹੁਤ ਦੁਖੀ ਹੋਇਆ ਹੈ। ਉਸ ਨੇ ਆਖਿਆ ਕਿ ਉਸ ਨੂੰ ਯਕੀਨ ਹੈ ਕਿ ਮਾਤਾ ਜੀ ਵੱਲੋਂ ਅਣਜਾਣੇ ਵਿੱਚ ਅਜਿਹਾ ਬਿਆਨ ਦਿੱਤਾ ਗਿਆ ਹੈ। ਉਸ ਨੇ ਕਿਹਾ ਕਿ ਖਾਲਸਾ ਰਾਜ ਦਾ ਸੁਪਨਾ ਦੇਖਣਾ ਕੋਈ ਗੁਨਾਹ ਨਹੀਂ ਹੈ। ਇਸ ਸਬੰਧੀ ਉਸ ਦੇ ਪਿਤਾ ਤਰਸੇਮ ਸਿੰਘ ਨੇ ਦੱਸਿਆ ਕਿ ਅੱਜ ਪਰਿਵਾਰ ਨੇ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰ ਕੇ ਅੰਮ੍ਰਿਤਪਾਲ ਦੀ ਰਿਹਾਈ ਲਈ ਹੋਰ ਯਤਨ ਕਰਨ ਵਾਸਤੇ ਅਪੀਲ ਕੀਤੀ ਹੈ।

# ਡਰੱਗ ਮਾਮਲਾ: ਸਿਟ ਨੇ ਮਜੀਠੀਆ ਨੂੰ ਜਾਰੀ ਨੋਟਿਸ ਵਾਪਸ ਲਿਆ

ਚੰਡੀਗੜ੍ਹ : ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ ਜਾਂਚ ਟੀਮ (ਸਿਟ) ਨੇ ਬਿਕਰਮ ਸਿੰਘ ਮਜੀਠੀਆ ਨੂੰ ਜਾਰੀ ਸੰਮਨ ਅੱਜ ਵਾਪਸ ਲਏ ਹਨ, ਜਿਸ ਕਾਰਨ ਸਾਬਕਾ ਮੰਤਰੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਖਲ ਪਟੀਸ਼ਨ ਬੇਅਸਰ ਹੋ ਗਈ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜੀ.ਐੱਸ. ਸੰਧਾਵਾਲੀਆ ਅਤੇ ਜਸਟਿਸ ਵਿਕਾਸ ਬਹਿਲ ਦੇ ਡਿਵੀਜ਼ਨ ਬੈਂਚ ਵੱਲੋਂ ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਦਸਤਾਵੇਜ਼ ਜਾਂ ਕੋਈ ਹੋਰ ਚੀਜ਼ ਪੇਸ਼ ਕਰਨ ਲਈ ਸੰਮਨ ਦੇ ਸਬੰਧ 'ਚ ਅਪਰਾਧਕ ਪ੍ਰਕਿਰਿਆ ਦੀ ਧਾਰਾ 91 ਤਹਿਤ ਆਉਣ ਵਾਲਾ ਨੋਟਿਸ ਵਾਪਸ ਲਿਆ ਗਿਆ ਹੈ। ਹਲਫਨਾਮੇ ਦਾ ਨੋਟਿਸ ਲੈਂਦਿਆਂ ਬੈਂਚ ਨੇ ਸਪੱਸ਼ਟ ਕੀਤਾ ਕਿ ਪਟੀਸ਼ਨ ਨੂੰ ਰੱਦ ਮੰਨਣ ਤੋਂ ਪਹਿਲਾਂ ਸਰਕਾਰ ਇਸ ਸਬੰਧੀ ਹਲਫ਼ਨਾਮਾ ਦੇਣ ਲਈ ਪਾਬੰਦ ਹੋਵੇਗੀ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਸਿਟ ਵੱਲੋਂ ਨੋਟਿਸ ਭੇਜੇ ਜਾਣ ਮਗਰੋਂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਕੀਲਾਂ ਇਸ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ



ਚੁਣੌਤੀ ਦਿੱਤੀ ਸੀ। ਹਾਲਾਂਕਿ ਹਾਈ ਕੋਰਟ 'ਚ ਪਿਛਲੀ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਸਿਟ ਵੱਲੋਂ 7 ਜੂਨ ਜਾਰੀ ਨੋਟਿਸ ਦੇ ਹਵਾਲੇ ਪੁੱਛ-ਪੜਤਾਲ ਤੇ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਨੂੰ ਲਾਜ਼ਮੀ ਦੱਸਿਆ ਸੀ। ਮਜੀਠੀਆ ਨੇ ਦਲੀਲ ਦਿੱਤੀ ਸੀ ਕਿ ਵਾਰ-ਵਾਰ ਸੰਮਨ ਭੇਜ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹਾਈ ਕੋਰਟ ਨੇ ਉਨ੍ਹਾਂ ਨੂੰ 8 ਜੁਲਾਈ ਤੱਕ ਸਿਟ ਸਾਹਮਣੇ ਪੇਸ਼ ਹੋਣ ਤੋਂ ਰਾਹਤ ਦਿੱਤੀ ਸੀ।

# ਰੇਲਵੇ ਸੰਘਰਸ਼ ਸੰਮਤੀ ਦਾ ਵ਼ਫਦ ਸਰਬਜੀਤ ਖਾਲਸਾ ਨੂੰ ਮਿਲਿਆ

ਕੋਟਕਪੂਰਾ : ਰੇਲਵੇ ਸੰਘਰਸ਼ ਸੰਮਤੀ ਕੋਟਕਪੂਰਾ ਦਾ ਵਫ਼ਦ ਪ੍ਰਧਾਨ ਨਰਿੰਦਰ ਕੁਮਾਰ ਰਾਠੌਰ ਦੀ ਅਗਵਾਈ ਹੇਠ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੂੰ ਮਿਲਿਆ ਅਤੇ ਕੋਟਕਪੂਰਾ ਤੋਂ ਮੋਗਾ ਨਵੀਂ ਰੇਲ ਲਾਈਨ ਵਿਛਾਉਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਨਵੀਆਂ ਰੇਲ ਗੱਡੀਆਂ ਫਿਰੋਜ਼ਪੁਰ ਤੋਂ ਵਾਇਆ ਕੋਟਕਪੂਰਾ, ਬਠਿੰਡਾ, ਨੰਦੇੜ ਅਤੇ ਫਿਰੋਜ਼ਪੁਰ ਤੋਂ ਹਰਿਦੁਆਰ (ਵਾਇਆ ਕੋਟਕਪੂਰਾ, ਬਠਿੰਡਾ) ਚਲਾਉਣ ਦੀ ਮੰਗ ਕੀਤੀ ਗਈ। ਕੋਵਿਡ ਦੌਰਾਨ ਕੇਂਦਰ ਸਰਕਾਰ ਵੱਲੋਂ ਬੰਦ ਕੀਤੀ ਗਈ ਫਿਰੋਜ਼ਪੁਰ-ਮੁੰਬਈ ਜਨਤਾ ਐਕਸਪ੍ਰੈੱਸ ਨੂੰ ਦੁਬਾਰਾ ਚਲਾਉਣ ਦੀ ਮੰਗ ਕੀਤੀ। ਅਹਿਮਦਾਬਾਦ ਤੋਂ ਕੱਟੜਾ ਅਤੇ ਫਿਰੋਜ਼ਪੁਰ ਤੋਂ ਰਾਮੇਸ਼ਵਰਮ ਗੱਡੀ, ਜੰਮੂ ਤਵੀ ਅਹਿਮਦਾਬਾਦ ਦਾ ਠਹਿਰਾਅ ਕੋਟਕਪੂਰਾ ਰੇਲਵੇ ਸਟੇਸ਼ਨ 'ਤੇ ਕਰਨ ਦੀ ਮੰਗ ਵੀ ਕੀਤੀ



ਗਈ। ਜ਼ਿਕਰਯੋਗ ਹੈ ਕੁਝ ਗੱਡੀਆਂ ਜੋ ਦਿੱਲੀ ਤੋਂ ਚੱਲ ਕੇ ਬਠਿੰਡਾ ਖੜ੍ਹੀਆਂ ਹੋ ਜਾਂਦੀਆਂ ਹਨ ਜਿਵੇਂ ਕਿ ਦਿੱਲੀ-ਬਠਿੰਡਾ ਸੁਪਰਫਾਸਟ, ਕਿਸਾਨ ਐਕਸਪ੍ਰੈੱਸ ਨੂੰ ਫਿਰੋਜ਼ਪੁਰ ਜਾਂ ਫਾਜ਼ਿਲਕਾ ਤੱਕ ਵਧਾਇਆ ਜਾਵੇ। ਇਸ ਮੌਕੇ ਜਗਦੀਸ਼ ਪ੍ਰਸਾਦ, ਮੋਹਨ ਲਾ ਤੇ ਹਰਜਿੰਦਰ ਸਿੰਘ ਝੱਖੜਵਾਲਾ ਆਦਿ ਹਾਜ਼ਰ ਸਨ।

# ਭਾਰਤ ਸਰਕਾਰ ਨਵੇਂ ਕਾਨੂੰਨ ਕੇਵਲ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਨਾ ਵਰਤੇ : ਐਡਵੋਕੇਟ ਹਰਜਿੰਦਰ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਾਜਸਥਾਨ ਦੇ ਸਿੱਖ ਆਗੂ ਅਤੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸਰਗਰਮ ਤੇਜਿੰਦਰਪਾਲ ਸਿੰਘ ਟਿੰਮਾ ਨੂੰ ਨਵੇਂ ਕਾਨੂੰਨਾਂ ਤਹਿਤ ਨਿਸ਼ਾਨੇ 'ਤੇ ਲੈ ਕੇ ਦੇਸ਼ ਧ੍ਰੋਹ ਦਾ ਪਰਚਾ ਦਰਜ ਕਰਨਾ ਦੇਸ਼ ਅੰਦਰ ਸਿੱਖਾਂ ਵਿਰੁੱਧ ਚੱਲੀਆਂ ਜਾ ਰਹੀਆਂ ਸਰਕਾਰੀ ਚਾਲਾਂ ਦੀ ਤਸਵੀਰ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਕਰੜੀ ਨਿੰਦਾ ਕਰਦੀ ਹੈ। ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਤੇਜਿੰਦਰਪਾਲ ਸਿੰਘ ਟਿੰਮਾ ਨਾਲ ਖੜ੍ਹੀ ਹੈ ਅਤੇ ਹਰ ਲੋੜੀਂਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਾਰਤ ਬਹੁ-ਕੌਮੀ, ਬਹੁ-ਧਰਮੀ ਅਤੇ ਬਹੁ-ਸਭਿਅਕ ਦੇਸ਼ ਹੈ ਅਤੇ ਇੱਥੇ ਕਾਨੂੰਨ ਵੀ ਸਭ ਲਈ ਇਕਸਾਰ ਹੋਣੇ ਚਾਹੀਦੇ ਹਨ। ਘੱਟਗਿਣਤੀਆਂ ਅਤੇ ਖਾਸਕਰ ਸਿੱਖਾਂ ਨੂੰ ਦਬਾਉਣ ਦੀ ਸਰਕਾਰੀ ਪ੍ਰਵਿਰਤੀ ਦੇਸ਼ ਹਿਤ ਵਿੱਚ ਨਹੀਂ ਹੈ। ਉਨ੍ਹਾ ਕਿਹਾ ਕਿ ਜੇਕਰ ਬੋਲਣ ਦੀ ਆਜ਼ਾਦੀ ਲਈ ਮਾਪਦੰਡ ਵੱਖੋ-ਵੱਖਰੇ ਰੱਖਣੇ ਹਨ ਤਾਂ ਇਹ ਸਭ ਨੂੰ ਸੰਵਿਧਾਨਿਕ ਤੌਰ 'ਤੇ ਮਿਲੇ ਹੱਕ-ਹਕੂਕ ਕੇਵਲ ਇੱਕ ਕਾਗਜ਼ੀ ਪੁਲੰਦਾ ਹੀ ਕਹੇ ਜਾ ਸਕਦੇ ਹਨ।



ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨਵੇਂ ਕਾਨੂੰਨ ਕੇਵਲ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਨਾ ਵਰਤੇ ਸਗੋਂ ਸਿੱਖਾਂ ਵਿਰੁੱਧ ਉੱਠ ਰਹੀਆਂ ਆਵਾਜ਼ਾਂ ਅਤੇ ਸੋਸ਼ਲ ਮੀਡੀਆ ਉੱਤੇ ਕੀਤੇ ਜਾਂਦੇ ਸਿੱਖ ਵਿਰੋਧੀ ਨਫ਼ਰਤੀ ਪ੍ਰਚਾਰ 'ਤੇ ਵੀ ਲਾਗੂ ਕਰੇ। ਉਨ੍ਹਾ ਕਿਹਾ ਕਿ ਸਿੱਖਾਂ ਵਿਰੁੱਧ ਮਿੱਥ ਕੇ ਕੀਤੇ ਜਾਂਦੇ ਵਿਧੀਵਤ ਨਫ਼ਰਤੀ ਪ੍ਰਚਾਰ ਦੀ ਨਿਸ਼ਾਨਦੇਹੀ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਸੋਸ਼ਲ ਮੀਡੀਆ ਖਾਤਿਆਂ ਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਲਿਖਤੀ ਭੇਜੀ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੁੰਦੀ, ਪਰੰਤੂ ਸਿੱਖਾਂ ਵਿਰੁੱਧ ਇੱਕ ਆਮ ਸ਼ਿਕਾਇਤ 'ਤੇ ਵੀ ਗੰਭੀਰ ਧਾਰਾਵਾਂ ਦਰਜ ਕਰ ਦਿੱਤੀਆਂ ਜਾਂਦੀਆਂ ਹਨ। ਇਹ ਦੇਸ਼ ਅੰਦਰ ਸਭ ਧਰਮਾਂ, ਵਰਗਾਂ ਲਈ ਇਕਸਾਰ ਸੁਣਵਾਈ ਵਾਲਾ ਮਾਪਦੰਡ ਨਹੀਂ ਹੈ। ਉਨ੍ਹਾ ਕਿਹਾ ਕਿ ਅਸੀਂ ਤੇਜਿੰਦਰਪਾਲ ਸਿੰਘ ਟਿੰਮਾ ਦੇ ਨਾਲ ਹਾਂ ਅਤੇ ਕਾਨੂੰਨੀ ਲੜਾਈ ਵਿੱਚ ਸਹਿਯੋਗੀ ਰਹਾਂਗੇ। ਉਨ੍ਹਾਂ ਰਾਜਸਥਾਨ ਦੀ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਤੇਜਿੰਦਰਪਾਲ ਸਿੰਘ ਖ਼ਿਲਾਫ਼ ਦਰਜ ਕੀਤੇ ਗਏ ਪਰਚੇ ਨੂੰ ਤੁਰੰਤ ਰੱਦ ਕਰਨ ਲਈ ਵੀ ਆਖਿਆ।

# ਇੱਕ ਸਿੱਖ 'ਤੇ ਸਭ ਤੋਂ ਪਹਿਲਾ ਦਰਜ ਕੀਤਾ ਦੇਸ਼ ਧਰੋਹ ਦਾ ਮੁਕੱਦਮਾ : ਜਥੇਦਾਰ ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਰਾਜਸਥਾਨ ਦੇ ਉੱਘੇ ਸਿੱਖ ਆਗੂ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੇ ਨਾਂਅ ਹੇਠ ਦੇਸ਼ ਵਿਚ ਲਾਗੂ ਕੀਤੀ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸ੍ਰੀ ਗੰਗਾਨਗਰ ਪੁਲਿਸ ਵਲੋਂ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਅੰਦਰ ਘੱਟ-ਗਿਣਤੀਆਂ ਤੇ ਸਿੱਖਾਂ ਵਿਚ ਅਤਿ ਦਰਜੇ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਨਾਜਾਇਜ਼ ਕਾਰਵਾਈ ਕਰਾਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ਼ ਵਿਚ ਲਾਗੂ ਕੀਤੀ ਗਈ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸਭ ਤੋਂ ਪਹਿਲਾ ਦੇਸ਼ ਧਰੋਹ ਦਾ ਮੁਕੱਦਮਾ ਇਕ ਸਿੱਖ 'ਤੇ ਦਰਜ ਕਰ ਕੇ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੇ ਨੋਟੀਫਿਕੇਸ਼ਨ ਦੀ ਤਰਜ਼ 'ਤੇ ਇਕ ਵਾਰ ਮੁੜ ਸਿੱਖਾਂ ਨੂੰ ਜ਼ਲਾਲਤ ਦਾ ਅਹਿਸਾਸ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ 'ਤੇ ਖਾਲਿਸਤਾਨ ਦੀ ਹਮਾਇਤ ਵਿਚ ਲਿਖਣ/ਬੋਲਣ ਕਾਰਨ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨਾ ਹੀ ਆਪਣੇ ਆਪ ਵਿਚ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ, ਕਿਉਂਕਿ ਦੇਸ਼ ਦਾ ਸੰਵਿਧਾਨ ਹੀ ਹਰੇਕ ਮਨੁੱਖ ਨੂੰ ਜਮਹੂਰੀਅਤ ਦੇ ਦਾਇਰੇ ਵਿਚ ਰਹਿ ਕੇ ਸ਼ਾਂਤਮਈ ਤਰੀਕੇ ਨਾਲ ਆਜ਼ਾਦੀ ਜਾਂ ਵੱਖਰਾ ਰਾਜ ਮੰਗਣ ਦਾ ਹੱਕ ਦਿੰਦਾ ਹੈ।



ਉਨ੍ਹਾਂ ਕਿਹਾ ਕਿ ਜੇਕਰ ਵੱਖਰਾ ਰਾਜ ਮੰਗਣਾ ਜਾਂ ਉਸ ਦੀ ਹਮਾਇਤ ਕਰਨਾ ਹੀ ਦੇਸ਼ ਧਰੋਹ ਹੈ ਤਾਂ ਫਿਰ ਹਿੰਦੂ ਰਾਸ਼ਟਰ ਦੀ ਮੰਗ ਦੇ ਨਾਂਅ 'ਤੇ ਫਿਰਕਾਪ੍ਰਸਤੀ ਫੈਲਾਉਣ ਵਾਲਿਆਂ ਵਿਰੁੱਧ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਿਉਂ ਨਹੀਂ ਕੀਤਾ ਜਾਂਦਾ? ਉਨ੍ਹਾਂ ਕਿਹਾ ਕਿ ਟਿੰਮਾ ਦੇ ਖ਼ਿਲਾਫ਼ ਨਜਾਇਜ਼ ਦਰਜ ਕੀਤੇ ਦੇਸ਼ ਧਰੋਹ ਦੇ ਮੁਕੱਦਮੇ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਦੇ ਬਾਵਜੂਦ ਦੇਸ਼ ਦਾ ਹਰ ਨਵਾਂ ਕਾਨੂੰਨ ਸਭ ਤੋਂ ਪਹਿਲਾਂ ਸਿੱਖਾਂ ਖ਼ਿਲਾਫ਼ ਹੀ ਵਰਤਿਆ ਜਾਂਦਾ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖ ਕੌਮ ਅੰਦਰ ਅਲਹਿਦਗੀ ਦਾ ਅਹਿਸਾਸ ਕਰਵਾਉਣਾ ਕਿਸੇ ਵੀ ਤਰ੍ਹਾਂ ਦੇਸ਼ ਦੇ ਵੱਡੇ ਹਿੱਤਾਂ ਵਿਚ ਨਹੀਂ ਹੈ ਅਤੇ ਭਾਰਤ ਸਰਕਾਰ ਨੂੰ ਤੁਰੰਤ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਰਵੱਈਆ ਤਿਆਗ ਕੇ ਤੇਜਿੰਦਰਪਾਲ ਸਿੰਘ ਟਿੰਮਾ ਦੇ ਖ਼ਿਲਾਫ਼ ਦਰਜ ਮੁਕੱਦਮਾ ਰੱਦ ਕਰਨਾ ਚਾਹੀਦਾ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਨੇੜਲੇ ਘੜੂੰਆਂ ਵਿਖੇ ਇਕ ਫਿਲਮ ਦੀ ਸ਼ੂਟਿੰਗ ਦੌਰਾਨ ਸੈੱਟ ਲਗਾ ਕੇ ਨਕਲੀ ਗੁਰਦੁਆਰਾ ਸਾਹਿਬ ਵਿਚ ਨਕਲੀ ਅਨੰਦ ਕਾਰਜ ਦੇ ਫਿਲਮਾਂਕਣ ਦੀ ਘਟਨਾ 'ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਆਖਿਆ ਹੈ ਕਿ ਫਿਲਮੀ ਖੇਤਰ ਦੇ ਲੋਕ ਆਪਣੇ ਵਪਾਰ ਨੂੰ ਮੁੱਖ ਰੱਖ ਕੇ ਸਿੱਖ ਪਰੰਪਰਾਵਾਂ ਨਾਲ ਖਿਲਵਾੜ ਕਰਨ ਵਾਲੀਆਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਉਨ੍ਹਾਂ ਖ਼ਿਲਾਫ਼ ਸਖ਼ਤੀ ਵਰਤਣੀ ਪਵੇਗੀ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ-ਜੋਤਿ ਗੁਰੂ ਹਨ ਅਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਾਟਕਾਂ ਤੇ ਨਕਲੀ ਵਿਆਹਾਂ ਦੇ ਫਿਲਮਾਂਕਣ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸਿੱਖ ਪੰਥ ਵਲੋਂ ਬਹੁਤ ਦੇਰ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਜਾਂ ਗੁਰਦੁਆਰਾ ਸਾਹਿਬਾਨ ਵਿਚ ਨਕਲੀ ਵਿਆਹਾਂ ਦੇ ਫਿਲਮਾਂਕਣ 'ਤੇ ਰੋਕ ਲਗਾਈ ਹੋਈ ਹੈ।

# ਖ਼ਾਲਸਾ ਰਾਜ ਦਾ ਸੁਪਨਾ ਵੇਖਣਾ ਕੋਈ ਗੁਨਾਹ ਨਹੀਂ, ਸਗੋਂ ਮਾਣ ਵਾਲੀ ਗੱਲ ਹੈ : ਭਾਈ ਅੰਮ੍ਰਿਤਪਾਲ ਸਿੰਘ

ਤਰਨ ਤਾਰਨ : ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੀ ਮਾਤਾ ਬਲਵਿੰਦਰ ਕੌਰ ਵਲੋਂ ਦਿੱਤੇ ਬਿਆਨ ਸੰਬੰਧੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਇਕ ਚਿੱਠੀ ਲਿਖੀ ਹੈ, ਜਿਸ ਸੰਬੰਧੀ ਉਨ੍ਹਾਂ ਕਿਹਾ ਕਿ ਇਸ ਬਾਰੇ ਜਦੋਂ ਅੱਜ ਮੈਨੂੰ ਪਤਾ ਲੱਗਾ ਤਾਂ ਮੇਰਾ ਮਨ ਬਹੁਤ ਦੁਖੀ ਹੋਇਆ। ਬੇਸ਼ੱਕ ਮੈਨੂੰ ਇਹ ਯਕੀਨ ਹੈ ਕਿ ਮਾਤਾ ਜੀ ਵਲੋਂ ਇਹ ਬਿਆਨ ਅਣਜਾਣੇ ਵਿਚ ਦਿੱਤਾ ਗਿਆ, ਪਰ ਫਿਰ ਵੀ ਅਜਿਹਾ ਬਿਆਨ ਮੇਰੇ ਪਰਿਵਾਰ ਜਾਂ ਕਿਸੇ ਵੀ ਉਸ ਸ਼ਖ਼ਸ ਵਲੋਂ ਜੋ ਮੇਰੀ ਹਮਾਇਤ ਕਰਦਾ ਹੈ ਉਸ ਵਲੋਂ ਨਹੀਂ ਆਉਣਾ ਚਾਹੀਦਾ। ਵਰਣਨਯੋਗ ਹੈ ਕਿ ਮਾਤਾ ਬਲਵਿੰਦਰ ਕੌਰ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਖ਼ਾਲਿਸਤਾਨੀ ਸਮਰਥਕ ਨਾ ਦੱਸਦਿਆਂ ਹੋਇਆਂ ਕਿਹਾ ਕਿ ਪੰਜਾਬ ਦੇ ਹੱਕਾਂ ਦੀ ਗੱਲ ਕਰਨਾ ਆਪਣੇ ਨੌਜਵਾਨਾਂ ਨੂੰ ਬਚਾਉਣਾ ਕੋਈ ਖ਼ਾਲਿਸਤਾਨੀ ਨਹੀਂ ਹੋ ਜਾਂਦਾ। ਇਸ ਸੰਬੰਧੀ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਜਾਰੀ ਕੀਤੀ ਚਿੱਠੀ ਵਿਚ ਕਿਹਾ ਗਿਆ ਕਿ ਖਾਲਸੇ ਰਾਜ ਦਾ ਸੁਪਨਾ ਵੇਖਣਾ ਕੋਈ ਗੁਨਾਹ ਨਹੀਂ, ਸਗੋਂ ਮਾਣ ਵਾਲੀ ਗੱਲ ਹੈ, ਜਿਸ ਸੁਪਨੇ ਦੀ ਪੂਰਤੀ ਲਈ ਲੱਖਾਂ ਸਿੱਖਾਂ ਨੇ ਸ਼ਹੀਦੀ ਦਿੱਤੀ ਹੋਵੇ, ਉਸ ਮਾਰਗ ਤੋਂ ਪਿੱਛੇ ਹਟ ਜਾਣ ਬਾਰੇ ਅਸੀਂ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਮੈਂ ਬਹੁਤ ਵਾਰ ਸਟੇਜਾਂ ਤੋਂ ਬੋਲਦਿਆਂ ਇਹ ਗੱਲ ਕਹੀ ਹੈ ਕਿ ਜੇ ਮੈਨੂੰ ਪੰਥ ਤੇ ਪਰਿਵਾਰ ਵਿਚੋਂ ਚੁਣਨਾ ਪਿਆ ਤਾਂ ਮੈਂ ਹਮੇਸ਼ਾਂ ਪੰਥ ਦੀ ਚੋਣ ਕਰਾਂਗਾ। ਉਨ੍ਹਾਂ ਲਿਖਿਆ ਕਿ ਇਤਿਹਾਸ ਦਾ ਉਹ ਵਾਕਿਆ ਬਹੁਤ ਢੁੱਕਵਾਂ ਬੈਠਦਾ ਹੈ, ਜਿੱਥੇ ਬੰਦਾ ਸਿੰਘ ਬਹਾਦਰ ਦੇ ਨਾਲ ਦੇ ਸਿੰਘਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਇਕ 14 ਕੁ ਸਾਲ ਦੇ ਨੌਜਵਾਨ ਦੀ ਮਾਂ ਨੇ ਉਸ ਨੂੰ ਬਚਾਉਣ ਲਈ ਇਹ ਗੱਲ ਕਹਿ ਦਿੱਤੀ ਕਿ ਇਹ ਨੌਜਵਾਨ ਸਿੱਖ ਨਹੀਂ ਤਾਂ ਉਸ ਨੌਜਵਾਨ ਨੇ ਅੱਗੋਂ ਇਹ ਗੱਲ ਕਹੀ ਕਿ ਜੇ ਇਹ ਔਰਤ ਇਹ ਕਹਿੰਦੀ ਹੈ ਕਿ ਮੈਂ ਗੁਰੂ ਦਾ ਸਿੱਖ ਨਹੀਂ ਤਾਂ ਮੈਂ ਇਹ ਗੱਲ ਕਹਿਣਾ ਕਿ ਇਹ ਮੇਰੀ ਮਾਂ ਨਹੀਂ, ਬੇਸ਼ੱਕ ਇਹ ਉਦਾਹਰਣ ਇਸ ਘਟਨਾ ਵਾਸਤੇ ਬੇਹੱਦ ਸਖ਼ਤ ਹੈ, ਪਰ ਸਿਧਾਂਤਕ ਪੱਖ ਤੋਂ ਇਹ ਗੱਲ ਸਮਝਣ ਵਾਲੀ ਹੈ। ਮੈਂ ਆਪਣੇ ਪਰਿਵਾਰ ਨੂੰ ਇਸ ਗੱਲ ਦੀ ਤਾੜਨਾ ਕਰਦਾ ਹਾਂ ਕਦੇ ਵੀ ਸਿੱਖ ਰਾਜ 'ਤੇ ਸਮਝੌਤਾ ਕਰਨ ਬਾਰੇ ਸੋਚਣਾ ਵੀ ਗਵਾਰਾ ਨਹੀਂ ਹੈ ਕਹਿਣਾ ਤਾਂ ਦੂਰ ਦੀ ਗੱਲ ਹੈ ਤੇ ਅੱਗੇ ਤੋਂ ਸੰਗਤੀ ਰੂਪ ਵਿਚ ਵਿਚਰਦਿਆਂ ਬੋਲਦਿਆਂ ਅਜਿਹੀ ਕੁਤਾਹੀ ਨਹੀਂ ਹੋਣੀ ਚਾਹੀਦੀ। ਦੂਸਰੀ ਤਰਫ਼ ਮਾਤਾ ਬਲਵਿੰਦਰ ਕੌਰ ਦਾ ਕਹਿਣਾ ਹੈ ਕਿ ਕੁਝ ਮੀਡੀਆ ਵਾਲਿਆਂ ਵਲੋਂ ਉਨ੍ਹਾਂ ਦੀ ਗੱਲ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।



## *ਨਵੇਂ ਕਾਨੂੰਨ ਤਹਿਤ ਸਿੱਖਾਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ !*

# ਰਾਜਸਥਾਨ ਦੇ ਸਿੱਖ ਆਗੂ ਤੇਜਿੰਦਰ ਪਾਲ ਟਿੰਮਾ 'ਤੇ ਫੇਸਬੁੱਕ ਪੋਸਟ ਨੂੰ ਲੈ ਕੇ ਦੇਸ਼ ਧ੍ਰੋਹ ਦਾ ਪਰਚਾ ਦਰਜ

ਰਾਜਸਥਾਨ : 5 ਜੁਲਾਈ ਨੂੰ ਐਮ.ਪੀ. ਵਜੋਂ ਸਹੁੰ ਚੁੱਕਣ ਵਾਲੇ ਵਾਰਿਸ ਪੰਜਾਬ ਦੇ ਮੁਖੀ ਅਤੇ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਸ਼ੋਸ਼ਲ ਮੀਡੀਆ 'ਤੇ ਇੱਕ ਵੀਡੀਓ ਅਪਲੋਡ ਕਰਨ ਦੇ ਦੋਸ਼ ਹੇਠ ਰਾਜਸਥਾਨ ਪੁਲਿਸ ਨੇ ਉੱਘੇ ਸਿੱਖ ਆਗੂ ਤੇਜਿੰਦਰ ਪਾਲ ਸਿੰਘ ਟਿੰਮਾ 'ਤੇ ਮਾਮਲਾ ਦਰਜ ਕੀਤਾ ਹੈ।

ਰਾਜਸਥਾਨ ਦੇ ਸ੍ਰੀ ਗੰਗਾਨਗਰ ਦੇ ਪਦਮਪੁਰ ਰੋਡ 'ਤੇ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਦੇ ਪ੍ਰਧਾਨ ਟਿੰਮਾ ਦੇ ਖਿਲਾਫ ਓਲਡ ਸਿਟੀ ਪੁਲਸ ਸਟੇਸ਼ਨ 'ਚ ਐੱਫ.ਆਈ.ਆਰ. ਦਰਜ ਕੀਤੀ ਹੈ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਸਨੇ 'ਭੜਕਾਊ ਦੇਸ਼ ਵਿਰੋਧੀ ਬਿਆਨ ਦਿੱਤੇ ਹਨ ਅਤੇ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਦਾ ਸਮਰਥਨ ਕੀਤਾ ਹੈ ਅਤੇ ਲੋਕਾਂ ਨੂੰ ਦੇਸ਼ ਅਤੇ ਸਰਕਾਰ ਵਿਰੁੱਧ ਭੜਕਾਇਆ।'

ਟਿੰਮਾ 'ਤੇ ਨਵੇਂ ਫੌਜਦਾਰੀ ਕਾਨੂੰਨ ਬੀਐਨਐਸ ਦੀ ਧਾਰਾ 152 (ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਕਾਰਵਾਈਆਂ) ਅਤੇ 197 (1) (ਸੀ) (ਕੌਮਾਂਤਰੀ ਇਲਜ਼ਾਮ, ਰਾਸ਼ਟਰੀ ਏਕਤਾ ਲਈ ਨੁਕਸਾਨਦੇਹ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।



ਟਿੰਮਾ ਨੇ ਦੋਸ਼ ਲਾਇਆ ਕਿ ਉਸ ਵਿਰੁੱਧ ਐਫਆਈਆਰ ਉਸ ਦੇ ਵਿਰੋਧੀ ਲਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਆਧਾਰਤ ਹੈ, ਜਿਸ ਨੂੰ ਅਕਾਲ ਤਖ਼ਤ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਉਸਨੇ ਇਹ ਵੀ ਦਾਅਵਾ ਕੀਤਾ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਰਾਜਸਥਾਨ ਵਿੱਚ ਸਿੱਖ ਅਧਿਕਾਰਾਂ 'ਤੇ ਕੇਂਦਰਿਤ ਉਸਦੀ ਸਰਗਰਮੀ ਤੋਂ ਦੁਖੀ ਹੈ।

ਗੁਲਾਬ ਬਾਗ ਦੇ ਵਸਨੀਕ ਲਖਵਿੰਦਰ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਟਿੰਮਾ ਨੇ 5 ਜੁਲਾਈ ਦੀ ਦੁਪਹਿਰ ਨੂੰ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਆਪਣੇ ਦਫ਼ਤਰ ਵਿੱਚ ਬੈਠ ਕੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਸੀ। ਅੰਮ੍ਰਿਤਪਾਲ ਦੇ ਸਹੁੰ ਚੁੱਕਣ ਵਾਲੇ ਦਿਨ ਫੇਸਬੁੱਕ 'ਤੇ ਪੋਸਟ ਕੀਤੀ ਕਥਿਤ ਵੀਡੀਓ ਵਿੱਚ, ਟਿੰਮਾ ਨੇ ਕਿਹਾ, "ਭਾਜਪਾ ਨੇਤਾਵਾਂ ਨੇ ਸੰਸਦ ਭਵਨ ਵਿੱਚ ਸਹੁੰ ਚੁੱਕਣ ਸਮੇਂ ਇੱਕ ਸੰਸਦ ਮੈਂਬਰ ਵੱਲੋਂ ਹਿੰਦੂ ਰਾਸ਼ਟਰ ਦੇ ਨਾਅਰੇ ਦਾ ਸਵਾਗਤ ਕੀਤਾ। ਹਾਲਾਂਕਿ, ਸਪੀਕਰ ਓਮ ਬਿਰਲਾ ਨੇ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕਣ ਤੋਂ ਇਕ ਦਿਨ ਪਹਿਲਾਂ ਸਹੁੰ ਚੁੱਕਣ ਸਮੇਂ ਕੋਈ ਵੀ ਨਾਅਰਾ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਕਿਉਂਕਿ ਅੰਮ੍ਰਿਤਪਾਲ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕਰਨਗੇ।' ਸਪੀਕਰ ਲੋਕ ਸਭਾ ਨੇ 4 ਜੁਲਾਈ ਨੂੰ ਇੱਕ ਹੁਕਮ ਰਹਿਣ ਨਿਯਮਾਂ ਵਿੱਚ ਸੋਧ ਕਰ ਕੇ ਇਹ ਨਿਯਮ ਬਣ ਦਿੱਤਾ ਸੀ ਕਿ ਕੋਈ ਮੈਂਬਰ ਸਹੁੰ ਚੁੱਕਣ ਸਮੇਂ ਹਲਫ਼ ਵਾਲੀ ਸ਼ਬਦਾਵਲੀ ਤੋਂ ਬਿਨਾਂ ਹੋਰ ਕੁਝ ਨਹੀਂ ਬੋਲ ਸਕਦਾ।

ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਤਹਿਤ ਆਸਾਮ ਦੀ ਜੇਲ੍ਹ ਵਿੱਚ ਨਜ਼ਰਬੰਦ ਅੰਮ੍ਰਿਤਪਾਲ ਨੂੰ ਸਹੁੰ ਚੁੱਕ ਸਮਾਗਮ ਲਈ ਦਿੱਲੀ ਲਿਜਾਇਆ ਗਿਆ ਸੀ। ਉਸਨੇ 2024 ਦੀ ਲੋਕ ਸਭਾ ਚੋਣ ਪੰਜਾਬ ਦੇ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤੀ ਸੀ।

# ਸੁਖਬੀਰ ਬਾਦਲ ਵੱਲੋਂ ਜਥੇਦਾਰ ਟਿੰਮਾ ਖ਼ਿਲਾਫ਼ ਕੇਸ ਦਰਜ ਕਰਨ ਦੀ ਨਿਖੇਧੀ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸ੍ਰੀ ਗੰਗਾਨਗਰ ਦੇ ਬਾਬਾ ਦੀਪ ਸਿੰਘ ਗੁਰਦੁਆਰਾ ਦੇ ਮੁੱਖ ਸੇਵਾਦਾਰ ਜਥੇਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਦੇਸ਼ ਵਿਰੋਧੀ ਅਨਸਰਾਂ ਨੂੰ ਉਤਸ਼ਾਹਿਤ ਕਰਨ ਦਾ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਟਿੰਮਾ ਨੇ ਤਾਂ ਸਿਰਫ ਸਿੱਖ ਕੌਮ ਖ਼ਿਲਾਫ਼ ਫਿਰਕੂ ਟਿੱਪਣੀਆਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਸੀ।

ਸ੍ਰੀ ਬਾਦਲ ਨੇ ਜਥੇਦਾਰ ਟਿੰਮਾ ਖ਼ਿਲਾਫ਼ ਦਰਜ ਇਸ ਝੂਠੇ ਤੇ ਬੇਬੁਨਿਆਦ ਕੇਸ ਨੂੰ ਤੁਰੰਤ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਕੋਈ ਸ਼ਾਂਤਮਈ ਤੇ ਦੇਸ਼ ਭਗਤ ਸਿੱਖ ਕੌਮ ਦੀਆਂ ਧਾਰਮਿਕ ਧਾਰਨਾਵਾਂ ਤੇ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਸੇਧਤ ਬਿਆਨਾਂ ਨੂੰ ਉਜਾਗਰ ਕਰੇ ਅਤੇ ਫਿਰਕੂ ਹਿੰਸਾ ਭੜਕਾਉਣ ਨੂੰ ਬੰਦ ਕਰਨ ਦੀ ਗੱਲ ਕਰੇ, ਉਸ ਖ਼ਿਲਾਫ਼ ਕੇਸ ਦਰਜ ਕਰਨਾ ਹੀ ਨਹੀਂ ਬਣਦਾ।



ਉਨ੍ਹਾਂ ਨੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਅਪੀਲ ਕੀਤੀ ਕਿ ਕੇਸ ਵਾਪਸ ਲੈਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ। ਸ੍ਰੀ ਬਾਦਲ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਟਿੰਮਾ ਦੇ ਬਿਆਨ ਵਿੱਚ ਇਕ ਵੀ ਸ਼ਬਦ ਅਜਿਹਾ ਨਹੀਂ, ਜੋ ਕਿਸੇ ਵੀ ਤਰੀਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਖ਼?ਲਾਫ਼ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਉੱਚ ਅਹੁਦਿਆਂ 'ਤੇ ਬੈਠੀਆਂ ਅਹਿਮ ਸ਼ਖ਼ਸੀਅਤਾਂ ਵੱਲੋਂ ਦਿੱਤੇ ਬਿਆਨਾਂ ਦੇ ਕਾਰਨ ਇਹ ਮਾੜੇ ਅਨਸਰ ਦੇਸ਼ ਭਗਤ ਸਿੱਖ ਕੌਮ ਦੇ ਖ਼ਿਲਾਫ਼ ਜ਼ਹਿਰ ਉਗਲਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਰਾਜਸਥਾਨ ਸਰਕਾਰ ਨੂੰ ਇਸ ਫਿਰਕੂ ਧਰੁਵੀਕਰਨ ਨੂੰ ਰੋਕਣਾ ਚਾਹੀਦਾ ਹੈ ਨਾ ਕਿ ਉਤਸ਼ਾਹਿਤ ਕਰਨਾ ਚਾਹੀਦਾ ਹੈ।

# ਭਾਈ ਅੰਮ੍ਰਿਤਪਾਲ ਸਿੰਘ ਤੇ ਰਾਸ਼ਿਦ ਨੇ ਲਿਆ ਹਲਫ਼; ਸਪੀਕਰ ਦੇ ਚੈਂਬਰ 'ਚ ਦੋਹਾਂ ਨੂੰ ਸੰਸਦ ਮੈਂਬਰ ਵਜੋਂ ਚੁਕਾਈ ਸਹੁੰ



ਨਵੀਂ ਦਿੱਲੀ : ਜੇਲ੍ਹ 'ਚੋਂ ਚੋਣ ਲੜ ਕੇ ਜਿੱਤਣ ਵਾਲੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ (31) ਅਤੇ ਕਸ਼ਮੀਰੀ ਆਗੂ ਸ਼ੇਖ਼ ਅਬਦੁੱਲ ਰਾਸ਼ਿਦ (56) ਨੇ ਅੱਜ ਭਾਰੀ ਸੁਰੱਖਿਆ ਹੇਠ ਸੰਸਦ ਮੈਂਬਰ ਵਜੋਂ ਹਲਫ਼ ਲਿਆ। ਲੋਕ ਸਭਾ ਬੁਲੇਟਿਨ 'ਚ ਕਿਹਾ ਗਿਆ ਕਿ ਸੰਸਦ ਭਵਨ 'ਚ ਸਪੀਕਰ ਦੇ ਕਾਨਫਰੰਸ ਰੂਮ 'ਚ ਅੰਮ੍ਰਿਤਪਾਲ ਸਿੰਘ ਨੇ ਪੰਜਾਬੀ ਅਤੇ ਰਾਸ਼ਿਦ ਨੇ ਕਸ਼ਮੀਰੀ 'ਚ ਹਲਫ਼ ਲਿਆ। ਦੋਹਾਂ ਨੂੰ ਲੋਕ ਸਭਾ ਮੈਂਬਰ ਵਜੋਂ ਹਲਫ਼ ਲੈਣ ਲਈ ਪੈਰੋਲ 'ਤੇ ਸੰਸਦ ਭਵਨ ਲਿਆਂਦਾ ਗਿਆ ਸੀ। ਅੰਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਜਦਕਿ ਇੰਜਨੀਅਰ ਰਾਸ਼ਿਦ ਯੂਏਪੀਏ ਤਹਿਤ ਦਰਜ ਦਹਿਸ਼ਤੀ ਫੰਡਿੰਗ ਕੇਸ 'ਚ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਹੈ। ਦੋਹਾਂ ਨੂੰ ਅੱਜ ਸਵੇਰੇ ਭਾਰੀ ਸੁਰੱਖਿਆ ਹੇਠ ਸੰਸਦੀ ਕੰਪਲੈਕਸ 'ਚ ਲਿਆਂਦਾ ਗਿਆ। ਸੂਤਰਾਂ ਨੇ ਕਿਹਾ ਕਿ ਦੋਹਾਂ ਨੇ ਰਸਮੀ ਕਾਰਵਾਈ ਮੁਕੰਮਲ ਕਰਨ ਮਗਰੋਂ ਲੋਕ ਸਭਾ ਸਪੀਕਰ ਦੇ ਚੈਂਬਰ 'ਚ ਸੰਸਦ ਮੈਂਬਰ ਵਜੋਂ ਹਲਫ਼ ਲਿਆ। ਅੰਮ੍ਰਿਤਪਾਲ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਖਡੂਰ ਸਾਹਿਬ (ਪੰਜਾਬ) ਅਤੇ ਰਾਸ਼ਿਦ ਨੇ ਬਾਰਾਮੂਲਾ (ਜੰਮੂ ਕਸ਼ਮੀਰ) ਤੋਂ ਲੋਕ ਸਭਾ ਚੋਣ ਜਿੱਤੀ ਹੈ। ਰਾਸ਼ਿਦ ਨੂੰ ਹਲਫ਼ ਲੈਣ ਲਈ ਦੋ ਘੰਟਿਆਂ ਦੀ ਪੈਰੋਲ ਦਿੱਤੀ ਗਈ ਸੀ ਜਦਕਿ ਅੰਮ੍ਰਿਤਪਾਲ ਸਿੰਘ ਨੂੰ ਚਾਰ ਦਿਨ ਦੀ ਪੈਰੋਲ ਮਿਲੀ ਹੈ। ਅੰਮ੍ਰਿਤਪਾਲ ਸਿੰਘ ਨਾਲ ਉਸ ਦੇ ਪਰਿਵਾਰਕ ਮੈਂਬਰਾਂ ਨੇ ਵੀ ਮੁਲਾਕਾਤ ਕੀਤੀ। ਉਸ ਨੂੰ ਅਤੇ ਪਰਿਵਾਰਕ ਮੈਂਬਰਾਂ ਨੂੰ ਮੀਡੀਆ ਨਾਲ ਕਿਸੇ ਵੀ ਮੁੱਦੇ 'ਤੇ ਗੱਲਬਾਤ ਨਾ ਕਰਨ ਦੀ ਤਾਕੀਦ ਕੀਤੀ ਗਈ ਸੀ। ਉਂਜ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਆਪਣੇ ਪੁੱਤਰ ਦੇ ਹਵਾਲੇ ਨਾਲ ਕਿਹਾ ਕਿ ਸ਼?ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਬਣਾਈਆਂ ਜਾਣ ਅਤੇ ਪੰਥ ਨੂੰ ਇਕੱਠਾ ਹੋਣਾ ਚਾਹੀਦਾ ਹੈ। ਤਰਸੇਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਅੰਮ੍ਰਿਤਪਾਲ ਸਿੰਘ ਨਾਲ ਬਹੁਤੀ ਗੱਲ ਨਹੀਂ ਹੋ ਸਕੀ ਪਰ ਉਸ ਨੇ ਪਰਿਵਾਰ ਦਾ ਹਾਲ-ਚਾਲ ਪੁੱਛਿਆ ਅਤੇ ਛੇਤੀ ਮਿਲਣ ਦੀ ਗੱਲ ਕੀਤੀ। ਇਸ ਦੌਰਾਨ ਦਿੱਲੀ ਅਤੇ ਪੰਜਾਬ ਪੁਲੀਸ ਨੂੰ ਆਪਸ 'ਚ ਤਾਲਮੇਲ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ।

## ਖਾਲਿਸਤਾਨ ਸਮਰਥਕ ਨਹੀਂ ਅੰਮ੍ਰਿਤਪਾਲ, ਫੌਰੀ ਰਿਹਾਅ ਕੀਤਾ ਜਾਵੇ: ਮਾਤਾ

ਚੰਡੀਗੜ੍ਹ: ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਖਾਲਿਸਤਾਨ ਪੱਖੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮੁੱਦਿਆਂ 'ਤੇ ਅੰਮ੍ਰਿਤਪਾਲ ਸਿੰਘ ਨੇ ਚੋਣ ਲੜੀ ਸੀ, ਉਸ 'ਤੇ ਉਹ ਕੰਮ ਕਰ ਸਕਦਾ ਹੈ ਅਤੇ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਨੂੰ ਫੌਰੀ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ,"ਪੰਜਾਬ ਦੇ ਹੱਕਾਂ ਦੀ ਗੱਲ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹੰਭਲਾ ਮਾਰਨ ਨਾਲ ਕੋਈ ਖਾਲਿਸਤਾਨ ਪੱਖੀ ਨਹੀਂ ਬਣ ਜਾਂਦਾ ਹੈ। ਉਸ ਨੇ ਸੰਵਿਧਾਨ ਦੇ ਦਾਇਰੇ 'ਚ ਰਹਿ ਕੇ ਚੋਣਾਂ ਲੜੀਆਂ ਸਨ ਅਤੇ ਅੱਜ ਹਲਫ਼ ਲਿਆ ਹੈ। ਉਹ ਪੰਜਾਬ ਦੇ ਮੁੱਦਿਆਂ ਨੂੰ ਚੁੱਕੇਗਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਏਗਾ।" ਅੰਮ੍ਰਿਤਪਾਲ ਸਿੰਘ ਵੱਲੋਂ ਸੰਸਦ ਮੈਂਬਰ ਵਜੋਂ ਹਲਫ਼ ਲਏ ਜਾਣ ਮਗਰੋਂ ਉਸ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਅਤੇ ਖਡੂਰ ਸਾਹਿਬ ਹਲਕੇ 'ਚ ਲੋਕਾਂ ਨੇ ਮਠਿਆਈਆਂ ਵੰਡ ਕੇ ਜਸ਼ਨ ਮਨਾਏ। ਅੰਮ੍ਰਿਤਸਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਵਿੰਦਰ ਕੌਰ ਨੇ ਰੱਬ ਦਾ ਸ਼ੁਕਰਾਨਾ ਕੀਤਾ ਅਤੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਹਲਫ਼ ਲਏ ਜਾਣ ਮਗਰੋਂ ਸੰਗਤ 'ਚ ਖੁਸ਼ੀ ਦਾ ਮਾਹੌਲ ਹੈ। ਉਨ੍ਹਾਂ ਕਿਹਾ,"ਚੋਣਾਂ ਨਸ਼ਿਆਂ ਖ਼?ਲਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੜੀਆਂ ਗਈਆਂ ਸਨ। ਉਹ ਬੇਕਸੂਰ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣਾ ਗਲਤ ਨਹੀਂ ਹੈ।" ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਲੋਕਾਂ ਨੇ ਵੱਡੀਆਂ ਉਮੀਦਾਂ ਨਾਲ ਉਸ ਨੂੰ ਵੋਟਾਂ ਪਾਈਆਂ ਹਨ ਅਤੇ ਛੇਤੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

# ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਅਹਿਮ ਫ਼ੈਸਲੇ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਇਥੇ ਹੋਈ ਅੰਤਿ?ਗ ਕਮੇਟੀ ਦੀ ਇਕੱਤਰਤਾ ਵਿਚ ਸ੍ਰੀ ਦਰਬਾਰ ਸਾਹਿਬ ਲਈ ਦੋ ਹੋਰ ਗ੍ਰੰਥੀ ਸਾਹਿਬਾਨ ਦੀ ਨਿਯੁਕਤੀ ਨੂੰ ਪ੍ਰਵਾਨਗੀ ਦੇਣ ਦੇ ਨਾਲ-ਨਾਲ ਸੰਸਦ ਅੰਦਰ ਕਾਂਗਰਸ ਦੇ ਸੰਸਦ ਮੈਂਬਰ ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਅਭਯ ਮੁਦਰਾ ਨੂੰ ਜੋੜਨ ਦਾ ਸਖ਼ਤ ਨੋਟਿਸ ਲੈਣ ਤੋਂ ਇਲਾਵਾ ਰਾਜਸਥਾਨ 'ਚ ਜੁਡੀਸ਼ੀਅਲ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਕਕਾਰ ਲਾਹੁਣ ਲਈ ਮਜ਼ਬੂਰ ਕਰਨ ਅਤੇ ਕੰਗਨਾ ਰਣੌਤ ਵਲੋਂ ਪੰਜਾਬੀਆਂ ਵਿਰੁੱਧ ਕੀਤੀਆਂ ਨਫਰਤੀ ਟਿੱਪਣੀਆਂ ਖ਼ਿਲਾਫ਼ ਅਹਿਮ ਮਤੇ ਪਾਸ ਕੀਤੇ ਗਏ। ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਹੋਰ ਗ੍ਰੰਥੀ ਸਾਹਿਬਾਨ ਦੀ ਲੋੜ ਨੂੰ ਵੇਖਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੰਜ ਪਿਆਰਿਆਂ ਵਿਚ ਸੇਵਾ ਨਿਭਾਅ ਰਹੇ ਭਾਈ ਕੇਵਲ ਸਿੰਘ ਅਤੇ ਬਟਾਲਾ ਵਾਸੀ ਕਥਾਵਾਚਕ ਭਾਈ ਪਰਵਿੰਦਰਪਾਲ ਸਿੰਘ ਦੀ ਗ੍ਰੰਥੀ ਸਿੰਘਾਂ ਵਜੋਂ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿਚ ਪਿਛਲੇ ਦਿਨੀਂ ਰਾਜਸਥਾਨ ਅੰਦਰ ਜੁਡੀਸ਼ੀਅਲ ਪ੍ਰੀਖਿਆ 'ਚ ਬੈਠਣ ਵਾਲੇ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਕਕਾਰ ਉਤਾਰਨ ਲਈ ਮਜ਼ਬੂਰ ਕਰਨ ਦੇ ਮਾਮਲੇ ਵਿਚ ਕੇਂਦਰ ਸਰਕਾਰ ਤੋਂ ਦੋਸ਼ੀਆਂ ਦੇ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮਾਮਲਾ ਦਰਜ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਮਾਹਿਰਾਂ ਦੀ ਰਾਏ ਅਨੁਸਾਰ ਕਾਨੂੰਨੀ ਪੈਰਵਾਈ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਵਲੋਂ ਪੰਜਾਬ ਅਤੇ ਪੰਜਾਬੀਆਂ ਵਿਰੁੱਧ ਕੀਤੀਆਂ ਨਫ਼ਰਤੀ ਟਿੱਪਣੀਆਂ ਉੱਤੇ ਭਗਵੰਤ ਮਾਨ ਸਰਕਾਰ ਵਲੋਂ ਕੋਈ ਕਾਰਵਾਈ ਨਾ ਕਰਨਾ ਸੂਬੇ ਦੀ ਤਰਜਮਾਨੀ ਤੋਂ ਮੂੰਹ ਮੋੜਨਾ ਹੈ। ਉਨ੍ਹਾਂ ਸਰਕਾਰ ਨੂੰ ਕਿਹਾ ਕਿ ਉਹ ਕੰਗਨਾ ਰਣੌਤ ਖ਼ਿਲਾਫ਼ ਪਰਚਾ ਦਰਜ ਕਰੇ, ਕਿਉਂਕਿ ਉਸ ਨੇ ਨਫ਼ਰਤੀ ਹਿੰਸਾ ਫੈਲਾ ਕੇ ਪੰਜਾਬੀਆਂ ਨੂੰ ਬਦਨਾਮ ਕੀਤਾ ਹੈ। ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ ਨਿਸ਼ਚੈ ਪ੍ਰਸਾਸ਼ਕੀ ਸੇਵਾਵਾਂ ਸਿਖਲਾਈ ਕੇਂਦਰ ਦੇ ਵਿਦਿਆਰਥੀ ਗੁਰਜੋਤ ਸਿੰਘ ਵਲੋਂ ਯੂ. ਪੀ. ਐੱਸ. ਸੀ. ਦੀ ਸਿਵਲ ਸੇਵਾ ਦੀ ਪ੍ਰੀਲਿਮਨਰੀ ਪ੍ਰੀਖਿਆ 2024 ਪਾਸ ਕਰਨ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਵਾਰ ਨਿਸ਼ਚੈ ਅਕੈਡਮੀ ਦੇ ਨਵੇਂ ਬੈਚ ਲਈ ਚੰਡੀਗੜ੍ਹ ਦੇ ਨਾਲ-ਨਾਲ ਬਹਾਦਰਗੜ੍ਹ ਪਟਿਆਲਾ ਵਿਖੇ ਨਿਸ਼ਚੈ ਜੁਡੀਸ਼ੀਅਲ ਅਕੈਡਮੀ ਲਈ ਵੀ 25 ਸਿੱਖ ਨੌਜਵਾਨਾਂ ਦੀ ਚੋਣ ਕਰ ਲਈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਨਾਲ ਸੰਬੰਧਿਤ ਜਾਇਦਾਦ ਦੇ ਮਾਮਲੇ 'ਤੇ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀਆਂ ਜਾਇਦਾਦਾਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਵਿਖੇ ਇਕ ਲੜਕੀ ਵਲੋਂ ਯੋਗਾ ਕਰਨ ਦੇ ਮਾਮਲੇ ਸਬੰਧੀ ਉਨ੍ਹਾਂ ਕਿਹਾ ਕਿ ਭਵਿੱਖ ਵਿਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਬਾਰੇ ਨਿਯਮ ਨਿਰਧਾਰਿਤ ਕੀਤੇ ਜਾਣਗੇ।

ਪ੍ਰਧਾਨ ਧਾਮੀ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਸੰਸਦ ਅੰਦਰ ਰਾਹੁਲ ਗਾਂਧੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਤੇ ਉਨ੍ਹਾਂ ਦੀ ਤਸਵੀਰ ਨੂੰ ਆਧਾਰ ਬਣਾ ਕੇ ਕੀਤੀਆਂ ਗਈਆਂ ਟਿੱਪਣੀਆਂ ਦਾ ਸਖ਼ਤ ਨੋਟਿਸ ਲੈਂਦਿਆਂ ਸਪਸ਼ਟ ਕੀਤਾ ਕਿ ਗੁਰੂ ਸਾਹਿਬਾਨ ਦੀ ਪਾਵਨ ਗੁਰਬਾਣੀ ਅਤੇ ਸਿੱਖਿਆਵਾਂ ਨੂੰ ਸਿਆਸੀ ਬਹਿਸ ਦਾ ਹਿੱਸਾ ਨਹੀਂ ਬਣਾਉਣਾ ਚਾਹੀਦਾ। ਰਾਹੁਲ ਗਾਂਧੀ ਵਲੋਂ ਗੁਰੂ ਸਾਹਿਬ ਦਾ ਜ਼ਿਕਰ ਕਰਦਿਆਂ ਇਹ ਕਹਿਣਾ ਕਿ ਗੁਰੂ ਸਾਹਿਬ ਦਾ ਸਰੂਪ (ਤਸਵੀਰ) ਅਭਯ ਮੁਦਰਾ ਨੂੰ ਦਰਸਾਉਂਦੀ ਹੈ, ਬਿਲਕੁਲ ਗਲਤ ਹੈ, ਕਿਉਂਕਿ ਗੁਰੂ ਸਾਹਿਬ ਨੇ ਅਜਿਹੀ ਕਿਸੇ ਵੀ ਮੁਦਰਾ ਜਾਂ ਆਸਣ ਨੂੰ ਮਾਨਤਾ ਨਹੀਂ ਦਿੱਤੀ। ਇਕੱਤਰਤਾ 'ਚ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਰਘਬੀਰ ਸਿੰਘ ਸਹਾਰਨਮਾਜਰਾ, ਜਸਮੇਰ ਸਿੰਘ ਲਾਛੜੂ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ ਖੋਖ, ਇੰਦਰਮੋਹਨ ਸਿੰਘ ਲਖਮੀਰਵਾਲਾ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਮਲਕੀਤ ਕੌਰ ਕਮਾਲਪੁਰ, ਅਮਰਜੀਤ ਸਿੰਘ ਭਲਾਈਪੁਰ, ਜਸਵੰਤ ਸਿੰਘ ਪੁੜੈਣ ਆਦਿ ਵੀ ਹਾਜ਼ਰ ਸਨ।

# ਦਿੱਲੀ ਕਮੇਟੀ ਵੱਲੋਂ ਸੰਸਦ ਮੈਂਬਰ ਸਰਬਜੀਤ ਸਿੰਘ ਦਾ ਸਨਮਾਨ

## ਅਹਿੰਸਾ ਦੇ ਦਾਅਵੇ ਕਰਨ ਤੋਂ ਪਹਿਲਾਂ ਰਾਹੁਲ ਗਾਂਧੀ ਸਿੱਖ ਕਤਲੇਆਮ ਤੇ ਐਮਰਜੈਂਸੀ ਦਾ ਜਵਾਬ ਦੇਣ: ਸਰਬਜੀਤ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਫਰੀਦਕੋਟ ਦੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ, ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਭਾਈ ਜਸਬੀਰ ਸਿੰਘ ਰੋਡੇ ਤੇ ਸਾਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਲਕਾ ਤੇ ਕਾਹਲੋਂ ਨੇ ਗੁਰਦੁਆਰਾ ਬੰਗਲਾ ਸਾਹਿਬ ਦਾ ਪ੍ਰਸ਼ਾਦ ਅਤੇ ਸਿਰੋਪਾਓ ਅੰਮ੍ਰਿਤਪਾਲ ਸਿੰਘ ਲਈ ਭੇਟ ਕੀਤਾ। ਉਨ੍ਹਾਂ ਨੇ ਸਮੁੱਚੇ ਜਥੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਕਾਲਕਾ ਤੇ ਕਾਹਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਖਡੂਰ ਸਾਹਿਬ ਤੇ ਫ਼ਰੀਦਕੋਟ ਦੇ ਲੋਕਾਂ ਵੱਲੋਂ ਫਤਹਿ ਬਖਸ਼ਿਸ਼ ਕਰਨ ਤੋਂ ਬਾਅਦ ਇਹ ਜਥਾ ਇਥੇ ਬੰਗਲਾ ਸਾਹਿਬ ਵਿਖੇ ਨਤਮਸਤਕ ਹੋਇਆ ਹੈ। ਉਨ੍ਹਾਂ ਨੇ ਕੌਮ ਦੀ ਚੜ੍ਹਦੀਕਲਾ ਦੀ ਵੀ ਅਰਦਾਸ ਕੀਤੀ। ਇਸ ਮੌਕੇ ਤਰਸੇਮ ਸਿੰਘ ਨੇ ਕਿਹਾ ਕਿ ਖਡੂਰ ਸਾਹਿਬ ਅਤੇ ਫ਼ਰੀਦਕੋਟ ਤੋਂ ਜਿੱਤ ਸਮੁੱਚੇ ਪੰਥ ਦੀ ਜਿੱਤ ਹੈ, ਜਿਸ ਵਿਚ ਦੇਸ਼ ਵਿਦੇਸ਼ ਦੀ ਸੰਗਤ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਉਨ੍ਹਾਂ ਅਰਦਾਸ ਕੀਤੀ ਕਿ ਉਹ ਸਮੁੱਚੀ ਕੌਮ ਨੂੰ ਸੁਮੱਤ ਬਖਸ਼ਿਸ਼ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸਾਰਾ ਪੰਥ ਆਪਸੀ ਵੱਖਰੇਵੇਂ ਭੁਲਾ ਕੇ ਇਕਜੁੱਟ ਹੋਵੇ। ਉਨ੍ਹਾਂ ਕਿਹਾ ਕਿ ਪੰਥ ਦਾ ਏਕਤਾ ਹੀ ਕੌਮ ਦੀ ਚੜ੍ਹਦੀਕਲਾ ਕਰਵਾ ਸਕਦਾ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਅੰਮ੍ਰਿਤਪਾਲ ਸਿੰਘ 'ਤੇ ਲਗਾਈਆਂ ਗੈਰਕਾਨੂੰਨੀ ਧਾਰਾਵਾਂ ਖਤਮ ਕੀਤੀਆਂ ਜਾਣ ਤੇ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ ਤਾਂ ਜੋ ਉਹ ਬਤੌਰ ਐੱਮਪੀ ਸੰਗਤ ਦੀ ਸੇਵਾ ਕਰ ਸਕਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਫੌਰੀ ਕੇਸ ਖਤਮ ਨਹੀਂ ਹੋ ਸਕਦਾ ਤਾਂ ਲੰਬੀ ਪੈਰੋਲ 'ਤੇ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕੀਤਾ ਜਾਵੇ। ਇਸ ਮੌਕੇ ਮੀਡੀਆ ਵੱਲੋਂ ਰਾਹੁਲ ਗਾਂਧੀ ਵੱਲੋਂ ਕਾਂਗਰਸ ਨੂੰ ਅਹਿੰਸਕ ਕਹਿਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਕਾਂਗਰਸ ਨੂੰ ਅਹਿੰਸਕ ਕਹਿਣ ਤੋਂ ਪਹਿਲਾਂ ਰਾਹੁਲ ਗਾਂਧੀ 1984 ਦੇ ਸਿੱਖ ਕਤਲੇਆਮ ਅਤੇ ਐਮਰਜੈਂਸੀ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ 1984 ਦਾ ਕਤਲੇਆਮ ਕੋਈ ਆਮ ਕਤਲੇਆਮ ਨਹੀਂ ਸੀ, ਬਲਕਿ ਸਿੱਖਾਂ ਦੀ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ ਇਸੇ ਤਰੀਕੇ ਐਮਰਜੈਂਸੀ ਲਗਾ ਕੇ ਰਾਹੁਲ ਦੀ ਦਾਦੀ ਇੰਦਰਾ ਗਾਂਧੀ ਨੇ ਬਹੁਤ ਤਸ਼ੱਦਦ ਲੋਕਾਂ 'ਤੇ ਢਾਹਿਆ, ਰਾਹੁਲ ਨੂੰ ਪਹਿਲਾਂ ਇਨ੍ਹਾਂ ਗੱਲਾਂ ਦਾ ਜਵਾਬ ਦੇਣਾ ਚਾਹੀਦਾ ਹੈ।

# ਸਟਾਰਮਰ ਬਣੇ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ

## ਆਮ ਚੋਣਾਂ 'ਚ ਲੇਬਰ ਪਾਰਟੀ ਨੇ ਹੂੰਝਾ ਫੇਰਿਆ; 650 'ਚੋਂ 412 ਸੀਟਾਂ ਜਿੱਤੀਆਂ



ਲੰਡਨ : ਬਰਤਾਨੀਆ ਦੀਆਂ ਆਮ ਚੋਣਾਂ ਵਿੱਚ ਲੇਬਰ ਪਾਰਟੀ ਦੀ ਹੂੰਝਾ ਫੇਰ ਜਿੱਤ ਤੋਂ ਬਾਅਦ ਕੀਰ ਸਟਾਰਮਰ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਉਨ੍ਹਾਂ ਬਰਤਾਨੀਆ ਦੇ ਪੁਨਰ ਵਿਕਾਸ ਦਾ ਅਹਿਦ ਲਿਆ ਹੈ। ਇਨ੍ਹਾਂ ਚੋਣਾਂ ਵਿੱਚ ਰਿਸ਼ੀ ਸੂਨਕ ਦੀ ਅਗਵਾਈ ਹੇਠਲੀ ਕੰਜ਼ਰਵੇਟਿਵ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਹੇਠਲੇ ਸਦਨ ਦੀਆਂ 650 ਸੀਟਾਂ 'ਚੋਂ ਲੇਬਰ ਪਾਰਟੀ ਨੇ 412 ਜਦਕਿ ਕੰਜ਼ਰਵੇਟਿਵ ਪਾਰਟੀ ਨੇ ਸਿਰਫ਼ 121 ਸੀਟਾਂ ਜਿੱਤੀਆਂ ਹਨ। ਹਾਲਾਂਕਿ ਲੇਬਰ ਪਾਰਟੀ ਦਾ ਵੋਟ ਫੀਸਦ 33.7 ਤੇ ਕੰਜ਼ਰਵੇਟਿਵ ਦਾ 23.7 ਫੀਸਦ ਰਿਹਾ।

ਚੋਣ ਨਤੀਜਿਆਂ ਤੋਂ ਬਾਅਦ ਸਟਾਰਮਰ (61) ਨੇ ਮਹਾਰਾਜਾ ਚਾਰਲਸ-3 ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੂੰ ਮੁਲਕ ਦਾ 58ਵਾਂ ਪ੍ਰਧਾਨ ਮੰਤਰੀ ਐਲਾਨਿਆ ਗਿਆ। ਉਨ੍ਹਾਂ ਤੋਂ ਪਹਿਲਾਂ ਰਿਸ਼ੀ ਸੂਨਕ ਨੇ ਮਹਾਰਾਜਾ ਚਾਰਲਸ ਨਾਲ ਮੁਲਾਕਾਤ ਕੀਤੀ। ਇਸ ਮਗਰੋਂ ਸਟਾਰਮਰ 10 ਡਾਊਨਿੰਗ ਸਟਰੀਟ ਪੁੱਜੇ। ਬਰਤਾਨਵੀ ਪ੍ਰਧਾਨ ਮੰਤਰੀ ਦੀ ਅਧਿਕਾਰਤ ਰਿਹਾਇਸ਼ 10 ਡਾਊਨਿੰਗ ਸਟਰੀਟ ਦੇ ਬਾਹਰ ਆਪਣੇ ਉਦਘਾਟਨੀ ਸੰਬੋਧਨ ਦੌਰਾਨ ਸਟਾਰਮਰ ਨੇ ਕਿਹਾ, 'ਸਾਡੇ ਮੁਲਕ ਨੇ ਤਬਦੀਲੀ, ਮੁਲਕ ਦੇ ਮੁੜ ਨਿਰਮਾਣ ਤੇ ਲੋਕ ਸੇਵਾ 'ਚ ਸਿਆਸਤ ਦੀ ਵਾਪਸੀ ਲਈ ਵੋਟ ਪਾਈ ਹੈ।' ਉਨ੍ਹਾਂ ਕਿਹਾ ਕਿ ਬਹੁਤ ਜ਼ਰੂਰੀ ਕੰਮ ਕਰਨ ਵਾਲੇ ਪਏ ਹਨ ਅਤੇ ਉਹ ਅੱਜ ਤੋਂ ਹੀ ਕੰਮ ਸ਼ੁਰੂ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਕਿਹਾ ਕਿ ਇਹ ਕੰਮ ਇੰਨੇ ਸੌਖੇ ਨਹੀਂ ਹੋਣਗੇ। ਉਨ੍ਹਾਂ ਅਹੁਦਾ ਛੱਡ ਕੇ ਜਾ ਰਹੇ ਰਿਸ਼ੀ ਸੂਨਕ ਵੱਲੋਂ ਬਤੌਰ ਪ੍ਰਧਾਨ ਮੰਤਰੀ ਨਿਭਾਈਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਸਟਾਰਮਰ ਤੋਂ ਪਹਿਲਾਂ ਇੱਥੇ ਰਿਸ਼ੀ ਸੂਨਕ ਨੇ ਵਿਦਾਇਗੀ ਭਾਸ਼ਣ ਦਿੱਤਾ ਅਤੇ ਪਾਰਟੀ ਦੀ ਹਾਰ ਸਵੀਕਾਰ ਕੀਤੀ। ਅਕਤੂਬਰ 2022 'ਚ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਵਾਲੇ ਸੂਨਕ ਨੇ ਕਿਹਾ ਕਿ ਉਹ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਪਿੱਛੇ ਹਟ ਰਹੇ ਹਨ ਤੇ ਆਮ ਚੋਣਾਂ ਵਿੱਚ ਪਾਰਟੀ ਦੀ ਹਾਰ ਦੀ ਜ਼ਿੰਮੇਵਾਰੀ ਲੈਂਦੇ ਹਨ। ਸੂਨਕ ਨਾਲ ਉਨ੍ਹਾਂ ਦੀ ਪਤਨੀ ਅਕਸ਼ਤਾ ਮੂਰਤੀ ਵੀ ਸਨ। ਇਨ੍ਹਾਂ ਚੋਣਾਂ ਵਿੱਚ ਰਿਸ਼ੀ ਸੂਨਕ ਉੱਤਰੀ ਇੰਗਲੈਂਡ ਵਿਚਲੀ ਆਪਣੀ ਰਿਚਮੰਡ ਤੇ ਨਾਰਥੈਲਰਟਨ ਸੀਟ ਜਿੱਤਣ 'ਚ ਕਾਮਯਾਬ ਰਹੇ ਹਨ। ਲੰਘੇ 14 ਸਾਲ ਤੋਂ ਸੱਤਾ 'ਤੇ ਕਾਬਜ਼ ਕੰਜ਼ਰਵੇਟਿਵ ਪਾਰਟੀ ਨੂੰ ਇਤਿਹਾਸ ਦੀ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

### ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਰ ਸਟਾਰਮਰ ਨੂੰ ਵਧਾਈ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਰਤਾਨੀਆ ਦੀਆਂ ਆਮ ਚੋਣਾਂ 'ਚ ਜਿੱਤ ਲਈ ਲੇਬਰ ਪਾਰਟੀ ਦੇ ਆਗੂ ਕੀਰ ਸਟਾਰਮਰ ਨੂੰ ਵਧਾਈ ਦਿੱਤੀ ਅਤੇ ਦੋਵਾਂ ਮੁਲਕਾਂ ਵਿਚਾਲੇ ਵਪਾਰਕ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ ਹੀ ਆਪਸੀ ਵਿਕਾਸ ਤੇ ਖੁਸ਼ਹਾਲੀ ਨੂੰ ਉਤਸ਼ਾਹ ਦੇਣ ਲਈ ਸਕਾਰਾਤਮਕ ਤੇ ਰਚਨਾਤਮਕ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ। ਮੋਦੀ ਨੇ ਨਾਲ ਹੀ ਅਹੁਦਾ ਛੱਡ ਰਹੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤ ਤੇ ਬਰਤਾਨੀਆ ਦੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ।

## ਕੀਰ ਸਟਾਰਮਨ ਵਲੋਂ ਨਵੇਂ ਮੰਤਰੀ ਮੰਡਲ ਦਾ ਗਠਨ



ਪ੍ਰਧਾਨ ਮੰਤਰੀ ਕੀਰ ਸਟਾਰਮਨ ਵਲੋਂ ਨਵੇਂ ਮੰਤਰੀ ਮੰਡਲ 'ਚ ਸ਼ਾਮਿਲ ਖ਼ਜਾਨਾ ਮੰਤਰੀ ਰਾਚੇਲ ਰੀਵਜ਼, ਵਿਦੇਸ਼ ਮੰਤਰੀ ਡੇਵਿਡ ਲੈਮੀ ਅਤੇ ਹੋਰ ।

ਲੰਡਨ : ਮਹਾਰਾਜਾ ਚਾਰਲਸ ਨੂੰ ਮਿਲਣ ਤੋਂ ਬਾਅਦ ਪ੍ਰਧਾਨ ਮੰਤਰੀ ਬਣਦੇ ਹੀ ਲੇਬਰ ਨੇਤਾ ਕੀਰ ਸਟਾਰਮਰ ਨੇ ਮੰਤਰੀ ਮੰਡਲ ਦਾ ਗਠਨ ਸ਼ੁਰੂ ਕਰ ਦਿੱਤਾ ਹੈ। ਡਿਪਟੀ ਲੀਡਰ ਐਂਜੇਲਾ ਰੇਨੇਰ ਨੂੰ ਉਪ ਪ੍ਰਧਾਨ ਮੰਤਰੀ ਅਤੇ ਰਾਚੇਲ ਰੀਵਜ਼ ਨੂੰ ਖਜ਼ਾਨਾ ਮੰਤਰੀ ਬਣਾਇਆ ਗਿਆ ਹੈ, ਜਿਅ ਕੋਲ ਘਰ ਅਤੇ ਭਾਈਚਾਰਕ ਮੰਤਰਾਲਾ ਹੋਵੇਗਾ। ਰਾਚੇਲ ਬਰਤਾਨੀਆ ਦੀ ਖਜ਼ਾਨਾ ਮੰਤਰੀ ਬਣਨ ਵਾਲੀ ਪਹਿਲੀ ਮਹਿਲਾ ਹੈ। ਇਸ ਤੋਂ ਇਲਾਵਾ ਡੇਵਿਡ ਲੈਮੀ ਵਿਦੇਸ਼ ਮੰਤਰੀ, ਯਵੇਟ ਕੂਪਰ ਨੂੰ ਗ੍ਰਹਿ ਮੰਤਰੀ, ਜੌਹਨ ਹੇਲੀ ਨੂੰ ਰੱਖਿਆ ਮੰਤਰੀ ਅਤੇ ਪੈਟ ਮੈਕਫੇਡਨ ਨੂੰ 'ਡਚੀ ਆਫ਼ ਲੈਂਕੇਸਟਰ' ਦਾ ਖਜ਼ਾਨਾ ਮੰਤਰੀ ਬਣਾਇਆ ਗਿਆ ਹੈ। ਸ਼ਬਾਨਾ ਮਹਿਮੂਦ ਨੂੰ ਕਾਨੂੰਨ ਮੰਤਰੀ, ਵੇਸ ਸਟਰੀਟਿੰਗ ਨੂੰ ਸਿਹਤ ਮੰਤਰੀ, ਬ੍ਰਿਜੇਟ ਫਿਲਿਪਸਨ ਨੂੰ ਸਿੱਖਿਆ ਮੰਤਰੀ, ਏਡ ਮਿਲੀਬੈਂਡ ਨੂੰ ਊਰਜ਼ਾ ਮੰਤਰੀ ਬਣਾਇਆ ਗਿਆ ਹੈ। ਕੀਰ ਸਟਾਰਮਰ ਨੇ ਅਹੁਦਾ ਸੰਭਾਲਦੇ ਹੀ ਆਪਣੇ ਪਹਿਲੇ ਭਾਸ਼ਣ 'ਚ ਕਿਹਾ ਕਿ ਬਹੁਤ ਕੁਝ ਕਰਨ ਵਾਲਾ ਹੈ ਅਤੇ ਸਾਨੂੰ ਅੱਜ ਤੋਂ ਹੀ ਕੰਮ ਸ਼ੁਰੂ ਕਰਨਾ ਪਵੇਗਾ।

## ਬਰਤਾਨੀਆ ਦੀਆਂ ਆਮ ਚੋਣਾਂ ਜਿੱਤਣ ਵਾਲੇ ਪੰਜਾਬੀਆਂ ਨੂੰ ਸੰਧਵਾਂ ਵੱਲੋਂ ਵਧਾਈ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਰਤਾਨੀਆ ਦੀਆਂ ਆਮ ਚੋਣਾਂ ਵਿੱਚ ਜਿੱਤ ਦਰਜ ਕਰਨ ਵਾਲੇ 10 ਪੰਜਾਬੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਹਾਊਸ ਆਫ ਕਾਮਨਜ਼ ਵਿੱਚ ਸਿੱਖਾਂ ਅਤੇ ਪੰਜਾਬੀਆਂ ਦੀ ਆਵਾਜ਼ ਬੁਲੰਦ ਹੋਵੇਗੀ। ਸੰਧਵਾਂ ਨੇ ਕਿਹਾ ਕਿ ਬੀਤੇ ਦਿਨ ਆਏ ਨਤੀਜਿਆਂ ਵਿੱਚ ਲੇਬਰ ਪਾਰਟੀ ਵੱਲੋਂ ਦਰਜ ਕੀਤੀ ਗਈ ਹੂੰਝਾਫੇਰ ਜਿੱਤ ਨਾਲ ਬਰਤਾਨੀਆ ਦੀ ਸੰਸਦ ਵਿੱਚ ਪੰਜਾਬੀਆਂ ਖ਼ਾਸ ਕਰ ਸਿੱਖਾਂ ਨੂੰ ਅਹਿਮ ਨਮਾਇੰਦਗੀ ਹਾਸਲ ਹੋਈ ਹੈ। ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਦੀ ਇਹ ਜਿੱਤ ਮਾਣ ਕਰਨ ਵਾਲੀ ਅਤੇ ਵੱਕਾਰੀ ਜਿੱਤ ਹੈ। ਉਨ੍ਹਾਂ ਕਿਹਾ ਕਿ ਬਰਤਾਨਵੀ ਸੰਸਦ ਲਈ ਪਹਿਲੀ ਵਾਰ 10 ਸਿੱਖ ਤੇ ਪੰਜਾਬੀ ਮੈਂਬਰਾਂ ਦਾ ਚੁਣਿਆ ਜਾਣਾ ਇੱਕ ਮਿਸਾਲ ਹੈ।

## ਪੰਜਾਬੀ ਸੰਸਦ ਮੈਂਬਰਾਂ ਦੀ ਗਿਣਤੀ 'ਚ ਹੋਇਆ ਵੱਡਾ ਵਾਧਾ



ਲੰਡਨ : ਇਹ ਪਹਿਲੀ ਵਾਰ ਹੈ, ਜਦੋਂ 4 ਦਸਤਾਰਧਾਰੀ ਸਿੱਖ ਅਤੇ 5 ਸਿੱਖ ਬੀਬੀਆਂ ਸਮੇਤ 12 ਪੰਜਾਬੀ ਮੂਲ ਦੇ ਸੰਸਦ ਮੈਬਰਾਂ ਨੇ ਲੇਬਰ ਪਾਰਟੀ ਵਲੋਂ ਇਤਿਹਾਸਕ ਜਿੱਤ ਦਰਜ ਕੀਤੀ ਹੈ, ਜਿਨ੍ਹਾਂ 'ਚ ਸੰਸਦ ਮੈਂਬਰ ਸੀਮਾ ਮਲਹੋਤਰਾ ਨੇ ਹੈਸਟਨ ਫੈਲਥਨਮ ਹਲਕੇ ਤੋਂ 16139 ਵੋਟਾਂ ਪ੍ਰਾਪਤ ਕਰਕੇ 7944 ਵੋਟਾਂ ਨਾਲ ਜਿੱਤ ਦਰਜ ਕੀਤੀ, ਤਨਮਨਜੀਤ ਸਿੰਘ ਢੇਸੀ ਤੀਜੀ ਵਾਰ ਸੰਸਦ ਪਹੁੰਚੇ ਹਨ ਅਤੇ ਉਨ੍ਹਾਂ ਨੇ ਸਲੋਹ ਹਲਕੇ ਤੋਂ 14,666 ਵੋਟਾਂ ਪ੍ਰਾਪਤ ਕਰਕੇ 3647 ਵੋਟਾਂ ਨਾਲ ਜਿੱਤ ਹਾਸਿਲ ਕੀਤੀ, ਪ੍ਰੀਤ ਕੌਰ ਗਿੱਲ ਵੀ ਬਰਮਿੰਘਮ ਐਜ਼ਬਾਸਟਨ ਤੋਂ ਤੀਜੀ ਵਾਰ ਚੋਣ ਜਿੱਤੇ ਹਨ। ਉਨ੍ਹਾਂ 16,599 ਵੋਟਾਂ ਹਾਸਿਲ ਕੀਤੀਆਂ ਅਤੇ ਆਪਣੇ ਨਿਕਟ ਵਿਰੋਧੀ ਨੂੰ 8368 ਵੋਟਾਂ ਦੇ ਫਰਕ ਨਾਲ ਹਰਾਇਆ, ਸਮੈਦਿਕ ਤੋਂ ਗੁਰਿੰਦਰ ਸਿੰਘ ਜੋਸ਼ਨ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ, ਜਿਨ੍ਹਾਂ ਨੇ 16,858 ਵੋਟਾਂ ਪ੍ਰਾਪਤ ਕਰਕੇ 11,188 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਿਲ ਕੀਤੀ। ਇਲਫੋਰਡ ਦੱਖਣੀ ਤੋਂ ਜਸਬੀਰ ਸਿੰਘ ਅਠਵਾਲ ਨੇ 16,537 ਵੋਟਾਂ ਪ੍ਰਾਪਤ ਕਰਕੇ 6894 ਵੋਟਾਂ ਨਾਲ ਕਾਮਯਾਬੀ ਹਾਸਿਲ ਕੀਤੀ ਹੈ। ਸਾਊਥਹੈਂਪਟਨ ਟੈਸਟ ਤੋਂ ਸਤਵੀਰ ਕੌਰ ਨੇ 15,945 ਵੋਟਾਂ ਹਾਸਿਲ ਕੀਤੀਆਂ ਅਤੇ ਨਿਕਟ ਵਿਰੋਧੀ ਨੂੰ 9333 ਵੋਟਾਂ ਨਾਲ ਹਰਾਇਆ। ਡਰਬੀ ਦੱਖਣੀ ਤੋਂ ਬਾਗੀ ਸ਼ੰਕਰ ਨੇ 14,503 ਵੋਟਾਂ ਪ੍ਰਾਪਤ ਕਰਕੇ 6002 ਦੇ ਫਰਕ ਨਾਲ ਜਿੱਤ ਦਰਜ ਕੀਤੀ। ਇਸ ਤੋਂ ਇਲਾਵਾ ਹਰਡਜ਼ਫੀਲਡ ਤੋਂ ਹਰਪ੍ਰੀਤ ਕੌਰ ਉੱਪਲ ਨੇ 15,101, ਵੁਲਵਰਹੈਂਪਟਨ ਪੱਛਮੀ ਤੋਂ ਵਰਿੰਦਰ ਸਿੰਘ ਜੱਸ ਨੇ 19,331, ਲਾਫਬਾਰੋ ਤੋਂ ਜੀਵਨ ਸਿੰਘ ਸੰਧਰ ਨੇ 17,249, ਬੋਲਟਨ ਉੱਤਰੀ ਤੋਂ ਕੀਰਥ ਐਂਟਵੀਸਲਾ ਨੇ 16,166, ਡਡਲੀ ਤੋਂ ਸੋਨੀਆ ਕੁਮਾਰ ਨੇ 12,215 ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਿਲ ਕੀਤੀ ਹੈ। ਕੰਜ਼ਰਵੇਟਿਵ ਪਾਰਟੀ ਵਲੋਂ ਪੰਜਾਬੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਰਿਚਮੰਡ ਐਂਡ ਨੌਰਥਾਲਰਟਨ ਸੀਟ ਤੋਂ 23,059 ਵੋਟਾਂ ਪ੍ਰਾਪਤ ਕਰਕੇ ਜਿੱਤ ਦਰਜ ਕੀਤੀ ਹੈ। ਇਸ ਤੋਂ ਇਲਾਵਾ ਗੁਜਰਾਤੀ ਮੂਲ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਵਿਟਹੈਮ 18,827, ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਫੇਅਰਹੈਮ ਹਲਕੇ ਤੋਂ 17,561 ਤੋਂ ਜਿੱਤ ਦਰਜ ਕੀਤੀ। ਲੈਸਟਰ ਪੱਛਮੀ ਵਿਚ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ, 37 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਇਥੋਂ ਭਾਰਤੀ ਮੂਲ ਦੀ ਸ਼ਿਵਾਨੀ ਰਾਜਾ ਨੇ 14,526 ਵੋਟਾਂ ਪ੍ਰਾਪਤ ਕਰਕੇ ਲੇਬਰ ਪਾਰਟੀ ਦੇ ਉਮੀਦਵਾਰ ਤੇ ਉੱਘੇ ਕਾਰੋਬਾਰੀ ਅਤੇ ਲੰਡਨ ਦੇ ਸਾਬਕਾ ਡਿਪਟੀ ਮੇਅਰ ਰਾਜੇਸ਼ ਅਗਰਵਾਲ ਨੂੰ ਹਰਾਇਆ ਹੈ। ਰਜੇਸ਼ ਨੂੰ 10,100 ਵੋਟਾਂ ਮਿਲੀਆਂ ਸਨ। ਇਥੇ ਜ਼ਿਕਰਯੋਗ ਹੈ ਕਿ ਬਰਤਾਨਵੀ ਸਿਆਸਤ 'ਚ ਸਭ ਤੋਂ ਲੰਮਾ ਸਮਾਂ ਸੰਸਦ ਮੈਂਬਰ ਰਹਿਣ ਦਾ ਇਤਿਹਾਸ ਬਣਾਉਣ ਵਾਲੇ ਅਤੇ 40 ਸਾਲ ਲੈਸਟਰ ਦੇ ਸਭ ਤੋਂ ਵੱਧ ਪ੍ਰਭਾਵੀ ਸਿਆਸਤਦਾਨ ਰਹੇ ਕੀਥ ਵਾਜ਼ ਨੂੰ ਸਿਰਫ 3681 ਵੋਟਾਂ ਹੀ ਮਿਲੀਆਂ। ਕੀਥ ਵਾਜ਼ 'ਤੇ ਲੱਗੇ ਕਈ ਦੋਸ਼ਾਂ ਕਾਰਨ ਉਨ੍ਹਾਂ ਨੂੰ ਸੰਸਦ ਤੋਂ 6 ਮਹੀਨੇ ਲਈ ਮੁਅੱਤਲ ਵੀ ਕਰ ਦਿੱਤਾ ਸੀ। ਭਾਰਤੀ ਮੂਲ ਦੀ ਵਲੇਰੀ ਵਾਜ਼ ਲੇਬਰ ਪਾਰਟੀ ਵਲੋਂ ਵਾਲਸਾਲ ਐਂਡ ਬਲੌਕਸਵਿਚ ਤੋਂ 5ਵੀਂ ਵਾਰ ਸੰਸਦ ਚੁਣੀ ਗਈ ਹੈ। ਵੇਲਜ਼ ਦੀ ਗਲੈਮੋਰਗਨ ਵਾਦੀ ਤੋਂ ਕਨਿਸ਼ਕ ਨਰਾਇਣ ਲੇਬਰ ਪਾਰਟੀ ਤੋਂ ਜਿੱਤੇ ਹਨ। ਉਹ ਪਹਿਲੇ ਇਕੋ ਇਕ ਸੰਸਦ ਮੈਂਬਰ ਹਨ ਜੋ ਗੈਰ ਗੋਰੇ ਹਨ, ਨਰਾਇਣ ਦਾ ਜਨਮ ਭਾਰਤ ਵਿਚ ਹੋਇਆ ਅਤੇ ਉਹ ਅਰਥ ਸ਼ਾਸ਼ਤਰੀ ਹਨ। ਇਥੇ ਹੀ ਬਸ ਨਹੀਂ ਵੇਲਜ਼ ਵਿਚੋਂ ਕੰਜ਼ਰਵੇਟਿਵ ਪਾਰਟੀ ਨੂੰ ਇਕ ਵੀ ਸੀਟ ਨਹੀਂ ਮਿਲੀ।


Britain Election
ਪੰਜਾਬੀਆਂ ਦੀ ਹੋ ਗਈ ਬੱਲੇ ਬੱਲੇ
ਕੈਨੇਡਾ ਤੋਂ ਬਾਅਦ ਯੂਕੇ ਦੀ ਸਿਆਸਤ ਵਿਚ ਪੰਜਾਬੀਆਂ ਦਾ ਕਬਜ਼ਾ
Proud Moment for Punjabi Community
Tarnamanjit Singh Dhesi
Preet Kaur Gill
Gurinder Singh Josan
Jasbir Singh Athwal
Satvir Kaur
Baghi Shankar
Harpreet Kaur Uppal
Varinder Singh Jass
Jeevan Singh Sandhar
Keith Entwistle
A total of 10 Punjabi won the Parliament elections of England.
Heartiest congratulations to everyone & hoping to raise Sikhs voice in the House of commons. #UKElection2024

# ਬਾਈਡੇਨ ਨੂੰ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੁੰਦੇ ਦੇਖਣਾ ਚਾਹੁੰਦੇ ਹਨ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ

ਵਾਸ਼ਿੰਗਟਨ : ਡੈਮੋਕ੍ਰੇਟਿਕ ਪਾਰਟੀ ਦੇ ਘੱਟੋ-ਘੱਟ 5 ਸੰਸਦ ਮੈਂਬਰਾਂ ਨੇ ਐਤਵਾਰ ਨੂੰ ਆਪਣੇ ਵਿਚਾਰ ਜ਼ਾਹਰ ਕਰਦੇ ਹੋਏ ਕਿਹਾ ਕਿ 5 ਨਵੰਬਰ ਨੂੰ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਜੋਅ ਬਾਈਡੇਨ ਨੂੰ ਬਾਹਰ ਹੋ ਜਾਣਾ ਚਾਹੀਦਾ। ਕਈ ਸਮਾਚਾਰਾਂ 'ਚ ਇਹ ਜਾਣਕਾਰੀ ਦਿੱਤੀ ਗਈ। ਅਟਲਾਂਟਾ 'ਚ 27 ਜੂਨ ਨੂੰ ਹੋਈ ਬਹਿਸ 'ਚ ਰਿਪਬਲਿਕਨ ਪਾਰਟੀ ਤੋਂ ਆਪਣੇ ਮੁਕਾਬਲੇਬਾਜ਼ ਡੋਨਾਲਡ ਟਰੰਪ ਖ਼ਿਲਾਫ਼ ਬਾਈਡੇਨ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਨੂੰ ਲੈ ਕੇ ਡੈਮੋਕ੍ਰੇਟਿਕ ਪਾਰਟੀ ਵਲੋਂ ਫੋਨ 'ਤੇ ਕੀਤੀ ਗਈ ਚਰਚਾ ਦੌਰਾਨ ਸੰਸਦ ਮੈਂਬਰਾਂ-ਜੇਰੀ ਨਾਡਲਰ, ਮਾਰਕ ਤਾਕਾਨੋ, ਜੋਅ ਮੋਰੇਲ, ਟੇਡ ਲਿਊ ਅਤੇ ਏਡਮ ਸਮਿਥ ਨੇ ਆਪਣੇ ਵਿਚਾਰ ਜ਼ਾਹਰ ਕੀਤੇ। ਬਹਿਸ 'ਚ ਆਪਣੇ ਪ੍ਰਦਰਸ਼ਨ ਨੂੰ ਖ਼ੁਦ ਬਾਈਡੇਨ ਨੇ 'ਇਕ ਬੁਰੀ ਰਾਤ' ਦੱਸਿਆ ਹੈ।

ਉਨ੍ਹਾਂ ਦੀ ਲੋਕਪ੍ਰਿਯਤਾ ਦੀ ਰੇਟਿੰਗ 'ਚ ਗਿਰਾਵਟ ਈ ਹੈ ਅਤੇ ਉਨ੍ਹਾਂ ਦੀ ਆਪਣੀ ਪਾਰਟੀ ਦੇ ਸਹਿਯੋਗੀਆਂ ਨੇ ਉਨ੍ਹਾਂ ਦੀ ਸਿਹਤ ਅਤੇ ਆਉਣ ਵਾਲੇ ਚਾਰ ਸਾਲਾਂ ਤੱਕ ਸ਼ਾਸਨ ਕਰਨ ਦੀ ਉਨ੍ਹਾਂ ਦੀ ਸਮਰੱਥਾ 'ਤੇ ਸਵਾਲ ਖੜ੍ਹੇ ਕਰਨਾ ਸ਼ੁਰੂ ਕਰ ਦਿੱਤਾ ਹੈ। ਬਾਈਡੇਨ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਦੌੜ 'ਚ ਬਣੇ ਰਹਿਣਗੇ ਅਤੇ ਭਰੋਸਾ ਜਤਾਇਆ ਕਿ ਉਹ ਨਵੰਬਰ 'ਚ ਟਰੰਪ ਖ਼ ?ਲਾਫ਼ ਚੋਣ ਜਿੱਤਣਗੇ। ਸਦਨ 'ਚ ਘੱਟ ਗਿਣਤੀ ਦੇ ਨੇਤਾ ਹਕੀਮ ਜੇਫਰੀਜ਼ ਨੇ 27 ਜੂਨ ਨੂੰ ਬਾਈਡੇਨ ਅਤੇ ਟਰੰਪ ਵਿਚਾਲੇ ਬਹਿਸ ਤੋਂ ਬਾਅਦ ਰਾਜਨੀਤਕ ਦ੍ਰਿਸ਼ 'ਤੇ ਪ੍ਰਤੀਨਿਧੀ ਸਭਾ 'ਚ ਆਪਣੀ ਪਾਰਟੀ ਦੇ ਸਹਿਯੋਗੀਆਂ ਤੋਂ ਬਾਈਡੇਨ ਦੀ ਦਾਅਵੇਦਾਰੀ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਸੀ। ਖ਼ਬਰ 'ਚ ਇਹ ਵੀ ਦੱਸਿਆ ਗਿਆ ਕਿ ਇਸ ਬੈਠਕ ਤੋਂ ਪਹਿਲੇ ਹੀ ਕਈ ਸੀਨੀਅਰ ਨੇਤਾਵਾਂ ਦਾ ਮੰਨਣਾ ਸੀ ਕਿ ਬਾਈਡੇਨ ਨੂੰ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋ ਜਾਣਾ ਚਾਹੀਦਾ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ 2 ਲੋਕਾਂ ਦੇ ਹਵਾਲੇ ਤੋਂ ਖ਼ਬਰ 'ਚ ਦੱਸਿਆ ਗਿਆ ਕਿ ਹਥਿਆਰਬੰਦ ਸੇਵਾ ਕਮੇਟੀ ਦੇ ਮੈਂਬਰ ਸਮਿਥ ਨੇ ਕਿਹਾ ਕਿ ਬਾਈਡੇਨ ਦੇ ਜਾਣ ਦਾ ਸਮਾਂ ਆ ਗਿਆ ਹੈ। ਚਾਰ ਸੰਸਦ ਮੈਂਬਰਾਂ ਨੇ ਵੀ ਇਹੀ ਵਿਚਾਰ ਜ਼ਾਹਰ ਕੀਤੇ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਬਾਈਡੇਨ ਲਈ ਇਸ ਦੌੜ ਤੋਂ ਬਾਹਰ ਜਾਣ ਦਾ ਸਮਾਂ ਆ ਗਿਆ ਹੈ।



# ਤੂਫ਼ਾਨ ਬੇਰੀਲ ਨੇ 4 ਲੋਕਾਂ ਦੀ ਲਈ ਜਾਨ, 30 ਲੱਖ ਘਰਾਂ ਤੇ ਅਦਾਰਿਆਂ ਦੀ ਬਿਜਲੀ ਗੁੱਲ



ਹਿਊਸਟਨ : ਅਮਰੀਕਾ ਦੇ ਟੈਕਸਾਸ ਸੂਬੇ ਵਿਚ ਸੋਮਵਾਰ ਸਵੇਰੇ ਤੜਕੇ ਆਏ ਸ਼ਕਤੀਸ਼ਾਲੀ ਤੂਫਾਨ 'ਬੇਰੀਲ' ਦੇ ਪ੍ਰਭਾਵ ਕਾਰਨ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਜਿਸ ਕਾਰਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਕਰੀਬ 30 ਲੱਖ ਘਰਾਂ ਅਤੇ ਵਪਾਰਕ ਅਦਾਰਿਆਂ ਦੀ ਬਿਜਲੀ ਗੁੱਲ ਹੋ ਗਈ ਹੈ। ਨੈਸ਼ਨਲ ਹਰੀਕੇਨ ਸੈਂਟਰ ਨੇ ਸੋਮਵਾਰ ਸ਼ਾਮ ਨੂੰ ਕਿਹਾ ਕਿ ਬੇਰੀਲ ਨੇ ਮਾਟਾਗੋਰਡਾ ਦੇ ਨੇੜੇ ਇੱਕ ਸ਼੍ਰੇਣੀ ਤੂਫਾਨ ਦੇ ਰੂਪ ਵਿੱਚ ਲੈਂਡਫਾਲ ਕੀਤਾ, ਜਿਸ ਨਾਲ ਸਕੂਲ, ਵਪਾਰਕ ਅਦਾਰੇ, ਦਫਤਰਾਂ ਅਤੇ ਵਿੱਤੀ ਸੰਸਥਾਵਾਂ ਨੂੰ ਬੰਦ ਕਰ ਦਿੱਤਾ ਗਿਆ।

ਕੇਂਦਰ ਨੇ ਕਿਹਾ ਕਿ ਪੂਰਬੀ ਟੈਕਸਾਸ, ਪੱਛਮੀ ਲੁਈਸਿਆਨਾ ਅਤੇ ਅਰਕਾਨਸਾਸ ਦੇ ਕੁਝ ਹਿੱਸਿਆਂ ਵਿੱਚ ਹੜ੍ਹ, ਮੀਂਹ ਅਤੇ ਤੇਜ਼ ਗਰਜ ਦੀ ਸੰਭਾਵਨਾ ਹੈ। ਘਰਾਂ 'ਤੇ ਦਰੱਖਤ ਡਿੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਹਿਊਸਟਨ ਪੁਲਸ ਵਿਭਾਗ ਦੇ ਇੱਕ ਕਰਮਚਾਰੀ ਨੇ ਹੜ੍ਹ ਦੇ ਪਾਣੀ ਵਿੱਚ ਫਸ ਜਾਣ ਕਾਰਨ ਆਪਣੀ ਜਾਨ ਗੁਆ ਦਿੱਤੀ। ਅੱਗ ਲੱਗਣ ਦੀ ਘਟਨਾ ਵਿੱਚ ਇੱਕ ਹੋਰ ਵਿਅਕਤੀ ਦੀ ਮੌਤ ਹੋਣ ਦੀ ਸੂਚਨਾ ਹੈ।

ਫਿਲਹਾਲ ਹੜ੍ਹ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ ਅਤੇ ਕਰਮਚਾਰੀਆਂ ਨੇ ਨੁਕਸਾਨ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਹੈ। ਅਧਿਕਾਰੀਆਂ ਨੇ ਸੋਮਵਾਰ ਰਾਤ ਨੂੰ ਸਥਾਨਕ ਲੋਕਾਂ ਨੂੰ ਫਿਲਹਾਲ ਘਰ ਵਿੱਚ ਰਹਿਣ ਦੀ ਅਪੀਲ ਕੀਤੀ ਹੈ। ਮੇਅਰ ਜੌਹਨ ਵਿਟਮਾਇਰ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਾਫ ਆਸਮਾਨ ਦੇਖ ਕੇ ਇਹ ਨਾ ਸੋਚੋ ਕਿ ਖ਼ਤਰਾ ਲੰਘ ਗਿਆ ਹੈ। ਉਸਨੇ ਕਿਹਾ, 'ਹਾਲਾਤ ਅਜੇ ਵੀ ਖਤਰਨਾਕ ਹਨ।' ਫਿਲਹਾਲ ਕਿੰਨਾ ਨੁਕਸਾਨ ਹੋਇਆ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

# ਟੈਕਸਾਸ ਵਿਚ ਮਾਂ ਨੇ ਅੱਤ ਦੀ ਗਰਮੀ ਵਿਚ ਆਪਣੇ 3 ਬੱਚਿਆਂ ਨੂੰ ਕਾਰ ਵਿਚ ਛੱਡਿਆ, ਹੋਈ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਵਿਚ ਸੈਨਐਨਟੋਨੀਓ ਵਿਖੇ ਇਕ ਮਾਂ ਵੱਲੋਂ ਆਪਣੇ 3 ਬੱਚਿਆਂ ਨੂੰ ਅੱਤ ਦੀ ਗਰਮੀ ਵਿਚ ਆਪਣੀ ਕਾਰ ਵਿਚ ਛੱਡ ਕੇ ਖਰੀਦਦਾਰੀ ਕਰਨ ਲਈ ਚਲੇ ਜਾਣ ਦੀ ਖਬਰ ਹੈ। ਬਾਅਦ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਰਾਹਗੀਰ ਨੇ ਫੋਨ ਕਰਕੇ ਪੁਲਿਸ ਨੂੰ ਦੱਸਿਆ ਕਿ ਇਕ ਕਾਰ ਵਿਚ ਬੱਚੇ ਬੰਦ ਹਨ ਤੇ ਕਾਰ ਬੰਦ ਹੈ। ਇਸ ਉਪਰੰਤ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਸੈਨਐਨਟੋਨੀਓ ਪੁਲਿਸ ਵਿਭਾਗ ਅਨੁਸਾਰ ਮੁੱਢਲੀ ਰਿਪੋਰਟ ਅਨੁਸਾਰ ਕਾਰ ਵਿਚੋਂ 3 ਬੱਚੇ ਬਚਾਏ ਗਏ ਹਨ ਜਿਨਾਂ ਦੀ ਉਮਰ 1,2 ਤੇ 4 ਸਾਲ ਹੈ। ਵਿਭਾਗ ਅਨੁਸਾਰ ਜਦੋਂ ਮਾਂ ਮੌਕੇ 'ਤੇ ਪੁੱਜੀ ਤਾਂ ਉਸ ਨੇ ਕਿਹਾ ਕਿ ਉਹ ਸਟੋਰ ਵਿਚ ਗਈ ਸੀ ਪਰੰਤੂ ਉਸ ਨਹੀਂ ਸੀ ਪਤਾ ਕਿ ਏਨਾ ਸਮਾਂ ਲੱਗ ਜਾਵੇਗਾ। ਬੱਚੇ ਤਕਰੀਬਨ 50 ਮਿੰਟ ਕਾਰ ਵਿਚ ਬੰਦ ਰਹੇ। ਮਾਂ ਦੀ ਪਛਾਣ ਐਂਗਲਾ ਗਰਜ਼ਾ ਅਮਾਡੋਰ ਵਜੋਂ ਹੋਈ ਹੈ। ਜਿਸ ਨੂੰ ਗ੍ਰਿਫਤਾਰੀ ਉਪਰੰਤ ਨਿੱਜੀ ਮਚਲਕੇ 'ਤੇ ਰਿਹਾਅ ਕਰ ਦਿੱਤਾ ਗਿਆ।



# ਅਮਰੀਕਾ ਦੇ ਉਤਰੀ ਡਕੋਟਾ ਵਿਚ ਜਲਣਸ਼ੀਲ ਪਦਾਰਥ ਲਿਜਾ ਰਹੀ ਮਾਲ ਗੱਡੀ ਪੱਟੜੀ ਤੋਂ ਲੱਥੀ

## ਕਈ ਬੋਗੀਆਂ ਨੂੰ ਲੱਗੀ ਅੱਗ



ਉੱਤਰੀ ਡਕੋਟਾ ਵਿਚ ਮਾਲ ਗੱਡੀ ਦੀਆਂ ਬੋਗੀਆਂ ਨੂੰ ਲੱਗੀ ਅੱਗ

ਸੈਕਰਾਮੈਂਟੋ/ਕੈਲੀਫੋਰਨੀਰਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉੱਤਰੀ ਡਕੋਟਾ ਖੇਤਰ ਵਿਚ ਬੀਤ ਦਿਨ ਤੜਕਸਾਰ ਇਕ ਰੇਲ ਹਾਦਸਾ ਵਾਪਰਨ ਦੀ ਖਬਰ ਹੈ ਜਿਸ ਵਿਚ ਖਤਰਨਾਕ ਜਲਣਸ਼ੀਲ ਤਰਲ ਪਦਾਰਥ ਲੈ ਕੇ ਜਾ ਰਹੀ ਇਕ ਮਾਲ ਗੱਡੀ ਪੱਟੜੀ ਤੋਂ ਉੱਤਰ ਗਈ ਤੇ ਉਸ ਦੀਆਂ ਕਈ ਬੋਗੀਆਂ ਨੂੰ ਅੱਗ ਲੱਗ ਗਈ। ਫੋਸਟਰ ਕਾਊਂਟੀ ਐਮਰਜੈਂਸੀ ਮੈਨਜਮੈਂਟ ਡਾਇਰੈਕਟਰ ਐਂਡਰੀਊ ਕਿਰਕਿੰਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਲ ਗੱਡੀ ਫਾਰਗੋ ਦੇ ਉੱਤਰ ਪੱਛਮ ਵਿਚ ਤਕਰੀਬਨ 140 ਮੀਲ ਦੂਰ ਇਕ ਛੋਟੇ ਜਿਹੇ ਕਸਬੇ ਬੋਰਡੂਲੇਸ ਵਿਖੇ ਪੱਟੜੀ ਤੋਂ ਉੱਤਰੀ ਹੈ। ਉਨਾਂ ਕਿਹਾ ਕਿ ਇਹ ਘਟਨਾ ਸਵੇਰੇ 3.30 ਵਜੇ ਤੋਂ ਸਵੇਰੇ 4 ਵਜੇ ਦਰਮਿਆਨ ਵਾਪਰੀ ਹੈ। ਉਨਾਂ ਕਿਹਾ ਕਿ 25 ਤੋਂ 30 ਤੱਕ ਬੋਗੀਆਂ (ਟੈਂਕਰ) ਜਿਨਾਂ ਵਿਚ ਖਤਰਨਾਕ ਤਰਲ ਪਦਾਰਥ ਭਰਿਆ ਹੋਇਆ ਸੀ, ਪੱਟੜੀ ਤੋਂ ਉਤਰੀਆਂ ਹਨ ਜਿਨਾਂ ਨੂੰ ਅੱਗ ਲੱਗਣ ਕਾਰਨ ਨਾਲ ਲੱਗਦੇ ਖੇਤਰ ਵਿਚ ਹਵਾ ਦੀ ਗੁਣਵੱਤਾ ਉਪਰ ਅਸਰ ਪੈਣ ਦੀ ਸੰਭਾਵਨਾ ਹੈ ਜਿਸ ਉਪਰ ਨਜਰ ਰਖੀ ਜਾ ਰਹੀ ਹੈ। ਉੱਤਰੀ ਡਕੋਟਾ ਦੇ ਵਾਤਾਵਰਣ ਗੁਣਵੱਤਾ ਵਿਭਾਗ ਅਨੁਸਾਰ ਗੱਡੀ ਦੀਆਂ ਬੋਗੀਆਂ ਉਪਰ ਐਨਹਾਈਡਰੋਸ ਅਮੋਨੀਆ, ਸਲਫਰ ਤੇ ਮੈਥਾਨੋਲ ਲੱਦੀ ਹੋਈ ਸੀ। ਕਿਰਕਿੰਗ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਫਿਲਹਾਲ ਹਾਲਾਤ ਆਮ ਵਾਂਗ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

# ਲਾਸ ਏਂਜਲਸ ਤੋਂ ਉਡਾਣ ਭਰਨ ਤੋਂ ਬਾਅਦ ਜਹਾਜ਼ ਦਾ ਪਹੀਆ ਨਿਕਲਿਆ

ਲਾਸ ਏਂਜਲਸ : ਅਮਰੀਕਾ ਦੇ ਲਾਸ ਏਂਜਲਸ ਵਿੱਚ ਉਡਾਣ ਭਰਦੇ ਵੇਲੇ ਯੂਨਾਈਟਿਡ ਏਅਰਲਾਈਨਜ਼ ਦੇ ਇੱਕ ਬੋਇੰਗ ਜੈੱਟ ਜਹਾਜ਼ ਦਾ ਪਹੀਆ ਡਿੱਗ ਗਿਆ। ਇਸ ਮਾਮਲੇ ਵਿਚ ਕੋਈ ਨੁਕਸਾਨ ਨਹੀਂ ਹੋਇਆ ਤੇ ਜਹਾਜ਼ ਨੂੰ ਬਾਅਦ ਵਿੱਚ ਡੈਨਵਰ ਵਿੱਚ ਸੁਰੱਖਿਅਤ ਉਤਾਰਿਆ ਗਿਆ। ਇਹ ਜਾਣਕਾਰੀ ਏਅਰਲਾਈਨ ਕੰਪਨੀ ਨੇ ਦਿੱਤੀ ਹੈ। ਕੰਪਨੀ ਨੇ ਬਿਆਨ ਵਿਚ ਕਿਹਾ ਹੈ ਕਿ ਇਸ ਘਟਨਾ 'ਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਇਸ ਘਟਨਾ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਵੇਲੇ ਬੋਇੰਗ 757-200 ਜਹਾਜ਼ ਵਿੱਚ 174 ਯਾਤਰੀ ਅਤੇ ਸੱਤ ਚਾਲਕ ਦਲ ਦੇ ਮੈਂਬਰ ਸਵਾਰ ਸਨ। ਇਸ ਤੋਂ ਪਹਿਲਾਂ 7 ਮਾਰਚ ਨੂੰ ਸਾਂ ਫਰਾਂਸਿਸਕੋ ਤੋਂ ਉਡਾਣ ਭਰਨ ਵਾਲੇ ਯੂਨਾਈਟਿਡ ਏਅਰਲਾਈਨਜ਼ ਦੇ ਬੋਇੰਗ ਬੀ777-200 ਜੈੱਟ ਜਹਾਜ਼ ਦਾ ਪਹੀਆ ਹਵਾ ਵਿਚ ਟੁੱਟ ਕੇ ਡਿੱਗ ਗਿਆ ਸੀ। ਇਸ ਤੋਂ ਬਾਅਦ ਜਹਾਜ਼ ਏਅਰਪੋਰਟ ਪਾਰਕਿੰਗ ਖੇਤਰ ਵਿੱਚ ਇੱਕ ਕਾਰ ਦੇ ਉੱਪਰ ਡਿੱਗ ਗਿਆ ਸੀ ਜਿਸ ਵਿਚ ਕੋਈ ਜ਼ਖਮੀ ਨਹੀਂ ਹੋਇਆ ਸੀ।



# ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ 'ਚ ਇਕ ਔਰਤ ਸਮੇਤ ਭਾਰਤੀ ਮੂਲ ਦੇ 4 ਲੋਕ ਗ੍ਰਿਫ਼ਤਾਰ

ਨਿਊਯਾਰਕ (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਵਿੱਚ ਭਾਰਤੀ ਮੂਲ ਦੇ ਚਾਰ ਲੋਕਾਂ ਦੇ ਗਰੁੱਪ ਵੱਲੋਂ ਟੈਕਸਾਸ ਸੂਬੇ ਵਿੱਚ ਮਨੁੱਖੀ ਤਸਕਰੀ ਕਰਨ ਦਾ ਮਾਮਲਾ ਸਾਹਮਣਾ ਆਇਆ ਹੈ। ਪੁਲਸ ਨੇ ਟੈਕਸਾਸ ਸੂਬੇ ਦੇ ਪ੍ਰਿੰਸਟਨ ਸ਼ਹਿਰ ਵਿੱਚ ਮਨੁੱਖੀ ਤਸਕਰੀ ਮਾਮਲੇ ਵਿੱਚ ਇੱਕ ਔਰਤ ਸਮੇਤ ਭਾਰਤੀ ਮੂਲ ਦੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੀਡੀਆ ਰਿਪੋਰਟ ਮੁਤਾਬਕ ਪ੍ਰਿੰਸਟਨ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਹੀ ਘਰ ਵਿੱਚ 15 ਔਰਤਾਂ ਦੇ ਮਿਲਣ ਤੋਂ ਬਾਅਦ ਚਾਰ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਪ੍ਰਿੰਸਟਨ ਪੁਲਸ ਨੇ ਗ੍ਰਿਫਤਾਰੀਆਂ ਉਦੋਂ ਕੀਤੀਆਂ ਜਦੋਂ ਇੱਕੋ ਘਰ ਵਿੱਚ ਰਹਿੰਦੀਆਂ ਲਗਭਗ 15 ਔਰਤਾਂ ਫਰਸ਼ 'ਤੇ ਸੌਂ ਰਹੀਆਂ ਸਨ। ਪ੍ਰਿੰਸਟਨ ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਸੰਭਾਵਿਤ ਮਨੁੱਖੀ ਤਸਕਰੀ ਰੈਕੇਟ ਬਾਰੇ ਮਾਰਚ ਵਿੱਚ ਪੈਸਟ ਕੰਟਰੋਲ ਵਿਭਾਗ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ ਕੋਲਿਨ ਕਾਉਂਟੀ ਵਿੱਚ ਗਿਨਸਬਰਗ ਲੇਨ 'ਤੇ ਉਸ ਘਰ ਦੀ ਜਾਂਚ ਸ਼ੁਰੂ ਕੀਤੀ। ਮੀਡੀਆ ਰਿਪੋਰਟ ਅਨੁਸਾਰ ਪ੍ਰਿੰਸਟਨ ਪੁਲਸ ਨੇ 24 ਸਾਲਾ ਚੰਦਨ ਦਾਸੀਰੈੱਡੀ, 31 ਸਾਲਾ ਸੰਤੋਸ਼ ਕਟਕੁਰੀ, 31 ਸਾਲਾ ਦਵਾਰਕਾ ਗੁੰਡਾ ਅਤੇ 37 ਸਾਲਾ ਅਨਿਲ ਨਰ ਸਾਰੇ ਤੇਲਗੂ ਭਾਰਤੀਆ ਨੂੰ 'ਜ਼ਬਰਦਸਤੀ ਮਜ਼ਦੂਰੀ' ਸਕੀਮ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ।



ਮੀਡੀਆ ਰਿਪੋਰਟਾਂ ਮੁਤਾਬਕ ਪੈਸਟ ਕੰਟਰੋਲ ਵਿਭਾਗ ਨੂੰ ਮਾਰਚ 'ਚ ਘਰ ਬੁਲਾਇਆ ਗਿਆ ਸੀ। ਪਰ ਜਦੋਂ ਇੰਸਪੈਕਟਰ ਅੰਦਰ ਗਿਆ ਤਾਂ ਉਸ ਨੇ ਹਰ ਕਮਰੇ ਦੇ ਫਰਸ਼ 'ਤੇ 15 ਦੇ ਕਰੀਬ ਔਰਤਾਂ ਸੁੱਤੀਆਂ ਹੋਈਆਂ ਦੇਖੀਆਂ। ਨਾਲੇ ਹੋਰ ਉੱਥੇ ਕਾਫੀ ਸੂਟਕੇਸ ਸਨ। ਪੁਲਸ ਨੇ ਦੱਸਿਆ ਕਿ ਜਿਸ ਘਰ ਵਿਚ ਮਨੁੱਖੀ ਤਸਕਰੀ ਹੋ ਰਹੀ ਸੀ, ਉਸ ਦੇ ਅੰਦਰ ਕਈ ਕੰਪਿਊਟਰ, ਇਲੈਕਟ੍ਰੋਨਿਕਸ ਅਤੇ ਕੰਬਲ ਸਨ। ਅਤੇ ਘਰ ਵਿੱਚ ਕੋਈ ਵੀ ਫਰਨੀਚਰ ਨਹੀਂ ਸੀ। ਪੁਲਸ ਨੇ ਦੱਸਿਆ ਕਿ ਉਸ ਘਰੋਂ ਛੁਡਵਾਈਆਂ ਗਈਆਂ 15 ਔਰਤਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਕਟਕੁਰੀ ਅਤੇ ਉਸਦੀ ਪਤਨੀ ਦਵਾਰਕਾ ਗੁੰਡਾ ਦੀ ਮਾਲਕੀ ਵਾਲੀਆਂ ਕੁਝ ਫਰਜ਼ੀ ਕੰਪਨੀਆਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਪੁਲਸ ਨੇ ਘਰ ਵਿੱਚੋਂ ਕਈ ਲੈਪਟਾਪ ਅਤੇ ਮੋਬਾਈਲ ਵੀ ਜ਼ਬਤ ਕੀਤੇ।

ਪ੍ਰਿੰਸਟਨ ਪੁਲਸ ਨੇ ਕਿਹਾ ਕਿ ਕਈ ਹੋਰ, ਮਰਦ ਅਤੇ ਔਰਤਾਂ ਦੋਵੇਂ ਵੀ ਜ਼ਬਰਦਸਤੀ ਮਜ਼ਦੂਰੀ ਦੇ ਸ਼ਿਕਾਰ ਸਨ ਅਤੇ ਸ਼ੈੱਲ ਕੰਪਨੀਆਂ ਲਈ ਪ੍ਰੋਗਰਾਮਰ ਵਜੋਂ ਕੰਮ ਕਰਦੇ ਸਨ। ਪ੍ਰਿੰਸਟਨ, ਮੇਲਿਸਾ ਅਤੇ ਮੈਕਕਿਨੀ ਦੇ ਕਈ ਹੋਰ ਟਿਕਾਣਿਆਂ ਨੂੰ ਵੀ ਇਸ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਜਾਂਚ ਤੋਂ ਬਾਅਦ ਉਨ੍ਹਾਂ ਨੇ ਹੋਰ ਸਥਾਨਾਂ ਤੋਂ ਲੈਪਟਾਪ ਅਤੇ ਫੋਨ ਸਮੇਤ ਕਈ ਚੀਜ਼ਾਂ ਪੁਲਸ ਨੇ ਜ਼ਬਤ ਕੀਤੀਆਂ।

# ਕਮਲਾ ਹੈਰਿਸ ਦਾ ਦਾਅਵਾ; ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ 'ਚ ਬਦਲਣਾ ਚਾਹੁੰਦੈ



ਵਾਸ਼ਿੰਗਟਨ : ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਮੰਗਲਵਾਰ ਨੂੰ ਕਿਹਾ ਕਿ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਸੰਭਾਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਅਮਰੀਕੀ ਲੋਕਤੰਤਰ ਨੂੰ ਤਾਨਾਸ਼ਾਹੀ ਵਿਚ ਬਦਲ ਦੇਣਗੇ। ਹੈਰਿਸ ਨੇ ਲਾਸ ਵੇਗਾਸ ਵਿੱਚ ਇੱਕ ਰਾਸ਼ਟਰੀ ਬਾਈਡੇਨ-ਹੈਰਿਸ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਕਿਹਾ, 'ਡੋਨਾਲਡ ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ ਵਿੱਚ ਬਦਲਣਾ ਚਾਹੁੰਦੇ ਹਨ।'

ਇਹ ਪ੍ਰੋਗਰਾਮ ਦੇਸ਼ ਭਰ ਵਿੱਚ ਏਸ਼ੀਆਈ ਅਮਰੀਕੀਆਂ, ਮੂਲ ਹਵਾਈ ਨਾਗਰਿਕਾਂ ਅਤੇ ਪੈਸੀਫਿਕ ਆਈਲੈਂਡਰਜ਼ (AANHPIs) ਦੇ ਵੋਟਰਾਂ, ਭਾਈਚਾਰਿਆਂ ਅਤੇ ਆਗੂਆਂ ਨੂੰ ਸੰਗਠਿਤ ਕਰੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇ ਸਲਾਹਕਾਰਾਂ ਨੇ 900 ਪੰਨਿਆਂ ਦਾ 'ਬਲੂਪ੍ਰਿੰਟ' ਤਿਆਰ ਕੀਤਾ ਹੈ ਜਿਸ ਨੂੰ ਉਹ 'ਪ੍ਰੋਜੈਕਟ 2025' ਕਹਿ ਰਹੇ ਹਨ ਜਿਸ ਵਿੱਚ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਵਿੱਚ ਸਮਾਜਿਕ ਸੁਰੱਖਿਆ ਵਿੱਚ ਕਟੌਤੀ, ਇਨਸੁਲਿਨ 'ਤੇ 35 ਡਾਲਰ ਦੀ ਸੀਮਾ ਨੂੰ ਖ਼ਤਮ ਕਰਨ, ਸਿੱਖਿਆ ਵਿਭਾਗ ਨੂੰ ਖ਼ਤਮ ਕਰਨ ਅਤੇ ਹੈੱਡ ਸਟਾਰਟ ਵਰਗੇ ਪ੍ਰੋਗਰਾਮਾਂ ਨੂੰ ਖ਼ਤਮ ਕਰਨ ਵਰਗੇ ਕਦਮ ਸ਼ਾਮਲ ਹਨ।

ਉਪ ਰਾਸ਼ਟਰਪਤੀ ਨੇ ਹਾਜ਼ਰੀਨ ਦੀਆਂ ਤਾੜੀਆਂ ਵਿਚਾਲੇ ਕਿਹਾ, 'ਕੋਈ ਗਲਤੀ ਨਾ ਕਰੋ, ਜੇਕਰ ਟਰੰਪ ਨੂੰ ਮੌਕਾ ਮਿਲਦਾ ਹੈ ਤਾਂ ਉਹ ਹਰ ਰਾਜ ਵਿੱਚ ਗਰਭਪਾਤ 'ਤੇ ਪਾਬੰਦੀ ਲਗਾਉਣ ਲਈ ਰਾਸ਼ਟਰੀ ਗਰਭਪਾਤ ਪਾਬੰਦੀ' 'ਤੇ ਦਸਤਖ਼ਤ ਕਰਨਗੇ ਪਰ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ ਕਿਉਂਕਿ ਅਸੀਂ ਔਰਤਾਂ 'ਤੇ ਭਰੋਸਾ ਕਰਦੇ ਹਾਂ। ਸਰਕਾਰ ਨੂੰ ਔਰਤਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਉਨ੍ਹਾਂ ਨੂੰ ਆਪਣੇ ਸਰੀਰ ਨਾਲ ਕੀ ਕਰਨਾ ਚਾਹੀਦਾ ਹੈ। ਹੈਰਿਸ ਨੇ ਕਿਹਾ ਕਿ ਇਹ ਸਾਡੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਚੋਣ ਹੈ।

# ਕੈਨੇਡਾ ਦੇ ਹਾਈਵੇਅ ਤੇ ਤੇਜ਼ ਰਫ਼ਤਾਰ ਨਾਲ ਹੋਈ ਕਾਰ ਹਾਦਸਾਗ੍ਰਸਤ 'ਚ ਭਾਰਤੀ ਮੂਲ ਦੇ, 2 ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ



ਵੈਨਕੂਵਰ, (ਰਾਜ ਗੋਗਨਾ) : ਕੈਨੇਡਾ ਦੇ ਵੈਨਕੂਵਰ ਹਾਈਵੇਅ ਨੰਬਰ 1 'ਤੇ ਵਾਪਰੇ ਕਾਰ ਸੜਕ ਹਾਦਸੇ 'ਚ 4 ਭਾਰਤੀ ਵਿਦਿਆਰਥੀ ਜੋ ਕਾਰ 'ਚ ਸਵਾਰ ਸਨ। ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਪੁਲਿਸ ਨੇ ਇੱਕ ਹਫ਼ਤੇ ਬਾਅਦ ਵੇਰਵੇ ਸਾਂਝੇ ਕੀਤੇ ਹਨ ਕਿ ਹਾਦਸੇ ਵਿੱਚ ਇੱਕ ਔਰਤ ਦੀ ਕਾਰ ਅਤੇ 4 ਭਾਰਤੀ ਵਿਦਿਆਰਥੀਆਂ ਦੀ ਕਾਰ ਵਿਚਕਾਰ ਭਿਆਨਕ ਟੱਕਰ ਹੋਈ ਸੀ। ਜਿਸ ਵਿੱਚ ਕਾਰ ਦੇ ਦੋਵੇਂ ਪਹੀਏ ਟੁੱਟ ਗਏ। ਜਿਨ੍ਹਾਂ 'ਚੋਂ 2 ਭਾਰਤੀ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 2 ਲੋਕਾਂ ਨੂੰ ਗੰਭੀਰ ਹਾਲਤ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਕੈਨੇਡਾ ਦੇ ਵੈਨਕੂਵਰ ਹਾਈਵੇਅ ਦੀ ਇਸ ਦੁਰਘਟਨਾ 'ਚ ਕਾਰ ਵਿਚ ਸਵਾਰ 4 ਲੋਕ ਭਾਰਤੀ ਮੂਲ ਦੇ ਵਿਦਿਆਰਥੀ ਸਨ। ਜਿਨ੍ਹਾਂ ਵਿੱਚ 2 ਵਿਦਿਆਰਥੀਆ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 2 ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਕੈਨੇਡੀਅਨ ਮੀਡੀਆ ਦੀਆ ਰਿਪੋਰਟਾਂ ਮੁਤਾਬਕ ਇਨ੍ਹਾਂ ਚਾਰ ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਇਹ ਸਾਰੇ ਭਾਰਤੀ ਵਿਦਿਆਰਥੀ ਹਨ ਅਤੇ ਆਰਜ਼ੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਸਨ। ਇਸ ਹਾਦਸੇ ਵਿੱਚ ਕਾਰ ਵਿੱਚ ਇੱਕ ਔਰਤ ਸਵਾਰ ਸੀ ਜੋ ਦੂਜੇ ਵਾਹਨ ਨਾਲ ਟਕਰਾ ਗਈ। ਹਾਲਾਂਕਿ ਪੁਲਿਸ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਇਹ ਔਰਤ ਕੌਣ ਸੀ ਅਤੇ ਹੁਣ ਉਸਦੀ ਹਾਲਤ ਕਿਵੇਂ ਹੈ। ਪਰ ਇਹ ਜਾਣਿਆ ਜਾਂਦਾ ਹੈ ਕਿ ਉਹ ਕੈਨੇਡੀਅਨ ਨਾਗਰਿਕ ਸੀ। ਵੈਸਟ ਵੈਨਕੂਵਰ ਪੁਲਿਸ ਵਿਭਾਗ ਨੇ ਕਿਹਾ ਕਿ ਇੱਕ ਕਾਰ ਵੈਸਟਪੋਰਟ ਰੋਡ ਦੇ ਨੇੜੇ ਵੈਸਟ ਸਾਈਡ ਲੇਨ ਵਿੱਚ ਪੂਰਬ ਵੱਲ ਨੂੰ ਜਾ ਰਹੀ ਸੀ। ਰਾਤ ਕਰੀਬ 11:40 ਵਜੇ ਇਸ ਦੀ ਇਕ ਹੋਰ ਗੱਡੀ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ 2 ਭਾਰਤੀ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਗੱਡੀ 'ਚ ਸਵਾਰ ਬਾਕੀ 2 ਵਿਅਕਤੀਆਂ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।4 ਲੋਕਾਂ ਦੀ ਪਛਾਣ ਦਾ ਪੁਲਿਸ ਵੱਲੋਂ ਖੁਲਾਸਾ ਨਹੀਂ ਕੀਤਾ ਗਿਆ।

ਵੈਨਕੂਵਰ ਪੁਲਿਸ ਵਿਭਾਗ ਨੇ ਕਿਹਾ ਕਿ ਸਾਡੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਸ ਗੰਭੀਰ ਹਾਦਸੇ ਵਿਚ 20 ਅਤੇ 21 ਸਾਲ ਦੇ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈਸੀ। ਜਦਕਿ ਬਾਕੀ 2 ਨੌਜਵਾਨ ਜਿਨ੍ਹਾਂ ਦੀ ਉਮਰ 19 ਅਤੇ 20 ਸਾਲ ਸੀ, ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਦੂਜੇ ਪਾਸੇ ਇਸ ਹਾਦਸੇ ਵਿੱਚ ਇੱਕ 26 ਸਾਲਾ ਲੜਕੀ ਵੀ ਗੰਭੀਰ ਜ਼ਖ਼ਮੀ ਹੋ ਗਈ। ਪਰ ਪੁਲਿਸ ਨੇ ਉਸ ਦੀ ਪਛਾਣ ਵੀ ਨਹੀਂ ਦੱਸੀ ਹੈ। ਅਤੇ ਨਾ ਹੀ ਉਸ ਦੀ ਮੈਡੀਕਲ ਸਥਿਤੀ ਬਾਰੇ ਅਜੇ ਤੱਕ ਕਿਸੇ ਨੂੰ ਸੂਚਿਤ ਕੀਤਾ ਗਿਆ ਹੈ।

ਵੈਨਕੂਵਰ ਪੁਲਿਸ ਨੇ ਕਿਹਾ ਕਿ ਇਹ ਘਟਨਾ ਕਿਸੇ ਵੀ ਦੇਸ਼ ਵਿੱਚ ਮਾਤਾ-ਪਿਤਾ ਨੂੰ ਹੈਰਾਨ ਕਰ ਦੇਵੇਗੀ। ਅਸਥਾਈ ਸਟੂਡੈਂਟ ਵੀਜ਼ੇ 'ਤੇ ਭਾਰਤ ਤੋਂ ਇੱਥੇ ਪੜ੍ਹਾਈ ਕਰਨ ਆਏ 4 ਲੜਕਿਆਂ ਦੀ ਕਾਰ ਦਾ ਭਿਆਨਕ ਹਾਦਸਾ ਹੋ ਗਿਆ ਹੈ। ਜਿਨ੍ਹਾਂ ਵਿੱਚੋਂ 2 ਲੋਕਾਂ ਦੀ ਮੌਤ ਹੋ ਗਈ ਹੈ, ਅਸੀਂ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਦੁਖਦਾਈ ਘਟਨਾ ਬਾਰੇ ਸੂਚਿਤ ਕਰ ਦਿੱਤਾ ਹੈ। ਇਸ ਔਖੇ ਸਮੇਂ ਵਿੱਚ ਸਾਡੀ ਸੰਵੇਦਨਾ ਭਾਰਤੀ ਪਰਿਵਾਰ ਨਾਲ ਹੈ। ਅਸੀਂ ਉਨ੍ਹਾਂ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ ਜੋ ਇਸ ਦੁਖਾਂਤ ਵਿੱਚ ਜ਼ਖ਼ਮੀ ਜਾਂ ਮਾਰੇ ਗਏ ਹਨ। ਪੁਲਿਸ ਨੇ ਅੱਗੇ ਕਿਹਾ ਕਿ ਪੀੜਤ ਪਰਿਵਾਰ ਦੀ ਗੋਪਨੀਯਤਾ ਅਤੇ ਮਰਨ ਵਾਲਿਆਂ ਦੇ ਅਕਸ ਨੂੰ ਸੁਰੱਖਿਅਤ ਰੱਖਣ ਲਈ, ਅਸੀਂ ਉਨ੍ਹਾਂ ਦੇ ਨਾਮ ਜਾਂ ਹੋਰ ਵੇਰਵੇ ਜਾਰੀ ਨਾ ਕਰਨ ਦਾ ਫੈਸਲਾ ਕੀਤਾ ਹੈ।

# ਭਾਰਤੀ ਮੂਲ ਦੀ 9 ਸਾਲਾ ਬੱਚੀ ਨੇ ਸ਼ਾਨਦਾਰ ਗਾਇਕੀ ਨਾਲ 'ਅਮਰੀਕਾਜ਼ ਗੌਟ ਟੈਲੇਂਟ' ਦੇ ਜੱਜਾਂ ਦਾ ਜਿੱਤਿਆ ਦਿਲ



ਨਿਊਯਾਰਕ, (ਰਾਜ ਗੋਗਨਾ) : ਭਾਰਤੀ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹੀ ਰਹੇ ਹਨ ਅਤੇ ਦੁਨੀਆ ਭਰ ਵਿੱਚ ਆਪਣੀ ਕਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਹਨ। ਅਜਿਹਾ ਹੀ ਹਾਲ ਹੀ ਵਿੱਚ ਹੋਇਆ ਹੈ, ਅਸਲ ਵਿੱਚ ਭਾਰਤੀ ਮੂਲ ਦੀ ਪ੍ਰਨਿਸਕਾ ਮਿਸ਼ਰਾ ਨੇ ਆਪਣੀ ਆਵਾਜ਼ ਨਾਲ ਅਮਰੀਕੀ ਦਰਸ਼ਕਾਂ ਦਾ ਦਿਲ ਜਿੱਤ ਲਿਆ ਹੈ। ਭਾਰਤੀ-ਅਮਰੀਕੀ ਪ੍ਰਨਿਸਕਾ ਮਿਸ਼ਰਾ ਸਿਰਫ 9 ਸਾਲ ਦੀ ਹੈ। ਅਤੇ ਉਹ ਮਸ਼ਹੂਰ ਟੀਵੀ ਪ੍ਰਤਿਭਾ ਸ਼ੋਅ 'ਅਮਰੀਕਾਜ਼ ਗੌਟ ਟੈਲੇਂਟ' ਵਿੱਚ ਭਾਗ ਲੈਣ ਵਾਲਿਆਂ ਵਿੱਚੋਂ ਇੱਕ ਰਹੀ ਹੈ।

ਲੋਕਾਂ ਨੇ ਉਸ ਦੀ ਗਾਇਕੀ ਨੂੰ ਬਹੁਤ ਹੀ ਪਸੰਦ ਕੀਤਾ ਹੈ। ਉਸ ਦੇ ਹੁਨਰ ਦੀ ਬਹੁਤ ਹੀ ਸ਼ਲਾਘਾ ਹੋਈ ਹੈ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਹਫ਼ਤੇ ਪ੍ਰਨਿਸਕਾ ਮਿਸ਼ਰਾ ਨੇ ਟੀਨਾ ਟਰਨਰ ਦਾ ਗੀਤ 'ਰਿਵਰ ਡੀਪ, ਮਾਊਂਟੇਨ ਹਾਈ' ਗਾ ਕੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ ਸੀ। ਸ਼ੋਅ ਦੇ ਜੱਜ ਪ੍ਰਨਿਸਕਾ ਅਤੇ ਉਸ ਦੇ ਗਾਇਕੀ ਦੇ ਹੁਨਰ ਦੀ ਤਾਰੀਫ਼ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੇ। ਜੱਜ ਸਾਈਮਨ ਕੋਵੇਲ ਅਤੇ ਹੇਡੀ ਕਲਮ ਉਸ ਦੇ ਪ੍ਰਦਰਸ਼ਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਪ੍ਰਨਿਸਕਾ ਮਿਸ਼ਰਾ ਲਈ 'ਗੋਲਡਨ ਬਜ਼ਰ' ਦਬਾ ਦਿੱਤਾ। ਉਧਰ ਪ੍ਰਨਿਸਕਾ ਮਿਸ਼ਰਾ ਦਾ ਕਹਿਣਾ ਹੈ ਕਿ ਉਸ ਨੂੰ ਗਾਇਕੀ ਤੋਂ ਹੀ ਖੁਸ਼ੀ ਮਿਲਦੀ ਹੈ ਅਤੇ ਉਸ ਨੂੰ ਗਾਇਕੀ ਦਾ ਹਮੇਸ਼ਾ ਹੀ ਸ਼ੌਕ ਰਿਹਾ ਹੈ। ਉਸ ਨੇ ਦੱਸਿਆ ਕਿ ਜਦੋਂ ਉਹ 4 ਸਾਲ ਦੀ ਸੀ ਤਾਂ ਉਹ ਇਸ ਤਰ੍ਹਾਂ ਗਾਉਣ ਦਾ ਦਿਖਾਵਾ ਕਰਦੀ ਸੀ ਜਿਵੇਂ ਮਾਈਕ੍ਰੋਫ਼ੋਨ ਨਾਲ ਸਾਰੀ ਦੁਨੀਆਂ ਲਈ ਗਾਉਂਦੀ ਹੋਵੇ।

ਟੀਨਾ ਟਰਨਰ ਸੰਗੀਤ ਦੀ ਦੁਨੀਆ ਵਿੱਚ ਪ੍ਰਨਿਸਕਾ ਦੀ ਪਸੰਦੀਦਾ ਵੀ ਹੈ। ਮੌਕੇ ਤੇ ਜੱਜ ਹੇਡੀ ਕਲਮ ਪ੍ਰਨਿਸਕਾ ਮਿਸ਼ਰਾ ਦੀ ਗਾਇਕੀ ਤੋਂ ਬਹੁਤ ਹੀ ਪ੍ਰਭਾਵਿਤ ਸੀ। ਉਸ ਨੇ ਕਿਹਾ ਕਿ ਅਸੀਂ ਬਹੁਤ ਸਾਰੀਆਂ ਚੀਜ਼ਾਂ ਦੀ ਉਮੀਦ ਕਰਦੇ ਹਾਂ, ਪਰ ਮੈਨੂੰ ਇਹ ਉਮੀਦ ਬਿਲਕੁਲ ਨਹੀਂ ਸੀ। ਤੁਹਾਨੂੰ ਦੱਸ ਦੇਈਏ ਕਿ ਗੋਲਡਨ ਬਜ਼ਰ ਕਾਰਨ ਪ੍ਰਨਿਸਕਾ ਮਿਸ਼ਰਾ ਹੁਣ ਲਾਈਵ ਸ਼ੋਅ ਵਿੱਚ ਪਰਫਾਰਮ ਕਰੇਗੀ। ਹੈਡੀ ਨੇ ਪ੍ਰਨਿਸਕਾ ਮਿਸ਼ਰਾ ਨੂੰ ਆਪਣੀ ਦਾਦੀ ਨੂੰ ਫ਼ੋਨ ਕਰਨ ਅਤੇ ਉਸਨੂੰ ਸੂਚਿਤ ਕਰਨ ਲਈ ਵੀ ਕਿਹਾ ਕਿ ਹੈਡੀ ਨੇ ਉਸਦੇ ਲਈ ਗੋਲਡਨ ਬਜ਼ਰ ਦਬਾਇਆ ਹੈ। ਦੱਸ ਦਈਏ ਕਿ ਪ੍ਰਨਿਸਕਾ ਮਿਸ਼ਰਾ ਅਤੇ ਉਸ ਦਾ ਪਰਿਵਾਰ ਟੈਂਪਾ ਫਲੋਰੀਡਾ ਅਮਰੀਕਾ ਵਿੱਚ ਹੀ ਰਹਿੰਦੇ ਹਨ।

# ਅਰਸ਼ਦੀਪ ਸਿੰਘ ਦਾ ਮੁਹਾਲੀ ਹਵਾਈ ਅੱਡੇ 'ਤੇ ਸ਼ਾਨਦਾਰ ਸਵਾਗਤ



ਮੁਹਾਲੀ : ਟੀ-20 ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦੇ ਗੇਂਦਬਾਜ਼ ਅਰਸ਼ਦੀਪ ਸਿੰਘ ਦਾ ਅੱਜ ਦੇਰ ਸ਼ਾਮ ਮੁਹਾਲੀ ਦੇ ਹਵਾਈ ਅੱਡੇ ਉੱਤੇ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਐੱਸਐੱਸਪੀ ਮੁਹਾਲੀ ਡਾ. ਸੰਦੀਪ ਗਰਗ ਤੋਂ ਇਲਾਵਾ ਜ਼ਿਲ੍ਹਾ ਖੇਡ ਅਫ਼ਸਰ ਹਰਬਿੰਦਰ ਸਿੰਘ ਦੀ ਅਗਵਾਈ ਹੇਠ ਖੇਡ ਪ੍ਰੇਮੀਆਂ ਨੇ ਢੋਲ-ਢਮੱਕਿਆਂ 'ਤੇ ਭੰਗੜਾ ਪਾ ਕੇ ਅਰਸ਼ਦੀਪ ਦਾ ਸਵਾਗਤ ਕੀਤਾ।

ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਰਸ਼ਦੀਪ ਨੂੰ ਗੁਲਦਸਤੇ ਭੇਟ ਕਰਕੇ ਜੀ ਆਇਆਂ ਆਖਿਆ ਗਿਆ। ਇਸ ਤੋਂ ਬਾਅਦ 200 ਤੋਂ ਵੱਧ ਕਾਰਾਂ ਦਾ ਵੱਡਾ ਕਾਫ਼ਲਾ ਅਰਸ਼ਦੀਪ ਸਿੰਘ ਨੂੰ ਖੁੱਲ੍ਹੀ ਕਾਰ ਵਿੱਚ ਬਿਠਾ ਕੇ ਰਵਾਨਾ ਹੋਇਆ। ਅਰਸ਼ਦੀਪ ਨੇ ਫੇਜ਼ ਗਿਆਰਾਂ ਦੇ ਗੁਰਦੁਆਰਾ ਸਿੰਘ ਸਭਾ ਅਤੇ ਸੋਹਾਣਾ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮੱਥਾ ਟੇਕਿਆ, ਜਿੱਥੇ ਪ੍ਰਬੰਧਕਾਂ ਨੇ ਉਸ ਨੂੰ ਸਿਰੋਪੇ ਭੇਟ ਕੀਤੇ। ਇਸ ਮਗਰੋਂ ਉਹ ਕਾਫ਼ਲੇ ਨਾਲ ਖਰੜ ਲਈ ਰਵਾਨਾ ਹੋ ਗਿਆ।

ਅਰਸ਼ਦੀਪ ਸਿੰਘ ਨੇ ਕਿਹਾ ਕਿ ਉਸ ਨੂੰ ਪੰਜਾਬ ਪਹੁੰਚ ਕੇ ਬਹੁਤ ਖ਼ੁਸ਼ੀ ਹੋਈ। ਉਨ੍ਹਾਂ ਕਿਹਾ ਕਿ ਪੂਰੀ ਟੀਮ ਨੇ ਬਿਹਤਰ ਪ੍ਰਦਰਸ਼ਨ ਕੀਤਾ ਅਤੇ ਕਰੋੜਾਂ ਦੇਸ਼ ਵਾਸੀਆਂ ਦੀਆਂ ਦੁਆਵਾਂ ਸਦਕਾ ਜਿੱਤ ਮਿਲੀ। ਉਸ ਨੇ ਕਿਹਾ ਕਿ ਹੁਣ ਉਹ ਆਪਣੇ ਪਰਿਵਾਰ ਨਾਲ ਸਮਾਂ ਗੁਜ਼ਾਰਨਾ ਚਾਹੇਗਾ ਅਤੇ ਆਪਣੇ ਘਰ ਮਾਂ ਦੀ ਬਣਾਈ ਰੋਟੀ ਖਾਵੇਗਾ। ਇਸ ਮੌਕੇ ਅਰਸ਼ਦੀਪ ਸਿੰਘ ਦੇ ਪਿਤਾ ਦਰਸ਼ਨ ਸਿੰਘ, ਮਾਤਾ ਬਲਜੀਤ ਕੌਰ, ਭੈਣ ਤੋਂ ਇਲਾਵਾ ਪਰਿਵਾਰਕ ਰਿਸ਼ਤੇਦਾਰ ਵੀ ਹਾਜ਼ਰ ਸਨ। ਬਟਾਲਾ ਵਿੱਚ ਜਨਮਿਆ, ਖਰੜ ਵਿੱਚ ਪਲਿਆ ਅਰਸ਼ਦੀਪ ਸਿੰਘ ਵਿਸ਼ਵ ਚੈਂਪੀਅਨ ਟੀਮ ਦੀ ਜਿੱਤ ਦਾ ਮੁੱਖ ਆਧਾਰ ਬਣਿਆ। ਅਰਸ਼ਦੀਪ ਦੇ ਕੋਚ ਜਸਵੰਤ ਰਾਏ ਨੇ ਕਿਹਾ ਕਿ ਉਸ ਨੂੰ ਅਰਸ਼ਦੀਪ ਤੋਂ ਬਹੁਤ ਉਮੀਦਾਂ ਸਨ ਤੇ ਉਹ ਉਨ੍ਹਾਂ 'ਤੇ ਖ਼ਰਾ ਉਤਰਿਆ ਹੈ। ਅਰਸ਼ਦੀਪ ਦੀ ਮਾਤਾ ਬਲਜੀਤ ਕੌਰ ਨੇ ਆਖਿਆ ਕਿ ਉਸ ਦੇ ਮੈਚ ਅਤੇ ਖੇਡ ਵੇਖ ਕੇ ਉਸ ਦੀਆਂ ਅੱਖਾਂ ਵਿਚੋਂ ਖ਼ੁਸ਼ੀ ਦੇ ਹੰਝੂ ਆ ਜਾਂਦੇ ਸਨ।

# ਸ਼ਾਟ ਗੰਨ ਨਾਲ ਹੋਈ ਸ਼ੁਭਕਰਨ ਦੀ ਮੌਤ, ਲੱਗਦੇ ਗੋਲੀ ਕਿਸਾਨਾਂ ਵੱਲੋਂ ਹੀ ਚੱਲੀ: ਹਾਈਕੋਰਟ

ਚੰਡੀਗੜ੍ਹ : ਦਿੱਲੀ ਕੂਚ ਦੌਰਾਨ ਖਨੌਰੀ ਬਾਰਡਰ ਉੱਤੇ ਮਾਰੇ ਗਏ ਕਿਸਾਨ ਸ਼ੁਭਕਰਨ ਸਿੰਘ ਮਾਮਲੇ ਵਿਚ ਐਫ.ਐਸ.ਐਲ. ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਖ਼ਲ ਕੀਤੀ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਜੋ ਗੋਲੀ ਕਿਸਾਨ ਸ਼ੁਭਕਰਨ ਸਿੰਘ ਦੇ ਵੱਜੀ ਸੀ, ਉਹ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਨਹੀਂ ਚਲਾਈ ਸੀ।

ਐਫਐਸਐਲ ਰਿਪੋਰਟ ਮੁਤਾਬਕ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ Shotgun ਵਿਚੋਂ ਚੱਲੀ ਗੋਲੀ ਕਾਰਨ ਹੋਈ ਹੈ। ਰਿਪੋਰਟ ਅਨੁਸਾਰ ਜਿਸ ਬੰਦੂਕ ਵਿੱਚੋਂ ਗੋਲੀ ਚੱਲੀ ਹੈ, ਉਹ ਇਥੇ ਤਾਇਨਾਤ ਪੁਲਿਸ ਅਤੇ ਸੁਰੱਖਿਆ ਬਲਾਂ ਕੋਲ ਨਹੀਂ ਸੀ। ਹਾਈ ਕੋਰਟ ਨੇ ਕਿਹਾ ਕਿ ਹੁਣ ਪਤਾ ਲਗਾਓ ਕਿ ਇਹ ਗੋਲੀ ਕਿਸ ਨੇ ਚਲਾਈ ਸੀ। ਹਾਈਕੋਰਟ ਨੇ ਇਹ ਵੀ ਕਿਹਾ ਹੈ ਕਿ ਪੁਲਿਸ Shotgun ਦੀ ਵਰਤੋਂ ਨਹੀਂ ਕਰਦੀ, ਲੱਗਦੈ ਗੋਲੀ ਕਿਸਾਨਾਂ ਵੱਲੋਂ ਚੱਲੀ ਹੋ ਸਕਦੀ ਹੈ। ਹਾਈਕੋਰਟ ਨੇ ਕਿਸਾਨ ਸੰਗਠਨ ਦੇ ਵਕੀਲ ਨੂੰ ਕਿਹਾ ਕਿ ਹੁਣ ਇਹ ਦੇਖੋ ਕੀ ਭੀੜ 'ਚ ਕਿਸ ਕੋਲ Shotgun ਸੀ, ਜਿਸ ਕਾਰਨ ਕਿਸਾਨ ਦੀ ਮੌਤ ਹੋਈ ਹੈ। ਹਾਈਕੋਰਟ ਨੇ ਕਿਹਾ ਕਿ ਉਸ ਦਿਨ ਦੇ ਪ੍ਰਦਰਸ਼ਨ ਦੀ ਵੀਡੀਓ ਫੁਟੇਜ ਦੇਖੀ ਜਾਣੀ ਚਾਹੀਦੀ ਹੈ ਅਤੇ ਪਛਾਣ ਕੀਤੀ ਜਾ ਸਕੇ ਕਿ ਗੋਲੀ ਕਿਸ ਨੇ ਚਲਾਈ ਸੀ



21 ਫਰਵਰੀ ਨੂੰ ਪੰਜਾਬ ਅਤੇ ਹਰਿਆਣਾ ਦੀ ਖਨੌਰੀ ਸਰਹੱਦ ਉਤੇ ਕਿਸਾਨ ਸ਼ੁਭਕਰਨ ਸਿੰਘ ਅਤੇ ਉਸ ਦੇ ਸਾਥੀ ਦਿੱਲੀ ਵੱਲ ਵਧਣ ਲੱਗੇ, ਪਰ ਹਰਿਆਣਾ ਸਰਕਾਰ ਵੱਲੋਂ ਉਨ੍ਹਾਂ ਨੂੰ ਰੋਕ ਦਿੱਤਾ ਗਿਆ ਅਤੇ ਅੰਨ੍ਹੇਵਾਹ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਕਿਸਾਨ ਸ਼ੁਭਕਰਨ ਸਿੰਘ ਦੇ ਸਿਰ ਦੇ ਪਿੱਛੇ ਗੋਲੀ ਲੱਗੀ ਸੀ। ਕਿਸਾਨ ਆਗੂਆਂ ਦਾ ਦੋਸ਼ ਸੀ ਕਿ ਇਹ ਗੋਲੀ ਪੁਲਿਸ ਵੱਲੋਂ ਚਲਾਈ ਗਈ ਸੀ।

# ਲਾਂਸ ਨਾਇਕ ਪ੍ਰਦੀਪ ਨੈਨ ਨੂੰ ਹੰਝੂ ਭਰੀਆਂ ਅੱਖਾਂ ਨਾਲ ਦਿੱਤੀ ਅੰਤਮ ਵਿਦਾਇਗੀ

## ਪ੍ਰਦੀਪ 6 ਜੁਲਾਈ ਨੂੰ ਕੁਲਗਾਮ 'ਚ ਅਤਿਵਾਦੀਆਂ ਨਾਲ ਮੁਕਾਬਲੇ ਦੌਰਾਨ ਹੋ ਗਏ ਸਨ ਸ਼ਹੀਦ







ਜੀਂਦ: ਜੰਮੂ-ਕਸ਼ਮੀਰ ਦੇ ਕੁਲਗਾਮ 'ਚ ਅਤਿਵਾਦੀਆਂ ਨਾਲ ਮੁਕਾਬਲੇ 'ਚ ਸ਼ਹੀਦ ਹੋਏ ਨੀਮ ਫੌਜੀ ਕਮਾਂਡੋ ਲਾਂਸ ਨਾਇਕ ਪ੍ਰਦੀਪ ਨੈਨ ਦਾ ਸੋਮਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ 'ਚ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿਤਾ ਗਿਆ। ਪ੍ਰਦੀਪ ਨੈਨ ਦੀ ਲਾਸ਼ ਨੂੰ ਫੌਜ ਦੇ ਤਿਰੰਗੇ ਨਾਲ ਸਜੀ ਗੱਡੀ 'ਚ ਲਿਆਂਦਾ ਗਿਆ ਸੀ। ਪੂਰੇ ਪਿੰਡ ਨੂੰ ਤਿਰੰਗੇ ਨਾਲ ਸਜਾਇਆ ਗਿਆ ਸੀ।

ਸਿਹਤ ਮੰਤਰੀ ਕਮਲ ਗੁਪਤਾ, ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ, ਵਿਧਾਇਕ ਰਾਮਨਿਵਾਸ ਸੁਰਜਾਖੇੜਾ, ਡਿਪਟੀ ਕਮਿਸ਼ਨਰ ਮੁਹੰਮਦ ਇਮਰਾਨ ਰਜ਼ਾ, ਐਸ.ਪੀ. ਸੁਮਿਤ ਕੁਮਾਰ, ਐਸ.ਡੀ.ਐਮ. ਅਨਿਲ ਦੂਨ, ਉਕਲਾਨਾ ਦੇ ਸਾਬਕਾ ਵਿਧਾਇਕ ਨਰੇਸ਼ ਸੇਲਵਾਲ, ਬਿਨੈਨ ਖਾਪ ਪ੍ਰਧਾਨ ਰਘੁਬੀਰ ਨੈਨ ਅਤੇ ਹੋਰ ਪਤਵੰਤਿਆਂ ਨੇ ਸਸਕਾਰ ਤੋਂ ਪਹਿਲਾਂ ਪ੍ਰਦੀਪ ਨੈਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਪ੍ਰਦੀਪ 6 ਜੁਲਾਈ ਨੂੰ ਕੁਲਗਾਮ 'ਚ ਅਤਿਵਾਦੀਆਂ ਨਾਲ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਪਿੰਡ ਜਾਜਨਵਾਲਾ ਦੇ ਵਸਨੀਕ ਪ੍ਰਦੀਪ ਨੈਨ (27) ਨੂੰ 2015 'ਚ ਪੈਰਾਮਿਲਟਰੀ 'ਚ ਕਾਂਸਟੇਬਲ ਦੇ ਅਹੁਦੇ 'ਤੇ ਭਰਤੀ ਕੀਤਾ ਗਿਆ ਸੀ। ਪ੍ਰਦੀਪ ਨੂੰ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ 'ਚ ਲੋਕ ਇਕੱਠੇ ਹੋਏ। ਪ੍ਰਦੀਪ ਨੈਨ ਦੀ ਮ੍ਰਿਤਕ ਦੇਹ ਨੂੰ ਲੋਕਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਉਨ੍ਹਾਂ ਦੇ ਘਰ ਲਿਜਾਇਆ ਗਿਆ। ਪ੍ਰਦੀਪ ਨੈਨ ਦੀ ਲਾਸ਼ ਨੂੰ ਤਿਰੰਗੇ 'ਚ ਲਪੇਟਿਆ ਵੇਖ ਕੇ ਪਤਨੀ, ਮਾਂ-ਭੈਣ ਦੇ ਹੰਝੂ ਨਹੀਂ ਰੁਕ ਸਕੇ।

ਸਿਹਤ ਮੰਤਰੀ ਕਮਲ ਗੁਪਤਾ ਨੇ ਕਿਹਾ ਕਿ ਉਹ ਸ਼ਹੀਦ ਪ੍ਰਦੀਪ ਨੈਨ ਦੀ ਮਾਂ ਨੂੰ ਸਲਾਮ ਕਰਦੇ ਹਨ, ਜਿਨ੍ਹਾਂ ਨੇ ਅਜਿਹੇ ਬਹਾਦਰ ਪੁੱਤਰ ਨੂੰ ਜਨਮ ਦਿਤਾ। ਉਨ੍ਹਾਂ ਨੇ ਕਿਹਾ ਕਿ ਉਦਾਸ ਹੋਣਾ ਸੁਭਾਵਕ ਸੀ ਕਿਉਂਕਿ ਜਵਾਨ ਪੁੱਤਰ ਚਲਾ ਗਿਆ ਸੀ ਪਰ ਮਾਣ ਵੀ ਸੀ। ਪ੍ਰਦੀਪ ਨੇ ਅਤਿਵਾਦੀਆਂ ਨੂੰ ਮਾਰ ਕੇ ਅਪਣੀ ਜਾਨ ਕੁਰਬਾਨ ਕਰ ਦਿਤੀ।

ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸੈਣੀ ਨੇ ਉਨ੍ਹਾਂ ਨੂੰ ਭੇਜਿਆ ਹੈ ਅਤੇ ਸ਼ਹੀਦ ਦੇ ਪਰਵਾਰ ਨੂੰ ਐਲਾਨੀ ਸਹਾਇਤਾ ਜਲਦੀ ਹੀ ਦਿਤੀ ਜਾਵੇਗੀ। ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਨੇ ਕਿਹਾ ਕਿ ਇਹ ਦੁਖ ਦੇ ਨਾਲ ਮਾਣ ਦੀ ਗੱਲ ਵੀ ਹੈ। ਜਾਜਨਵਾਲਾ ਦੇ ਬਹਾਦਰ ਪੁੱਤਰ ਨੇ ਅਤਿਵਾਦੀਆਂ ਨਾਲ ਲੜਦੇ ਹੋਏ ਅਪਣੀ ਜਾਨ ਕੁਰਬਾਨ ਕਰ ਦਿਤੀ । ਪ੍ਰਦੀਪ ਨੈਨ ਨੂੰ ਅਪਣੀ ਜਾਨ ਦੀ ਪਰਵਾਹ ਨਹੀਂ ਸੀ। ਦੇਸ਼ ਦੇ ਹਿੱਤਾਂ ਨੂੰ ਸਰਵਉੱਚ ਰਖਿਆ। ਪ੍ਰਦੀਪ ਨੈਨ ਦੀ ਸ਼ਹਾਦਤ ਨੂੰ ਸਦੀਆਂ ਤਕ ਯਾਦ ਰੱਖਿਆ ਜਾਵੇਗਾ।

# ਨੀਟ-ਯੂਜੀ ਪ੍ਰੀਖਿਆ ਦੀ ਪਵਿੱਤਰਤਾ ਜੇਕਰ 'ਨਸ਼ਟ' ਹੋਈ ਹੈ ਤਾਂ ਮੁੜ ਪ੍ਰੀਖਿਆ ਦਾ ਆਦੇਸ਼ ਦੇਣਾ ਹੋਵੇਗਾ: ਸੁਪਰੀਮ ਕੋਰਟ

## ਸਿਖਰਲੀ ਅਦਾਲਤ ਨੇ ਵਿਵਾਦਾਂ 'ਚ ਘਿਰੀ ਨੀਟ-ਯੂਜੀ ਪ੍ਰੀਖਿਆ ਨਾਲ ਸਬੰਧਤ 30 ਤੋਂ ਵੱਧ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ; ਪੇਪਰ ਲੀਕ ਦੇ ਲਾਭਪਾਤਰੀਆਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ







**ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਏਆਈਐਸਏ) ਅਤੇ ਕ੍ਰਾਂਤੀਕਾਰੀ ਯੁਵਾ ਸੰਗਠਨ (ਕੇਵਾਈਐਸ) ਦੇ ਮੈਂਬਰਾਂ ਨੇ ਐਤਵਾਰ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਮੁੜ-ਨੀਟ ਅਤੇ ਨੈੱਟ ਪ੍ਰੀਖਿਆਵਾਂ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।**

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਮੈਡੀਕਲ ਦਾਖ਼ਲਾ ਪ੍ਰੀਖਿਆ ਨੀਟ-ਯੂਜੀ 2024 ਦੀ ਪਵਿੱਤਰਤਾ 'ਨਸ਼ਟ' ਹੋ ਗਈ ਹੈ ਅਤੇ ਜੇਕਰ ਇਸ ਦੇ ਲੀਕ ਪ੍ਰਸ਼ਨ ਪੱਤਰ ਨੂੰ ਸੋਸ਼ਲ ਮੀਡੀਆ ਰਾਹੀਂ ਪ੍ਰਸਾਰਿਤ ਕੀਤਾ ਗਿਆ ਹੈ ਤਾਂ ਮੁੜ ਪ੍ਰੀਖਿਆ ਕਰਾਉਣ ਦਾ ਆਦੇਸ਼ ਦੇਣਾ ਹੋਵੇਗਾ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਇਹ ਵੀ ਕਿਹਾ ਕਿ ਜੇਕਰ ਪ੍ਰਸ਼ਨ ਪੱਤਰ ਲੀਕ ਟੈਲੀਗ੍ਰਾਮ, ਵੱਟਸਐਪ ਅਤੇ ਇਲੈਕਟ੍ਰੌਨਿਕ ਮਾਧਿਅਮਾਂ ਤੋਂ ਹੋ ਰਿਹਾ ਹੈ ਤਾਂ ਇਹ 'ਜੰਗਲ ਵਿੱਚ ਅੱਗ ਵਾਂਗ ਫੈਲੇਗਾ।' ਬੈਂਚ ਨੇ ਕਿਹਾ, "ਇਕ ਗੱਲ ਸਪੱਸ਼ਟ ਹੈ ਕਿ ਪ੍ਰਸ਼ਨ ਪੱਤਰ ਲੀਕ ਹੋਇਆ ਹੈ।" ਬੈਂਚ ਨੇ ਕਿਹਾ, "ਜੇਕਰ ਪ੍ਰੀਖਿਆ ਦੀ ਪਵਿੱਤਰਤਾ ਨਸ਼ਟ ਹੋ ਜਾਂਦੀ ਹੈ ਤਾਂ ਮੁੜ ਪ੍ਰੀਖਿਆ ਦਾ ਆਦੇਸ਼ ਦੇਣਾ ਹੋਵੇਗਾ। ਜੇਕਰ ਅਸੀਂ ਦੋਸ਼ੀਆਂ ਦੀ ਪਛਾਣ ਕਰਨ ਵਿੱਚ ਅਸਮਰੱਥ ਹਾਂ ਤਾਂ ਮੁੜ ਪ੍ਰੀਖਿਆ ਦਾ ਆਦੇਸ਼ ਦੇਣਾ ਹੋਵਗਾ।" ਨਾਲ ਹੀ ਬੈਂਚ ਨੇ ਕਿਹਾ ਕਿ ਜੇਕਰ ਲੀਕ ਸੋਸ਼ਲ ਮੀਡੀਆ ਦੇ ਮਾਧਿਅਮ ਤੋਂ ਪ੍ਰਸਾਰਿਤ ਕੀਤਾ ਗਿਆ ਹੈ ਤਾਂ ਮੁੜ ਪ੍ਰੀਖਿਆ ਦਾ ਆਦੇਸ਼ ਦੇਣਾ ਹੋਵੇਗਾ। ਬੈਂਚ ਨੇ ਕਿਹਾ, "ਜੋ ਹੋਇਆ, ਸਾਨੂੰ ਉਸ ਨੂੰ ਨਕਾਰਨਾ ਨਹੀਂ ਚਾਹੀਦਾ।" ਨਾਲ ਹੀ ਬੈਂਚ ਨੇ ਕਿਹਾ, "ਇਹ ਮੰਨ ਲਓ ਕਿ ਸਰਕਾਰ ਪ੍ਰੀਖਿਆ ਰੱਦ ਨਹੀਂ ਕਰੇਗੀ ਤਾਂ ਉਹ ਪ੍ਰਸ਼ਨ ਪੱਤਰ ਲੀਕ ਦੇ ਲਾਭਪਾਤਰੀਆਂ ਦੀ ਪਛਾਣ ਕਰਨ ਵਾਸਤੇ ਕੀ ਕਰੇਗੀ?

ਸੁਪਰੀਮ ਕੋਰਟ ਨੇ ਵਿਵਾਦਾਂ 'ਚ ਘਿਰੀ ਮੈਡੀਕਲ ਦਾਖ਼ਲਾ ਪ੍ਰੀਖਿਆ ਨੀਟ-ਯੂਜੀ 2024 ਨਾਲ ਸਬੰਧਤ 30 ਤੋਂ ਵੱਧ ਪਟੀਸ਼ਨਾਂ 'ਤੇ ਅੱਜ ਸੁਣਵਾਈ ਸ਼ੁਰੂ ਕੀਤੀ। ਇਨ੍ਹਾਂ 'ਚ 5 ਮਈ ਨੂੰ ਹੋਈ ਪ੍ਰੀਖਿਆ ਵਿੱਚ ਅਨਿਯਮਤਾਵਾਂ ਅਤੇ ਪ੍ਰੀਖਿਆ ਨਵੇਂ ਸਿਰੇ ਤੋਂ ਕਰਵਾਉਣ ਦਾ ਨਿਰਦੇਸ਼ ਦੇਣ ਦੀ ਅਪੀਲ ਕਰਦੀਆਂ ਪਟੀਸ਼ਨਾਂ ਵੀ ਸ਼ਾਮਲ ਹਨ। ਬੈਂਚ ਨੇ ਕਿਹਾ, "ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪ੍ਰਸ਼ਨ ਪੱਤਰ ਲੀਕ ਹੋਇਆ ਹੈ। ਅਸੀਂ ਲੀਕ ਦੀ ਸੀਮਾ ਦਾ ਪਤਾ ਲਗਾ ਰਹੇ ਹਾਂ।" ਬੈਂਚ ਨੇ ਕਿਹਾ ਕਿ ਇਸ ਵਿੱਚ ਕੁਝ ਚਿਤਾਵਨੀ ਦੇ ਸੰਕੇਤ ਹਨ ਕਿਉਂਕਿ 67 ਉਮੀਦਵਾਰਾਂ ਨੇ 720 'ਚੋਂ 720 ਅੰਕ ਪ੍ਰਾਪਤ ਕੀਤੇ ਹਨ। ਬੈਂਚ ਨੇ ਕਿਹਾ, "ਪਿਛਲੇ ਸਾਲਾਂ 'ਚ ਇਹ ਅਨੁਪਾਤ ਬਹੁਤ ਘੱਟ ਸੀ।" ਸਿਖਰਲੀ ਅਦਾਲਤ ਨੇ ਕਿਹਾ ਕਿ ਉਹ ਜਾਣਨਾ ਚਾਹੁੰਦੀ ਹੈ ਕਿ ਪ੍ਰਸ਼ਨ ਪੱਤਰ ਲੀਕ ਨਾਲ ਕਿੰਨੇ ਪ੍ਰੀਖਿਆਥੀਆਂ ਨੂੰ ਲਾਭ ਹੋਇਆ ਅਤੇ ਕੇਂਦਰ ਨੇ ਉਨ੍ਹਾਂ ਖਿਲਾਫ਼ ਕੀ ਕਾਰਵਾਈ ਕੀਤੀ। ਬੈਂਚ ਗੁਜਰਾਤ ਦੇ 50 ਤੋਂ ਵੱਧ ਸਫ਼ਲ ਨੀਟ-ਯੂਜੀ ਦੇ ਪ੍ਰੀਖਿਆਰਥੀਆਂ ਦੀ ਇਕ ਵੱਖਰੀ ਪਟੀਸ਼ਨ 'ਤੇ ਵੀ ਸੁਣਵਾਈ ਕਰ ਰਿਹਾ ਹੈ, ਜਿਸ ਵਿੱਚ ਕੇਂਦਰ ਤੇ ਕੌਮੀ ਪ੍ਰੀਖਿਆ ਏਜੰਸੀ (ਐੱਨਟੀਏ) ਨੂੰ ਵਿਵਾਦਤ ਪ੍ਰੀਖਿਆ ਰੱਦ ਕਰਨ ਤੋਂ ਰੋਕਣ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ।

# ਮਜ਼ਬੂਤ ਸਬੰਧਾਂ ਦਾ ਭਾਰਤ ਤੇ ਰੂਸ ਦੇ ਲੋਕਾਂ ਨੂੰ ਹੋਵੇਗਾ ਲਾਭ: ਮੋਦੀ

## ਮਾਸਕੋ ਪੁੱਜਣ 'ਤੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ

ਮਾਸਕੋ : ਰੂਸ ਵੱਲੋਂ ਯੂਕਰੇਨ 'ਤੇ ਹਮਲਾ ਕੀਤੇ ਜਾਣ ਮਗਰੋਂ ਆਪਣੇ ਪਹਿਲੇ ਦੌਰੇ 'ਤੇ ਇਥੇ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅੱਜ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਸਿਖਰ ਵਾਰਤਾ ਹੋਵੇਗੀ ਜਿਸ ਨੂੰ ਪੂਰੀ ਦੁਨੀਆ ਗਹੁ ਨਾਲ ਦੇਖ ਰਹੀ ਹੈ। ਮਾਸਕੋ ਪੁੱਜਣ ਮਗਰੋਂ ਮੋਦੀ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਮਜ਼ਬੂਤ ਸਬੰਧਾਂ ਦਾ ਭਾਰਤ ਅਤੇ ਰੂਸ ਦੇ ਲੋਕਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਭਵਿੱਖ ਮੁਖੀ ਖੇਤਰਾਂ 'ਚ ਦੁਵੱਲੀ ਭਾਈਵਾਲੀ ਮਜ਼ਬੂਤ ਕਰਨ ਵੱਲ ਅਗਾਂਹ ਵਧ ਰਹੇ ਹਨ।

ਪ੍ਰਧਾਨ ਮੰਤਰੀ ਨੇ ਰੂਸ ਦੇ ਦੌਰੇ 'ਤੇ ਜਾਣ ਤੋਂ ਪਹਿਲਾਂ ਦਿੱਤੇ ਬਿਆਨ 'ਚ ਕਿਹਾ ਕਿ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਲਈ ਭਾਰਤ 'ਸਹਾਇਕ ਭੂਮਿਕਾ' ਨਿਭਾਅ ਸਕਦਾ ਹੈ। ਮੋਦੀ ਦਾ ਵਨੂਕੋਵੋ-11 ਹਵਾਈ ਅੱਡੇ 'ਤੇ ਪੁੱਜਣ ਮਗਰੋਂ ਰੂਸ ਦੇ ਪ੍ਰਥਮ ਉਪ ਪ੍ਰਧਾਨ ਮੰਤਰੀ ਡੇਨਿਸ ਮਾਨਤੂਰੋਵ ਨੇ ਸਵਾਗਤ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਉਪ ਪ੍ਰਧਾਨ ਮੰਤਰੀ ਹਵਾਈ ਅੱਡੇ ਤੋਂ ਹੋਟਲ ਜਾਣ ਤੱਕ ਮੋਦੀ ਨਾਲ ਹੀ ਰਹੇ। ਮਾਨਤੂਰੋਵ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਰੂਸ ਦੌਰੇ ਸਮੇਂ ਵੀ ਉਨ੍ਹਾਂ ਦਾ ਸਵਾਗਤ ਕੀਤਾ ਸੀ। ਮੋਦੀ ਮੰਗਲਵਾਰ ਨੂੰ ਰਾਸ਼ਟਰਪਤੀ ਪੂਤਿਨ ਨਾਲ 22ਵੇਂ ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਦੀ ਸਹਿ-ਅਗਵਾਈ ਕਰਨਗੇ। ਉਹ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਤੋਂ ਇਲਾਵਾ ਰੋਸਾਤੋਮ ਪ੍ਰਦਰਸ਼ਨੀ ਮੈਦਾਨ ਦਾ ਵੀ ਦੌਰਾ ਕਰਨਗੇ। ਪ੍ਰਧਾਨ ਮੰਤਰੀ ਵੱਲੋਂ 'ਅਣਪਛਾਤੇ ਜਵਾਨਾਂ ਦੀ ਕਬਰ' 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਜਾਣਗੇ। ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਦੌਰਾਨ ਊਰਜਾ, ਸੁਰੱਖਿਆ, ਵਪਾਰ, ਨਿਵੇਸ਼ ਜਿਹੇ ਖੇਤਰਾਂ 'ਚ ਦੁਵੱਲੇ ਸਹਿਯੋਗ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਸੰਭਾਵਨਾ ਹੈ। ਵਾਰਤਾ ਦੌਰਾਨ ਮੋਦੀ ਰੂਸੀ ਫ਼ੌਜ 'ਚ ਭਰਤੀ ਕੀਤੇ ਗਏ ਭਾਰਤੀਆਂ ਦਾ ਮੁੱਦਾ ਵੀ ਚੁਕਣਗੇ। ਇਸ ਦੌਰਾਨ ਓਸਤਾਨਕਿਨੋ ਟੀਵੀ ਟਾਵਰ ਨੂੰ ਤਿਰੰਗੇ ਅਤੇ ਰੂਸੀ ਝੰਡੇ ਦੇ ਰੰਗ 'ਚ ਰੰਗਿਆ ਗਿਆ ਸੀ।



# ਜੰਗ ਨਾਲ ਨਹੀਂ ਹੋਵੇਗਾ ਯੂਕਰੇਨ ਵਿਵਾਦ ਦਾ ਹੱਲ: ਨਰਿੰਦਰ ਮੋਦੀ

## ਪ੍ਰਧਾਨ ਮੰਤਰੀ ਨੇ ਹਸਪਤਾਲ 'ਤੇ ਰੂਸੀ ਹਮਲੇ 'ਚ ਬੱਚਿਆਂ ਦੀ ਮੌਤ ਨੂੰ ਦਿਲ ਦੁਖਾਉਣ ਵਾਲੀ ਘਟਨਾ ਦੱਸਿਆ



ਮਾਸਕੋ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਕਿ ਯੂਕਰੇਨ ਵਿਵਾਦ ਦਾ ਹੱਲ ਜੰਗ ਦੇ ਮੈਦਾਨ ਵਿੱਚ ਸੰਭਵ ਨਹੀਂ ਹੈ ਅਤੇ ਬੰਬਾਂ, ਬੰਦੂਕਾਂ ਤੇ ਗੋਲੀਆਂ ਦਰਮਿਆਨ ਸ਼ਾਂਤੀ ਵਾਰਤਾ ਨਹੀਂ ਹੋ ਸਕਦੀ। ਰੂਸੀ ਰਾਸ਼ਟਰਪਤੀ ਦੇ ਦਫ਼ਤਰ 'ਕਰੈਮਲਿਨ' ਵਿੱਚ ਪੂਤਿਨ ਨਾਲ ਸਿਖਰ ਵਾਰਤਾ ਤੋਂ ਪਹਿਲਾਂ ਆਪਣੀ ਮੁੱਢਲੀ ਵਾਰਤਾ 'ਚ ਮੋਦੀ ਨੇ ਯੂਕਰੇਨ 'ਚ ਬੱਚਿਆਂ ਦੇ ਇੱਕ ਹਸਪਤਾਲ 'ਤੇ ਬੰਬ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੇਗੁਨਾਹ ਬੱਚਿਆਂ ਦੀ ਮੌਤ ਦਿਲ ਦੁਖਾਉਣ ਵਾਲੀ ਤੇ ਬਹੁਤ ਹੀ ਤਕਲੀਫ ਦੇਣ ਵਾਲੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਆਲਮੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ ਅਤੇ ਸੰਘਰਸ਼ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ। ਉੱਧਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਸੰਕਟ ਦਾ ਸ਼ਾਂਤੀਪੂਰਨ ਹੱਲ ਲੱਭਣ 'ਚ ਮਦਦ ਦੀਆਂ ਕੋਸ਼ਿਸ਼ਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਨਵੀਂ ਪੀੜ੍ਹੀ ਦੇ ਰੌਸ਼ਨ ਭਵਿੱਖ ਲਈ ਅਮਨ-ਸ਼ਾਂਤੀ ਬਹੁਤ ਜ਼ਰੂਰੀ ਹੈ। ਜੰਗ ਦੇ ਮੈਦਾਨ 'ਚ ਹੱਲ ਸੰਭਵ ਨਹੀਂ ਹੈ। ਬੰਬ, ਬੰਦੂਕਾਂ ਤੇ ਗੋਲੀਆਂ ਵਿਚਾਲੇ ਸ਼ਾਂਤੀ ਵਾਰਤਾ ਸਫਲ ਨਹੀਂ ਹੁੰਦੀ।' ਮੋਦੀ ਨੇ ਕਿਹਾ, 'ਸ਼ਾਂਤੀ ਬਹਾਲੀ ਲਈ ਭਾਰਤ ਹਰ ਸੰਭਵ ਢੰਗ ਨਾਲ ਸਹਿਯੋਗ ਲਈ ਤਿਆਰ ਹੈ।' ਮੋਦੀ ਦੋ ਰੋਜ਼ਾ ਰੂਸ ਯਾਤਰਾ 'ਤੇ ਬੀਤੇ ਦਿਨ ਮਾਸਕੋ ਪੁੱਜੇ ਸਨ ਅਤੇ ਅੱਜ ਉਨ੍ਹਾਂ ਪੂਤਿਨ ਨਾਲ 22ਵੀਂ ਭਾਰਤ-ਰੂਸ ਵਾਰਤਾ 'ਚ ਹਿੱਸਾ ਲਿਆ। ਇਸ ਯਾਤਰਾ 'ਤੇ ਪੱਛਮੀ ਮੁਲਕਾਂ ਦੇ ਆਗੂ ਨੇੜਿਓਂ ਨਜ਼ਰ ਰੱਖ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਵਾਰਤਾ ਦੌਰਾਨ ਬੀਤੇ ਦਿਨ ਯੂਕਰੇਨ 'ਚ ਬੱਚਿਆਂ ਦੇ ਇੱਕ ਹਸਪਤਾਲ 'ਤੇ ਹੋਏ ਹਮਲੇ ਦਾ ਅਸਿੱਧੇ ਢੰਗ ਨਾਲ ਜ਼ਿਕਰ ਕਰਦਿਆਂ ਕਿਹਾ, 'ਜੇ ਲੋਕਾਂ ਦੀ ਜਾਨ ਜਾਂਦੀ ਹੈ ਤਾਂ ਮਨੁੱਖਤਾ 'ਚ ਯਕੀਨ ਰੱਖਣ ਵਾਲਾ ਹਰ ਵਿਅਕਤੀ ਦੁਖੀ ਹੁੰਦਾ ਹੈ। ਉਸ 'ਤੇ ਵੀ ਜੇ ਬੇਕਸੂਰ ਬੱਚਿਆਂ ਦੀ ਹੱਤਿਆ ਹੋਵੇ, ਬੇਕਸੂਰ ਬੱਚੇ ਮਰਨ ਤਾਂ ਇਹ ਦਿਲ ਦੁਖਾਉਣ ਵਾਲੀ ਤੇ ਬਹੁਤ ਹੀ ਤਕਲੀਫ ਦੇਣ ਵਾਲੀ ਹੁੰਦੀ ਹੈ।' ਪ੍ਰਧਾਨ ਮੰਤਰੀ ਮੋਦੀ ਨੇ ਲੰਘੀ ਰਾਤ ਪੂਤਿਨ ਨਾਲ ਹੋਈ ਆਪਣੀ ਰਸਮੀ ਗੱਲਬਾਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਦੀ ਗੱਲ ਸੁਣਨ ਨਾਲ ਉਮੀਦ ਬੱਝੀ ਹੈ। ਉਨ੍ਹਾਂ ਕਿਹਾ, 'ਬੀਤੇ ਦਿਨ ਸਾਡੀ ਮੀਟਿੰਗ 'ਚ ਅਸੀਂ ਯੂਕਰੇਨ ਦੇ ਮੁੱਦੇ 'ਤੇ ਇੱਕ-ਦੂਜੇ ਦੇ ਵਿਚਾਰ ਸੁਣੇ ਅਤੇ ਮੈਂ ਅਮਨ-ਸ਼ਾਂਤੀ ਦੀ ਸਥਿਰਤਾ 'ਤੇ ਗਲੋਬਲ ਸਾਊਥ ਦਾ ਨਜ਼ਰੀਆ ਪੇਸ਼ ਕੀਤਾ।' ਪ੍ਰਧਾਨ ਮੰਤਰੀ ਨੇ ਊਰਜਾ ਖੇਤਰ 'ਚ ਰੂਸ ਵੱਲੋਂ ਭਾਰਤ ਦੀ ਮਦਦ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਜਦੋਂ ਦੁਨੀਆ ਖੁਰਾਕ ਪਦਾਰਥਾਂ, ਬਾਲਣ ਤੇ ਖਾਦ ਦੀ ਘਾਟ ਦਾ ਸਾਹਮਣਾ ਕਰ ਰਹੀ ਤਾਂ ਉਨ੍ਹਾਂ ਆਪਣੇ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਤੇ ਰੂਸ ਨਾਲ ਸਾਡੀ ਦੋਸਤੀ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ। ਪ੍ਰਧਾਨ ਮੰਤਰੀ ਨੇ ਅਤਿਵਾਦ ਦੀਆਂ ਚੁਣੌਤੀਆਂ ਨੂੰ ਲੈ ਕੇ ਵੀ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ, 'ਭਾਰਤ ਤਕਰੀਬਨ 40 ਸਾਲਾਂ ਤੋਂ ਅਤਿਵਾਦ ਦੀ ਚੁਣੌਤੀ ਦਾ ਸਾਹਮਣਾ ਕਰ ਰਹੇ ਹੈ। ਮੈਂ ਹਰ ਤਰ੍ਹਾਂ ਦੇ ਅਤਿਵਾਦ ਦੀ ਨਿੰਦਾ ਕਰਦਾ ਹਾਂ।' ਸਿਖਰ ਵਾਰਤਾ ਮਗਰੋਂ ਮੋਦੀ ਨੇ ਪੂਤਿਨ ਨਾਲ ਹੋਈ ਵਾਰਤਾ ਨੂੰ ਸਾਰਥਕ ਦੱਸਿਆ।

## ਪ੍ਰਧਾਨ ਮੰਤਰੀ ਮੋਦੀ ਨੂੰ ਰੂਸ ਦਾ ਸਰਵਉੱਚ ਨਾਗਰਿਕ ਸਨਮਾਨ



ਮਾਸਕੋ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਧਿਕਾਰਤ ਤੌਰ 'ਤੇ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ 'ਆਰਡਰ ਆਫ ਦਿ ਸੇਂਟ ਐਂਡ੍ਰਿਊ ਐਪੋਸਲ' ਨਾਲ ਸਨਮਾਨਿਤ ਕੀਤਾ ਹੈ। ਮੋਦੀ ਨੂੰ ਦੋਵਾਂ ਮੁਲਕਾਂ ਵਿਚਾਲੇ ਦੁਵੱਲੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ 'ਚ ਦਿੱਤੀਆਂ ਸੇਵਾਵਾਂ ਬਦਲੇ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਇੱਥੇ ਇੱਕ ਸਮਾਗਮ 'ਚ ਪੁਰਸਕਾਰ ਹਾਸਲ ਕਰਨ ਮਗਰੋਂ ਐਕਸ 'ਤੇ ਲਿਖਿਆ, 'ਆਰਡਰ ਆਫ ਸੇਂਟ ਐਂਡ੍ਰਿਊ ਦਿ ਐਪੋਸਲ ਪੁਰਸਕਾਰ ਪ੍ਰਾਪਤ ਕਰਕੇ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ। ਮੈਂ ਇਸ ਨੂੰ ਭਾਰਤ ਦੀ ਜਨਤਾ ਨੂੰ ਸਮਰਪਿਤ ਕਰਦਾ ਹਾਂ।' ਜ਼ਿਕਰਯੋਗ ਹੈ ਕਿ ਸਾਲ 1698 'ਚ ਯਸੂ ਦੇ ਪਹਿਲੇ ਪ੍ਰਚਾਰਕ ਤੇ ਰੂਸੀ ਸੰਤ ਸੇਂਟ ਐਂਡ੍ਰਿਊ ਦੇ ਸਨਮਾਨ ਵਿੱਚ ਜ਼ਾਰ ਪੀਟਰ ਦਿ ਗਰੇਟ ਵੱਲੋਂ ਸਥਾਪਤ 'ਆਰਡਰ ਆਫ ਸੇਂਟ ਐਂਡ੍ਰਿਊ ਦਿ ਐਪੋਸਲ' ਰੂਸ ਦਾ ਸਰਵਉੱਚ ਸਰਕਾਰੀ ਸਨਮਾਨ ਹੈ।

# ਭਾਰਤ ਦੇ ਹਰ ਦੁੱਖ-ਸੁੱਖ ਦਾ ਸਾਥੀ ਹੈ ਰੂਸ: ਪ੍ਰਧਾਨ ਮੰਤਰੀ

ਮਾਸਕੋ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਰੂਸ ਨੂੰ ਭਾਰਤ ਦੇ ਦੁੱਖ-ਸੁੱਖ ਦਾ ਸਾਥੀ ਅਤੇ ਸਭ ਤੋਂ ਭਰੋਸੇਮੰਦ ਦੋਸਤ ਦਸਦਿਆਂ ਪਿਛਲੇ ਦੋ ਦਹਾਕਿਆਂ 'ਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਯੂਕਰੇਨ ਜੰਗ ਨੂੰ ਲੈ ਕੇ ਰੂਸੀ ਆਗੂ ਨੂੰ ਅਲੱਗ-ਥਲੱਗ ਕਰਨ ਦੀਆਂ ਪੱਛਮੀ ਮੁਲਕਾਂ ਦੀਆਂ ਕੋਸ਼ਿਸ਼ਾਂ ਵਿਚਾਲੇ ਇੱਥੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਪੂਤਿਨ ਦੀਆਂ ਤਾਰੀਫ਼ਾਂ ਕੀਤੀਆਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਦਹਾਕਿਆਂ ਤੋਂ ਭਾਰਤ ਤੇ ਰੂਸ ਵਿਚਾਲੇ ਜੋ ਵਿਲੱਖਣ ਰਿਸ਼ਤਾ ਰਿਹਾ ਹੈ, ਮੈਂ ਉਸ ਦਾ ਕਾਇਲ ਹਾਂ। ਰੂਸ ਸ਼ਬਦ ਸੁਣਦੇ ਹੀ ਹਰ ਭਾਰਤੀ ਦੇ ਮਨ 'ਚ ਜੋ ਪਹਿਲਾ ਸ਼ਬਦ ਆਉਂਦਾ ਹੈ, ਉਹ ਇਹ ਕਿ ਉਹ ਭਾਰਤ ਦੇ ਦੁਖ-ਸੁਖ ਦਾ ਸਾਥੀ ਹੈ। ਭਾਰਤ ਦਾ ਭਰੋਸੇਯੋਗ ਮਿੱਤਰ।' ਉਨ੍ਹਾਂ ਕਿਹਾ, 'ਰੂਸ 'ਚ ਸਰਦੀਆਂ ਵਿੱਚ ਤਾਪਮਾਨ ਜਮਾਉ ਦਰਜੇ ਤੋਂ ਕਿੰਨਾ ਵੀ ਹੇਠਾਂ ਕਿਉਂ ਨਾ ਚਲਾ ਜਾਵੇ ਪਰ ਭਾਰਤ ਤੇ ਰੂਸ ਦੀ ਦੋਸਤੀ ਹਮੇਸ਼ਾ ਨਿੱਘੀ ਰਹੀ ਹੈ, ਗਰਮਜੋਸ਼ੀ ਭਰੀ ਰਹੀ ਹੈ।' ਉਨ੍ਹਾਂ ਕਿਹਾ ਕਿ ਇਹ ਰਿਸ਼ਤਾ ਆਪਸੀ ਭਰੋਸੇ ਤੇ ਸਨਮਾਨ ਦੀ ਮਜ਼ਬੂਤ ਨੀਂਹ 'ਤੇ ਟਿਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲੰਘੇ ਦੋ ਦਹਾਕਿਆਂ ਤੋਂ ਭਾਰਤ ਤੇ ਰੂਸ ਦੀ ਮਿੱਤਰਤਾ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਉਹ ਆਪਣੇ ਮਿੱਤਰ ਪੂਤਿਨ ਦੀ ਸ਼ਲਾਘਾ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੰਮੇ ਸਮੇਂ ਤੋਂ ਦੁਨੀਆ ਨੇ ਪ੍ਰਭਾਵ ਕਬੂਲਣ ਵਾਲਾ ਆਲਮੀ ਪ੍ਰਬੰਧ ਦੇਖਿਆ ਹੈ।



# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਬੇ-ਏਰੀਆ ਵਿਖੇ ਗੁਰੂਘਰ ਦੀ ਨਵੀਂ ਇਮਾਰਤ ਦਾ ਉਦਘਾਟਨ

## ਵੱਡੀ ਗਿਣਤੀ 'ਚ ਸੰਗਤਾਂ ਨੇ ਭਰੀ ਹਾਜ਼ਰੀ ਅਤੇ ਸਿੱਖ ਕੌਮ ਦੇ ਭਵਿੱਖ ਬਾਰੇ ਵਿਚਾਰਾਂ

## ਭਾਰਤ ਵਿੱਚ ਸਿੱਖਾਂ ਲਈ ਆਉਣ ਵਾਲਾ ਸਮਾਂ ਖਤਰਨਾਕ, ਸਿੱਖ ਸੁਚੇਤ ਰਹਿਣ : ਸਿੱਖ ਵਿਦਵਾਨ ਭਾਈ ਅਜਮੇਰ ਸਿੰਘ





















ਮਿਲਪੀਟਸ ਕੈਲੀਫੋਰਨੀਆ (ਸਾਡੇ ਲੋਕ) ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ 'ਗੁਰਮਤਿ ਸੰਗੀਤ ਸਿੱਖਿਆ – ਸਮਕਾਲੀ ਚੁਣੌਤੀਆਂ' ਵਿਸ਼ੇ 'ਤੇ ਗੁਰਮਤਿ ਸੰਗੀਤ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪੰਥ ਦੇ ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਜੀ, ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਅਮਰੀਕ ਸਿੰਘ ਅਤੇ ਸਿੱਖ ਵਿਦਵਾਨ ਅਤੇ ਸਿੱਖ ਇਤਿਹਾਸਕਾਰ ਸ੍ਰ. ਅਜਮੇਰ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਸੈਮੀਨਾਰ ਵਿਚ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਡਾ. ਗੁਰਨਾਮ ਸਿੰਘ ਜੀ, ਸ੍ਰ. ਰਜਿੰਦਰ ਸਿੰਘ ਜੀ ਟਾਂਡਾ, ਡਾ. ਗਗਨਦੀਪ ਸਿੰਘ ਲੀਨਾ ਸਿੰਘ, ਸ੍ਰ. ਨਿਰਮਲ ਸਿੰਘ ਸੂਰਾ, ਸ੍ਰ. ਗੁਰਸ਼ਰਨ ਸਿੰਘ ਨੇ ਹਾਜ਼ਰੀ ਭਰੀ।

ਸ੍ਰੀ ਆਖੰਡ ਪਾਠ ਸਾਹਿਬ ਸ੍ਰੀ ਅਰੰਭਤਾ 5 ਜੁਲਾਈ 2024 ਨੂੰ ਸਵੇਰੇ 10 ਵਜੇ ਹੋਈ। ਜਿਸ ਦੌਰਾਨ ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ, ਸਿੱਖ ਵਿਦਵਾਨ ਡਾ. ਗੁਰਨਾਮ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਨੇ ਕੀਰਤਨ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। 6 ਜੁਲਾਈ 2024 ਨੂੰ ਸਵੇਰੇ ਗੁਰਮਤਿ ਸੰਗੀਤ ਸੈਮੀਨਾਰ ਵਿਚ ਅਕਾਸ਼ਦੀਪ ਸਿੰਘ ਅਤੇ ਵਿਦਿਆਰਥੀ ਗੁਰਮਤਿ ਸੰਗੀਤ ਰਾਹੀਂ ਸ਼ਬਦ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਤੰਤੀ ਸਾਜ ਵਾਦਨ ਤੇ ਤਬਲਾ ਵਾਦਨ ਸ੍ਰ. ਗੁਰਪ੍ਰੀਤ ਸਿੰਘ ਅਤੇ ਰਾਜਵਿੰਦਰ ਸਿੰਘ ਨੇ ਹਾਜ਼ਰੀ ਲਵਾਈ। 6 ਅਤੇ 7 ਜੁਲਾਈ 2024 ਸ਼ਾਮ ਨੂੰ ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ, ਡਾ. ਗੁਰਨਾਮ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਨੇ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵਿਸ਼ੇਸ਼ ਵਿਖਿਆਨ ਸ੍ਰ. ਅਜਮੇਰ ਸਿੰਘ ਜੀ ਵਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਭਾਰਤੀ ਮੌਜੂਦਾ ਹੁਕਮਰਾਨ ਹਰ ਹਾਲਤ ਵਿੱਚ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਕੁਝ ਵੀ ਕਰ ਸਕਦਾ ਉਨ੍ਹਾਂ ਖਦਸ਼ਾ ਜਾਹਿਰ ਕੀਤਾ ਕਿ ਭਾਰਤ 'ਚ ਘੱਟ-ਗਿਣਤੀਆਂ ਦਾ ਕਤਲੇਆਮ ਵੀ ਹੋ ਸਕਦਾ। ਸ੍ਰ. ਅਜਮੇਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿੱਚ ਸਿੱਖਾਂ ਲਈ ਆਉਣ ਵਾਲਾ ਸਮਾਂ ਅਤਿ ਖਤਰਨਾਕ, ਦੁਨੀਆ ਭਰਦੇ ਸਿੱਖ ਸੁਚੇਤ ਰਹਿਣ। ਇਸ ਸਮੇਂ ਸਰਦਾਰ ਸੁਖਦੇਵ ਸਿੰਘ ਸਿੱਖਿਆਰਥੀ ਨੇ ਕਿਹਾ ਕਿ ਮੇਰੀ ਹਾਜ਼ਰੀ ਵਿੱਚ ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ ਦੀ ਅਗਵਾਈ ਵਿੱਚ ਆਰ ਐਸ ਐਸ ਦੇ ਕਹਿਣ ਉਪਰ ਨਾਨਕਸ਼ਾਹੀ ਕੈਲੰਡਰ ਦਾ ਕਤਲੇਆਮ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੀ ਨਹੀਂ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਦਬਾਉਣ ਅਤੇ ਲੜਾਉਣ ਦੀਆਂ ਸਾਜਿਸ਼ਾ ਰਚੀਆਂ ਜਾ ਰਹੀਆਂ ਹਨ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਵਾਈ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਅੰਤ ਵਿਚ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਕਰਨ ਲਈ ਯਕੀਨ ਦਿਵਾਇਆ।

ਇਸ ਵਾਰੇ ਬੋਲਦੇ ਹੋਏ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਅਕਾਲੀ ਦੱਲ ਅੰਮ੍ਰਿਤਸਰ (ਅਮਰੀਕਾ) ਦੇ ਸੀਨੀਅਰ ਆਗੂ ਭਾਈ ਰੇਸ਼ਮ ਸਿੰਘ ਬੇਕਰਫੀਲਡ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਸਿੱਖਾਂ ਨੂੰ ਖਤਮ ਕਰਨ ਲਈ ਹਮੇਸ਼ਾ ਜ਼ੋਰ ਲਗਾਉਂਦੀਆਂ ਰਹੀਆਂ। ਅੱਜ ਵੀ ਭਾਰਤੀ ਸਰਕਾਰ ਸਿੱਖਾਂ ਨਾਲ ਇਹੀ ਕੁਝ ਕਰ ਰਹੀ ਹੈ ਉਹਨਾਂ ਸਪੱਸ਼ਟ ਤੌਰ ਉਪਰ ਕਿਹਾ ਕਿ ਸਿੱਖ ਹਥਿਆਰ ਤੋਂ ਬਿਨਾ ਇੱਕ ਭੇਡ ਦੀ ਤਰ੍ਹਾਂ ਹੈ ਆਪਣੇ ਬਚਾਉ ਲਈ ਦੂਜਿਆ ਦੀ ਰੱਖਿਆ ਲਈ ਸਿੱਖਾਂ ਦਾ ਸਾਸ਼ਤਰਧਾਰੀ ਹੋਣਾ ਅਤਿ ਜ਼ਰੂਰੀ ਹੈ। ਇਸ ਸਮੇਂ ਹੋਰ ਵੱਖ-ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਇਸ ਸਮੇਂ ਅਮਰੀਕਾ ਦੇ ਉਘੇ ਸਿੱਖ ਆਗੂਆਂ ਵਿੱਚ ਜਿਨ੍ਹਾਂ ਸੰਗਤਾਂ ਨੂੰ ਸੰਬੋਧਨ ਕੀਤਾ ਉਹਨਾਂ ਵਿੱਚ ਸਿੱਖਾਂ ਦੀ ਅੰਤਰਰਾਸ਼ਟਰੀ ਅਵਾਜ ਡਾਕਟਰ ਪ੍ਰਿਤਪਾਲ ਸਿੰਘ ਨਿੱਝਰ ਭਰਾਵਾਂ ਵਿੱਚੋਂ ਸ੍ਰ. ਸੁਰਿੰਦਰ ਸਿੰਘ ਨਿੱਝਰ, ਕੌਮ ਲਈ ਕੁਰਬਾਨੀ ਕਰਨ ਵਾਲੇ ਪ੍ਰਵਾਰ ਵਿੱਚੋ ਡਾਕਟਰ ਹਰਜਿੰਦਰ ਸਿੰਘ, ਨਕੋਦਰ ਕਾਂਡ ਵਾਲੇ ਪ੍ਰਵਾਰ ਵਿੱਚੋ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂਐਸਏ ਤੋਂ ਸ੍ਰ. ਸੁਰਿੰਦਰ ਸਿੰਘ ਅਟਵਾਲ, ਸ੍ਰ. ਕੁਲਜੀਤ ਸਿੰਘ ਝਿੱਜਰ ਸਾਬਕਾ ਜਨਰਲ ਸਕੱਤਰ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਰਵਿੰਦਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਸ ਜਸਵਿੰਦਰ ਸਿੰਘ ਜੰਡੀ ਸ਼ਾਮਲ ਹਨ।

ਸਭ ਤੋ ਪਹਿਲਾ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਹਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਉਸ ਤੋਂ ਬਾਅਦ ਬੀਬੀ ਅਨਿਲ ਬਖਸ਼ੀ ਨੇ ਇੱਕ ਸ਼ਬਦ ਪੜ੍ਹਿਆ ਅਤੇ ਉਸ ਦੇ ਸਾਰੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਉਸ ਤੋਂ ਬਾਅਦ ਡਾਕਟਰ ਗੁਰਨਾਮ ਸਿੰਘ ਪਟਿਆਲਾ ਯੂਨੀਵਰਸਿਟੀ ਵਾਲਿਆਂ ਨੇ ਇੱਕ ਘੰਟਾ ਕੀਰਤਨ ਕੀਤਾ ਅਤੇ ਉਸ ਤੋਂ ਬਾਅਦ ਸਿੱਖ ਕੌਮ ਦੇ ਵਿਦਵਾਨ ਭਾਈ ਅਮਰੀਕ ਸਿੰਘ ਨੇ ਕਥਾ ਕੀਤੀ ਜਿਹੜੇ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਕਥਾ ਕਰ ਰਹੇ ਸਨ। ਉਹਨਾਂ ਤੋਂ ਬਾਅਦ ਭਾਈ ਅਜਮੇਰ ਸਿੰਘ, ਸ੍ਰ. ਰੇਸ਼ਮ ਸਿੰਘ ਅਕਾਲੀ ਦਲ ਮਾਨ, ਸ੍ਰ. ਜਸਵਿੰਦਰ ਸਿੰਘ ਜੰਡੀ, ਸ੍ਰ. ਕੁਲਜੀਤ ਸਿੰਘ ਨਿੱਜਰ ਸਟਾਕਟਨ, ਸ੍ਰ. ਚਰਨਜੀਤ ਸਿੰਘ ਸਮਰਾ ਸੈਕਟਰੀ ਐਲਸਵਰਾਂਟੇ, ਸ੍ਰ. ਹਰਪ੍ਰੀਤ ਸਿੰਘ ਸੰਧੂ ਐਲਸਬਰਏਟੇ, ਭਾਈ ਪ੍ਰਿਤਪਾਲ ਸਿੰਘ ਸੈਕਟਰੀ ਗੁਰਦੁਆਰਾ ਸਾਹਿਬ ਗਲਿਨਰਾਕ ਨਿਊਜਰਸੀ, ਸ੍ਰ. ਸੁਰਿੰਦਰਪਾਲ ਸਿੰਘ ਅਟਵਾਲ ਪ੍ਰਧਾਨ ਗੁਰੂ ਘਰ ਟਰੇਸੀ, ਸ੍ਰ. ਸੁਰਿੰਦਰਪਾਲ ਸਿੰਘ ਨਿੱਜਰ ਗੁਰਦੁਆਰਾ ਸਾਹਿਬ ਮਡੇਰਾ ਫਰਿਜਨੋ, ਸ੍ਰ ਅਮਰਜੀਤ ਸਿੰਘ ਮੁਲਤਾਨੀ ਗੁਰਦੁਆਰਾ ਸਾਹਿਬ ਸਿਲੀਕਨ ਵੈਲੀ ਸੈਟਾ ਕਲਾਰਾ, ਸ੍ਰ. ਸੁੱਖਦੇਵ













# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਬੇ-ਏਰੀਆ ਵਿਖੇ ਗੁਰੂਘਰ ਦੀ ਨਵੀਂ ਇਮਾਰਤ ਦਾ ਉਦਘਾਟਨ

## ਵੱਡੀ ਗਿਣਤੀ 'ਚ ਸੰਗਤਾਂ ਨੇ ਭਰੀ ਹਾਜ਼ਰੀ ਅਤੇ ਸਿੱਖ ਕੌਮ ਦੇ ਭਵਿੱਖ ਬਾਰੇ ਵਿਚਾਰਾਂ

## ਭਾਰਤ ਵਿੱਚ ਸਿੱਖਾਂ ਲਈ ਆਉਣ ਵਾਲਾ ਸਮਾਂ ਖਤਰਨਾਕ, ਸਿੱਖ ਸੁਚੇਤ ਰਹਿਣ : ਸਿੱਖ ਵਿਦਵਾਨ ਭਾਈ ਅਜਮੇਰ ਸਿੰਘ



















ਸਿੰਘ ਮੰਨਟੀਕਾ, ਸ੍ਰ. ਕੁਲਦੀਪ ਸਿੰਘ ਸ਼ੇਰਗਿੱਲ, ਸ੍ਰ. ਹਰਜਿੰਦਰ ਸਿੰਘ ਲੱਧੜ ਸੀਨੀਅਰ ਮੈਂਬਰ ਗੁਰਦੁਆਰਾ ਸਾਹਿਬ ਸੈਨਹੋਜੇ ਇਨ੍ਹਾਂ ਸਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਮਿਲਪੀਟਸ ਸਿਟੀ ਦੇ ਮੇਅਰ ਸੈਨਹੋਜੇ ਸਿਟੀ ਦੇ ਕੌਂਸਲ ਮੈਂਬਰ Domingo ਅਤੇ ਸੈਟਾ ਕਲਾਰਾ ਕਾਊਂਟੀ ਦੇ ਸੁਪਰਵਾਈਜ਼ਰ ਸ੍ਰ. ਰਾਜ ਚਾਹਲ ਵਾਈਸ ਮੇਅਰ ਸੈਟਾ ਕਲਾਰਾ ਸਨੀ ਧਾਲੀਵਾਲ ਮੇਅਰ ਲੈਥਰੋਪ ਪਾਕਿਸਤਾਨ ਤੋਂ ਹਾਕੀ ਦੇ ਓਲੰਪੀਅਨ ਹੂਸੈਨ ਖਾਨ ਬਜ਼ੁਰਗ ਸ੍ਰ. ਮੋਹਨ ਸਿੰਘ ਮਾਤਾ ਪਰਮਜੀਤ ਕੌਰ ਬਾਠ ਅਤੇ ਸੈਨਹੋਜੇ ਦੇ ਚਾਹਲ ਭਰਾਵਾਂ ਸ੍ਰ. ਹਰਕੇਵਲ ਸਿੰਘ ਚਾਹਲ, ਸ੍ਰ. ਗੁਰਬਚਨ ਸਿੰਘ ਚਾਹਲ, ਸ੍ਰੀ ਰਾਜ ਭਨੋਟ, ਕੇਵਲ ਸੱਚਦੇਵਾ ਜੋਗਿੰਦਰ ਕੌਰ ਧਾਲੀਵਾਲ, ਸ੍ਰ. ਚੰਦ ਸਿੰਘ ਸਰਾਂ, ਸ੍ਰ. ਗੁਰਦੇਵ ਸਿੰਘ ਬੰਗਾ ਨੂੰ ਵੀ ਸਿਰੋਪਾਓ ਨਾਲ ਸਨਮਾਨਿਤ ਕਰਨ ਵਾਲਿਆਂ ਵਿੱਚ ਡਾਕਟਰ ਪ੍ਰਿਤਪਾਲ ਸਿੰਘ, ਸ੍ਰ. ਮਹਿੰਦਰ ਸਿੰਘ ਮਾਨ, ਸ੍ਰ. ਬਲਵੀਰ ਸਿੰਘ ਢਿੱਲੋਂ ਸ੍ਰ. ਮਨਪ੍ਰੀਤ ਸਿੰਘ ਬਦੇਸ਼ਾ, ਸ੍ਰ. ਜੰਗ ਸਿੰਘ ਬਦੇਸ਼ਾ, ਡਾਕਟਰ ਕੁਲਵੰਤ ਸਿੰਘ ਗਿੱਲ, ਸ੍ਰ. ਅਜਮੇਰ ਸਿੰਘ ਨਿੱਜਰ ਸ਼ਾਮਲ ਹੋਏ। ਅਖੰਡਪਾਠ ਸਾਹਿਬ ਦੀ ਅਤੇ ਲੰਗਰਾਂ ਦੀ ਸੇਵਾ ਸਮੂਹ ਟਰੱਕਿੰਗ ਵੀਰਾਂ ਜਿਨ੍ਹਾਂ ਵਿੱਚ ਸ੍ਰ. ਦਾਰਾ ਸਿੰਘ, ਸ੍ਰ. ਅਮਰ ਸਿੰਘ, ਸ੍ਰ. ਪ੍ਰਭਜੋਤ ਸਿੰਘ ਅਤੇ ਸਾਰੇ ਸਾਥੀਆਂ ਨੇ ਕੀਤੀ। ਸ੍ਰ. ਜਰਨੈਲ ਸਿੰਘ ਬਨਵੈਤ ਦੋਆਬਾ ਟਰੱਕਿੰਗ ਵਾਲੇ ਨੇ ਵੀ ਛੋਲੇ ਭਟੂਰਿਆਂ ਦੇ ਲੰਗਰ ਲਾਏ, ਅਖੀਰ ਵਿੱਚ ਭਾਈ ਜਸਵੰਤ ਸਿੰਘ ਹੋਠੀ ਨੇ ਆਈਆਂ ਸੰਗਤਾਂ ਅਤੇ ਸਮੂਹ ਪ੍ਰਬੰਧਕ ਕਮੇਟੀਆਂ ਦਾ ਜਿੱਥੇ ਧੰਨਵਾਦ ਕੀਤਾ, ਉਥੇ ਰਲ ਮਿਲ ਕਿ ਪੰਥ ਦੇ ਭਲੇ ਲਈ ਕੰਮ ਕਰਨ ਲਈ ਬੇਨਤੀ ਕੀਤੀ। ਡਾਕਟਰ ਸੁੱਖਮਿੰਦਰ ਸਿੰਘ ਬਾਠ ਸੈਟਾ ਕਲਾਰਾ ਯੂਨੀਵਰਸਿਟੀ ਵਾਲਿਆਂ ਨੇ ਵੀ ਆਪਣੇ ਵਿੱਚਾਰ ਪੇਸ਼ ਕੀਤੇ। ਸ੍ਰ. ਰਵਿੰਦਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਸਟਾਕਟਨ ਵਾਲੇ ਵੀ ਸ਼ਾਮਿਲ ਹੋਏ। ਸ੍ਰ. ਕਸ਼ਮੀਰ ਸਿੰਘ ਸ਼ਾਹੀ, ਸ੍ਰ. ਰਜਿੰਦਰ ਸਿੰਘ ਰਾਜਾ, ਸ੍ਰ. ਜਸਪ੍ਰੀਤ ਸਿੰਘ ਸੈਕਟਰੀ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਸ੍ਰ. ਕੁਲਵੰਤ ਸਿੰਘ ਗੁਰਦੁਆਰਾ ਸਾਹਿਬ ਸੈਨਫਰਾਂਸੀਸਕੋ ਵਾਲੇ ਵੀ ਸ਼ਾਮਲ ਹੋਏ।

ਸਟੇਜ ਦੀ ਸੇਵਾ ਅਮਰੀਕਾ ਦੇ ਉਘੇ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ ਨੇ ਬਾਖੂਬੀ ਨਿਭਾਈ ਅਤੇ ਇਸ ਸਮੇਂ ਪੰਥ ਦੀਆਂ ਵੱਖ ਵੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ।

















# ਰਾਸ਼ਟਰਪਤੀ ਨੇ 36 ਜਵਾਨਾਂ ਨੂੰ ਬਹਾਦਰੀ ਐਵਾਰਡਾਂ ਨਾਲ ਨਿਵਾਜਿਆ

## ਦਸ ਨੂੰ ਕੀਰਤੀ ਚੱਕਰ ਅਤੇ 26 ਨੂੰ ਸ਼ੌਰਿਆ ਚੱਕਰ; 14 ਨੂੰ ਮਰਨ ਉਪਰੰਤ ਦਿੱਤਾ ਸਨਮਾਨ

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਇੱਥੇ ਰਾਸ਼ਟਰਪਤੀ ਭਵਨ ਵਿੱਚ ਰੱਖਿਆ ਸਨਮਾਨ ਸਮਾਰੋਹ (ਫੇਜ਼-1) ਦੌਰਾਨ ਹਥਿਆਰਬੰਦ ਬਲਾਂ, ਕੇਂਦਰੀ ਹਥਿਆਰਬੰਦ ਪੁਲੀਸ ਬਲਾਂ ਅਤੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਪੁਲੀਸ ਦੇ ਕਰਮਚਾਰੀਆਂ ਨੂੰ 10 ਕੀਰਤੀ ਚੱਕਰ (ਸੱਤ ਮਰਨ ਉਪਰੰਤ) ਅਤੇ 26 ਸ਼ੌਰਿਆ ਚੱਕਰ (ਸੱਤ ਮਰਨ ਉਪਰੰਤ) ਪ੍ਰਦਾਨ ਕੀਤੇ। ਇਹ ਐਵਾਰਡ ਜਵਾਨਾਂ ਨੂੰ ਬੇਮਿਸਾਲ ਬਹਾਦਰੀ ਅਤੇ ਡਿਊਟੀ ਪ੍ਰਤੀ ਅਥਾਹ ਲਗਨ ਦਿਖਾਉਣ ਬਦਲੇ ਦਿੱਤੇ ਗਏ। ਰਾਸ਼ਟਰਪਤੀ ਨੇ ਸੀਆਰਪੀਐੱਫ ਦੀ 210 ਕੋਬਰਾ ਦੇ ਇੰਸਪੈਕਟਰ ਦਲੀਪ ਕੁਮਾਰ ਦਾਸ, ਹੈੱਡ ਕਾਂਸਟੇਬਲ ਰਾਜ ਕੁਮਾਰ ਯਾਦਵ, ਕਾਂਸਟੇਬਲ ਬਬਲੂ ਰਾਧਾ ਅਤੇ ਸ਼ੰਭੂ ਰਾਏ, ਸਿਪਾਹੀ ਪਵਨ ਕੁਮਾਰ, ਦਿ ਗ੍ਰੇਨੇਡੀਅਰਜ਼ 55ਵੀਂ ਬਟਾਲੀਅਨ ਤੇ ਰਾਸ਼ਟਰੀ ਰਾਈਫਲਜ਼ ਦੇ ਕੈਪਟਨ ਅੰਸ਼ੂਮਨ ਤੇ ਹੌਲਦਾਰ ਅਬਦੁੱਲ ਮਜੀਦ ਨੂੰ ਕੀਰਤੀ ਚੱਕਰ ਨਾਲ ਨਿਵਾਜਿਆ। ਮੇਜਰ ਦਿਗਵਜੈ ਸਿੰਘ ਰਾਵਤ, ਮੇਜਰ ਦੀਪੇਂਦਰ ਵਿਕਰਮ ਬਸਨੇਤ ਅਤੇ ਨਾਇਬ ਸੂਬੇਦਾਰ ਪਵਨ ਕੁਮਾਰ ਯਾਦਵ ਦਾ ਵੀ ਇਸ ਐਵਾਰਡ ਨਾਲ ਸਨਮਾਨ ਕੀਤਾ ਗਿਆ। ਰਾਸ਼ਟਰਪਤੀ ਨੇ ਜੰਮੂ ਅਤੇ ਕਸ਼ਮੀਰ ਪੁਲੀਸ ਅਤੇ ਫੌਜ ਦੇ ਜਵਾਨਾਂ ਸਣੇ 26 ਨੂੰ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ। ਸ਼ੌਰਿਆ ਚੱਕਰ ਨਾਲ ਨਿਵਾਜੇ ਗਏ ਜਵਾਨਾਂ 'ਚ ਜੰਮੂ-ਕਸ਼ਮੀਰ ਪੁਲੀਸ ਦੇ ਕਾਂਸਟੇਬਲ ਸ਼ਫੀਉਲ੍ਹਾ ਕਾਦਰੀ, ਮੇਜਰ ਵਿਕਾਸ ਭਾਂਬੂ, ਜੰਮੂ ਅਤੇ ਕਸ਼ਮੀਰ ਰਾਈਫਲਜ਼ ਦੀ 52ਵੀਂ ਬਟਾਲੀਅਨ ਦੇ ਮੇਜਰ ਮੁਸਤਫਾ ਬੋਹਰਾ, ਰਾਈਫਲਮੈਨ ਕੁਲਭੂਸ਼ਨ ਮੰਟਾ, 18 ਅਸਾਮ ਰਾਈਫਲਜ਼ ਦੇ ਵਿਵੇਕ ਸਿੰਘ ਤੋਮਰ, ਰਾਈਫਲਮੈਨ ਅਲੋਕ ਰਾਓ ਅਤੇ ਰਾਸ਼ਟਰੀ ਰਾਈਫਲਜ਼ ਦੀ 63ਵੀਂ ਬਟਾਲੀਅਨ ਦੇ ਕੈਪਟਨ



ਐੱਮ.ਵੀ. ਪਰਾਂਜਲ ਸ਼ਾਮਲ ਹਨ। ਇਨ੍ਹਾਂ ਦੇ ਨਾਲ ਜੰਮੂ ਕਸ਼ਮੀਰ ਪੁਲੀਸ ਦੇ ਕਾਂਸਟੇਬਲ ਮੁਕੇਸ਼ ਕੁਮਾਰ, ਐੱਸਆਈ ਅਮਿਤ ਰੈਣਾ, ਐੱਸਆਈ ਫਰੋਜ਼ ਅਹਿਮਦ ਡਾਰ, ਅਸਿਸਟੈਂਟ ਕਮਾਂਡਰ ਬਿਭੋਰ ਕੁਮਾਰ ਸਿੰਘ, ਕਾਂਸਟੇਬਲ ਵਰੁਣ ਸਿੰਘ, ਪੁਲੀਸ ਕਪਤਾਨ ਮੋਹਨ ਲਾਲ (ਜੰਮੂ ਕਸ਼ਮੀਰ ਪੁਲੀਸ), ਮੇਜਰ ਰਾਜੇਂਦਰ ਪ੍ਰਸਾਦ, ਮੇਜਰ ਰਵਿੰਦਰ ਸਿੰਘ ਰਾਵਤ, ਨਾਇਕ ਭੀਮ ਸਿੰਘ, ਮੇਜਰ ਸਚਿਨ ਨੇਗੀ ਅਤੇ ਮੇਜਰ ਐੱਮ. ਫਰਾਂਸਿਸ ਨੂੰ ਵੀ ਨੂੰ ਸ਼ੌਰਿਆ ਚੱਕਰ ਨਾਲ ਨਿਵਾਜਿਆ ਗਿਆ।

ਰਾਸ਼ਟਰਪਤੀ ਵੱਲੋਂ ਵਿੰਗ ਕਮਾਂਡਰ ਸ਼ੈਲੇਸ਼ ਸਿੰਘ, ਲੈਫਟੀਨੈਂਟ ਬਿਮਲ ਰੰਜਨ ਬਹੇੜਾ, ਹੌਲਦਾਰ ਸੰਜੀਵ ਕੁਮਾਰ, ਫਲਾਈਟ ਲੈਫਟੀਨੈਂਟ ਰਿਸ਼ੀਕੇਸ਼ ਜਯਨ ਕੁਰੂਤੇਦੱਤ, ਕੈਪਟਨ ਅਕਸ਼ਿਤ ਉਪਾਧਿਆਏ, ਨਾਇਬ ਸੂਬੇਦਾਰ ਬਰੀਆ ਸੰਜੇ ਕੁਮਾਰ ਭਰਮਰ ਸਿੰਘ, ਮੇਜਰ ਅਮਨਦੀਪ ਜਾਖੜ ਅਤੇ ਪ੍ਰਸ਼ੋਤਮ ਕੁਮਾਰ ਨੂੰ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

# ਸਮਾਜ ਨੂੰ ਸਹੂਲਤਾਂ ਦੇਣ ਦੇ ਨਾਲ-ਨਾਲ ਚੁਣੌਤੀਆਂ ਵੀ ਪੈਦਾ ਕਰ ਰਿਹੈ ਤਕਨੀਕੀ ਵਿਕਾਸ: ਦਰੋਪਦੀ ਮੁਰਮੂ

## ਵਿਦਿਆਰਥੀਆਂ ਨੂੰ ਪੇਸ਼ੇਵਰ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਆ

ਭੁਬਨੇਸ਼ਵਰ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਨਵੇਂ ਤਕਨੀਕੀ ਵਿਕਾਸ ਸਮਾਜ ਨੂੰ ਸਮਰੱਥਾਵਾਂ ਮੁਹੱਈਆ ਕਰਵਾ ਰਹੇ ਹਨ ਪਰ ਨਾਲ ਹੀ ਇਹ ਮਨੁੱਖਤਾ ਲਈ ਨਵੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ।

ਮੁਰਮੂ ਇੱਥੇ ਕੌਮੀ ਵਿਗਿਆਨ ਸਿੱਖਿਆ ਤੇ ਖੋਜ ਸੰਸਥਾ (ਐੱਨਆਈਐੱਸਈਆਰ) ਦੇ 13ਵੇਂ ਡਿਗਰੀ ਵੰਡ ਸਮਾਗਮ ਮੌਕੇ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, "ਅੱਜ ਵਿਗਿਆਨ ਤੇ ਤਕਨੀਕ ਦੇ ਖੇਤਰ 'ਚ ਬਹੁਤ ਤੇਜ਼ੀ ਨਾਲ ਤਬਦੀਲੀਆਂ ਹੋ ਰਹੀਆਂ ਹਨ। ਵਿਗਿਆਨ ਦੇ 'ਵਰ' ਦੇ ਨਾਲ ਇਸ ਦੇ 'ਸਰਾਪ' (ਚੰਗੇ ਦਾ ਨਾਲ-ਨਾਲ ਮਾੜੇ ਪੱਖ) ਦਾ ਵੀ ਖ਼ਤਰਾ ਰਹਿੰਦਾ ਹੈ। ਇਸ ਤਰ੍ਹਾਂ ਨਵੇਂ ਤਕਨੀਕੀ ਵਿਕਾਸ ਮਨੁੱਖੀ ਸਮਾਜ ਨੂੰ ਸਮਰੱਥਾਵਾਂ ਮੁਹੱਈਆ ਕਰਵਾ ਰਹੇ ਹਨ ਪਰ ਇਸ ਨਾਲ ਹੀ ਉਹ ਮਨੁੱਖਤਾ ਲਈ ਨਵੀਆਂ ਚੁਣੌਤੀਆਂ



ਵੀ ਪੈਦਾ ਕਰ ਰਹੇ ਹਨ।" ਜੀਨ ਐਡਿਟਿੰਗ ਨੂੰ ਸੁਖਾਲਾ ਬਣਾਉਣ ਵਾਲੀ ਸੀਆਰਆਈਐੱਸਪੀਆਰ-ਸੀਏਐੱਸ9 ਦੀ ਮਿਸਾਲ ਦਿੰਦਿਆਂ ਰਾਸ਼ਟਰਪਤੀ ਨੇ ਕਿਹਾ, "ਇਹ ਤਕਨੀਕ ਕਈ ਲਾਇਲਾਜ ਬਿਮਾਰੀਆਂ ਦੇ ਹੱਲ ਵੱਲ ਇੱਕ ਵੱਡਾ ਕਦਮ ਹੈ। ਹਾਲਾਂਕਿ ਇਸ ਤਕਨੀਕ ਦੀ ਵਰਤੋਂ ਨਾਲ ਨੈਤਿਕ ਤੇ ਸਮਾਜਿਕ ਮੁੱਦਿਆਂ ਸਬੰਧੀ ਕਈ ਸਮੱਸਿਆਵਾਂ ਵੀ ਪੈਦਾ ਹੋ ਰਹੀਆਂ ਹਨ।" ਉਨ੍ਹਾਂ ਆਖਿਆ ਕਿ ਜੈਨਰੇਟਿਵ ਮਸਨੂਈ ਬੌਧਿਕਤਾ (ਏਆਈ) ਦੇ ਖੇਤਰ 'ਚ ਵਿਕਾਸ ਕਾਰਨ ਡੀਪਫੇਕ ਦੀ ਸਮੱਸਿਆ ਅਤੇ ਕਈ ਰੈਗੂਲੇਟਰੀ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ

# ਕਿਸਾਨਾਂ ਨੇ 'ਇੰਡੀਆ' ਗੱਠਜੋੜ ਦੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਨੇ ਅੱਜ ਪੰਜਾਬ ਸਣੇ 12 ਸੂਬਿਆਂ ਵਿੱਚ 'ਇੰਡੀਆ' ਗੱਠਜੋੜ ਦੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਦੇ 13, ਚੰਡੀਗੜ੍ਹ ਦੇ 1, ਹਰਿਆਣਾ ਦੇ 5, ਰਾਜਸਥਾਨ ਦੇ 11, ਉੱਤਰ ਪ੍ਰਦੇਸ਼ ਦੇ 20, ਮੱਧ ਪ੍ਰਦੇਸ਼ ਦੇ 1 (ਰਾਜ ਸਭਾ ਮੈਂਬਰ), ਬਿਹਾਰ ਦੇ 6, ਕਰਨਾਟਕ ਦੇ 12, ਤਿਲੰਗਨਾ ਦੇ 10, ਮਹਾਰਾਸ਼ਟਰ ਦੇ 5, ਕੇਰਲ ਦੇ 19 ਅਤੇ ਤਾਮਿਲਨਾਡੂ ਦੇ 29 ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸੰਸਦ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਮੰਗ ਪੱਤਰ ਵਿੱਚ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ 'ਤੇ ਖਰੀਦ ਬਾਰੇ ਗਾਰੰਟੀ ਕਾਨੂੰਨ ਬਣਾਉਣ, ਮਜ਼ਦੂਰਾਂ ਲਈ ਮਗਨਰੇਗਾ ਸਕੀਮ ਤਹਿਤ ਹਰ ਸਾਲ 200 ਦਿਨ ਰੁਜ਼ਗਾਰ ਅਤੇ 700 ਰੁਪਏ ਦਿਹਾੜੀ ਕਰਨ, ਕਿਸਾਨ ਅਤੇ ਖੇਤ ਮਜ਼ਦੂਰ ਦਾ ਕਰਜ਼ਾ ਖ਼ਤਮ ਕਰਨ, ਆਦਿਵਾਸੀਆਂ ਦੇ ਹੱਕਾਂ ਦੀ ਰਾਖੀ ਲਈ ਸੰਵਿਧਾਨ ਦੀ 5ਵੀਂ ਸੂਚੀ ਲਾਗੂ ਕਰਨ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ 'ਚੋਂ ਬਾਹਰ ਕਰਨ ਸਮੇਤ ਹੋਰ ਮੰਗਾਂ ਸ਼ਾਮਲ ਕੀਤੀਆਂ ਗਈਆਂ



ਹਨ। ਉਨ੍ਹਾਂ ਸੰਸਦ ਮੈਂਬਰਾਂ ਨੂੰ 22 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਲੋਕ ਸਭਾ ਸੈਸ਼ਨ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਚੁੱਕਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਅਤਿਆਚਾਰ ਕਰਨ ਵਾਲੇ ਪੁਲੀਸ ਅਫਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਸੰਸਦ ਵਿੱਚ ਚੁੱਕੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੂਜੇ ਕਿਸਾਨ ਅੰਦੋਲਨ ਦੇ ਸ਼ੁਰੂਆਤੀ ਗੇੜ ਵਿੱਚ ਭਾਜਪਾ ਸਰਕਾਰ ਨੇ 'ਦਿੱਲੀ ਚਲੋ' ਮਾਰਚ ਰੋਕਣ ਲਈ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾ ਕੇ ਅਤੇ ਜ਼ਹਿਰੀਲੀਆਂ ਗੈਸਾਂ ਦੀ ਵਰਤੋਂ ਕਰ ਕੇ ਕਿਸਾਨਾਂ 'ਤੇ ਤਸ਼ੱਦਦ ਕੀਤਾ ਸੀ ਜਿਸ ਕਾਰਨ 22 ਸਾਲਾ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਜਦਕਿ ਕਈ ਹੋਰ ਜ਼ਖ਼ਮੀ ਹੋ ਗਏ ਸਨ। ਕਿਸਾਨ ਆਗੂਆਂ ਨੇ ਸੰਸਦ ਮੈਂਬਰਾਂ ਤੋਂ ਸੰਸਦ ਵਿੱਚ ਕਿਸਾਨ ਮੰਗਾਂ ਬਾਰੇ ਇੱਕ ਪ੍ਰਾਈਵੇਟ ਬਿੱਲ ਲਿਆਉਣ ਦੀ ਵੀ ਮੰਗ ਕੀਤੀ।

ਪੰਧੇਰ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਅੱਜ ਸੰਸਦ ਮੈਂਬਰ ਗੁਰਜੀਤ ਔਜਲਾ ਦੇ ਘਰ ਅੱਗੇ ਵੱਡੀ ਗਿਣਤੀ ਕਿਸਾਨ ਅਤੇ ਮਜ਼ਦੂਰ ਮੰਗ ਪੱਤਰ ਦੇਣ ਪਹੁੰਚੇ ਪਰ ਸੰਸਦ ਮੈਂਬਰ ਘਰ ਮੌਜੂਦ ਨਹੀਂ ਸਨ। ਇਸ ਦੌਰਾਨ ਉਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਕਰ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੰਗ ਪੱਤਰ ਸੌਂਪਿਆ ਗਿਆ।

# ਡਬਲਿਊਬੀ 'ਚ ਔਰਤਾਂ 'ਤੇ ਹੋ ਰਹੇ ਅੱਤਿਆਚਾਰ ਦੇ ਖਿਲਾਫ ਭਾਜਪਾ ਮਹਿਲਾ ਸਮਰਥਕਾਂ ਨੇ ਕੀਤਾ ਪ੍ਰਦਰਸ਼ਨ



ਪਟਨਾ : ਪੱਛਮੀ ਬੰਗਾਲ 'ਚ ਔਰਤਾਂ 'ਤੇ ਕਥਿਤ ਅੱਤਿਆਚਾਰਾਂ ਦੇ ਵਿਰੋਧ 'ਚ ਐਤਵਾਰ ਨੂੰ ਪਟਨਾ 'ਚ ਭਾਜਪਾ ਮਹਿਲਾ ਸਮਰਥਕਾਂ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਪੁਤਲਾ ਸਾੜਿਆ।

# ਪੁਰੀ: ਰੱਥ ਯਾਤਰਾ ਦੌਰਾਨ ਦੋ ਮੌਤਾਂ, 130 ਤੋਂ ਵੱਧ ਜ਼ਖ਼ਮੀ

ਪੁਰੀ (ਉੜੀਸਾ) : ਇੱਥੇ ਭਗਵਾਨ ਜਗਨਨਾਥ ਰੱਥ ਯਾਤਰਾ ਦੌਰਾਨ ਵਾਪਰੀਆਂ ਦੋ ਵੱਖ-ਵੱਖ ਘਟਨਾਵਾਂ 'ਚ ਦੋ ਸ਼ਰਧਾਲੂਆਂ ਦੀ ਮੌਤ ਹੋ ਗਈ ਜਦਕਿ 130 ਤੋਂ ਵੱਧ ਜਣੇ ਜ਼ਖਮੀ ਹੋ ਗਏ। ਅਧਿਕਾਰੀਆਂ ਮੁਤਾਬਕ ਪੁਰੀ ਵਿੱਚ ਰੱਥ ਯਾਤਰਾ ਦੌਰਾਨ ਭਗਦੜ ਵਰਗੀ ਸਥਿਤੀ 'ਚ ਕਥਿਤ ਤੌਰ 'ਤੇ ਦਮ ਘੁਟਣ ਕਾਰਨ ਬੋਲਨਗਿਰ ਜ਼ਿਲ੍ਹੇ ਦੇ ਇੱਕ ਵਸਨੀਕ ਦੀ ਮੌਤ ਹੋ ਗਈ। ਸੂਤਰਾਂ ਮੁਤਾਬਕ ਗਰੈਂਡ ਰੋਡ 'ਤੇ ਭਗਵਾਨ ਬਾਲਭੱਦਰ ਦਾ ਰੱਥ ਖਿੱਚਣ ਸਮੇਂ ਇਹ ਸ਼ਰਧਾਲੂ ਬੇਹੋਸ਼ ਹੋ ਗਿਆ ਸੀ ਜਿਸ ਨੂੰ ਤੁਰੰਤ ਪੁਰੀ ਜ਼ਿਲ੍ਹਾ ਹੈੱਡਕੁਆਰਟਰ ਸਥਿਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਇਸ ਸ਼ਰਧਾਲੂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਮ੍ਰਿਤਕ ਦੇ ਵਾਰਿਸਾਂ ਨੂੰ 4 ਲੱਖ ਰੁਪਏ ਦਾ ਐਕਸਗਰੇਸ਼ੀਆ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਜ਼ਖ਼ਮੀ ਸ਼ਰਧਾਲੂਆਂ ਨੂੰ ਚੰਗੀਆਂ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਤਰ੍ਹਾਂ ਇੱਕ ਹੋਰ ਘਟਨਾ ਦੌਰਾਨ ਝਾਰਸੁਗੁੜਾ ਜ਼ਿਲ੍ਹੇ ਵਿੱਚ ਰੱਥ ਯਾਤਰਾ ਦੌਰਾਨ ਰੱਥ ਦੇ ਪਹੀਏ ਹੇਠ ਆਉਣ ਕਾਰਨ ਇੱਕ ਸ਼ਰਧਾਲੂ ਦੀ ਮੌਤ ਹੋ ਗਈ।



ਮ੍ਰਿਤਕ ਦੀ ਪਛਾਣ ਸ਼ਿਆਮ ਸੁੰਦਰ ਕਿਸ਼ਨ (45) ਵਜੋਂ ਹੋਈ ਹੈ। ਪੁਰੀ ਜ਼ਿਲ੍ਹੇ ਦੇ ਸਿਹਤ ਅਧਿਕਾਰੀ ਮੁਤਾਬਕ ਪੁਰੀ ਵਿੱਚ ਕੱਢੀ ਰੱਥ ਯਾਤਰਾ ਦੌਰਾਨ 130 ਤੋਂ ਵੱਧ ਸ਼ਰਧਾਲੂ ਜ਼ਖ਼ਮੀ ਵੀ ਹੋ ਗਏ ਜਿਨ੍ਹਾਂ ਵਿੱਚ ਕੁਝ ਪੁਲੀਸ ਮੁਲਾਜ਼ਮ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ 'ਚੋਂ ਅੱਧੇ ਜਣਿਆਂ ਨੂੰ ਇਲਾਜ ਮਗਰੋਂ ਛੁੱਟੀ ਦਿੱਤੀ ਜਾ ਚੁੱਕੀ ਹੈ, ਜਦਕਿ 40 ਜਣੇ ਜ਼ੇਰੇ ਇਲਾਜ ਹਨ। ਇਸ ਦੌਰਾਨ ਰੈਵੇਨਿਊ ਮੰਤਰੀ ਸੁਰੇਸ਼ ਪੁਜਾਰੀ ਨੇ ਕਿਹਾ ਕਿ ਆਸ ਹੈ ਕਿ ਜ਼ਖ਼ਮੀ ਲੋਕਾਂ ਨੂੰ ਸੋਮਵਾਰ ਸ਼ਾਮ ਤੱਕ ਛੁੱਟੀ ਮਿਲ ਜਾਵੇਗੀ। ਇਸ ਦੌਰਾਨ ਭਗਵਾਨ ਜਗਨਨਾਥ ਤੇ ਉਨ੍ਹਾਂ ਦੇ ਨਾਲ ਦੇਵੀ ਸੁਭੱਦਰਾ ਤੇ ਭਗਵਾਨ ਬਾਲਭੱਦਰ ਦੇ ਰੱਥ ਦੀ ਯਾਤਰਾ ਸੋਮਵਾਰ ਸਵੇਰੇ 9.30 ਵਜੇ ਮੁੜ ਸ਼ੁਰੂ ਹੋਈ ਜੋ ਬਾਅਦ 'ਚ ਇੱਥੇ ਗੁੰਡਿਚਾ ਮੰਦਰ ਪੁੱਜ ਗਈ, ਜਿਸ ਨਾਲ ਪੁਰੀ ਵਿੱਚ ਰੱਥ ਯਾਤਰਾ ਸਮਾਗਮਾਂ ਦਾ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ। ਇਸ ਦੌਰਾਨ ਜਿੱਥੇ ਹਜ਼ਾਰਾਂ ਹੀ ਲੋਕ ਰੱਥ ਨੂੰ ਖਿੱਚ ਕੇ ਚੱਲ ਰਹੇ ਸਨ, ਉੱਥੇ ਸੜਕਾਂ ਕਿਨਾਰੇ ਲੱਖਾਂ ਸ਼ਰਧਾਲੂ ਇਸ ਯਾਤਰਾ ਦੇ ਦਰਸ਼ਨਾਂ ਲਈ ਖਲੋਤੇ ਸਨ।

# ਜ਼ਮੀਨੀ ਝਗੜੇ ਦੌਰਾਨ ਛੋਟੇ ਭਰਾ ਦਾ ਕਤਲ

ਅਬੋਹਰ : ਸਥਾਨਕ ਮੈਰੋ ਕਲੋਨੀ ਵਿੱਚ ਜ਼ਮੀਨ ਨੂੰ ਲੈ ਕੇ ਹੋਏ ਝਗੜੇ ਦੌਰਾਨ ਵੱਡੇ ਭਰਾ ਨੇ ਤੇਜ਼ਧਾਰ ਹਥਿਆਰ ਨਾਲ ਛੋਟੇ ਦਾ ਕਤਲ ਕਰ ਦਿੱਤਾ। ਮ੍ਰਿਤਕ ਪੰਕਜ ਦੇ ਪਿਤਾ ਧਰਮਪਾਲ ਨੇ ਦੱਸਿਆ ਕਿ ਉਸ ਦੇ ਦੋ ਪੁੱਤਰ ਵੱਡਾ ਸੁਰਿੰਦਰ ਅਤੇ ਛੋਟਾ ਪੰਕਜ ਘਰ ਵਿੱਚ ਸਨ। ਉਹ ਸਵੇਰੇ ਬਾਜ਼ਾਰ ਆਇਆ ਸੀ। ਉਸ ਨੂੰ ਸੂਚਨਾ ਮਿਲੀ ਕਿ ਉਸ ਦੇ ਦੋਵੇਂ ਪੁੱਤਰ ਜ਼ਮੀਨ ਨੂੰ ਲੈ ਕੇ ਝਗੜ ਰਹੇ



ਹਨ। ਇਸ ਦੌਰਾਨ ਵੱਡੇ ਭਰਾ ਨੇ ਛੋਟੇ ਭਰਾ ਦੀ ਛਾਤੀ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਹ ਪੰਕਜ ਨੂੰ ਲੈ ਕੇ ਸਿਵਲ ਹਸਪਤਾਲ ਪਹੁੰਚਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦਾ ਕਰੀਬ ਸਾਲ ਪਹਿਲਾਂ ਵਿਆਹ ਹੋਇਆ ਸੀ। ਥਾਣਾ ਸਿਟੀ-2 ਦੀ ਪੁਲੀਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

### ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

# ਸ੍ਰ. ਪਰਮਜੀਤ ਸਿੰਘ ਸੇਖੋਂ (ਦਾਖਾ) ਨੂੰ ਭਾਰੀ ਸਦਮਾ

# ਸਤਿਕਾਰਯੋਗ ਮਾਤਾ ਰੁਪਿੰਦਰ ਕੌਰ ਜੀ ਸੇਖੋਂ ਨਹੀਂ ਰਹੇ

ਦਲ ਖਾਲਸਾ ਅਲਾਇੰਸ ਸੰਸਥਾ ਦੇ ਪ੍ਰਧਾਨ ਪਰਮਜੀਤ ਸਿੰਘ ਸੇਖੋਂ (ਦਾਖਾ) ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਰੁਪਿੰਦਰ ਕੌਰ ਸੇਖੋਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 90 ਸਾਲ ਦੀ ਉਮਰ ਵਿਚ ਪ੍ਰਲੋਕ ਗਮਨ ਕਰ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸਹਿਜ ਪਾਠ ਦਾ ਭੋਗ 11 ਜੁਲਾਈ ਨੂੰ ਪਵੇਗਾ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬੁਲਾਉਣ ਵਾਲੇ ਮਾਤਾ ਰੁਪਿੰਦਰ ਕੌਰ ਜੀ ਸੇਖੋਂ ਇੱਕ ਸੱਚੇ ਸੁਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਮਾਤਾ ਰੁਪਿੰਦਰ ਕੌਰ ਜੀ ਸੇਖੋਂ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।



ਸਵ. ਮਾਤਾ ਰੁਪਿੰਦਰ ਕੌਰ ਜੀ ਸੇਖੋਂ

## ਕੁਲਗਾਮ ਮੁਕਾਬਲੇ 'ਤੇ ਬ੍ਰਿਗੇਡੀਅਰ ਪ੍ਰਿਥਵੀ ਰਾਜ ਚੌਹਾਨ ਨੇ ਮੀਡੀਆ ਨੂੰ ਕੀਤਾ ਸੰਬੋਧਨ




ਅਨੰਤਨਾਗ : ਰਾਸ਼ਟਰੀ ਰਾਈਫਲਜ਼ ਦੇ ਕਮਾਂਡਰ ਸੈਕਟਰ 1 ਬ੍ਰਿਗੇਡੀਅਰ ਪ੍ਰਿਥਵੀ ਰਾਜ ਚੌਹਾਨ ਸੋਮਵਾਰ ਨੂੰ ਅਨੰਤਨਾਗ ਵਿੱਚ ਕੁਲਗਾਮ ਮੁਕਾਬਲੇ ਮੌਕੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ। ਡੀਆਈਜੀ ਦੱਖਣੀ ਕਸ਼ਮੀਰ ਜਾਵੇਦ ਅਹਿਮਦ ਮੱਟੂ ਵੀ ਮੌਜੂਦ ਹਨ।

## ਜੰਮੂ ਅਤੇ ਕਸ਼ਮੀਰ ਟਰੈਫਿਕ ਪੁਲਿਸ ਨੇ ਅਮਰਨਾਥ ਯਾਤਰਾ ਦੇ ਕਾਫਲੇ ਲਈ ਵਿਸ਼ੇਸ਼ ਟਰੈਫਿਕ ਐਡਵਾਈਜ਼ਰੀ ਕੀਤੀ ਜਾਰੀ



ਰਾਮਬਨ : ਜੰਮੂ ਅਤੇ ਕਸ਼ਮੀਰ ਟਰੈਫਿਕ ਪੁਲਿਸ ਨੇ ਸ਼ਨੀਵਾਰ ਨੂੰ ਰਾਮਬਨ ਵਿੱਚ ਸਾਲਾਨਾ ਅਮਰਨਾਥ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਅਤ ਅਤੇ ਕੁਸ਼ਲ ਆਵਾਜਾਈ ਨੂੰ ਯਕੀਨੀ ਬਣਾਉਣ ਲਈ NH-44 'ਤੇ ਇੱਕ ਵਿਸ਼ੇਸ਼ ਟਰੈਫਿਕ ਐਡਵਾਈਜ਼ਰੀ ਜਾਰੀ ਕੀਤੇ ਜਾਣ ਤੋਂ ਬਾਅਦ ਵਾਹਨਾਂ ਦੀ ਆਵਾਜਾਈ ਨੂੰ ਨਿਯਮਤ ਕੀਤਾ।

## ਦਹਿਸ਼ਤਗਰਦਾਂ ਵੱਲੋਂ ਫੌਜੀ ਵਾਹਨ 'ਤੇ ਘਾਤ ਲਾ ਕੇ ਹਮਲਾ; 5 ਜਵਾਨ ਸ਼ਹੀਦ, 5 ਜ਼ਖ਼ਮੀ

ਕਠੂਆ/ਜੰਮੂ : ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ ਦੇ ਮਛੇਦੀ ਵਿਚ ਦਹਿਸ਼ਤਗਰਦਾਂ ਨੇ ਅੱਜ ਘਾਤ ਲਾ ਕੇ ਫੌਜੀ ਵਾਹਨ 'ਤੇ ਹਮਲਾ ਕਰ ਦਿੱਤਾ ਜਿਸ ਨਾਲ ਫ਼ੌਜ ਦੇ ਇੱਕ ਜੇਸੀਓ ਸਣੇ 5 ਜਵਾਨ ਸ਼ਹੀਦ ਤੇ ਪੰਜ ਹੋਰ ਜ਼ਖ਼ਮੀ ਹੋ ਗਏ। ਦਹਿਸ਼ਤਗਰਦਾਂ ਨੇ ਫੌਜੀ ਵਾਹਨ 'ਤੇ ਉਸ ਵੇਲੇ ਹਮਲਾ ਕੀਤਾ ਜਦੋਂ ਸੁਰੱਖਿਆ ਬਲਾਂ ਵੱਲੋਂ ਇਲਾਕੇ ਵਿਚ ਗਸ਼ਤ ਕੀਤੀ ਜਾ ਰਹੀ ਸੀ। ਹਮਲਾ ਕਠੂਆ ਤੋਂ 150 ਕਿਲੋਮੀਟਰ ਦੂਰ ਲੋਹਾਈ ਮਲਹਾਰ ਦੇ ਬਦਨੋਟਾ ਪਿੰਡ ਨੇੜੇ ਅੱਜ ਦੁਪਹਿਰ ਕਰੀਬ 3.30 ਵਜੇ ਕੀਤਾ ਗਿਆ। ਫੌਜ ਦੇ ਜਵਾਨ ਮਛੇਦੀ-ਕਿੰਡਲੀ-ਮਲਹਾਰ ਰੋਡ 'ਤੇ ਆਮ ਵਾਂਗ ਗਸ਼ਤ ਕਰ ਰਹੇ ਸਨ ਕਿ ਦਹਿਸ਼ਤਗਰਦਾਂ ਨੇ ਫੌਜੀ ਵਾਹਨ 'ਤੇ ਗਰਨੇਡ ਸੁੱਟਿਆ ਅਤੇ ਗੋਲੀਬਾਰੀ ਕੀਤੀ। ਫੌਜੀ ਅਧਿਕਾਰੀਆਂ ਨੇ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ ਤਿੰਨ ਦੱਸੀ ਜਾ ਰਹੀ ਹੈ ਜੋ ਆਧੁਨਿਕ ਹਥਿਆਰਾਂ ਨਾਲ ਲੈਸ ਸਨ। ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ ਪਰ ਦਹਿਸ਼ਤਗਰਦ ਨੇੜਲੇ ਜੰਗਲ ਵੱਲ ਭੱਜ ਗਏ। ਆਖਰੀ ਰਿਪੋਰਟਾਂ ਤਕ ਮੁਕਾਬਲਾ ਜਾਰੀ ਸੀ। ਉਨ੍ਹਾਂ ਦੱਸਿਆ ਕਿ ਇਸ ਹਮਲੇ ਤੋਂ ਬਾਅਦ ਹੋਰ ਸੁਰੱਖਿਆ ਬਲ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਊਧਮਪੁਰ ਜ਼ਿਲ੍ਹੇ ਦੇ ਬਸੰਤਗੜ੍ਹ ਨਾਲ ਜੰਗਲੀ ਖੇਤਰ ਵਿਚ ਸੁਰੱਖਿਆ ਬਲਾਂ ਵਲੋਂ ਦਹਿਸ਼ਤੀ ਕਾਰਵਾਈਆਂ ਰੋਕਣ ਲਈ ਮੁਹਿੰਮ ਆਰੰਭੀ ਗਈ ਹੈ ਜਿਸ ਦੀ ਅਗਵਾਈ ਸੂਬੇ ਦੇ ਡੀਜੀਪੀ ਆਰਆਰ ਸਵੈਨ ਕਰ ਰਹੇ ਹਨ। ਬਸੰਤਗੜ੍ਹ ਦਾ ਖੇਤਰ ਜੰਗਲ ਨਾਲ ਲਗਦਾ ਹੈ ਤੇ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਦਹਿਸ਼ਤਗਰਦ ਇਸ ਰਸਤੇ ਰਾਹੀਂ ਦਾਖਲ ਹੁੰਦੇ ਹਨ। ਹਮਲੇ ਤੋਂ ਬਾਅਦ ਫੌਜ ਵੱਲੋਂ ਖੇਤਰ ਵਿਚ ਸੁਰੱਖਿਆ ਬਲਾਂ ਦੀ ਨਫਰੀ ਵਧਾ ਦਿੱਤੀ ਗਈ ਹੈ।



ਇਕ ਅਧਿਕਾਰੀ ਨੇ ਦੱਸਿਆ, 'ਅੱਜ ਦੇ ਦਹਿਸ਼ਤੀ ਹਮਲੇ ਵਿਚ 10 ਜਵਾਨ ਜ਼ਖਮੀ ਹੋ ਗਏ ਅਤੇ ਉਨ੍ਹਾਂ ਵਿਚੋਂ ਪੰਜ ਨੇ ਬਾਅਦ 'ਚ ਦਮ ਤੋੜ ਦਿੱਤਾ। ਦੱਸਣਾ ਬਣਦਾ ਹੈ ਕਿ ਪਿਛਲੇ ਚਾਰ ਹਫ਼ਤਿਆਂ ਵਿੱਚ ਕਠੂਆ ਜ਼ਿਲ੍ਹੇ ਵਿੱਚ ਇਹ ਦੂਜੀ ਵੱਡੀ ਘਟਨਾ ਹੈ। ਇਸ ਤੋਂ ਪਹਿਲਾਂ 12 ਅਤੇ 13 ਜੂਨ ਨੂੰ ਤਲਾਸ਼ੀ ਮੁਹਿੰਮ ਦੌਰਾਨ ਦਹਿਸ਼ਤਗਰਦਾਂ ਤੇ ਸੁਰੱਖਿਆ ਬਲਾਂ ਵਿਚਾਲੇ ਮੁਕਾਬਲਾ ਹੋਇਆ ਸੀ ਜਿਸ ਕਾਰਨ ਦੋ ਦਹਿਸ਼ਤਗਰਦ ਅਤੇ ਇੱਕ ਸੀਆਰਪੀਐਫ ਜਵਾਨ ਮਾਰਿਆ ਗਿਆ ਸੀ। ਡੋਡਾ ਜ਼ਿਲੇ ਦੇ ਗੰਡੋਹ ਖੇਤਰ ਵਿਚ ਦਹਿਸ਼ਤਗਰਦਾਂ ਅਤੇ ਸੁਰੱਖਿਆ ਬਲਾਂ ਵਿਚਕਾਰ 26 ਜੂਨ ਨੂੰ ਗੋਲੀਬਾਰੀ ਹੋਈ ਸੀ ਜਿਸ ਦੌਰਾਨ ਤਿੰਨ ਵਿਦੇਸ਼ੀ ਦਹਿਸ਼ਤਗਰਦ ਮਾਰੇ ਗਏ ਸਨ। ਇਹ ਵੀ ਦੱਸਣਾ ਬਣਦਾ ਹੈ ਕਿ ਜੰਮੂ ਵਿੱਚ ਪਿਛਲੇ ਸਮੇਂ ਵਿਚ ਦਹਿਸ਼ਤੀ ਗਤੀਵਿਧੀਆਂ ਵਿੱਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ 9 ਜੂਨ ਨੂੰ ਰਿਆਸੀ ਜ਼ਿਲ੍ਹੇ ਦੇ ਸ਼ਿਵ ਖੋਰੀ ਮੰਦਰ ਤੋਂ ਸ਼ਰਧਾਲੂਆਂ ਨੂੰ ਲਿਜਾ ਰਹੀ ਬੱਸ 'ਤੇ ਦਹਿਸ਼ਤਗਰਦਾਂ ਨੇ ਹਮਲਾ ਕਰ ਦਿੱਤਾ ਸੀ ਜਿਸ ਕਾਰਨ ਬੱਸ ਡਰਾਈਵਰ ਅਤੇ ਕੰਡਕਟਰ ਸਣੇ ਨੌਂ ਜਣਿਆਂ ਦੀ ਮੌਤ ਹੋ ਗਈ ਅਤੇ 41 ਜ਼ਖਮੀ ਹੋ ਗਏ ਸਨ।

# ਸ੍ਰ. ਪਰਮਜੀਤ ਸਿੰਘ ਸੇਖੋਂ (ਦਾਖਾ) ਦੀ ਕਿਤਾਬ 'ਹਕੀਕਤ' ਮੌਜੂਦਾ ਦੌਰ ਦੇ ਸਿੱਖ ਸੰਘਰਸ਼, ਪੰਜਾਬੀ ਸਭਿਆਚਾਰ ਅਤੇ ਸਮਾਜ ਵਿਚ ਵਾਪਰਨ ਵਾਲੀਆਂ ਰੋਜ਼ਾਨਾ ਘਟਨਾਵਾਂ ਨੂੰ ਬਾਖ਼ੂਬੀ ਪੇਸ਼ ਕਰਦੀ ਹੈ

ਸ੍ਰ. ਪਰਮਜੀਤ ਸਿੰਘ ਦਾਖਾ ਸੇਖੋਂ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਹ ਆਪਣੇ ਦ੍ਰਿੜ ਇਰਾਦੇ ਨਾਲ ਪਿਛਲੇ ਕਈ ਦਹਾਕਿਆਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਜਿਥੇ ਉਹ ਕੌਮੀ ਕਾਰਜਾਂ 'ਚ ਆਪਣਾ ਵਡਮੁੱਲ ਯੋਗਦਾਨ ਪਾਉਂਦੇ ਹਨ, ਉਥੇ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਹਨ ਅਤੇ ਪੰਥਕ ਕਵੀ ਦਰਬਾਰਾਂ ਵਿਚ ਉਹ ਸਟੇਜ ਦਾ ਸ਼ਿੰਗਾਰ ਹੁੰਦੇ ਹਨ। ਸ੍ਰ. ਪਰਮਜੀਤ ਸਿੰਘ ਦਾਖਾ ਸੇਖੋਂ ਇਸ ਵਡਮੁੱਲੀ ਕਿਤਾਬ ਹਕੀਕਤ ਤੋਂ ਪਹਿਲਾਂ (2) ਤਬੇ ਰੋਸ ਜਾਗਯੋ, (3) ਸਰਕਾਰੀ ਦਹਿਸ਼ਤਗਰਦ ਦਾ ਅੰਤ, (4) ਖਾਲਸਾਈ ਜਾਹੋ ਜਲਾਲ ਤੇ ਦੇਹਧਾਰੀ ਗੁਰੂ ਵੰਸ਼, (5) ਵੰਗਾਂਰ ਮੈਗਜ਼ੀਨ, (6) ਲਾਲਕਾਰ ਮੈਗਜ਼ੀਨ, ਵਿਚਾਰ ਇਕ ਹਥਿਆਰ ਅਤੇ ਸਮੇਂ ਦਾ ਸੱਚ ਪੰਥ ਅਤੇ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਸ੍ਰ. ਦਾਖਾ ਦੀ ਜ਼ਿੰਦਗੀ ਮੌਜੂਦਾ ਦੌਰ ਦੇ ਸੰਘਰਸ਼ ਵਿਚੋਂ ਲੰਘੀ ਹੈ ਜਿਨ੍ਹਾਂ ਨੇ ਆਪਣੇ ਪਿੰਡੇ ਅਤੇ ਪਰਿਵਾਰ ਉਪਰ ਸਰਕਾਰੀ ਤਸ਼ੱਦਦ ਜ਼ੁਲਮ ਜੋ ਕਿ ਇਕ ਅਸਹਿ ਅਤੇ ਅਕਹਿ ਹੈ ਆਪਣੇ ਪਿੰਡੇ ਉਪਰ ਹੰਡਾਇਆਂ ਹੈ ਜਿਸਨੂੰ ਕਿਸੇ ਤਰ੍ਹਾਂ ਵੀ ਲਿਖਕੇ ਬਿਆਨ ਨਹੀਂ ਕੀਤਾ ਜਾ ਸਕਦਾ। ਸ੍ਰ. ਪਰਮਜੀਤ ਸਿੰਘ ਦਾਖਾ ਨੇ ਆਪਣੇ ਉਪਰ ਜ਼ੁਲਮ ਨੂੰ ਸਮਝਣ ਅਤੇ ਅੱਗੇ ਤੋਂ ਐਸਾ ਨਾ ਹੋਵੇ ਆਪਣਾ ਨਿਸ਼ਾਨਾ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਉਪਰ ਲਗਾਇਆ ਅਤੇ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਤੋਂ ਬਾਅਦ ਕਦੇ ਵੀ ਪਿਛੇ ਮੁੜਕੇ ਨਹੀਂ ਦੇਖਿਆ। ਕੌਮ ਦੇ ਆਪਣੇ ਘਰ ਦੀ ਲੜਾਈ ਸ਼ਾਂਤੀਪੂਰਵਕ ਅੰਤਰਰਾਸ਼ਟਰੀ ਪੱਧਰ ਉਪਰ ਸ਼ੁਰੂ ਕੀਤੀ। ਜਿਥੇ ਸ੍ਰ. ਪਰਮਜੀਤ ਸਿੰਘ ਦਾਖਾ ਹਰ ਮੁਕਾਮ ਉਪਰ ਰੋਸ ਮੁਜ਼ਾਹਰਿਆਂ, ਸੈਮੀਨਾਰਾਂ, ਕਵੀ ਦਰਬਾਰਾਂ ਅਤੇ ਹੋਰ ਕਈ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਲ-ਨਾਲ ਆਪਣੇ ਅਤੇ ਆਪਣੀ ਕੌਮ ਉਪਰ ਹੋਏ ਜ਼ੁਲਮ ਨੂੰ ਕਲਮਬੰਦ ਕਰਨਾ ਸ਼ੁਰੂ ਕੀਤਾ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਪੜ੍ਹਕੇ ਕੌਮ ਦੇ ਸੁਨਹਿਰੀ ਭਵਿੱਖ ਨੂੰ ਸਮਝ ਸਕਣ। ਉਹ ਆਪਣੀ ਇਸ ਕਿਤਾਬ ਦੇ ਸ਼ੁਰੂ 'ਚ ਕਹਿੰਦੇ ਹਨ ਕਿ ਮੇਰੀ ਇਹ ਕਿਤਾਬ ਹਕੀਕਤ ਓਸ ਇਲਾਹੀ ਗੁਰਬਾਣੀ ਨੂੰ ਜਿਹੜੀ ਜ਼ਾਲਮ ਕਸਾਈ ਤਾਕਤਾਂ ਨੂੰ 'ਰਾਜੇ ਸ਼ੀਹ ਮੁਕਦਮ ਕੁਤੇ' ਕਹਿ ਕੇ ਫਿਟਕਾਰਦੀ ਹੈ ਅਤੇ ਮਜ਼ਲੂਮ ਨੂੰ, ਜ਼ੁਲਮ ਅਤੇ ਜ਼ਾਲਮ ਦੀਆਂ ਜੜ੍ਹਾਂ ਪੁੱਟਣ ਲਈ 'ਪਹਿਲਾਂ ਮਰਣਿ ਕਬੂਲਿ' ਦੇ ਗੁਰਮਤਿ ਸਿਧਾਂਤ ਰਾਹੀਂ 'ਖੰਡੇਧਾਰ' ਮਾਰਗ 'ਤੇ ਚੱਲਣ ਲਈ ਵੰਗਾਰਦੀ ਹੈ।

- 1469 ਤੋਂ ਲੈ ਕੇ ਅੱਜ ਤੱਕ ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਵਿਰਸਾ, ਸਿੱਖ ਸੰਘਰਸ਼, ਸਿੱਖ ਏਕਤਾ ਦੀ ਬਿਹਤਰੀ ਅਤੇ ਚੜ੍ਹਦੀਕਲਾ ਲਈ ਯੋਗਦਾਨ ਪਾਉਣ ਵਾਲੀਆਂ ਸਮੂਹ ਹਸਤੀਆਂ ਨੂੰ।
- ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਧਾਰਨ ਤੋਂ 24 ਸਾਲ ਪਹਿਲਾਂ, ਦਾਖੇ ਪਿੰਡ ਦੀ 1445 'ਚ ਮੋਹੜੀ ਗੱਢਣ ਵਾਲੇ ਬਾਬਾ ਹਮੀਰ ਸਿੰਘ ਸੇਖੋਂ ਅਤੇ ਬਾਬਾ ਗੁਜਰ ਸਿੰਘ ਸੇਖੋਂ ਜੀ ਨੂੰ। ਦਾਸ, ਬਾਬਾ ਹਮੀਰ ਸਿੰਘ ਜੀ ਦੀ 17ਵੀਂ ਪੀੜ੍ਹੀ ਵਿਚੋਂ ਹੈ।
- ਸਿੱਖਾਂ ਨੂੰ ਕਿਸੇ ਵੀ ਦੁਨਿਆਵੀ ਤਖ਼ਤ ਦੀ ਗੁਲਾਮੀ ਨਾ ਕਬੂਲਣ ਦਾ ਸੰਦੇਸ਼ ਦੇਣ ਵਾਲੇ ਇਲਾਹੀ ਤਖ਼ਤ 'ਸ੍ਰੀ ਅਕਾਲ ਤਖ਼ਤ ਸਾਹਿਬ' ਜੀ ਨੂੰ।
- 1849 'ਚ ਧੋਖੇ ਨਾਲ ਦੱਬੇ ਸਿੱਖ ਰਾਜ, 1947 'ਚ ਚਾਣਕੀਆ ਨੀਤੀ ਰਾਹੀਂ ਹਰਾਮ ਜ਼ਿਆਦਗੀ ਨਾਲ ਦਬੇ 'ਖਾਲਸੇ ਰਾਜ' ਦੀ ਮੁੜ 'ਖ਼ਾਲਸਤਾਨ' ਦੇ ਰੂਪ 'ਚ ਪ੍ਰਾਪਤੀ ਲਈ ਹੋ ਰਹੇ ਸਮੂਹ ਯਤਨਾਂ ਨੂੰ।
- ਜੂਨ 1984 'ਚ ਹਿੰਦੋਸਤਾਨ ਅਤੇ ਖ਼ਾਲਸਤਾਨ ਦੀ ਪਹਿਲੀ ਜੰਗ ਦੇ ਕੌਮੀ ਸ਼ਹੀਦਾਂ ਨੂੰ।
- 1947 ਤੋਂ ਲੈ ਕੇ ਅੱਜ ਤੱਕ ਸਿੱਧੇ ਜਾਂ ਅਸਿੱਧੇ ਢੰਗ ਤਰੀਕਿਆਂ ਰਾਹੀਂ ਹਿੰਦੂ ਅੱਤਵਾਦ ਦਾ ਸ਼ਿਕਾਰ ਹੋਏ ਸਮੂਹ ਸਿੱਖਾਂ ਨੂੰ ਅਤੇ ਖ਼ਾਲਸਤਾਨ ਦੇ ਉਨ੍ਹਾਂ ਮਰਜੀਵੜਿਆਂ ਨੂੰ ਜਿਨ੍ਹਾਂ ਕੌਮ ਦੀ ਆਜ਼ਾਦੀ ਲਈ ਆਪਣੇ ਘਰ ਪਰਿਵਾਰ ਉਜਾੜ 'ਮੈਂ ਉਜੜਾਂ ਪੰਥ ਵਸੇ' ਦੇ ਪੂਰਨਿਆਂ 'ਤੇ ਚਲਦਿਆਂ ਸ਼ਹਾਦਤਾਂ ਪ੍ਰਵਾਨ ਕੀਤੀਆਂ।
- ਉਨ੍ਹਾਂ ਤਮਾਮ ਗੈਰ ਸਿੱਖਾਂ ਨੂੰ ਜਿਨ੍ਹਾਂ ਨੇ ਇਨਸਾਨੀਅਤ ਦੇ ਨਾਤੇ ਦੇਸ਼ ਵਿਦੇਸ਼ ਅੰਦਰ ਸਿੱਖ ਕੌਮ ਦੇ ਦੁਖਾਂਤ ਨਾਲ ਹਮਦਰਦੀ ਪ੍ਰਗਟਾਈ ਅਤੇ ਉਨ੍ਹਾਂ ਸਮੂਹ ਨੂੰ ਜਿਹੜੇ ਅੱਤਵਾਦ, ਰਾਸ਼ਟਰਵਾਦ, ਚਾਣਕੀਆ ਨੀਤੀ, ਰਾਮ ਰਾਜ ਦੇ ਕੱਟੜਵਾਦ ਤੇ ਫਾਸੀਵਾਦ ਵਿਰੁੱਧ ਲੜਦੇ ਆ ਰਹੇ ਹਨ।
- ਉਨ੍ਹਾਂ ਸਮੂਹ ਪੰਥਕ ਕਲਮਾਂ ਨੂੰ ਜਿਨ੍ਹਾਂ ਦੀਆਂ ਇਤਿਹਾਸਕ ਪੇਸ਼ਕਾਰੀਆਂ ਵਿਚ ਰਣਜੀਤ ਨਗਾਰੇ ਦੀ ਗੂੰਜ, ਗੁਰੂ ਪ੍ਰੀਤ ਦਾ ਇਲਾਹੀ ਵਹਾਅ, ਨਿਮਰਤਾ ਭਰਪੂਰ ਗੁਰੂ ਜਸ ਅਤੇ ਪ੍ਰਚਾਰ ਪ੍ਰਸਾਰ ਦੀਆਂ ਕਿਰਨਾਂ ਅਜੀਬ ਰੌਸ਼ਨੀ ਫੈਲਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

**ਵਿਚਾਰ, ਕਲਮ ਅਤੇ ਹਥਿਆਰ**

ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰਾਂ ਅਤੇ ਕਲਮ ਦੀ ਜੰਗ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਥਿਆਰਾਂ ਦੀ ਜੰਗ ਆਪਣੇ




ਪੈਰੋਕਾਰਾਂ ਦੀ ਝੋਲੀ ਪਾਈਆਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵਿਚਾਰਾਂ ਦੀ ਜੰਗ-ਕਲਮ ਦੀ ਜੰਗ-ਹਥਿਆਰਾਂ ਦੀ ਜੰਗ ਦੀਆਂ ਸਾਰੀਆਂ ਸ਼ਕਤੀਆਂ ਨੂੰ ਅੰਮ੍ਰਿਤ ਦੇ ਬਾਟੇ ਰਾਹੀਂ ਪ੍ਰਾਣੀ ਨੂੰ ਛਕਾ ਕੇ ਖਾਲਸਾ ਪੰਥ ਸਜਾ ਦਿੱਤਾ। ਖਾਲਸਾ-ਵਿਚਾਰਾਂ ਦੀ, ਕਲਮ ਦੀ, ਹਥਿਆਰਾਂ ਦੀ ਜੰਗ ਰਾਹੀਂ ਜੰਗਜੂ ਜਰਨੈਲ ਹੈ।

"ਵਿਚਾਰ ਇਕ ਹਥਿਆਰ" ਹੈ, ਇਸੇ ਲਈ ਜੋ "ਸਮੇਂ ਦਾ ਸੱਚ" ਰਾਹੀਂ ਮੇਰੀ "ਹਕੀਕਤ" ਬਿਆਨ ਕਰਦੀ ਹੈ ਕਿ ਮੇਰੀ ਸੋਚ ਵਿਚਾਰ ਵਿਚ ਬਾਗੀਆਂ ਲਈ ਹਮੇਸ਼ਾ ਹੀ ਇੱਜ਼ਤ ਮਾਣ ਸਤਿਕਾਰ ਪਿਆਰ ਰਿਹਾ ਹੈ। ਮੈਂ ਉਨ੍ਹਾਂ ਲੋਕਾਂ ਨੂੰ ਆਪਣਾ ਹੀਰੋ ਮੰਨਦਾ ਹਾਂ ਜਿਹੜੇ ਜ਼ਾਲਮ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਣ ਦਾ ਦਮ ਰੱਖਦੇ ਨੇ। ਮੈਨੂੰ ਪਸੰਦ ਨੇ ਉਹ ਸਾਰੇ ਹੀ ਲੋਕ, ਜਿਹੜੇ ਦੁਸ਼ਮਣ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੰਦੇ ਹੋਣ। ਮੈਂ ਉਨ੍ਹਾਂ ਨੌਜਵਾਨਾਂ ਅੱਗੇ ਲੱਖ ਵਾਰ ਸਿਰ ਝੁਕਾਉਂਦਾ ਹਾਂ, ਜਿਹੜੇ ਬਾਗੀ ਸੁਭਾਅ ਰੱਖਦੇ ਨੇ। ਜਿਹੜੇ ਜਾਂ ਤਾਂ ਕੁਝ ਪ੍ਰਾਪਤ ਕਰ ਜਾਂਦੇ ਨੇ, ਜਾਂ ਜ਼ਾਲਮ ਮੂਹਰੇ ਅੜ ਖੜ ਲੜ, ਅੰਤ ਸ਼ਹਾਦਤ ਪ੍ਰਾਪਤ ਕਰ ਜਾਂਦੇ ਨੇ।

ਕੁਝ ਵੀ ਕਰਨ ਤੋਂ ਪਹਿਲਾਂ ਸੋਚਣਾ ਔਖਾ ਹੈ। ਸੋਚਣ ਤੋਂ ਬਾਅਦ ਸਹੀ ਵਿਚਾਰਨਾ ਔਖਾ ਹੈ। ਵਿਚਾਰਨ ਤੋਂ ਬਾਅਦ ਚੰਗਾ ਕਰਨਾ ਔਖਾ ਹੈ। ਚੰਗਾ ਕਰਨ ਤੋਂ ਪਹਿਲਾਂ ਚੰਗਾ ਬੋਲਣਾ ਔਖਾ ਹੈ। ਚੰਗਾ ਬੋਲਣ ਤੋਂ ਬਾਅਦ ਚੰਗਾ ਲਿਖਣਾ ਔਖਾ ਹੈ। ਸੋਚਣ ਵਿਚਾਰਨ ਤੋਂ ਬਾਅਦ, ਬੋਲਣ 'ਤੇ ਲਿਖਣ ਲਈ ਜਦ ਕਲਮ, "ਵਿਚਾਰ ਇਕ ਹਥਿਆਰ" ਰਾਹੀਂ "ਸਮੇਂ ਦਾ ਸੱਚ" ਲਿਖਣ ਲਈ "ਹਕੀਕਤ" ਬਿਆਨ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਫਿਰ ਕੋਸ਼ਿਸ਼ ਪੁਸਤਕ ਰੂਪ 'ਚ ਮਾਇਕ ਤੌਰ 'ਤੇ ਸਹਿਯੋਗੀਆਂ ਦੇ ਸਹਿਯੋਗ ਨਾਲ ਪਾਠਕਾਂ ਦੀ ਕਚਹਿਰੀ 'ਚ ਪਹਿਲਾਂ ਵਾਂਗ ਭਰਪੂਰ ਹਾਂਪੱਖੀ ਫੈਸਲੇ ਦੀ ਤਾਂਘ ਨਾਲ ਤੁਹਾਡੀ ਸੱਥ ਦਾ ਸ਼ਿੰਗਾਰ ਬਣੀ ਹੈ।

ਮੋਤੀਆ ਚਮੇਲੀ ਗੁਲਾਬ ਗੇਂਦਾ ਗਲਦੌਦੀ ਆਦਿ ਫੁੱਲਾਂ ਦੇ ਅਰਕ ਇਕੱਠੇ ਕੀਤੇ ਨੇ, ਇਕ ਇਕ ਕਰਕੇ ਮੈਂ ਤੁਹਾਡੇ ਖੁਆਬ ਇਕੱਠੇ ਕੀਤੇ ਨੇ। ਮੈਂ ਲਿਖ ਕੇ ਤੁਹਾਡੀ ਝੋਲੀ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾਅ ਚਲਿਆ ਹਾਂ, ਅੱਗੋਂ ਤੁਹਾਡੀ ਪੜ੍ਹ ਕੇ, ਸੋਚਣਾ ਸਮਝਣਾ, ਵਿਚਾਰਨਾ, ਅਮਲ ਕਰਕੇ ਅੱਗੇ ਪ੍ਰਚਾਰਨਾ। ਪੜ੍ਹਨ ਦੇ ਸਮੇਂ ਇਕ ਸਮਾਂ ਅਜਿਹਾ ਵੀ ਆਉਂਦਾ ਹੈ, ਜਦੋਂ ਇਹ ਤਹਿ ਕਰਨਾ ਪੈਂਦਾ ਹੈ ਕਿ ਪੰਨਾ ਪਲਟਣਾ ਹੈ ਜਾਂ ਕਿਤਾਬ ਬੰਦ ਕਰਨੀ ਹੈ। ਠੀਕ ਉਸੇ ਤਰ੍ਹਾਂ ਮੇਰੀ ਜ਼ਿੰਦਗੀ ਦੀ ਕਿਤਾਬ ਦੇ ਵਰਕੇ-ਪੰਨੇ ਹਨ।

ਉਹ ਇਸ ਕਿਤਾਬ ਦੇ 63ਵੇਂ ਪੰਨੇ ਉਪਰ ਮਾਂ ਨੂੰ ਯਾਦ ਕਰਦੇ ਹੋਏ ਲਿਖਦੇ ਹਨ ਕੀ ਮਾਂ ਦੇ ਤੁਰ ਜਾਣ ਦੇ ਬਾਅਦ ਜੇ ਘਰ ਦੀ ਧੀ ਇਹ ਸੋਚਦੀ ਹੈ ਕਿ ਮਾਂ ਮੈਂ ਮੁੜ ਨਹੀ ਆਉਣਾ ਪੇਕੇ ਕਿਉਂਕਿ ਪੇਕੇ ਹੁੰਦੇ ਮਾਵਾਂ ਨਾਲ ਤਾਂ ਭਰਜਾਈਆ ਲਈ ਇਸ ਤੋਂ ਵੱਡਾ ਮਿਹਣਾ ਕੋਈ ਨਹੀਂ। ਉਹ ਅੱਗੇ ਜਾ ਕੇ ਪੰਨੇ 75 'ਤੇ ਲਿਖਦੇ ਹਨ ਕਿ ਹਿੰਦੋਸਤਾਨ ਅੰਦਰ ਰਾਸ਼ਟਰਪਿਤਾ ਦਾ ਦਰਜਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੋਣਾ ਚਾਹੀਦਾ ਸੀ ਨਾ ਕਿ ਗਾਂਧੀ ਦਾ ਅਤੇ ਨਾਲ ਹੀ ਉਹ ਲਿਖਦੇ ਹਨ ਕਿ ਜਿਨ੍ਹਾਂ ਦੀ ਬੁਨਿਆਦ ਮਜਬੂਤ ਹੁੰਦੀ ਹੈ ਉਹ ਝਟਕਾ ਸਹਿ ਕੇ ਫਿਰ ਵਾਪਸ ਜਿੱਤ ਵਲ ਪਰਤ ਆਉਂਦੇ ਹਨ। ਪੰਨੇ 90 'ਤੇ ਜ਼ਿੰਦਗੀ



ਸ੍ਰ. ਪਰਮਜੀਤ ਸਿੰਘ ਸੇਖੋਂ (ਦਾਖਾ)

ਮਿਠਾਸ 'ਤੇ ਲਿਖਦੇ ਹੋਏ ਉਹ ਕਹਿੰਦੇ ਕਿ ਜਲੇਬੀ ਸਿਰਫ਼ ਇਕ ਮਿਠਾਈ ਹੀ ਨਹੀਂ ਸਗੋਂ ਸਿੱਖਿਆ ਨਾਲ ਭਰਿਆ ਇਕ ਸੰਦੇਸ਼ ਵੀ ਹੈ ਜੋ ਇਹ ਦਰਸਾਉਂਦਾ ਹੈ ਕਿ ਖ਼ੁਦ ਤੁਸੀਂ ਕਿੰਨੇ ਹੀ ਉਲਝੇ ਕਿਉਂ ਨਾ ਰਹੋ ਪਰ ਦੂਜਿਆਂ ਨੂੰ ਮਿਠਾਸ ਵੰਡੋ ਅਤੇ ਉਹ ਪੰਨਾ 98 'ਤੇ ਲਿਖਦੇ ਹਨ ਕਿ ਮੰਜ਼ਿਲ ਕਿੰਨੀ ਵੀ ਉਚੀ ਹੋਵੇ ਉਸ ਤੱਕ ਪਹੁੰਚਣ ਵਾਲਾ ਰਾਹ ਹਮੇਸ਼ਾ ਪੈਰਾਂ ਥੱਲੇ ਹੀ ਹੁੰਦਾ ਹੈ। ਉਹ ਪੰਨਾ 119 'ਚ ਸਿੱਖ ਰਾਜ ਨੂੰ ਯਾਦ ਕਰਦੇ ਹੋਏ ਲਿਖਦੇ ਹਨ ਕਿ ਸਿੱਖ ਕੌਮ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮਿਆਂ ਤੋਂ ਦੋ ਵਾਰ ਰਾਜ ਭਾਗ ਸਥਾਪਤ ਕੀਤਾ ਹੈ। ਹੁਣ ਤੀਜੀ ਵਾਰ ਰਾਜ ਪ੍ਰਾਪਤੀ ਲਈ ਸੰਘਰਸ਼ ਜਾਰੀ ਹੈ ਅਤੇ ਉਹ ਇਨਸਾਨੀ ਫਿਤਰਤ ਬਾਰੇ ਗੱਲਬਾਤ ਕਰਦੇ ਹੋਏ ਪੰਨਾ 167 'ਤੇ ਲਿਖਦੇ ਹਨ ਇਨਸਾਨ ਨਾਲੋਂ ਰੁੱਖਾਂ ਦੇ ਪੱਤੇ ਚੰਗੇ ਹਨ ਜੋ ਰੁੱਤ ਮੁਤਾਬਕ ਝੜਦੇ ਹਨ ਪਰ ਇਨਸਾਨ ਦੀ ਕੋਈ ਰੁੱਤ ਨਹੀਂ ਕਦੋਂ ਬਦਲ ਜਾਵੇ। ਉਹ ਅੱਜ ਦੇ ਪਰਿਵਾਰਕ ਸਮਾਜ ਦੀ ਗੱਲ ਕਰਦੇ ਹੋਏ ਲਿਖਦੇ ਹਨ ਕਿ ਪੁੱਤਾਂ ਦੀਆਂ ਦਰਕਾਰੀਆਂ ਮਾਵਾਂ ਨੂੰ ਜਿਨ੍ਹਾਂ ਧੀਆਂ ਢੋਈ ਦਿੱਤੀ ਹੈ, ਉਥੇ ਤੰਦਰੁਸਤੀ ਅਤੇ ਖੁਸ਼ੀਆਂ ਇਕੱਠੀਆਂ ਰਹਿੰਦੀਆਂ ਹਨ। ਇਹ 200 ਪੰਨਿਆਂ ਦੀ ਕਿਤਾਬ ਸਿੱਖ ਇਤਿਹਾਸ, ਸਭਿਆਚਾਰ ਅਤੇ ਮੌਜੂਦਾ ਦੌਰ ਦੇ ਸਿੱਖ ਸੰਘਰਸ਼ ਵਿਚ ਵਾਪਰੀਆਂ ਘਟਨਾਵਾਂ ਨੂੰ ਬਾਖੂਬੀ ਬਿਆਨ ਕਰਦੀ ਹੈ। ਇਹ ਹਰ ਪੰਜਾਬੀ ਦੀ ਲਾਇਬ੍ਰੇਰੀ ਵਿਚ ਮੌਜੂਦ ਹੋਣੀ ਚਾਹੀਦੀ ਹੈ। ਅਸੀਂ 'ਸਾਡੇ ਲੋਕ' ਦੇ ਸਮੂਹ ਪਰਿਵਾਰ ਵਲੋਂ ਉਨ੍ਹਾਂ ਦੀ ਇਸ ਨਵੀਂ ਕਿਤਾਬ 'ਤੇ ਮੁਬਾਰਕਾਂ ਅਤੇ ਸ਼ੁੱਭਇੱਛਾਵਾਂ ਪੇਸ਼ ਕਰ ਰਹੇ ਹਾਂ।

(ਸਤਨਾਮ ਸਿੰਘ ਖਾਲਸਾ)

# ਹਫ਼ਤੇ 'ਚ ਹਟਾਓ ਬੈਰੀਕੇਡ, ਹਾਈਕੋਰਟ ਨੇ ਸ਼ੰਭੂ ਬਾਰਡਰ ਖੋਲ੍ਹਣ ਦੇ ਦਿੱਤੇ ਹੁਕਮ

ਚੰਡੀਗੜ੍ਹ : ਪੰਜਾਬ ਹਰਿਆਣਾ ਹਾਈ ਕੋਰਟ ਨੇ ਸ਼ੰਭੂ ਬਾਰਡਰ 'ਤੇ ਲਗਾਏ ਬੈਰੀਕੇਡ ਨੂੰ ਲੈ ਕੇ ਆਪਣਾ ਫੈਸਲਾ ਸੁਣਾਇਆ ਹੈ। ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ 7 ਦਿਨਾਂ ਦੇ ਅੰਦਰ ਸ਼ੰਭੂ ਬਾਰਡਰ 'ਤੇ ਲਗਾਏ ਬੈਰੀਕੇਡ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ। ਸ਼ੰਭੂ ਬਾਰਡਰ ਖੋਲ੍ਹਣ ਨੂੰ ਲੈ ਕੇ ਲਗਾਤਾਰ ਪਟੀਸ਼ਨ ਦਾਇਰ ਕੀਤੀਆਂ ਜਾ ਰਹੀਆਂ ਸਨ, ਜਿਸ 'ਤੇ ਅੱਜ ਹਾਈ ਕੋਰਟ ਨੇ ਸੁਣਵਾਈ ਕਰਦਿਆਂ ਆਪਣਾ ਫੈਸਲਾ ਸੁਣਾਇਆ ਹੈ।




ਇਸ 'ਤੇ ਪਟੀਸ਼ਨਰਾਂ ਦੇ ਵਕੀਲ ਵਾਸੂ ਰੰਜਨ ਸ਼ਾਂਡਿਲਿਆ ਨੇ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੰਭੂ ਸਰਹੱਦ ਨੂੰ ਖੋਲ੍ਹਣ ਲਈ ਉਨ੍ਹਾਂ ਦੀ ਤਰਫੋਂ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ ਵਿੱਚ ਅਦਾਲਤ ਨੂੰ ਦੱਸਿਆ ਗਿਆ ਕਿ ਸ਼ੰਭੂ ਬਾਰਡਰ ਬੰਦ ਹੋਣ ਕਾਰਨ ਅੰਬਾਲਾ ਦੇ ਵਪਾਰੀਆਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਕਾਰਨ ਉਨ੍ਹਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਜਿਸ ਕਾਰਨ ਅਕਾਲ ਵਰਗੀ ਸਥਿਤੀ ਪੈਦਾ ਹੋ ਗਈ ਹੈ।

ਵਾਸੂ ਰੰਜਨ ਨੇ ਦੱਸਿਆ ਕਿ ਬੀਤੇ ਕੱਲ੍ਹ ਹੀ ਪੰਜਾਬ ਹਰਿਆਣਾ ਹਾਈ ਕੋਰਟ ਲਈ ਚੀਫ਼ ਜਸਟਿਸ ਦੀ ਨਿਯੁਕਤੀ ਹੋਈ ਹੈ ਅਤੇ ਅੱਜ ਇਸ ਸਬੰਧੀ ਫ਼ੈਸਲਾ ਦਿੰਦਿਆਂ ਉਨ੍ਹਾਂ ਨੇ ਬੈਰੀਕੇਡ ਹਟਾਉਣ ਦੀ ਗੱਲ ਕੀਤੀ ਹੈ। ਇਹ ਫੈਸਲਾ ਇੱਥੋਂ ਦੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਇਹ ਫੈਸਲਾ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਵਪਾਰੀਆਂ ਨੂੰ ਨਵੀਂ ਜਾਨ ਦੇਣ ਵਰਗਾ ਹੈ।

ਇਸ ਸਾਲ 10 ਫਰਵਰੀ ਨੂੰ ਪੰਜਾਬ ਦੀਆਂ ਕੁਝ ਕਿਸਾਨ ਜਥੇਬੰਦੀਆਂ ਨੇ ਦਿੱਲੀ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਸੀ, ਜਿਸ ਕਾਰਨ ਉਨ੍ਹਾਂ ਨੂੰ ਹਰਿਆਣਾ ਦੀ ਸਰਹੱਦ 'ਤੇ ਰੋਕ ਦਿੱਤਾ ਗਿਆ ਸੀ। ਸ਼ੰਭੂ ਸਮੇਤ ਪੰਜਾਬ ਅਤੇ ਹਰਿਆਣਾ ਦੀਆਂ ਕਈ ਸਰਹੱਦਾਂ ਫਰਵਰੀ ਤੋਂ ਬੰਦ ਸਨ, ਜਿਨ੍ਹਾਂ ਵਿੱਚੋਂ ਸਿਰਫ਼ ਸ਼ੰਭੂ ਸਰਹੱਦ ਹੀ ਸੀ ਜਿੱਥੇ ਕਿਸਾਨ ਬੈਠੇ ਸਨ। ਇਸ ਕਾਰਨ ਹਰਿਆਣਾ ਸਰਕਾਰ ਨੇ ਸ਼ੰਭੂ ਸਰਹੱਦ 'ਤੇ ਬੈਰੀਕੇਡ ਲਗਾ ਦਿੱਤੇ ਸਨ।

# ਕਰਨਾਲ ਜ਼ਿਲ੍ਹੇ ਦੇ ਪਿੰਡ ਅਮੂਪੁਰ 'ਚ ਚਾਰ ਸਿੱਖ ਪਰਿਵਾਰਾਂ ਦੇ ਪ੍ਰਸ਼ਾਸਨ ਵਲੋਂ ਤੋੜੇ ਮਕਾਨ

## ਜਿਸ ਤਰ੍ਹਾਂ ਅਸੀਂ ਪਾਕਿਸਤਾਨ ਤੋਂ ਉਜੜ ਕੇ ਆਏ ਸਾਂ ਅੱਜ ਕਰਨਾਲ ਪ੍ਰਸ਼ਾਸਨ ਨੇ ਦੁਬਾਰੇ ਉਸੇ ਤਰ੍ਹਾਂ ਸਾਨੂੰ ਉਜਾੜ ਦਿੱਤਾ : ਪੀੜਤ



ਕਰਨਾਲ : ਕਰਨਾਲ ਪ੍ਰਸ਼ਾਸਨ ਵਲੋਂ 26 ਜੂਨ ਨੂੰ ਕਰਨਾਲ ਜ਼ਿਲ੍ਹਾ ਤਹਿਸੀਲ ਨੀਸਿੰਘ ਦੇ ਅਧੀਨ ਆਉਂਦੇ ਪਿੰਡ ਅਮੂਪੁਰ ਵਿਚ ਚਾਰ ਗਰੀਬ ਸਿੱਖ ਪਰਿਵਾਰਾਂ ਦੇ ਮਕਾਨ ਪੀਲਾ ਪੰਜਾ ਚਲਾ ਕੇ ਮਲੀਆਮੇਟ ਕਰ ਦਿੱਤੇ ਗਏ। ਸਿੱਖ ਪਰਿਵਾਰ ਪਿਛਲੇ ਕਾਫ਼ੀ ਦਿਨਾਂ ਤੋਂ ਖੁੱਲ੍ਹੇ ਅਸਮਾਨ ਥੱਲੇ ਰਹਿਣ ਨੂੰ ਮਜਬੂਰ ਹੋਏ।

ਜਦੋਂ ਪਿੰਡ ਅਮੂਪੁਰ ਵਿਚ ਜਾ ਕੇ ਹਾਲਾਤ ਦਾ ਜਾਇਜ਼ਾ ਲਿਆ ਤਾਂ ਦੇਖਿਆ ਕਿ ਪਰਿਵਾਰ ਖੁੱਲ੍ਹੇ ਅਸਮਾਨ ਅਤੇ ਰੁੱਖਾਂ ਦੇ ਥੱਲੇ ਬੈਠ ਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ ਅਤੇ ਖੁੱਲ੍ਹੇ ਅਸਮਾਨ ਥੱਲੇ ਹੀ ਰਹਿਣ ਨੂੰ ਮਜ਼ਬੂਰ ਹਨ। ਘਰ ਦੇ ਮਾਲਕ ਰੇਸ਼ਮ ਸਿੰਘ, ਬੂਟਾ ਸਿੰਘ, ਗੁਰਦੇਵ ਸਿੰਘ ਅਤੇ ਰਘਬੀਰ ਸਿੰਘ ਨੇ ਰੋਂਦੇ ਹੋਏ ਕਿਹਾ ਕਿ ਸਾਡੇ ਬਜ਼ੁਰਗ ਦੇਸ਼ ਦੀ ਆਜ਼ਾਦੀ ਸਮੇਂ ਪਾਕਿਸਤਾਨ ਤੋਂ ਉਜੜ ਕੇ ਇਸ ਪਿੰਡ ਵਿਚ ਆ ਕੇ ਰਹਿਣ ਲੱਗੇ ਸਨ ਤਾਂ ਉਸ ਸਮੇਂ ਦੇ ਪ੍ਰਸ਼ਾਸਨ ਨੇ ਇਸ ਜੰਗਲੀ ਇਲਾਕੇ ਨੂੰ ਆਬਾਦ ਕਰਾਉਣ ਲਈ ਸਾਨੂੰ ਇਥੇ ਵਸਾਇਆ ਸੀ ਅਤੇ ਅਸੀਂ ਪਿਛਲੇ 70 ਸਾਲਾਂ ਤੋਂ ਇਥੇ ਹੀ ਰਹਿ ਰਹੇ ਹਾਂ ਅਤੇ ਸਾਡੇ ਨਾਲ ਇਥੇ ਹੋਰ ਵੀ ਦੂਜੀਆਂ ਜਾਤਾਂ ਦੇ ਕਾਫ਼ੀ ਘਰ ਹਨ ਪਰ ਪਿਛਲੀ 26 ਜੂਨ ਨੂੰ ਪਿੰਡ ਦੇ ਸਰਪੰਚ ਨੇ ਸਾਡੇ ਨਾਲ ਇਕ ਰੰਜਿਸ਼ ਤਹਿਤ ਪ੍ਰਸ਼ਾਸਨ ਨੂੰ ਨਾਲ ਲੈ ਕੇ ਸਾਡੇ ਮਕਾਨ ਤੇ ਪੀਲਾ ਪੰਜਾ ਚਲਾ ਦਿੱਤਾ ਅਤੇ ਸਾਨੂੰ ਘਰ ਤੋਂ ਬੇਘਰ ਕਰ ਦਿੱਤਾ ਹੈ। ਰੇਸ਼ਮ ਸਿੰਘ ਨੇ ਕਿਹਾ ਕਿ ਸਾਨੂੰ ਕੋਈ ਵੀ ਕਿਸੇ ਤਰ੍ਹਾਂ ਦਾ ਕੋਈ ਨੋਟਿਸ ਨਹੀਂ ਦਿੱਤਾ ਗਿਆ। ਇਕਦਮ ਛਾਪੇਮਾਰ ਟੀਮ ਦੀ ਤਰ੍ਹਾਂ ਸਰਪੰਚ ਪ੍ਰਸ਼ਾਸਨ ਨੂੰ ਦਲ ਬਲ ਦੇ ਨਾਲ ਲੈ ਕੇ ਆਇਆ ਅਤੇ ਸਮਾਨ ਸਮੇਤ ਹੀ ਸਾਡੇ ਮਕਾਨ ਮਿੱਟਾਂ ਵਿਚ ਹੀ ਢਹਿ ਢੇਰੀ ਕਰ ਦਿੱਤੇ।

ਸਾਡੇ ਬੱਚਿਆਂ ਦੇ ਬੈਗ, ਕੱਪੜੇ, ਬਿਸਤਰੇ ਅਤੇ ਭਾਂਡੇ ਵਿਚੇ ਹੀ ਪ੍ਰਸ਼ਾਸਨ ਨੇ ਮਲੀਆਮੇਟ ਕਰ ਦਿੱਤੇ ਹਨ। ਅਸੀਂ ਖੁੱਲ੍ਹੇ ਅਸਮਾਨ ਥੱਲੇ ਪਿਛਲੇ 10 ਦਿਨ ਤੋਂ ਰਹਿ ਰਹੇ ਹਾਂ, ਸਾਡੀ ਹਰਿਆਣਾ ਸਰਕਾਰ ਨੇ ਹਾਲੇ ਤੱਕ ਕੋਈ ਸਾਰ ਨਹੀਂ ਲਈ। ਕੁਝ ਸਿੱਖ ਜਥੇਬੰਦੀਆਂ ਆਈਆਂ ਸਨ ਅਤੇ ਸਾਨੂੰ ਸਹਿਯੋਗ ਕਰਨ ਦੀ ਗੱਲ ਆਖ ਕੇ ਚਲੀਆਂ ਗਈਆਂ ਹਨ ਪਰ ਹਾਲੇ ਤੱਕ ਸਾਡਾ ਕਿਸੇ ਨੇ ਕਿਸੇ ਤਰ੍ਹਾਂ ਦਾ ਵੀ ਕੋਈ ਸਹਿਯੋਗ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਥੇਬੰਦੀਆਂ ਵਲੋਂ 12 ਜੁਲਾਈ ਨੂੰ ਸਾਡੇ ਪਿੰਡ ਵਿਚ ਇਕੱਠ ਬੁਲਾਇਆ ਗਿਆ ਹੈ ਉਸ ਤੋਂ ਬਾਅਦ ਜੋ ਸਿੱਖ ਸਮਾਜ ਅਤੇ ਸਿੱਖ ਜਥੇਬੰਦੀਆਂ ਫੈਸਲਆ ਕਰਨਗੀਆਂ ਸਾਨੂੰ ਮਨਜ਼ੂਰ ਹੋਵੇਗਾ। ਮਕਾਨ ਮਾਲਕ ਬੂਟਾ ਸਿੰਘ ਨੇ ਕਿਹਾ ਕਿ ਪ੍ਰਸ਼ਾਸਨ ਵਲੋਂ ਸਾਡੇ ਘਰਾਂ ਵਿਚ ਆਉਂਦੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵੀ ਕੱਟ ਦਿੱਤੀਆਂ ਹਨ। ਸਾਡੀ ਬਿਜਲੀ ਵੀ ਕੱਟ ਦਿੱਤੀ ਹੈ। ਅਸੀਂ ਪਾਣੀ ਨੂੰ ਵੀ ਤਰਸ ਰਹੇ ਹਾਂ ਅਤੇ ਨਾਲ ਲਗਦੀ ਗਊਸ਼ਾਲਾ ਵਿਚੋਂ ਹੀ ਪਾਣੀ ਲੈ ਕੇ ਆਪਣੀ ਰੋਟੀ ਬਣਾ ਕੇ ਆਪ ਅਤੇ ਆਪਣੇ ਬੱਚਿਆਂ ਨੂੰ ਖਵਾ ਰਹੇ ਹਾਂ। ਸਾਡੇ ਬੱਚੇ ਸਕੂਲ ਜਾਣ ਤੋਂ ਵੀ ਵਾਂਝ ਰਹਿ ਗਏ ਹਨ ਕਿਉਂਕਿ ਪ੍ਰਸ਼ਾਸਨ ਵਲੋਂ ਸਾਡੇ ਬੱਚਿਆਂ ਦੇ ਬੈਗ ਅਤੇ ਸਾਡੇ ਜ਼ਰੂਰੀ ਸਮਾਨ ਵੀ ਚੁੱਕ ਕੇ ਲੈ ਗਏ ਜਿਸ ਤਰ੍ਹਾਂ ਅਸੀਂ ਪਾਕਿਸਤਾਨ ਤੋਂ ਉਜੜ ਕੇ ਆਏ ਸਾਂ ਅੱਜ ਕਰਨਾਲ ਪ੍ਰਸ਼ਾਸਨ ਨੇ ਦੁਬਾਰੇ ਉਸੇ ਤਰ੍ਹਾਂ ਸਾਨੂੰ ਉਜਾੜ ਦਿੱਤਾ ਹੈ। ਉਨ੍ਹਾਂ ਨੇ ਇਹ ਕਈ ਏਕੜ ਜ਼ਮੀਨ ਵਿਚ 100 ਤੋਂ 150 ਪਰਿਵਾਰ ਰਹਿ ਰਿਹਾ ਹੈ ਅਤੇ ਪਿਛਲੇ 70 ਸਾਲਾਂ ਤੋਂ ਕਰੀਬ ਇਥੇ ਹੀ ਰਹਿ ਰਹੇ ਹਨ। ਸਾਡੀ ਤੀਜੀ ਪੀੜ੍ਹੀ ਹੋ ਗਈ ਹੈ ਇਥੇ ਰਹਿੰਦਿਆਂ ਹੋਇਆਂ ਪਰ ਪਿੰਡ ਦੇ ਸਰਪੰਚ ਨੇ ਸਾਡੇ ਨਾਲ ਵੋਟਾਂ ਦੀ ਰੰਜਿਸ਼ ਰੱਖਦੇ ਹੋਏ ਸਾਡੇ ਮਕਾਨਾਂ ਨੂੰ ਪ੍ਰਸ਼ਾਸਨ ਨੂੰ ਨਾਲ ਲੈ ਕੇ .ਢਹਿ ਢੇਰੀ ਕਰ ਦਿੱਤਾ ਹੈ ਜਦੋਂਕਿ ਦੂਜੇ ਮਕਾਨਾਂ ਵਲ ਵੇਖਿਆ ਤੱਕ ਨਹੀਂ। ਅਸੀਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹੀ ਮੰਗ ਕਰਦੇ ਹਾਂ ਕਿ ਜਿਸ ਤਰ੍ਹਾਂ ਸਾਡੇ ਘਰ ਤੋੜੇ ਗਏ ਹਨ ਸਰਕਾਰ ਦੁਬਾਰਾ ਆਪ ਸਾਡੇ ਘਰ ਬਣਾਵੇ ਤਾਂ ਜੋ ਅਸੀਂ ਆਪਣਾ ਜੀਵਨ ਬਤੀਤ ਕਰ ਸਕੀਏ। ਜਦੋਂ ਇਸ ਬਾਰੇ ਪਿੰਡ ਦੇ ਸਰਪੰਚ ਨਾਲ ਗੱਲ ਕਰਨ ਲਈ ਉਸ ਦੇ ਘਰ ਗਏ ਤਾਂ ਉਹ ਘਰੇ ਨਹੀਂ ਮਿਲਿਆ।

# ਉਜਾੜੇ ਦਾ ਸ਼ਿਕਾਰ ਸਿੱਖ ਪਰਿਵਾਰਾਂ ਤੱਕ ਪਹੁੰਚੀ ਸ਼੍ਰੋਮਣੀ ਕਮੇਟੀ

***ਸੱਤ ਦਹਾਕਿਆਂ ਤੋਂ ਬੈਠੇ ਪਰਿਵਾਰਾਂ ਦੇ ਢਾਹੇ ਗਏ ਹਨ ਘਰ; ਕਮੇਟੀ ਵੱਲੋਂ ਹਰ ਪੀੜਤ ਪਰਿਵਾਰ ਨੂੰ ਇੱਕ-ਇੱਕ ਲੱਖ ਰੁਪਏ ਦੇਣ ਦਾ ਐਲਾਨ***





ਕਰਨਾਲ : ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਕਰਨਾਲ ਜ਼ਿਲ੍ਹੇ ਦੇ ਅਮੂਪੁਰ ਪਿੰਡ ਵਿਖੇ ਦੇਸ਼ ਵੰਡ ਸਮੇਂ ਲਹਿੰਦੇ ਪੰਜਾਬ ਤੋਂ ਉੱਜੜ ਕੇ ਵਸੇ ਚਾਰ ਸਿੱਖ ਪਰਿਵਾਰਾਂ ਦੇ ਘਰ ਢਾਹੁਣ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਇੱਥੇ ਪੁੱਜ ਕੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧੀ ਕਮੇਟੀ ਗਠਤ ਕੀਤੀ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖ਼ਾਲਸਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾ ਸ਼ਾਮਲ ਹਨ। ਵਫ਼ਦ ਨੇ ਅੱਜ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਨ ਮਗਰੋਂ ਭਰੋਸਾ ਦਿੱਤਾ ਕਿ ਸਿੱਖ ਸੰਸਥਾ ਉਨ੍ਹਾਂ ਦੇ ਨਾਲ ਹੈ ਅਤੇ ਸਰਕਾਰੀ ਧੱਕੇਸ਼ਾਹੀ ਤੇ ਜਬਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਪੀੜਤ ਚਾਰ ਸਿੱਖ ਪਰਿਵਾਰਾਂ ਨੂੰ ਮੁੱਢਲੇ ਤੌਰ 'ਤੇ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਹਰਿਆਣਾ ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਨਾਲ ਇਨਸਾਫ਼ ਕਰਨ ਲਈ ਆਖਿਆ। ਇਸ ਮੌਕੇ ਹਰਭਜਨ ਸਿੰਘ ਮਸਾਣਾ ਨੇ ਸਮੁੱਚੀਆਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਇਨ੍ਹਾਂ ਪਰਿਵਾਰਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਇਸ ਕਾਰਵਾਈ ਨਾਲ ਭਾਜਪਾ ਦੀ ਸਿੱਖ ਵਿਰੋਧੀ ਨੀਤੀ ਇਕ ਵਾਰ ਫਿਰ ਉਜਾਗਰ ਹੋਈ ਹੈ। ਇਸ ਮੌਕੇ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵੀ ਇਸ ਸਬੰਧੀ ਧਿਆਨ ਦੇਣ ਦੀ ਗੱਲ ਕਹੀ। ਉਨ੍ਹਾਂ ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਵੱਲੋਂ ਨਾਮਜ਼ਦ ਗੁਰਦੁਆਰਾ ਕਮੇਟੀ ਜੋ ਕਿ ਘਟਨਾ ਵਾਲੀ ਥਾਂ ਤੋਂ ਕੁਝ ਦੂਰ ਕੁਰੂਕਸ਼ੇਤਰ ਵਿੱਚ ਕਾਰਜਸ਼ੀਲ ਹੈ, ਦੇ ਨੁਮਾਇੰਦਿਆਂ ਦੀ ਕਈ ਦਿਨ ਬੀਤ ਜਾਣ ਮਗਰੋਂ ਵੀ ਅਮੂਪੁਰ ਵਿੱਚ ਪੀੜਤ ਪਰਿਵਾਰਾਂ ਨੂੰ ਮਿਲਣ ਨਾ ਪਹੁੰਚਣ ਦੀ ਨਿਖੇਧੀ ਕੀਤੀ। ਪੀੜਤ ਪਰਿਵਾਰਾਂ ਵਿੱਚੋਂ ਬੂਟਾ ਸਿੰਘ ਨੇ ਦੱਸਿਆ ਕਿ ਉਹ ਚਾਰ ਭਰਾ ਹਨ ਤੇ ਉਨ੍ਹਾਂ ਦਾ ਪਰਿਵਾਰ ਦੇਸ਼ ਵੰਡ ਉਪਰੰਤ ਲਹਿੰਦੇ ਪੰਜਾਬ ਤੋਂ ਉੱਜੜ ਕੇ ਅਮੂਪੁਰ ਪਿੰਡ ਦੀ ਇਸ ਥਾਂ 'ਤੇ ਪਿਛਲੇ 70 ਸਾਲਾਂ ਤੋਂ ਵਸਿਆ ਹੋਇਆ ਹੈ, ਪਰ ਅਚਾਨਕ 26 ਜੂਨ ਨੂੰ ਸਰਕਾਰ ਦੇ ਅਧਿਕਾਰੀਆਂ ਨੇ ਪੁਲੀਸ ਦੇ ਸਹਿਯੋਗ ਨਾਲ ਉਨ੍ਹਾਂ ਨਾਲ ਧੱਕਾ ਕਰਦਿਆਂ ਚਾਰੇ ਪਰਿਵਾਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਕੇ ਢਹਿ-ਢੇਰੀ ਕਰ ਦਿੱਤੇ। ਇਸ ਮੌਕੇ ਹਰਿਆਣਾ ਸਿੱਖ ਮਿਸ਼ਨ ਦੇ ਇੰਚਾਰਜ ਸੁਖਵਿੰਦਰ ਸਿੰਘ, ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ ਕਰਨਾਲ ਦੇ ਇੰਚਾਰਜ ਪ੍ਰਤਾਪ ਸਿੰਘ, ਸੁਰਿੰਦਰ ਸਿੰਘ ਰਾਮਗੜ੍ਹੀਆ ਮੌਜੂਦ ਸਨ।

# ਨਕਲੀ ਗੁਰਦੁਆਰਾ ਸਾਹਿਬ ਬਣਾ ਕੇ ਕਰਵਾ ਰਹੇ ਸੀ ਅਨੰਦ ਕਾਰਜ, ਮੌਕੇ 'ਤੇ ਪੁੱਜ ਗਏ ਨਿਹੰਗ ਸਿੰਘ



ਖਰੜ : ਨਜ਼ਦੀਕੀ ਨਗਰ ਘੜੂੰਆਂ ਵਿਖੇ ਉਸ ਸਮੇਂ ਮਾਹੌਲ ਤਣਾਅਪੂਰਨ ਹੋ ਗਿਆ, ਜਦੋਂ ਇਕ ਹਿੰਦੀ ਨਾਟਕ ਦੀ ਚੱਲ ਰਹੀ ਸ਼ੂਟਿੰਗ ਦੌਰਾਨ ਨਕਲੀ ਗੁਰਦੁਆਰਾ ਸਾਹਿਬ ਬਣਾ ਕੇ ਅਨੰਦ ਕਾਰਜ ਕਰਵਾਉਣ ਕਾਰਨ ਨਿਹੰਗ ਸਿੰਘਾਂ ਨੇ ਸ਼ੂਟਿੰਗ ਵਾਲੀ ਜਗ ?ਹਾ 'ਤੇ ਜਾ ਕੇ ਸ਼ੂਟਿੰਗ ਦਾ ਕੰਮ ਰੋਕ ਦਿੱਤਾ। ਇਸ ਸਬੰਧੀ ਥਾਣਾ ਘੜੂੰਆਂ ਦੇ ਬਾਹਰ ਜਾਣਕਾਰੀ ਦਿੰਦਿਆਂ ਜੱਥੇਦਾਰ ਬਾਬਾ ਨਿਹਾਲ ਸਿੰਘ ਪਿੰਡ ਬਰੌਲੀ ਨੇ ਦੱਸਿਆ ਕਿ ਉਨ੍ਹਾਂ ਨੂੰ ਜੱਥੇਦਾਰ ਮੇਜਰ ਸਿੰਘ ਦਾ ਫੋਨ ਆਇਆ ਕਿ ਘੜੂੰਆਂ ਵਿਖੇ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਕੋਲ ਬੇਅਦਬੀ ਹੋਈ ਹੈ, ਜਦੋਂ ਅਸੀਂ ਉਸ ਜਗ੍ਹਾ 'ਤੇ ਪਹੁੰਚੇ ਤਾਂ ਦੇਖਿਆ ਕਿ ਸ਼ੂਟਿੰਗ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਕਲ ਕਰ ਕੇ ਪੂਰੀ ਪਾਲਕੀ ਸਾਹਿਬ ਸਜਾ ਕੇ ਚੌਰ ਸਾਹਿਬ, ਤਬਲੇ, ਤਿੰਨ ਗ੍ਰੰਥੀ ਸਿੰਘ ਮੌਜੂਦ ਸੀ, ਜੋ ਕਿ ਨਕਲੀ ਅਨੰਦ ਕਾਰਜ ਕਰਵਾਉਣ ਦੀ ਵੀਡੀਓ ਬਣਾ ਕੇ ਕੋਈ ਸੀਰੀਅਲ ਬਣਾ ਰਹੇ ਸੀ।

ਉਨ੍ਹਾਂ ਕਿਹਾ ਕਿ ਸ਼ੂਟਿੰਗ ਕਰਨ ਵਾਲਿਆਂ ਅਤੇ ਨਾਟਕ ਦੇ ਮਾਲਕਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਅਦਾਕਾਰ ਜਰਨੈਲ ਸਿੰਘ ਨੇ ਕਿਹਾ ਕਿ ਜਦੋਂ ਫਿਲਮਾਂ ਜਾਂ ਨਾਟਕਾਂ 'ਚ ਅਸੀਂ ਸਿੱਖਾਂ ਦਾ ਅਨੰਦ ਕਾਰਜ ਦਿਖਾਉਣਾ ਹੈ ਤਾਂ ਉਹ ਨਕਲੀ ਸੈੱਟ ਲਗਾ ਕੇ ਹੀ ਫਿਲਮਾਇਆ ਜਾ ਸਕਦਾ ਹੈ ਕਿਉਂਕਿ ਸ਼ੂਟਿੰਗ ਦੌਰਾਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਤਾਂ ਰੱਖ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਕਈ ਫਿਲਮਾਂ 'ਚ ਇਸ ਤਰ੍ਹਾਂ ਦਿਖਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਇਸ ਘਟਨਾ ਸਬੰਧੀ ਪਤਾ ਲੱਗਾ ਕਿ ਨਿਹੰਗ ਜੱਥੇਬੰਦੀ ਅਤੇ ਸ਼ੂਟਿੰਗ ਵਾਲਿਆਂ 'ਚ ਝੜਪ ਹੋਈ ਹੈ ਤਾਂ ਉਹ ਮਸਲਾ ਸੁਲਝਾਉਣ ਇੱਥੇ ਆਏ ਹਨ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਪਣੇ ਸਮਾਜ ਨੂੰ ਆਪਣੇ ਧਰਮ ਸਬੰਧੀ ਦੱਸਣਾ ਹੈ ਤਾਂ ਸਾਨੂੰ ਇਸ ਤਰ੍ਹਾਂ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਸਬੰਧੀ ਸਪੱਸ਼ਟ ਕਰਨ ਕਿ ਇਸ ਤਰ੍ਹਾਂ ਕਰਨਾ ਠੀਕ ਹੈ ਕਿ ਨਹੀਂ।

ਉਨ੍ਹਾਂ ਕਿਹਾ ਕਿ ਬਤੌਰ ਸਿੱਖ ਉਨ੍ਹਾਂ ਨੂੰ ਲੱਗਦਾ ਹੈ ਕਿ ਅੱਜ-ਕੱਲ੍ਹ ਸ਼ੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਅਸੀਂ ਆਪਣੇ ਬੱਚਿਆਂ ਨੂੰ ਕੁੱਝ ਦਿਖਾ ਨਹੀਂ ਸਕੇ ਅਤੇ ਅਸੀਂ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਨਹੀਂ ਲੈ ਕੇ ਜਾਂਦੇ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਗੱਲਬਾਤ ਰਾਹੀਂ ਸੁਲਝਾ ਦਿੱਤਾ ਜਾਵੇਗਾ। ਡੀ. ਐੱਸ. ਪੀ. ਖਰੜ ਕਰਨ ਸਿੰਘ ਸੰਧੂ ਨੇ ਕਿਹਾ ਕਿ ਮਾਮਲੇ ਸਬੰਧੀ ਪਤਾ ਲੱਗਾ ਸੀ ਕਿ ਨਜ਼ਦੀਕੀ ਕਿਤੇ ਨਾਟਕ ਦੀ ਸ਼ੂਟਿੰਗ ਚੱਲ ਰਹੀ ਸੀ, ਉਸ ਜਗ੍ਹਾ ਕੁੱਝ ਵਿਅਕਤੀਆਂ ਵੱਲੋਂ ਜਿਨ੍ਹਾਂ 'ਚ ਨਿਹੰਗ ਸਿੰਘ ਵੀ ਸ਼ਾਮਲ ਸਨ, ਉਨ੍ਹਾਂ ਨੇ ਰੋਸ ਜਤਾਇਆ ਕਿ ਉੱਥੇ ਜਿਹੜੇ ਅਨੰਦ ਕਾਰਜ ਹੋ ਰਹੇ ਹਨ, ਉਸ ਨਾਲ ਮਰਿਆਦਾ ਭੰਗ ਹੋ ਰਹੀ ਹੈ। ਸ਼ੂਟਿੰਗ ਵਾਲੀ ਜਗ ?ਹਾ ਦੋਹਾਂ ਪਾਰਟੀਆਂ ਦੀ ਅਣਬਣ ਹੋਈ ਹੈ, ਜਿਸ ਤੋਂ ਬਾਅਦ ਦੋਹਾਂ ਪਾਰਟੀਆਂ ਨੂੰ ਥਾਣੇ ਲਿਆ ਕੇ ਗੱਲਬਾਤ ਸੁਣੀ ਹੈ। ਉਸ ਤੋਂ ਬਾਅਦ ਫ਼ੈਸਲਾ ਲਿਆ ਗਿਆ ਕਿ ਜੋ ਸ਼ੂਟਿੰਗ ਦੀ ਪ੍ਰੋਡਕਸ਼ਨ ਵਾਲੇ ਹਨ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਂ ਸ਼੍ਰੋਮਣੀ ਕਮੇਟੀ ਤੋਂ ਕਲੈਰੀਫਿਕੇਸ਼ਨ ਲੈਣਗੇ ਕਿ ਇਸ ਤਰ੍ਹਾਂ ਦੀਆਂ ਸ਼ੂਟਿੰਗਾਂ ਕਿਸ ਤਰ੍ਹਾਂ ਕੀਤੀਆਂ ਜਾਣ, ਜਿਹੜੇ ਵਿਅਕਤੀ ਉਸ ਜਗ੍ਹਾ ਗਏ ਸਨ, ਉਨ੍ਹਾਂ ਨੇ ਵੀ ਇਸ ਗੱਲ ਨੂੰ ਮੰਨਿਆ ਹੈ, ਜੇਕਰ ਕਿਤੇ ਅਜਿਹੀ ਗੱਲ ਲੱਗਦੀ ਹੈ ਤਾਂ ਸਹੀ ਜ਼ਾਬਤੇ ਅਨੁਸਾਰ ਹੀ ਪ੍ਰਸ਼ਾਸਨ ਦੇ ਧਿਆਨ 'ਚ ਲਿਆ ਕੇ ਕਾਰਵਾਈ ਕਰਵਾਉਣਗੇ। ਦੋਹਾਂ ਪਾਰਟੀਆਂ ਨੇ ਇਕ-ਦੂਜੇ 'ਤੇ ਦੋਸ਼ ਲਾਏ ਹਨ, ਜਿਸ ਸਬੰਧੀ ਉਹ ਸੀ. ਸੀ. ਟੀ. ਵੀ. ਫੁਟੇਜ ਜਾਂਚੀ ਜਾ ਰਹੀ ਹੈ, ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਗਿਆ ਤਾਂ ਉਸ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਕਲੀ ਅਨੰਦ ਕਾਰਜ ਦੇ ਫਿਲਮਾਂਕਣ 'ਤੇ ਪਾਬੰਦੀ ਸਬੰਧੀ ਸਖ਼ਤ ਲਿਆ ਜਾਵੇਗਾ ਫੈਸਲਾ : ਜਥੇਦਾਰ ਗਿ. ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਨੇੜਲੇ ਘੜੂੰਆਂ ਵਿਖੇ ਇੱਕ ਫਿਲਮ ਦੀ ਸ਼ੂਟਿੰਗ ਦੌਰਾਨ ਸੈੱਟ ਲਗਾ ਕੇ ਨਕਲੀ ਗੁਰਦੁਆਰਾ ਸਾਹਿਬ ਵਿੱਚ ਨਕਲੀ ਅਨੰਦ ਕਾਰਜ ਦੇ ਫਿਲਮਾਂਕਣ ਦੀ ਘਟਨਾ 'ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਆਖਿਆ ਹੈ ਕਿ ਫਿਲਮੀ ਖੇਤਰ ਦੇ ਲੋਕ ਆਪਣੇ ਵਪਾਰ ਨੂੰ ਮੁੱਖ ਰੱਖ ਕੇ ਸਿੱਖ ਪਰੰਪਰਾਵਾਂ ਨਾਲ ਖਿਲਵਾੜ ਕਰਨ ਵਾਲੀਆਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਉਨ੍ਹਾਂ ਖ਼ਿਲਾਫ਼ ਸਖ਼ਤੀ ਵਰਤਣੀ ਪਵੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ-ਜੋਤਿ ਗੁਰੂ ਹਨ ਅਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨਾਟਕਾਂ ਤੇ ਨਕਲੀ ਵਿਆਹਾਂ ਦੇ ਫਿਲਮਾਂਕਣ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸਿੱਖ ਪੰਥ ਵਲੋਂ ਬਹੁਤ ਦੇਰ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਜਾਂ ਗੁਰਦੁਆਰਾ ਸਾਹਿਬਾਨ ਵਿਚ ਨਕਲੀ ਵਿਆਹਾਂ ਦੇ ਫਿਲਮਾਂਕਣ 'ਤੇ ਰੋਕ ਲਗਾਈ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਸ਼ਿਕਾਇਤਾਂ ਮਿਲ



ਰਹੀਆਂ ਹਨ ਕਿ ਫਿਲਮਾਂ ਤੇ ਟੀ.ਵੀ. ਸੀਰੀਅਲਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨਕਲੀ ਵਿਆਹਾਂ ਨੂੰ ਫਿਲਮਾਉਣ ਤੋਂ ਬਾਜ਼ ਨਹੀਂ ਆ ਰਹੇ ਅਤੇ ਘੜੂੰਆਂ ਵਿੱਚ ਨਕਲੀ ਗੁਰਦੁਆਰਾ ਸਾਹਿਬ ਤਿਆਰ ਕਰਕੇ, ਨਕਲੀ ਅਨੰਦ ਕਾਰਜ ਦੇ ਫਿਲਮਾਂਕਣ ਦੀ ਘਟਨਾ ਨੇ ਹਰੇਕ ਸ਼ਰਧਾਵਾਨ ਸਿੱਖ ਦੇ ਮਨ ਨੂੰ ਭਾਰੀ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਅਨੰਦ ਕਾਰਜ ਦੇ ਫਿਲਮਾਂਕਣ ਲਈ ਨਕਲੀ ਗੁਰਦੁਆਰਾ ਸਾਹਿਬ ਹੀ ਕਿਉਂ ਨਾ ਤਿਆਰ ਕੀਤਾ ਗਿਆ ਹੋਵੇ, ਅਜਿਹਾ ਕਰਨਾ ਵੀ ਸਿੱਖ ਪਰੰਪਰਾਵਾਂ ਦੇ ਉਲਟ ਹੈ ਅਤੇ ਘੜੂੰਆਂ ਵਿਖੇ ਗੁਰਦੁਆਰਾ ਸਾਹਿਬ ਦਾ ਨਕਲੀ ਸੈੱਟ ਲਗਾ ਕੇ ਸ਼ੂਟਿੰਗ ਦੌਰਾਨ ਉੱਥੇ ਫਿਲਮੀ ਅਦਾਕਾਰਾਂ ਵਲੋਂ ਸਿਗਰਟਨੋਸ਼ੀ ਕਰਨ ਦੀ ਵੀ ਸੂਚਨਾ ਮਿਲੀ ਹੈ, ਜੋ ਕਿ ਨਾ-ਕਾਬਲੇ ਬਰਦਾਸ਼ਤ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਉਹ ਜਲਦ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਘੜੂੰਆਂ ਵਿਖੇ ਨਕਲੀ ਗੁਰਦੁਆਰਾ ਸਾਹਿਬ ਤਿਆਰ ਕਰਕੇ ਅਨੰਦ ਕਾਰਜ ਦੇ ਫਿਲਮਾਂਕਣ ਦੀ ਪੂਰੀ ਘਟਨਾ ਦੀ ਰਿਪੋਰਟ ਮੰਗਵਾਉਣਗੇ ਅਤੇ ਦੋਸ਼ੀਆਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਦੇਣਗੇ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਦੌਰਾਨ ਜਿਹੜੇ ਸਾਬਤ ਸੂਰਤ ਸਿੱਖ ਅਦਾਕਾਰ/ ਨਿਰਦੇਸ਼ਕ ਜਾਂ ਸਹਾਇਕ ਕਰਮੀ ਸਿੱਖ ਮਰਿਆਦਾ ਦੀ ਉਲੰਘਣਾ ਦੀ ਘਟਨਾ ਵਿਚ ਦੋਸ਼ੀ ਜਾਂ ਮਦਦਗਾਰ ਪਾਏ ਗਏ ਉਨ੍ਹਾਂ ਖ਼ਿਲਾਫ਼ ਸਿੱਖ ਪਰੰਪਰਾਵਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਬਹੁਤ ਜਲਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਭਵਿੱਖ ਲਈ ਫਿਲਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਅਨੰਦ ਕਾਰਜ ਦਿਖਾਉਣ 'ਤੇ ਪਾਬੰਦੀ ਸਬੰਧੀ ਸਖ਼ਤ ਫੈਸਲਾ ਵੀ ਲਿਆ ਜਾਵੇਗਾ।

# ਵੱਖ-ਵੱਖ ਪਰਿਵਾਰਾਂ ਦੇ 7 ਨਾਬਲਿਗ ਬੱਚੇ ਲਾਪਤਾ



ਡੇਰਾਬਸੀ : ਬਰਵਾਲਾ ਸੜਕ 'ਤੇ ਪੈਂਦੇ ਭਗਤ ਸਿੰਘ ਨਗਰ ਵਿਖੇ ਰਹਿੰਦੇ ਵੱਖ-ਵੱਖ ਪਰਿਵਾਰਾਂ ਦੇ 7 ਨਾਬਾਲਗ ਬੱਚੇ ਪਿਛਲੇ 36 ਘੰਟਿਆਂ ਤੋਂ ਲਾਪਤਾ ਹਨ। ਲਾਪਤਾ ਬੱਚੇ ਪ੍ਰਵਾਸੀ ਪਰਿਵਾਰਾਂ ਦੇ ਹਨ, ਜਿਨ੍ਹਾਂ 'ਚ ਸਾਰੇ ਲੜਕੇ ਸ਼ਾਮਿਲ ਹਨ। ਸ਼ਿਕਾਇਤ ਮਿਲਣ 'ਤੇ ਪੁਲਿਸ ਵਲੋਂ ਬੱਚਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਲਾਪਤਾ ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ ਐਤਵਾਰ ਤੜਕੇ ਕਰੀਬ 5 ਵਜੇ ਬੱਚੇ ਘਰ ਤੋਂ ਪਾਰਕ 'ਚ ਖੇਡਣ ਲਈ ਗਏ ਸਨ, ਜੋ ਕਿ ਵਾਪਸ ਨਹੀਂ ਪਰਤੇ। ਦੁਪਹਿਰ 12 ਵਜੇ ਭਗਤ ਸਿੰਘ ਨਗਰ ਵਿਖੇ ਵੱਖ-ਵੱਖ ਗਲੀਆਂ 'ਚ ਰਹਿੰਦੇ 5 ਹੋਰ ਬੱਚੇ ਘਰ ਤੋਂ ਖੇਡਣ ਲਈ ਗਏ ਅਤੇ ਉਹ ਵੀ ਵਾਪਸ ਨਹੀਂ ਆਏ। ਐਤਵਾਰ ਦੀ ਛੁੱਟੀ ਹੋਣ ਕਰਕੇ ਬੱਚੇ ਪਹਿਲਾਂ ਵੀ ਖੇਡਦੇ ਰਹਿੰਦੇ ਸਨ, ਜਿਸ ਕਰਕੇ ਬੱਚਿਆਂ ਦੇ ਲਾਪਤਾ ਹੋਣ ਦਾ ਪਤਾ ਨਹੀਂ ਚੱਲ ਸਕਿਆ। ਲਾਪਤਾ ਬੱਚੇ ਇਕ-ਦੂਜੇ ਨੂੰ ਜਾਣਦੇ ਹਨ ਅਤੇ ਇਕੱਠੇ ਪੜ੍ਹਦੇ ਹਨ । ਸਭ ਤੋਂ ਵੱਡਾ ਲੜਕਾ 15 ਸਾਲ ਦਾ ਹੈ ਜੋ ਕਿ ਦਸਵੀਂ ਕਲਾਸ 'ਚ ਪੜ੍ਹਦਾ ਹੈ। ਮਾਪਿਆਂ ਦਾ ਇਹ ਸੋਚ ਕੇ ਬੁਰਾ ਹਾਲ ਹੋ ਰਹਾ ਹੈ ਕਿ ਸਾਰੀ ਰਾਤ ਬੱਚੇ ਕਿੱਕੇ ਰਹੇ ਹੋਣਗੇ। ਮਾਪਿਆਂ ਵਲੋਂ ਜਦੋਂ ਬੱਚਿਆਂ ਦੀ ਭਾਲ ਕੀਤੀ ਗਈ ਤਾਂ ਉਨ੍ਹਾਂ ਨੂੰ ਕੋਈ ਸੁਰਾਗ ਨਹੀਂ ਮਿਲਿਆ ਤਾਂ ਬੱਚਿਆਂ ਦੇ ਇਕ ਸਾਥੀ ਤੋਂ ਪਤਾ ਚੱਲਿਆ ਕਿ ਬੱਚੇ ਮੁੰਬਈ ਜਾਣ ਦੀ ਕੱਲ ਕਰ ਰਹੇ ਸਨ। 15 ਸਾਲਾਂ ਦੀਪ ਜੋ ਕਿ ਸਵੇਰੇ ਸੂਰਜ ਅਤੇ ਅਨਿਲ ਸਮੇਤ ਪੁਲਿਸ ਥਾਣੇ ਦੇ ਸਾਹਮਣੇ ਪੈਂਦੇ ਪਾਰਕ ਵਿਚ ਗਿਆ ਸੀ, ਨੇ ਦੱਸਿਆ ਕਿ ਉਕਤ ਦੋਵੇਂ ਬੱਚੇ ਘਰ ਤੋਂ ਭੱਜਣ ਦੀ ਗੱਲ ਰਹੇ ਸਨ ਅਤੇ ਉਸ ਨੂੰ ਵੀ ਨਾਲ ਚੱਲਣ ਲਈ ਆਖ ਰਹੇ ਹਨ, ਪਰ ਉਹ ਡਰ ਗਿਆ ਅਤੇ 2 ਘੰਟਿਆਂ ਬਾਅਦ ਪਾਰਕ ਤੋਂ ਘਰ ਵਾਪਸ ਪਰਤ ਆਇਆ। ਲਾਪਤਾ ਬੱਚਿਆਂ ਦੇ ਪਰਿਵਾਰਾਂ ਨੇ ਦੱਸਿਆ ਕਿ ਸਾਰੇ ਬੱਚੇ ਇਕੱਠੇ ਹੀ ਨਿਕਲੇ ਹਨ ਅਤੇ ਹੁਣ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲ ਰਿਹਾ।

ਪੀੜਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਲਾਪਤਾ 7 ਬਚਿਆਂ 'ਚੋਂ ਦੋ ਕੋਲ ਮੋਬਾਇਲ ਫੋਨ ਹਨ , ਪਰ ਉਨ੍ਹਾਂ 'ਚ ਸਿਮ ਨਹੀਂ ਹੈ। ਉਹ ਦੋਵੇਂ ਮੋਬਾਇਲ 'ਚ ਆਪਣੀ ਇੰਸਾਟਾਗ੍ਰਾਮ ਐਪ ਤੇ ਆਈਡੀ ਚਲਾਉਣ ਦੇ ਨਾਲ ਹੀ ਗੇਮਾਂ ਖੇਡਦੇ ਸਨ। ਉਨ੍ਹਾਂ ਦੇ ਇਕ ਸਾਕੀ ਨੇ ਦਸਿਆ ਕਿ ਲਾਪਤਾ ਹੋਣ ਮਗਰੋਂ ਇਕ ਬੱਚੇ ਨੇ ਉਸ ਨੂੰ ਆਪਣੀ ਇੰਸਟਾਗ੍ਰਾਮ ਆਈਡੀ ਤੋਂ ਅਨਫੋਲੋ ਕਰ ਦਿੱਤਾ ਹੈ। ਬੱਚੇ ਗੇਮ ਖੇਡ ਰਹੇ ਹਨ ਅਤੇ ਉਹ ਆਨਲਾਈਨ ਵੀ ਹਨ। ਲਾਪਤਾ ਬੱਚਿਆਂ 'ਚ ਭਗਤ ਸਿੰਘ ਨਗਰ ਦੀ ਗਲੀ ਨੰ. 4 ਦਾ ਗਿਆਨ ਚੰਦ, ਵਲੀ ਨੰ 8 ਦਾ ਗੌਰਵ ਅਜੈ, 13 ਸਾਲਾ ਦਲੀਪ ਅਤੇ ਵਿਸ਼ਨੂੰ ਸ਼ਾਮਿਲ ਹਨ।

ਡੇਰਾਬੱਸੀ ਦੇ ਥਾਣਾ ਮੁਖੀ ਮਨਦੀਪ ਸਿੰਘ ਨੇ ਕਿਹਾ ਕਿ ਸ਼ਿਕਾਇਤ ਮਿਲਣ 'ਤੇ ਬੱਚਿਆਂ ਦੀ ਭਾਲ ਸੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਦੇ ਸ਼ਾਮ ਦੇ 6 ਵਜੇ ਤੱਕ ਬੱਚਿਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲੀ । ਉਨ੍ਹਾਂ ਕਿਹਾ ਕਿ ਮੋਬਾਇਲ ਫੋਨ ਦੇ ਸਹਾਰੇ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਵੱਖ - ਵੱਖ ਥਾਣਿਆਂ 'ਚ ਬੱਚਿਆਂ ਦੀਆਂ ਫੋਟੋਆਂ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ ਪੁਲਿਸ ਟੀਮ ਰੇਲਵੇ ਸਟੇਸ਼ਨ ਵਿਖੇ ਬੱਚਿਆਂ ਦੀ ਭਾਲ 'ਚ ਜੁਟੀ ਹੋਈ ਹੈ।

# ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਪੰਜਾਬ ਦੀ ਹੱਦ ਅੰਦਰ ਹੋਈ ਸੀ-ਐਸ.ਆਈ.ਟੀ. ਨੇ ਹਾਈ ਕੋਰਟ ਨੂੰ ਦੱਸਿਆ

ਚੰਡੀਗੜ੍ਹ : ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹਿਰਾਸਤ 'ਚ ਹੋਈ ਇੰਟਰਵਿਊ ਨੂੰ ਲੈ ਕੇ ਬਣਾਈ ਗਈ ਐਸ. ਆਈ. ਟੀ. ਨੇ ਵੱਡਾ ਖ਼ੁਲਾਸਾ ਕੀਤਾ ਹੈ ਕਿ ਉਸ ਦਾ ਪਹਿਲਾ ਇੰਟਰਵਿਊ ਪੰਜਾਬ ਦੀ ਹੱਦ ਅੰਦਰ ਹੋਇਆ ਸੀ। ਇੰਟਰਵਿਊ ਲਈ ਸਿਗਨਲ ਐਪ ਦੀ ਵਰਤੋਂ ਕੀਤੀ ਗਈ ਸੀ ਅਤੇ ਇਸ ਨੂੰ ਜਲਦੀ ਹੀ ਜ਼ਬਤ ਕਰ ਲਿਆ ਜਾਵੇਗਾ। ਹਾਈ ਕੋਰਟ ਨੇ ਇਸ ਮਾਮਲੇ ਦੀ ਜਾਂਚ ਸਪੈਸ਼ਲ ਡੀ. ਜੀ. ਪੀ. ਮਨੁੱਖੀ ਅਧਿਕਾਰ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਐਸ.ਆਈ.ਟੀ. ਨੂੰ ਸੌਂਪੀ ਸੀ। ਐਸ.ਆਈ.ਟੀ. ਨੇ ਬੁੱਧਵਾਰ ਨੂੰ ਹਾਈ ਕੋਰਟ ਨੂੰ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਸਿਗਨਲ ਐਪ ਰਾਹੀਂ ਇਹ ਇੰਟਰਵਿਊ ਪੰਜਾਬ ਦੀ ਸੀਮਾ ਦੇ ਅੰਦਰ ਕੀਤੀ ਗਈ ਸੀ ਅਤੇ ਜਾਂਚ ਅਜੇ ਜਾਰੀ ਹੈ ਅਤੇ ਕੁਝ ਅਹਿਮ ਗਵਾਹਾਂ ਤੋਂ ਪੁੱਛਗਿੱਛ ਕੀਤੀ ਜਾਣੀ ਹੈ। ਅਜਿਹੇ 'ਚ ਇਸ ਦੇ ਲਈ ਹਾਈ ਕੋਰਟ ਤੋਂ ਮੋਹਲਤ ਮੰਗੀ ਗਈ ਹੈ। ਹਾਈ ਕੋਰਟ ਵਿਚ ਐਸ.ਆਈ.ਟੀ ਵਲੋਂ ਜਾਂਚ ਦੀ ਅੰਤਰਿਮ ਸੀਲਬੰਦ ਰਿਪੋਰਟ ਪੇਸ਼ ਕੀਤੀ ਗਈ। ਇਸ ਰਿਪੋਰਟ ਨੂੰ ਦੇਖਣ ਤੋਂ ਬਾਅਦ ਹਾਈ ਕੋਰਟ ਨੇ ਦੁਬਾਰਾ ਸੀਲਬੰਦ ਕਰਕੇ ਇਸ ਨੂੰ ਵਾਪਸ ਕਰ ਦਿੱਤਾ। ਸੰਗਰੂਰ ਜੇਲ੍ਹ ਵਿਚ ਪੋਕਸੋ ਐਕਟ ਅਧੀਨ ਵਿਚਾਰ ਅਧੀਨ ਇਕ ਕੈਦੀ ਵਲੋਂ ਪੀੜਤ ਨੂੰ ਆਪਣੇ ਮੋਬਾਈਲ ਰਾਹੀਂ ਜੇਲ੍ਹ ਦੀ ਇਕ ਵੀਡੀਓ ਭੇਜਣ ਦੀ ਅਦਾਲਤ ਨੂੰ ਜਾਣਕਾਰੀ ਦਿੱਤੀ ਗਈ ਸੀ। ਸਿੰਗਲ ਬੈਂਚ ਅੱਗੇ ਕੈਦੀ ਦੀ ਨਿਯਮਤ ਜ਼ਮਾਨਤ ਪਟੀਸ਼ਨ ਪੈਂਡਿੰਗ ਸੀ। ਜੇਲ੍ਹ ਵਿਚ ਕੈਦੀਆਂ ਵਲੋਂ ਮੋਬਾਈਲ ਫ਼ੋਨ ਦੀ ਵਰਤੋਂ ਨੂੰ ਬਹੁਤ ਹੀ ਗੰਭੀਰ ਮਾਮਲਾ ਦੱਸਦਿਆਂ ਸਿੰਗਲ ਬੈਂਚ ਨੇ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਇਸ ਨੂੰ ਜਨਹਿਤ ਪਟੀਸ਼ਨ ਵਜੋਂ ਸੁਣਵਾਈ ਲਈ ਭੇਜ ਦਿੱਤਾ ਹੈ। ਇਸ ਮਾਮਲੇ ਵਿਚ ਜਸਟਿਸ ਅਨੁਪੇਂਦਰ ਗਰੇਵਾਲ ਦੇ ਡਿਵੀਜ਼ਨ ਬੈਂਚ ਨੇ ਜਦੋਂ ਸੁਣਵਾਈ ਸ਼ੁਰੂ ਕੀਤੀ ਤਾਂ ਇਸ ਦੌਰਾਨ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਤੋਂ ਹੋਈ ਇੰਟਰਵਿਊ ਦਾ ਮੁੱਦਾ ਸਾਹਮਣੇ ਆਇਆ ਅਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਤਲਬ ਕੀਤਾ ਸੀ। ਇਸ ਤੋਂ ਬਾਅਦ ਹਾਈਕੋਰਟ ਨੇ ਇਸ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਡੀ.ਜੀ.ਪੀ. ਮਨੁੱਖੀ ਅਧਿਕਾਰ ਪ੍ਰਬੋਧ ਕੁਮਾਰ ਦੀ ਪ੍ਰਧਾਨਗੀ ਹੇਠ ਐਸ.ਆਈ.ਟੀ. ਦਾ ਗਠਨ ਕੀਤਾ ਸੀ। ਐਸ.ਆਈ.ਟੀ. ਨੇ ਦੋ ਐਫ.ਆਈ.ਆਰ. ਦਰਜ ਕਰਕੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ।



## ਡਾ. ਜੇਸਨ ਸਿੰਘ ਵੋਹਰਾ ਐਸਟਨ ਯੂਨੀਵਰਸਿਟੀ ਦੇ ਬਣੇ ਪਹਿਲੇ ਸਿੱਖ ਚਾਂਸਲਰ



ਲੰਡਨ : ਡਾਕਟਰ ਜੇਸਨ ਵੋਹਰਾ ਐਸਟਨ ਯੂਨੀਵਰਸਿਟੀ ਦੇ ਪਹਿਲੇ ਏਸ਼ੀਆਈ ਚਾਂਸਲਰ ਬਣੇ ਹਨ। ਡਾਕਟਰ ਜੇਸਨ ਵੋਹਰਾ ਲਾਇਨਕ੍ਰਾਫ਼ਟ ਹੋਲਸੇਲ ਲਿਮਟਿਡ ਦੇ ਮੁੱਖ ਕਾਰਜਕਾਰੀ ਹਨ, ਜੋ ਸਰ ਜੌਹਨ ਸੁੰਦਰਲੈਂਡ ਦੀ ਥਾਂ ਲੈਣਗੇ, ਜਿਨ੍ਹਾਂ ਨੇ 13 ਸਾਲਾਂ ਬਾਅਦ ਅਸਤੀਫ਼ਾ ਦਿੱਤਾ ਹੈ। ਡਾ. ਵੋਹਰਾ ਨੂੰ 2014 ਵਿਚ ਯੂਨੀਵਰਸਿਟੀ ਦੁਆਰਾ ਉੱਦਮਤਾ ਅਤੇ ਕਾਰੋਬਾਰ ਦੇ ਵਿਕਾਸ ਵਿਚ ਯੋਗਦਾਨ ਲਈ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਐਸਟਨ ਯੂਨੀਵਰਸਿਟੀ ਦੀ ਸਥਾਪਨਾ ਤੋਂ ਬਾਅਦ ਨਿਯੁਕਤ ਕੀਤੇ ਜਾਣ ਵਾਲੇ 5ਵੇਂ ਚਾਂਸਲਰ ਹਨ। ਉਨ੍ਹਾਂ ਸਿਰਫ਼ ਏਸ਼ੀਆਈ ਵਿਰਾਸਤ ਦੇ ਪਹਿਲੇ ਚਾਂਸਲਰ ਹਨ, ਸਗੋਂ ਉਹ ਸਭ ਤੋਂ ਛੋਟੀ ਉਮਰ ਦੇ ਚਾਂਸਲਰ ਵੀ ਹਨ। ਇਕ ਉੱਚ ਤਜਰਬੇਕਾਰ ਕੰਪਨੀ ਨਿਰਦੇਸ਼ਕ ਅਤੇ ਸਫ਼ਲ ਉਦਯੋਗਪਤੀ ਡਾ. ਵੋਹਰਾ ਕਈ ਸਾਲਾਂ ਤੋਂ ਵੈਸਟ ਮਿਡਲੈਂਡਜ਼ ਵਿਚ ਵੱਖ-ਵੱਖ ਬੋਰਡਾਂ ਵਿਚ ਆਪਣੇ ਕੰਮ ਦੇ ਨਾਲ-ਨਾਲ ਮਹੱਤਵਪੂਰਨ ਨਾਗਰਿਕ ਅਤੇ ਪਰਉਪਕਾਰੀ ਭੂਮਿਕਾਵਾਂ ਦੁਆਰਾ ਯੂ. ਕੇ. ਵਿਚ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਯੋਗਦਾਨ ਪਾਉਂਦੇ ਆ ਰਹੇ ਹਨ। ਡਾ. ਵੋਹਰਾ ਨੂੰ ਵਪਾਰ ਅਤੇ ਅੰਤਰਰਾਸ਼ਟਰੀ ਵਪਾਰਕ ਸੇਵਾਵਾਂ ਲਈ 2017 ਵਿਚ ਮਹਾਰਾਣੀ ਐਲਿਜ਼ਾਬੈੱਥ ਵਲੋਂ ਸ਼ਾਹੀ ਖ਼ਿਤਾਬ ਓ. ਬੀ. ਈ. ਨਾਲ ਸਨਮਾਨਿਤ ਕੀਤਾ ਗਿਆ ਸੀ।।

## ਕਠੂਆ ਅੱਤਵਾਦੀ ਹਮਲੇ 'ਚ ਸ਼ਹੀਦ ਹੋਏ 5 ਜਵਾਨਾਂ ਦੀ ਮਹਾਨ ਕੁਰਬਾਨੀ ਨੂੰ ਭਾਰਤੀ ਫੌਜ ਅਤੇ ਪੱਛਮੀ ਕਮਾਂਡ ਸਲਾਮ ਵਲੋਂ ਸਲਾਮ




ਕਠੂਆ : ਭਾਰਤੀ ਫੌਜ ਅਤੇ ਪੱਛਮੀ ਕਮਾਂਡ ਨੇ ਨਾਇਬ ਸੂਬੇਦਾਰ ਆਨੰਦ ਸਿੰਘ ਰਾਵਤ, ਹੌਲਦਾਰ ਕਮਲ ਸਿੰਘ, ਨਾਇਕ ਵਿਨੋਦ ਸਿੰਘ ਅਤੇ ਰਾਈਫਲਮੈਨ ਅਨੁਜ ਨੇਗੀ ਅਤੇ ਆਦਰਸ਼ ਵਜੋਂ ਪਛਾਣੇ ਗਏ ਪੰਜ ਸੈਨਿਕਾਂ ਦੀ ਸਰਵਉੱਚ ਕੁਰਬਾਨੀ ਨੂੰ ਸਲਾਮ ਕਰਦੇ ਹੋਏ ਇਹ ਤਸਵੀਰ ਪੋਸਟ ਕੀਤੀ ਹੈ।

# ਕਾਂਗਰਸ ਸਫਾਈ ਕਰਮਚਾਰੀ ਪ੍ਰਕੋਸ਼ ਨੇ ਨੌਕਰੀਆਂ ਨੂੰ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਦਿੱਤਾ ਧਰਨਾ





ਭੋਪਾਲ : ਕਾਂਗਰਸ ਸਫ਼ਾਈ ਕਰਮਚਾਰੀ ਪ੍ਰਕੋਸ਼ ਦੇ ਬੈਨਰ ਹੇਠ ਸਫ਼ਾਈ ਕਰਮਚਾਰੀਆਂ ਨੇ ਨੌਕਰੀਆਂ ਨੂੰ ਰੈਗੂਲਰ ਕਰਨ ਅਤੇ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ਭੋਪਾਲ ਵਿੱਚ ਪ੍ਰਦਰਸ਼ਨ ਕੀਤਾ।

# ਲੱਦਾਖ਼ 'ਚ ਭਾਰਤ-ਚੀਨ ਸਰਹੱਦ ਨੇੜਿਓਂ 108 ਕਿੱਲੋ ਸੋਨਾ ਜ਼ਬਤ; ਤਿੰਨ ਗ੍ਰਿਫ਼ਤਾਰ






ਲੇਹ : ਇੰਡੋ-ਤਿਬਤੀਅਨ ਬਾਰਡਰ ਪੁਲੀਸ (ਆਈਟੀਬੀਪੀ) ਨੇ ਭਾਰਤ-ਚੀਨ ਸਰਹੱਦ ਨੇੜਿਓਂ ਸੋਨੇ ਦੇ 108 ਬਿਸਕੁਟ ਜ਼ਬਤ ਕੀਤੇ ਹਨ ਅਤੇ ਤਿੰਨ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ। ਬਰਾਮਦ ਹੋਏ ਹਰ ਇੱਕ ਬਿਸਕੁਟ ਦਾ ਵਜ਼ਨ ਇੱਕ-ਇੱਕ ਕਿੱਲੋ ਹੈ। ਆਈਟੀਬੀਪੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਵੱਡੀ ਮਾਤਰਾ 'ਚ ਤਸਕਰੀ ਦੇ ਸੋਨੇ ਤੋਂ ਇਲਾਵਾ ਦੋ ਮੋਬਾਈਲ ਫੋਨ, ਇੱਕ ਦੂਰਬੀਨ ਤੇ ਦੋ ਚਾਕੂਆਂ ਤੋਂ ਇਲਾਵਾ ਕੇਕ ਤੇ ਦੁੱਧ ਸਣੇ ਚੀਨ ਦੀ ਬਣੀਆਂ ਖ਼ੁਰਾਕੀ ਵਸਤਾਂ ਜ਼ਬਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਆਈਟੀਬੀਪੀ ਵੱਲੋਂ ਅੱਜ ਜ਼ਬਤ ਕੀਤੇ ਸੋਨੇ ਦੀ ਇਹ ਸਭ ਤੋਂ ਵੱਡੀ ਖੇਪ ਹੈ।

## ਪਲੱਸ ਵਨ ਸੀਟ ਦੇ ਮੁੱਦੇ 'ਤੇ ਕੇਐਸਯੂ ਦਾ ਵਿਰੋਧ



ਤਿਰੂਵਨੰਤਪੁਰਮ ਵਿੱਚ ਇੱਕ ਸੀਟ ਦੇ ਮੁੱਦਿਆਂ ਨੂੰ ਲੈ ਕੇ ਕੇਰਲ ਵਿਧਾਨ ਸਭਾ ਵੱਲ ਰੋਸ ਮਾਰਚ ਕਰਨ ਵਾਲੇ ਕੇਰਲ ਵਿਦਿਆਰਥੀ ਯੂਨੀਅਨ ਦੇ ਕਾਰਕੁਨਾਂ ਨੂੰ ਖਿੰਡਾਉਣ ਲਈ ਪੁਲਿਸ ਨੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ।

## ਕਪਲੂਰ ਟੋਲ ਪਲਾਜ਼ਾ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਲੋਕਾਂ ਵੱਲੋਂ ਪ੍ਰਦਰਸ਼ਨ



ਮਦੁਰੈ : ਮਦੁਰਾਈ ਵਿਚ ਕਪਲੂਰ ਟੋਲ ਪਲਾਜ਼ਾ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਬੁੱਧਵਾਰ ਨੂੰ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਕਾਰਨ ਤਿਰੂਨੇਲਵੇਲੀ-ਚੇਨਈ ਹਾਈਵੇਅ ਨੂੰ ਬੰਦ ਕਰ ਦਿੱਤਾ ਗਿਆ ਹੈ।

## ਬਦਰੀਨਾਥ ਰਾਸ਼ਟਰੀ ਰਾਜਮਾਰਗ 'ਤੇ ਇਕ ਪੱਥਰ ਡਿੱਗਣ ਤੋਂ ਬਾਅਦ ਇਕ ਖ਼ੁਦਾਈ ਪਹੁੰਚਿਆ ਨੂੰ ਨੁਕਸਾਨ



ਚਮੋਲੀ ਵਿਚ ਹਨੂੰਮਾਨ ਚੱਟੀ ਦੇ ਨੇੜੇ ਲਗਾਤਾਰ ਮੀਂਹ ਤੋਂ ਬਾਅਦ ਜ਼ਮੀਨ ਖਿਸਕਣ ਕਾਰਨ ਬਦਰੀਨਾਥ ਰਾਸ਼ਟਰੀ ਰਾਜਮਾਰਗ 'ਤੇ ਇਕ ਭਾਰੀ ਪੱਥਰ ਡਿੱਗਣ ਤੋਂ ਬਾਅਦ ਇਕ ਨੁਕਸਾਨਿਆ ਹੋਇਆ ਖ਼ੁਦਾਈ ਦੇਖਿਆ ਗਿਆ।

## ਸੀਟੂ ਦੇ ਮੈਂਬਰਾਂ ਨੇ ਘੱਟੋ-ਘੱਟ ਉਜਰਤ ਦੀ ਮੰਗ ਨੂੰ ਲੈ ਕੇ ਰੋਸ ਕੀਤਾ ਪ੍ਰਦਰਸ਼ਨ




ਨਾਗਪੁਰ : ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨ (ਸੀਟੂ) ਦੇ ਮੈਂਬਰਾਂ ਨੇ ਨਾਗਪੁਰ 'ਚ ਸਾਰੇ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ ਅਤੇ ਹੋਰ ਕਈ ਮੰਗਾਂ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।

# ਜ਼ਿਮਨੀ ਚੋਣਾਂ: ਜਲੰਧਰ ਪੱਛਮੀ ਹਲਕੇ 'ਚ ਅਮਨ-ਅਮਾਨ ਨਾਲ ਪਈਆਂ ਵੋਟਾਂ

## ਚੋਣ ਕਮਿਸ਼ਨ ਮੁਤਾਬਕ 55 ਫ਼ੀਸਦੀ ਹੋਈ ਪੋਲਿੰਗ; ਕੁੱਲ 15 ਉਮੀਦਵਾਰਾਂ ਦਾ ਭਵਿੱਖ ਈਵੀਐੱਮਜ਼ 'ਚ ਬੰਦ; ਵੋਟਾਂ ਦੀ ਗਿਣਤੀ 13 ਨੂੰ





ਜਲੰਧਰ : ਜਲੰਧਰ ਪੱਛਮੀ (ਰਿਜ਼ਰਵ) ਵਿਧਾਨ ਸਭਾ ਹਲਕੇ ਲਈ ਹੋਈ ਵੋਟਿੰਗ ਦੌਰਾਨ 55 ਫੀਸਦ ਵੋਟਰਾਂ ਨੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਜ਼ਿਮਨੀ ਚੋਣ ਵਿੱਚ ਵੋਟਾਂ ਦੀ ਦਰ ਘੱਟ ਰਹਿਣ ਦਾ ਅਸਰ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਦਾਅਵਿਆਂ ਨੂੰ ਪ੍ਰਭਾਵਿਤ ਕਰੇਗਾ। ਜਾਣਕਾਰੀ ਮੁਤਾਬਕ ਸਵੇਰੇ 7 ਵਜੇ ਵੋਟਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ, ਪਰ ਸ਼ਹਿਰੀ ਇਲਾਕਾ ਹੋਣ ਕਾਰਨ ਸਵੇਰ ਸਮੇਂ ਵੋਟਿੰਗ ਦੀ ਰਫ਼ਤਾਰ ਮੱਠੀ ਹੀ ਰਹੀ। ਦੁਪਹਿਰ 3:00 ਵਜੇ ਤੱਕ ਸਿਰਫ਼ 42 ਫ਼ੀਸਦੀ ਮਤਦਾਨ ਹੋਇਆ, ਜੋ ਸ਼ਾਮ 5:00 ਵਜੇ ਤੱਕ 51.30 ਫ਼ੀਸਦੀ ਹੋਇਆ ਸੀ। ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਸ਼ਾਮ 6 ਵਜੇ ਤੱਕ ਜਾਰੀ ਰਹੀ ਜਿਸ ਮਗਰੋਂ ਕੁੱਲ ਵੋਟਿੰਗ 55 ਫੀਸਦੀ ਰਹੀ। ਸਾਲ 2022 ਵਿੱਚ 67 ਫ਼ੀਸਦੀ ਮਤਦਾਨ ਹੋਇਆ ਸੀ। ਇਸ ਦੌਰਾਨ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਛੱਡ ਕੇ ਵੋਟਿੰਗ ਪ੍ਰਕਿਰਿਆ ਅਮਨ-ਸ਼ਾਂਤੀ ਨਾਲ ਨੇਪਰੇ ਚੜ੍ਹ ਗਈ। ਵੋਟਰਾਂ ਨੇ 15 ਉਮੀਦਵਾਰਾਂ ਦਾ ਭਵਿੱਖ ਈਵੀਐੱਮਜ਼ ਵਿੱਚ ਬੰਦ ਕਰ ਦਿੱਤਾ ਹੈ। ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਣੀ ਹੈ। ਜ਼ਿਲ੍ਹਾ ਮੁੱਖ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਪੋਲਿੰਗ ਅਮਨ-ਅਮਾਨ ਨਾਲ ਹੋਣ ਦੀ ਪੁਸ਼ਟੀ ਕੀਤੀ ਹੈ। ਜਲੰਧਰ ਪੱਛਮੀ ਵਿਧਾਨ ਸਭਾ ਸੀਟ ਆਮ ਆਦਮੀ ਪਾਰਟੀ (ਆਪ) ਵਿਧਾਇਕ ਸ਼ੀਤਲ ਅੰਗੁਰਾਲ ਦੇ ਅਸਤੀਫ਼ੇ ਤੋਂ ਬਾਅਦ ਖਾਲੀ ਹੋ ਗਈ ਸੀ। ਸ਼ੀਤਲ ਅੰਗੁਰਾਲ ਬਾਅਦ ਵਿੱਚ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਅੰਗੁਰਾਲ ਨੇ ਹੁਣ ਜਲੰਧਰ ਪੱਛਮੀ ਤੋਂ ਭਾਜਪਾ ਉਮੀਦਵਾਰ ਵਜੋਂ ਚੋਣ ਲੜੀ ਹੈ।

ਕਾਂਗਰਸ ਨੇ ਚਾਰ ਵਾਰ ਦੀ ਕੌਂਸਲਰ ਰਹੀ ਅਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਦੋਂਕਿ 'ਆਪ' ਨੇ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਇਆ। ਅਕਾਲੀ ਦਲ ਦੀ ਸੁਰਜੀਤ ਕੌਰ ਨੇ ਆਪਣੀ ਪਾਰਟੀ ਦੇ ਸਮਰਥਨ ਤੋਂ ਬਿਨਾਂ ਇੱਕ ਤਰ੍ਹਾਂ ਨਾਲ ਆਜ਼ਾਦ ਉਮੀਦਵਾਰ ਵਾਂਗ ਹੀ ਚੋਣ ਲੜੀ ਜਦਕਿ ਬਸਪਾ ਦੇ ਬਿੰਦਰ ਕੁਮਾਰ ਲਾਖਾ ਨੇ ਆਪਣੀ ਪਹਿਲੀ ਚੋਣ ਅਕਾਲੀ ਦਲ ਦੇ ਸਮਰਥਨ ਨਾਲ ਲੜੀ। ਜ਼ਿਕਰਯੋਗ ਹੈ ਕਿ ਆਪਣੀਆਂ ਮੁਹਿੰਮਾਂ ਦੌਰਾਨ 'ਆਪ' ਨੇ ਆਪਣੀਆਂ ਪਿਛਲੇ ਦੋ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਜਦੋਂਕਿ ਕਾਂਗਰਸ ਅਤੇ ਭਾਜਪਾ ਨੇ ਨਸ਼ਿਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਖਤਮ ਕਰਨ ਅਤੇ ਸਾਫ਼-ਸੁਥਰਾ ਵਾਤਾਵਰਨ ਯਕੀਨੀ ਬਣਾਉਣ ਬਾਰੇ ਪ੍ਰਚਾਰ ਕੀਤਾ। ਬਸਪਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਨ ਨਾਲ ਵਿਕਾਸ, ਬੇਰੁਜ਼ਗਾਰੀ ਅਤੇ ਪ੍ਰਸ਼ਾਸਨ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਮੁਹਿੰਮ ਚਲਾਈ।

# ਉੱਤਰਾਖੰਡ, ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਵੋਟਿੰਗ ਮੌਕੇ ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ

## ਬਾਕੀ ਚਾਰ ਸੂਬਿਆਂ ਵਿੱਚ ਅਮਨ ਸ਼ਾਂਤੀ ਨਾਲ ਨੇਪਰੇ ਚੜ੍ਹਿਆ ਵੋਟਾਂ ਪੈਣ ਦਾ ਅਮਲ



ਨਵੀਂ ਦਿੱਲੀ : ਸੱਤ ਸੂਬਿਆਂ ਵਿਚਲੇ 13 ਵਿਧਾਨ ਸਭਾ ਹਲਕਿਆਂ ਲਈ ਅੱਜ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਦਰਮਿਆਨੀ ਤੋਂ ਤੇਜ਼ ਵੋਟਿੰਗ ਦਰਜ ਕੀਤੀ ਗਈ। ਇਸ ਦੌਰਾਨ ਉੱਤਰਾਖੰਡ, ਬਿਹਾਰ ਤੇ ਪੱਛਮੀ ਬੰਗਾਲ ਵਿੱਚ ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ ਵਾਪਰੀਆਂ। ਵੋਟਿੰਗ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਸੀ। ਚੋਣ ਕਮਿਸ਼ਨ ਮੁਤਾਬਕ ਤਾਮਿਲਨਾਡੂ ਦੇ ਵਿਕਰਵਾਂਡੀ ਹਲਕੇ ਵਿੱਚ ਸਭ ਤੋਂ ਵੱਧ 82.48 ਫੀਸਦ ਵੋਟਿੰਗ ਦਰਜ ਕੀਤੀ ਗਈ। ਹਾਲ ਹੀ ਵਿੱਚ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਣ ਵਾਲੀਆਂ ਇਹ ਪਹਿਲੀਆਂ ਚੋਣਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਸਣੇ ਕਈ ਉੱਘੇ ਆਗੂਆਂ ਅਤੇ ਪਹਿਲੀ ਵਾਰ ਚੋਣਾਂ ਲੜਨ ਵਾਲਿਆਂ ਦੇ ਭਵਿੱਖ ਦਾ ਫ਼ੈਸਲਾ ਕਰਨਗੀਆਂ। ਇਹ ਜ਼ਿਮਨੀ ਚੋਣਾਂ ਕਿਸੇ ਸੀਟ 'ਤੇ ਲੋਕ ਨੁਮਾਇੰਦੇ ਦੀ ਮੌਤ ਹੋਣ ਜਾਂ ਉਸ ਵੱਲੋਂ ਅਸਤੀਫ਼ਾ ਦਿੱਤੇ ਜਾਣ ਕਾਰਨ ਖਾਲੀ ਹੋਈਆਂ ਹਨ। ਖ਼ਬਰ ਲਿਖੇ ਜਾਣ ਤੱਕ ਉੱਤਰਾਖੰਡ, ਬਿਹਾਰ ਤੇ ਪੱਛਮੀ ਬੰਗਾਲ ਵਿੱਚ ਇੱਕਾ-ਦੁੱਕਾ ਹਿੰਸਕ ਘਟਨਾਵਾਂ ਨੂੰ ਛੱਡ ਕੇ ਬਾਕੀ ਚਾਰ ਸੂਬਿਆਂ ਵਿੱਚ ਇਹ ਚੋਣਾਂ ਅਮਨ-ਸ਼ਾਂਤੀ ਨਾਲ ਨੇਪਰੇ ਚੜ੍ਹੀਆਂ। ਮਿਲੀ ਜਾਣਕਾਰੀ ਅਨੁਸਾਰ ਮੰਗਲੌਰ ਵਿੱਚ 68.24 ਫੀਸਦ ਵੋਟਿੰਗ ਜਦਕਿ ਬਦਰੀਨਾਥ 'ਚ 49.80 ਫੀਸਦ ਵੋਟਿੰਗ ਦਰਜ ਕੀਤੀ ਗਈ। ਇਸੇ ਤਰ੍ਹਾਂ ਪੱਛਮੀ ਬੰਗਾਲ ਵਿੱਚ ਬਾਗਦਾਹ ਤੇ ਰਾਨਾਘਾਟ ਦੱਖਣੀ ਵਿੱਚ ਹਿੰਸਾ ਦੀਆਂ ਘਟਨਾਵਾਂ ਹੋਣ ਦੀਆਂ ਖ਼ਬਰਾਂ ਪ੍ਰਾਪਤ ਹੋਈਆਂ ਹਨ। ਪੱਛਮੀ ਬੰਗਾਲ ਵਿੱਚ ਰਾਏਗੰਜ ਸੀਟ 'ਤੇ ਸਭ ਤੋਂ ਵੱਧ 67.12 ਫੀਸਦ, ਰਾਨਾਘਾਟ ਦੱਖਣੀ 'ਚ 65.37 ਫੀਸਦ, ਬਾਗਦਾਹ 'ਚ 65.15 ਫੀਸਦ ਅਤੇ ਮਾਨਿਕਤਲਾ 'ਚ 51.39 ਫੀਸਦ ਵੋਟਿੰਗ ਦਰਜ ਕੀਤੀ ਗਈ। ਬਿਹਾਰ ਵਿੱਚ ਰੁਪੌਲੀ ਵਿਧਾਨ ਸਭਾ ਸੀਟ 'ਤੇ 57.25 ਫੀਸਦ ਵੋਟਿੰਗ ਦਰਜ ਕੀਤੀ ਗਈ। -



ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਲਈ ਵੋਟ ਪਾਉਣ ਤੋਂ ਬਾਅਦ ਬਜ਼ੁਰਗ ਵੋਟਰ ਆਪਣੀਆਂ ਸਿਆਹੀ ਵਾਲੀਆਂ ਉਂਗਲਾਂ ਦਿਖਾਉਂਦੇ ਹੋਏ।

# ਹਿਮਾਚਲ ਪ੍ਰਦੇਸ਼: ਨਾਲਾਗੜ੍ਹ ਵਿੱਚ ਸਭ ਤੋਂ ਵੱਧ 78.1 ਫ਼ੀਸਦ ਵੋਟਿੰਗ

ਸ਼ਿਮਲਾ: ਹਿਮਾਚਲ ਪ੍ਰਦੇਸ਼ ਵਿੱਚ ਅੱਜ ਤਿੰਨ ਵਿਧਾਨ ਸਭਾ ਹਲਕਿਆਂ ਦੀਆਂ ਹੋਈਆਂ ਜ਼ਿਮਨੀ ਚੋਣਾਂ ਵਿੱਚ ਕੁੱਲ 71 ਫੀਸਦ ਵੋਟਿੰਗ ਦਰਜ ਕੀਤੀ ਗਈ। ਸਭ ਤੋਂ ਵੱਧ 78.1 ਫ਼ੀਸਦ ਵੋਟਿੰਗ ਨਾਲਾਗੜ੍ਹ ਵਿਧਾਨ ਸਭਾ ਹਲਕੇ ਵਿੱਚ ਦਰਜ ਕੀਤੀ ਗਈ। ਇਸ ਤੋਂ ਬਾਅਦ ਹਮੀਰਪੁਰ ਵਿਧਾਨ ਸਭਾ ਸੀਟ 'ਤੇ 67.1 ਫੀਸਦ ਅਤੇ ਦੇਹਰਾ ਵਿਧਾਨ ਸਭਾ ਹਲਕੇ ਵਿੱਚ 65.2 ਫ਼ੀਸਦ ਵੋਟਿੰਗ ਦਰਜ ਕੀਤੀ ਗਈ। ਇਹ ਜਾਣਕਾਰੀ ਸੂਬੇ ਦੇ ਚੋਣ ਵਿਭਾਗ ਨੇ ਦਿੱਤੀ। ਦੇਹਰਾ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਚੋਣ ਲੜ ਰਹੀ ਹੈ, ਇਸ ਵਾਸਤੇ ਇਸ ਸੀਟ ਤੋਂ ਮੁੱਖ ਮੰਤਰੀ ਤੇ ਕਾਂਗਰਸ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ।

# ਜੋ ਪ੍ਰਗਟੇ ਸਿੰਘ ਮਹਾ ਬਲਬੀਰਾ ਤਿਨ ਆਗੇ ਕੋਈ ਧਰੇ ਨਾ ਧੀਰਾ

ਅਜ਼ਾਦੀ ਅਣਖ ਤੇ ਗੈਰਤ ਦੀ ਜ਼ਿੰਦਗੀ ਲਈ, ਸੌਦੇ ਸਿਰਾ ਤੋਂ ਹੁੰਦੇ ਨਹੀਂ ਘੱਟ ਇਥੇ
ਹੱਕ ਸੱਚ ਇਨਸਾਫ ਤੇ ਭਲੇ ਖਾਤਿਰ ਖਾਣੇ ਪੈਂਦੇ ਨੇ ਜਿਗਰ ਤੇ ਫੱਟ ਇਥੇ
ਇਨ੍ਹਾਂ ਰਹਿਣ ਦਿੱਤੇ ਨਹੀਂ ਧਰਤੀ ਤੇ ਉਹ ਜਾਲਮ ਜਿਨ੍ਹਾਂ ਗੋਲੀਆਂ ਹਰਿਮੰਦਰ 'ਤੇ ਮਾਰੀਆਂ ਨੇ
ਭਾਵੇਂ ਕੀਮਤਾਂ ਉਹ ਸਤਨਾਮ ਸਿੰਘਾ ਇਨ੍ਹਾਂ ਆਪਣੀ ਜ਼ਿੰਦਗੀਆਂ ਦੇ ਨਾਲ ਤਾਰੀਆਂ ਨੇ।



ਸ਼ਹੀਦ ਜਨਰਲ ਲਾਭ ਸਿੰਘ ਜੀ



ਮੌਜੂਦਾ ਦੌਰ ਦੇ ਪੰਥ ਦੇ ਮਹਾਨ ਸ਼ਹੀਦ ਜਨਰਲ ਲਾਭ ਸਿੰਘ ਆਪਣੇ ਹੋਰ ਸਾਥੀਆਂ ਨਾਲ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਵਿਖੇ, ਦੀ ਇਕ ਇਤਿਹਾਸਕ ਤਸਵੀਰ

## ਖਾਲਸਾ ਪੰਥ ਦੀ ਚੜ੍ਹਦੀਕਲਾ ਲਈ ਦੁਸ਼ਮਣ ਨਾਲ ਸਿੱਧੀ ਟੱਕਰ ਲੈ ਕੇ ਸ਼ਹੀਦ ਹੋਣ ਵਾਲੇ ਮਹਾਬਲੀ ਸੂਰਮੇ ਦਲੇਰ ਯੋਧੇ ਅਤੇ ਕੌਮ ਦੇ ਮਹਾਨ ਜਰਨੈਲ

# ਸ਼ਹੀਦ ਜਨਰਲ ਲਾਭ ਸਿੰਘ ਜੀ

## ਦੇ ਅੱਜ ਸ਼ਹੀਦੀ ਦਿਹਾੜੇ ਨੂੰ ਸਾਡਾ ਕੋਟਿਨ ਕੋਟ ਸਿਜਦਾ



# ਸ੍ਰ. ਹਰਮਿੰਦਰ ਸਿੰਘ ਸਮਾਣਾ

## ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

# ਪ੍ਰੋ. ਸੁਰਿੰਦਰ ਸਿੰਘ ਸੀਰਤ ਨਾਲ ਸਾਖਿਆਤਕਾਰ-ਮੋਨੋਜੀਤ



ਪ੍ਰੋ. ਸੁਰਿੰਦਰ ਸਿੰਘ ਸੀਰਤ

**(ਪ੍ਰੋ. ਸੁਰਿੰਦਰ ਸੀਰਤ ਮੇਰੇ ਸਮਕਾਲੀ ਲੇਖਕਾਂ ਵਿਚੋਂ ਇਕ ਅਜਿਹਾ ਹਸਤਾਖਰ ਹੈ ਜਿਸ ਦੀ ਰਚਨਾ ਮੈਨੂੰ ਪ੍ਰਭਾਵਿਤ ਕਰਦੀ ਹੈ। ਉਸਦੇ ਨਾਲ ਮੇਰੇ ਸੰਬੰਧ ਮਿੱਤਰਤਾ ਵਾਲੇ ਹਨ। ਮੇਰੀ ਬੜੇ ਚਿਰਾਂ ਤੋਂ ਤਾਂਘ ਸੀ ਕਿ ਮੈਂ ਉਸ ਨਾਲ ਇਕ ਅਜਿਹਾ ਸਾਖਿਆਤਕਾਰ ਰਚਾਵਾਂ ਜਿਸ ਨਾਲ ਉਨ੍ਹਾਂ ਦੇ ਵਿਅਕਤਿਤਵ ਅਤੇ ਰਚਨਾ ਦੇ ਕੁਝ ਅਜਿਹੇ ਪੱਖ ਉਘੜਕੇ ਸਾਹਮਣੇ ਆਉਣ ਜਿਨ੍ਹਾਂ ਤੋਂ ਪੰਜਾਬੀ ਜਗਤ ਦੇ ਬਹੁਤ ਲੋਕੀਂ ਅਣਜਾਣ ਹਨ। ਮੇਰੀ ਇਸ ਅਮਰੀਕਾ ਫੇਰੀ ਸਦਕਾ ਮੇਰੀ ਇਹ ਤਾਂਘ ਪੂਰੀ ਹੋ ਗਈ ਜਿਸ ਸਦਕਾ ਇਹ ਸਾਖਿਆਤਕਾਰ ਸਾਹਮਣੇ ਆਇਆ : ਮੋਨੋਜੀਤ)**

(ਪਿਛਲੇ ਅੰਕ ਦੀ ਬਾਕੀ)

**ਸਵਾਲ 10 : ਮੈਨੂੰ ਯਾਦ ਹੈ ਕਿ ਉਨ੍ਹਾਂ ਦਿਨਾਂ ਵਿੱਚ ਆਪਣੇ ਲੇਖਕ ਮਿੱਤਰਾਂ ਨਾਲ ਮਿਲਕੇ ਤੁਸੀਂ ਜੰਮੂ ਵਿੱਚ ਇਕ 'ਨੀਲਸਰ' ਨਾਂ ਦੀ ਪੰਜਾਬੀ ਸਾਹਿਤਕ ਪਤ੍ਰਿਕਾ ਵੀ ਕੱਢੀ ਸੀ ਪਰ ਕੁਝ ਅੰਕਾਂ ਤੋਂ ਬਾਅਦ ਇਹ ਚਲੀ ਨਹੀਂ... !**

**ਜਵਾਬ :** ਤੁਹਾਡਾ ਨੀਲਸਰ ਪ੍ਰਤੀ ਪ੍ਰਸ਼ਨ ਕੁਝ ਐਸਾ ਹੈ ਜਿਵੇਂ ਤੁਹਾਨੂੰ ਇਸ ਦੀ ਜਾਣਕਾਰੀ ਪ੍ਰਾਪਤ ਨਹੀਂ। ਨੀਲਸਰ ਕੁਝ ਅੰਕਾਂ ਤੋਂ ਬਾਅਦ ਚਲੀ ਨਹੀਂ ਨੂੰ ਇਸ ਤਰ੍ਹਾਂ ਕਹਿਣ ਵਿੱਚ ਇਸ ਨਾਲ ਵਧੀਕੀ ਦੇ ਮਾਤਰ ਹੈ। ਪਹਿਲੇ ਤਾਂ ਇਸ ਦੇ ਸੰਪਾਦਕੀ ਮੰਡਲ ਵਿੱਚ ਮੇਰੇ ਨਾਲ ਪ੍ਰੋ. ਗੁਰਚਰਨ ਸਿੰਘ ਗੁਲਸ਼ਨ ਅਤੇ ਹਰਭਜਨ ਸਿੰਘ ਸਾਗਰ ਜਿਹੇ ਚੋਟੀ ਦੇ ਸਾਹਿਤਕਾਰ ਸ਼ਾਮਲ ਸਨ। ਇਹ ਪਰਚਾ ਡਿਗਿਆਨਾ ਆਸ਼ਰਮ ਪ੍ਰੈਸ ਤੋਂ ਛਪਦਾ ਰਿਹਾ। ਇਸ ਵਿੱਚ ਮੇਰੀ ਭੂਮਿਕਾ ਬਹੁਤ ਵੱਡੀ ਅਤੇ ਮਹੱਤਵਪੂਰਨ ਸੀ। ਕਾਗ਼ਜ਼ ਖਰੀਦਣਾ, ਪ੍ਰੈਸ ਪੁਜਾਣਾ, ਇਸ ਦੀ ਪਰੂਫ ਰੀਡਿੰਗ ਕਰਨੀ, ਤਿਆਰ ਹੋਣ ਤੇ ਤਕਰੀਬਨ 500 ਕਾਪੀਆਂ ਚੁੱਕ ਕੇ ਘਰ ( ਕੈਨਾਲ ਰੋਡ) ਲੈ ਆਉਣਾ। ਫਿਰ ਇਸ ਨੂੰ ਤੁਰ ਕੇ ਅਤੇ ਮੇਲ ਰਾਹੀਂ ਪਾਠਕਾਂ ਤੀਕ ਪੁੱਜਦੀ ਕਰਨਾ, ਇਹ ਮੇਰੀ ਜ਼ਿੰਮੇਦਾਰੀ ਸੀ। ਪਰ ਜਦ ਮੈਂ 22/11/1988 ਨੂੰ ਅਮਰੀਕਾ ਚਲਾ ਗਿਆ ਤਾਂ ਗੁਲਸ਼ਨ ਜੀ ਅਤੇ ਸਾਗਰ ਇਹ ਸਾਰਾ ਫਿਜ਼ੀਕਲ ਕੰਮ ਨਾ ਕਰ ਸਕੇ ਜਿਸ ਕਾਰਨ ਇਸ ਦੀ ਇਸ਼ਾਇਤ ਰੁਕ ਗਈ। ਨੀਲਸਰ ਬਾਰੇ ਪੂਰੇ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਜੇਹਾ ਰਸਾਲਾ ਅੱਜ ਤੀਕ ਵੇਖਣ ਵਿਚ ਨਹੀਂ ਆਇਆ ਅਤੇ ਨਾ ਹੀ ਕੋਈ ਇਸ ਦੇ ਨੇੜੇ ਵੀ ਆ ਸਕਦਾ ਹੈ। ਇਸ ਦੇ ਇਤਨੇ ਸਤੰਭ ਸਨ ਜੋ ਮੈਨੂੰ ਪੂਰੀ ਤਰ੍ਹਾਂ ਯਾਦ ਵੀ ਨਹੀਂ। ਕੁਝ ਕੁ ਲੇਖਕਾਂ ਨੇ ਮੈਨੂੰ ਇਸ ਬਾਰੇ ਪਹੁੰਚ ਕੀਤੀ ਹੈ ਕਿ ਉਹ ਇਸ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ ਪਰ ਮੈਨੂੰ ਯਕੀਨ ਨਹੀਂ ਉਹ ਇਸ ਦੇ ਫੋਰਮੈਟ ਨੂੰ ਬਹਾਲ ਕਰ ਸਕਣ।

**ਸਵਾਲ 11 : ਮੈਨੂੰ ਲਗਦਾ ਹੈ ਕਿ ਤੁਹਾਨੂੰ "ਨੀਲਸਰ" ਦੇ ਇਹਨਾਂ ਸਤੰਭਾਂ ਬਾਰੇ ਇੱਥੇ ਜ਼ਰੂਰ ਗੱਲ ਕਰਨੀ ਚਾਹੀਦੀ ਹੈ ਤਾਂ ਕਿ ਜੰਮੂ-ਕਸ਼ਮੀਰ ਤੋਂ ਨਿਕਲਣ ਵਾਲੀ ਇਸ ਪੰਜਾਬੀ ਪੱਤ੍ਰਿਕਾ ਬਾਰੇ ਇਹ ਅਹਿਮ ਜਾਣਕਾਰੀ ਸਮੇਂ ਦੇ ਹਨ੍ਹੇਰਿਆਂ ਵਿੱਚ ਸਦਾ ਲਈ ਗੁਆਚ ਨਾ ਜਾਏ...!**

**ਜਵਾਬ :** ਨੀਲ ਸਰ ਨੂੰ ਛੱਡਿਆਂ ਜਾਂ ਵੇਖਿਆਂ ਤਕਰੀਬਨ 35 ਵਰ੍ਹੇ ਬੀਤ ਗਏ ਹਨ ਇਸੇ ਕਾਰਨ ਮੈਂ ਇਸ ਦੇ ਸਾਰੇ ਸਤੰਭ ਗਿਣ ਨਹੀਂ ਸਕਦਾ। ਇਸ ਵਿੱਚ ਕਿਸੇ ਇੱਕ ਰਿਆਸਤੀ ਲੇਖਕ ਦੀ ਕਹਾਣੀ ਚੁਣੀ ਜਾਂਦੀ ਸੀ। ਫਿਰ ਉਸ ਨਾਲ ਇੱਕ ਮਿਲਣੀ ਆਯੋਜਿਤ ਕੀਤੀ ਜਾਂਦੀ ਸੀ ਜਿਸ ਵਿੱਚ ਉਸ ਕਹਾਣੀ ਦੀ ਅਲੋਚਨਾ ਕੀਤੀ ਜਾਂਦੀ ਸੀ ਅਤੇ ਇਹ ਸਾਰੇ ਮਿਨਟ ਸਮੇਤ ਕਹਾਣੀ ਦੇ ਪਰਚੇ ਵਿੱਚ ਛਾਪੇ ਜਾਂਦੇ ਰਹੇ। ਇਸ ਉੱਤੇ ਪਾਠਕ ਵੀ ਆਪੋ ਆਪਣੀ ਰਾਏ ਦੇਂਦੇ ਸਨ ਜੋ ਅਗਲੇ ਅੰਕ ਵਿੱਚ "ਪਾਠਕਾਂ ਦਾ ਪੰਨਾ" ਵਿੱਚ ਛਪਦੇ। ਇਸ ਤੋਂ ਛੁੱਟ ਇੱਕ ਹੋਰ ਕਹਾਣੀ ਜੋ ਬਾਹਰ ਦੇ ਕਿਸੇ ਲੇਖਕ ਦੀ ਹੁੰਦੀ ਦੇ ਨਾਲ ਕਿਸੇ ਦੂਸਰੀ ਭਾਸ਼ਾ ਦੀ ਕਹਾਣੀ ਵੀ ਇਸ ਸਤੰਭ ਅਧੀਨ ਛਪਦੀਆਂ। ਫਿਰ ਕਵਿਤਾ ਦਾ ਆਪਣਾ ਸਤੰਭ ਕਾਵਿ ਕਿਆਰੀ ਅਤੇ "ਗ਼ਜ਼ਲਾਵਲੀ" ਵਿੱਚ ਜੋ ਗ਼ਜ਼ਲਾਂ ਛਪਦੀਆਂ ਹਰ ਪ੍ਰਕਾਰ ਬਾਵਜ਼ਨ ਤੇ ਮਿਆਰੀ ਹੁੰਦੀਆਂ। ਇੱਕ ਹੋਰ ਸਤੰਭ "ਪੁਰਾਣਾ ਮਾਖਿਓਂ" ਰਿਹਾ ਹੈ ਜਿਸ ਵਿੱਚ ਪੁਰਾਣੀਆਂ ਅਤੇ ਸੇਧ ਦੇਣ ਵਾਲੀਆਂ ਰਚਨਾਵਾਂ ਦਾ ਲੇਖਾ ਜੋਖਾ ਹੁੰਦਾ। ਇੱਕ ਹੋਰ ਸਤੰਭ ਸੀ ਜਿਸ ਵਿੱਚ ਧਾਰਮਕ ਫਿਲਾਸਫੀ ਉੱਪਰ ਨਿਬੰਧ ਦਰਜ ਹੁੰਦਾ। ਇੰਜ ਕਿਹਾ ਜਾ ਸਕਦਾ ਹੈ ਕਿ ਰਿਆਸਤੀ ਸਾਹਿਤਕ ਮਿਆਰ ਨੂੰ ਇੱਕ ਕੁੱਜੇ ਵਿੱਚ ਸਮੁੰਦਰ ਵਾਂਗੂੰ ਪਸਾਰ ਕਰ ਰਿਹਾ ਇੱਕ



ਡਾ. ਮੋਨੋਜੀਤ ਸਿੰਘ

ਮਾਮੂਲੀ ਦਿਖ ਵਾਲਾ ਪਰਚਾ ਸੀ ਨੀਲਸਰ ।

**ਸਵਾਲ 12 : ਨਵੰਬਰ 1988 ਦੇ ਬਾਅਦ ਤੁਸੀਂ ਅਮਰੀਕਾ ਵਿੱਚ ਵੱਸ ਗਏ। ਅਮਰੀਕਾ ਵਿੱਚ ਵੱਸਣ ਨਾਲ ਤੁਹਾਡੇ ਜੀਵਨ ਅਤੇ ਸਾਹਿਤਕ ਚਿੰਤਨ ਵਿੱਚ ਆਏ ਪਰੀਵਰਤਨ ਨੇ ਤੁਹਾਡੀ ਸਿਰਜਣਾ ਨੂੰ ਕਿਵੇਂ ਪ੍ਰਭਾਵਿਤ ਕੀਤਾ...?**

**ਜਵਾਬ :** 1988 ਵਿੱਚ ਜਦ ਮੈਂ ਕੈਲੀਫੋਰਨੀਆਂ (ਯੂ . ਐਸ. ਏ) ਪਹੁੰਚਿਆ ਤਾਂ ਇੱਥੇ ਕਿਸੇ ਕਿਸਮ ਦੀ ਸਾਹਿਤਕ ਗਤੀਵਿਧੀ ਅਮਲ ਵਿੱਚ ਨਹੀਂ ਸੀ। ਕੇਵਲ ਇਕ ਦੋ ਅਖ਼ਬਾਰਾਂ ਅਤੇ ਇੱਕ ਰਸਾਲਾ "ਜਾਗੋ" ਹੀ ਨਿਕਲਦਾ ਸੀ। ਅਖ਼ਬਾਰਾਂ ਵਿੱਚ ਕਦੀ ਕਦੀ ਬਾਹਰ ਦੇ ਲੇਖਕਾਂ ਦੀਆਂ ਕਵਿਤਾਵਾਂ ਜਾਂ ਇੱਕਾ ਦੁੱਕਾ ਕਹਾਣੀਆਂ ਛਪਦੀਆਂ ਰਹੀਆਂ। ਇਹੋ ਗੱਲ ਉਸ ਰਸਾਲੇ ਜਾਗੋ ਨਾਲ ਵੀ ਢੁੱਕਦੀ ਹੈ। ਜਾਗੋ ਦੇ ਸੰਪਾਦਕ ਡਾ. ਸ਼ੇਰ ਸਿੰਘ ਕੰਵਲ ਨਾਲ ਫੋਨ ਤੇ ਗੱਲਬਾਤ ਹੋਈ ਪਰ ਸਾਡਾ ਕਦੀ ਮਲਾਪ ਨਹੀਂ ਹੋ ਸਕਿਆ। ਉਹ 1989 ਵਿੱਚ ਨਿਊਯਾਰਕ ਚਲਿਆ ਗਿਆ ਅਤੇ ਉੱਥੋਂ ਹੀ ਇਸ ਨੂੰ ਕੱਢਣਾ ਆਰੰਭ ਕਰ ਦਿੱਤਾ ਜੋ ਅਜ ਤੀਕ ਜਾਰੀ ਹੈ। ਮੇਰੀਆਂ ਕੁਝ ਰਚਨਾਵਾਂ ਉਸ ਵਿਚ ਛਪੀਆਂ ਜ਼ਰੂਰ !

1990 ਵਿੱਚ ਮੈਂ ਜੰਮੂ ਕੋਈ ਡੇਡ ਕੋ ਮਹੀਨਿਆਂ ਲਈ ਆ ਗੀਆ। ਮੈਂ ਕੁਝ ਕੁਝ ਬੀਮਾਰ ਸਾਂ ਅਤੇ ਮੁੜ ਵਾਪਸ ਚਲਿਆ ਗਿਆ। ਪਰ ਜੰਮੂ ਆਉਣ ਤੋਂ ਪਹਿਲਾਂ ਮੇਰੀ ਮੁਲਾਕਾਤ ਇੱਕ ਕਹਾਣੀਕਾਰ ਜਨਾਬ ਰਾਬਿੰਦਰ ਸਿੰਘ ਅਟਵਾਲ ਨਾਲ, ਯੂਬਾ ਸਿਟੀ ਉਸ ਦੇ ਕੱਪੜੇ ਦੇ ਸਟੋਰ ਤੇ ਹੋ ਗਈ। ਉਸ ਨਾਲ ਸਾਹਿਤ ਸਭਾ ਨੂੰ ਸਥਾਪਤ ਕਰਨ ਦੀ ਗੱਲ ਚੱਲੀ। ਉਸ ਨੇ ਦੱਸਿਆ ਕਿ ਕੋਈ "ਸੁਖਵਿੰਦਰ ਕੰਬੋਜ" ਕਰ ਕੇ ਹੈ ਜੋ "ਅਮਰੀਕੀ ਪੰਜਾਬੀ ਕਵਿਤਾ" ਨਾਂ ਦੀ ਪੁਸਤਕ ਦਾ ਸੰਪਾਦਨ ਕਰ ਰਿਹਾ ਹੈ । ਉਸ ਨਾਲ ਹੀ ਗੱਲ ਕਰਨੀ ਬਣਦੀ ਹੈ : ਇੱਕ ਤਾਂ ਉਸ ਕੋਲ ਅਮਰੀਕਾ ਵਿੱਚ ਰਹਿੰਦੇ ਕਵੀਆਂ ਅਤੇ ਲੇਖਕਾਂ ਦੇ ਅਤੇ=ਪੱਤੇ ਹੋਣਗੇ ਅਤੇ ਦੂਜਾ ਇਹ ਕਿ ਉਹ ਮੇਰੇ ਹੀ ਰਿਹਾਇਸ਼ੀ ਇਲਾਕੇ "ਸੈਨਹੌਜ਼ੇ" ਵਿਚ ਕਿਧਰੇ ਰਹਿ ਰਿਹਾ ਹੈ। ਮੈਂ ਭਾਵੇਂ ਉਸ ਦੀ ਤਲਾਸ਼ ਕੀਤੀ ਪਰ ਕੋਈ ਸੁਰਾਗ ਹੱਥ ਨਾ ਲੱਗਿਆ। ਫਿਰ ਜਦ ਮੈਂ ਵਾਪਸ ਆਕੇ IBM company ਵਿੱਚ ਕੰਮ ਕਰਨ ਲੱਗਾ ਤਾਂ ਇਕ outing ਵਿਚ ਮੇਰੀ ਮੁਲਾਕਤ ਇੱਕ ਕਹਾਣੀ ਕਾਰ "ਅਮਰਜੀਤ ਸਿੰਘ ਦਰਦੀ" ਨਾਲ ਹੋਈ ਅਤੇ ਉਸੇ ਦੁਆਰਾ ਸੁਖਵਿੰਦਰ ਕੰਬੋਜ ਨਾਲ ਮੇਲ ਹੋ ਗਿਆ। ਉਹ ਬਹੁਤ ਸਾਰੇ ਕਵੀਆਂ ਅਤੇ ਲੇਖਕਾਂ ਨੂੰ ਜਾਣਦਾ ਸੀ । ਮੇਰੇ ਕਹਿਣ ਤੇ ਅਤੇ Initiative ਲੈਣ ਨਾਲ ਪਹਿਲੀ ਵੇਰ ਕੈਲੀਫੋਰਨੀਆ ਜਾਂ ਪੂਰੇ ਅਮਰੀਕਾ ਵਿਚ "ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ" (ਪਸਸਕ)1992 ਵਿੱਚ ਸਥਾਪਿਤ ਕੀਤੀ ਗਈ। ਉਸ ਸਮੇਂ ਮੈਂ ਪੰਜ ਕਿਤਾਬਾਂ ਦਾ ਲੇਖਕ ਸਾਂ ਜਿੰਨਾਂ ਚੋਂ ਚਾਰ ਜੰਮੂ ਰਹਿੰਦਿਆਂ ਲਿਖੀਆਂ ਗਈਆਂ ਸਨ ਅਤੇ ਪੰਜਵੀਂ ਪੁਸਤਕ "ਕਿੱਕਰ ਕੰਡੇ" 1992 ਵਿੱਚ ਪ੍ਰਕਾਸ਼ਤ ਕੀਤੀ । ਉਸ ਸਮੇਂ ਮੇਰਾ ਇੱਕ ਪ੍ਰਤਾਪੀ ਰੋਲ ਰਿਹਾ ਇਸ ਲਈ ਮੇਰੀ ਸਾਹਿਤਕ ਪ੍ਰਤਿਭਾ ਜੇ ਕਿਸੇ ਪੱਖੋਂ ਪ੍ਰਭਾਵਿਤ ਹੋਈ ਤਾਂ ਉਹ ਉੱਥੋਂ ਦੇ ਵਿਸ਼ਾਲ ਖੇਤਰ ਵਜੋਂ ਹੋਈ। ਇੱਕ ਵੱਡਾ - ਖੁੱਲਾ ਮਾਹੌਲ, ਇੱਕ ਸ਼ਊਰ ਕਿ ਆਪਣੀ ਭਾਸ਼ਾ, ਆਪਣੇ ਸਾਹਿਤ ਅਤੇ ਆਪਣੀ ਪਛਾਣ ਨੂੰ ਕਾਇਮ ਰੱਖਣ ਵਿੱਚ ਪੇਸ਼ ਪੇਸ਼ ਹੋਣਾ ਹੈ। ਇਸ ਸਫ਼ਰ ਵਿੱਚ ਮੈਂ ਅੱਗੇ ਹੋਰ ਅੱਗੇ ਨਿਰੰਤਰ ਤੁਰੀ ਜਾ ਰਿਹਾ ਸਾਂ ਅਤੇ ਹੁਣ ਤੀਕ ਤੁਰੀ ਜਾ ਰਿਹਾ ਹਾਂ, ਬਿਨ ਕਿਸੇ ਠਹਿਰਾ ਦੇ!

(ਚਲਦਾ)

# ਯੂਰਪ ਵਧਦਾ ਜਾ ਰਿਹਾ ਰੂੜੀਵਾਦ ਵੱਲ



ਸਾਰੇ ਯੂਰਪ 'ਚ ਚੋਣਾਂ ਹੋ ਰਹੀਆਂ ਹਨ। ਹਾਲ ਹੀ 'ਚ ਇਟਲੀ, ਨੀਦਰਲੈਂਡ ਅਤੇ ਪੋਲੈਂਡ ਦੇ ਬਾਅਦ ਹੁਣ ਫਰਾਂਸ 'ਚ ਚੋਣਾਂ ਹੋਈਆਂ ਹਨ। ਸਾਰੇ ਦੇਸ਼ਾਂ 'ਚ ਵੋਟਰ ਕੰਜ਼ਰਵੇਟਿਵ (ਕੱਟੜ ਰੂੜੀਵਾਦੀ) ਪਾਰਟੀਆਂ ਦੇ ਪੱਖ 'ਚ ਹਨ ਅਤੇ ਕਿਹਾ ਜਾਂਦਾ ਹੈ ਕਿ ਦੂਜੀ ਵਿਸ਼ਵ ਜੰਗ ਦੇ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਹੈ।

ਉਦੋਂ ਇਕ ਨਾਅਰਾ ਬਣਾਇਆ ਸੀ ਕਿ 'ਹੁਣ ਹੋਰ ਕੋਈ ਫਾਸ਼ੀਵਾਦੀ ਸਰਕਾਰ ਨਹੀਂ ਹੈ' ਅਤੇ ਹੁਣ ਇਹ ਲੋਕ ਸਮੁੱਚੇ ਯੂਰਪ 'ਚ ਪੂਰੀ ਤਰ੍ਹਾਂ ਕੱਟੜ ਦੱਖਣਪੰਥੀ ਕੰਜ਼ਰਵੇਟਵਾਂ (ਕੱਟੜ ਰੂੜੀਵਾਦੀ) ਦੀ ਚੋਣ ਕਰ ਰਹੇ ਹਨ ਜਦਕਿ ਇੰਗਲੈਂਡ 'ਚ ਇਸ ਦੇ ਵਿਰੁੱਧ ਵੋਟਰਾਂ ਨੇ ਕੰਜ਼ਰਵੇਟਿਵ ਪਾਰਟੀ ਨੂੰ ਛੱਡ ਕੇ ਲੇਬਰ ਪਾਰਟੀ ਨੂੰ ਚੁਣਿਆ ਹੈ ਜਿਸ ਦੀ ਮੁਕੰਮਲ ਉਦਾਰਵਾਦੀ ਸੋਚ ਵਾਲੀ ਵਿਚਾਰਧਾਰਾ ਹੈ।

ਜੂਨ 'ਚ ਯੂਰਪ 'ਚ ਹੋਈਆਂ ਚੋਣਾਂ 'ਚ ਬੜ੍ਹਤ ਦੇ ਬਾਅਦ ਕੱਟੜ ਰੂੜੀਵਾਦੀ ਪਾਰਟੀਆਂ ਨੇ ਸਿਆਸੀ ਭੂਚਾਲ ਲਿਆ ਦਿੱਤਾ ਹੈ। ਯੂਰਪੀਅਨ ਸੰਸਦ ਦੀਆਂ ਚੋਣਾਂ 'ਚ ਇਮੈਨੂਅਲ ਮੈਕਰੋਂ ਦੀ ਪਾਰਟੀ ਨੂੰ 'ਲੀ ਪੇਨ' ਦੀ ਅਗਵਾਈ ਵਾਲੀ ਕੱਟੜ ਦੱਖਣਪੰਥੀ 'ਨੈਸ਼ਨਲ ਰੈਲੀ ਪਾਰਟੀ' ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ, ਜਿਸ ਤੋਂ ਘਬਰਾਏ ਮੈਕਰੋਂ ਨੂੰ ਨੈਸ਼ਨਲ ਅਸੈਂਬਲੀ ਭੰਗ ਕਰ ਕੇ ਫਰਾਂਸ 'ਚ ਜਲਦੀ ਚੋਣਾਂ ਕਰਵਾਉਣ ਦਾ ਸੋਚਣਾ ਪਿਆ ਜਿਸ 'ਚ ਵੀ ਉਨ੍ਹਾਂ ਦੀ ਪਾਰਟੀ ਚੰਗੀ ਸਥਿਤੀ 'ਚ ਨਹੀਂ ਹੈ।

ਦੂਜੇ ਪਾਸੇ 'ਨੈਸ਼ਨਲ ਰੈਲੀ ਪਾਰਟੀ' ਦੀ ਪਹਿਲੀ ਵਾਰ ਭਾਰੀ ਜਿੱਤ ਨਾਲ ਇਸ ਪਾਰਟੀ 'ਚ ਨਵੀਆਂ ਆਸਾਂ ਜਾਗੀਆਂ ਹਨ ਜਿਸ ਨਾਲ ਉੱਥੇ 7 ਜੁਲਾਈ ਨੂੰ ਚੋਣਾਂ ਦੇ ਦੂਜੇ ਪੜਾਅ 'ਚ ਇਸ ਦੀ ਜਿੱਤ ਨਾਲ ਫਰਾਂਸ 'ਚ ਦੂਜੀ ਵਿਸ਼ਵ ਜੰਗ ਦੇ ਬਾਅਦ ਪਹਿਲੀ ਵਾਰ ਲੀਨ ਪੇਨ ਦੀ ਅਗਵਾਈ 'ਚ ਇਸ ਪਾਰਟੀ ਦੀ ਸਰਕਾਰ ਬਣਨ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ। ਉਹ ਵਿਰੋਧੀ ਧਿਰ ਦੀ ਬਹੁਤ ਹੀ ਮਜ਼ਬੂਤ ਨੇਤਾ ਹਨ ਅਤੇ ਉਨ੍ਹਾਂ ਦੇ ਸਬੰਧ ਨਾਜ਼ੀਆਂ ਦੇ ਨਾਲ ਰਹੇ ਹਨ। ਉਨ੍ਹਾਂ ਦੇ ਦਾਦਾ ਨਾਜ਼ੀ ਪਾਰਟੀ ਦੇ ਮੈਂਬਰ ਸਨ। ਜਰਮਨੀ ਦੇ ਚਾਂਸਲਰ ਓਲਾਫ ਸਕੋਲਜ਼ ਦੀ ਖੱਬੇਪੱਖੀ 'ਸੋਸ਼ਲ ਡੈਮੋਕ੍ਰੇਟ ਪਾਰਟੀ' ਦੇ ਸਮਰਥਨ 'ਚ ਕਮੀ ਆ ਗਈ ਹੈ ਜਦਕਿ ਕੱਟੜ ਦੱਖਣਪੰਥੀ 'ਅਲਟਰਨੇਟਿਵ ਫਾਰ ਜਰਮਨੀ' ਦੂਜੇ ਸਥਾਨ 'ਤੇ ਆ ਗਈ। ਇਸ ਦੀ ਨੇਤਾ ਐਲਿਸ ਵੀਡੇਲ ਨੇ ਨਤੀਜਿਆਂ ਦੇ ਬਾਅਦ ਕਿਹਾ ਹੈ ਕਿ ਅਸੀਂ ਦੂਜੀ ਸਭ ਤੋਂ ਮਜ਼ਬੂਤ ਤਾਕਤ ਹਾਂ।

ਇਟਲੀ 'ਚ ਵੀ ਜਾਰਜੀਆ ਮੇਲੋਨੀ ਦੀ ਕੱਟੜ ਦੱਖਣਪੰਥੀ ਪਾਰਟੀ 'ਬ੍ਰਦਰਜ਼ ਆਫ ਇਟਲੀ' ਸਭ ਤੋਂ ਮਜ਼ਬੂਤ ਪਾਰਟੀ ਦੇ ਰੂਪ 'ਚ ਉਭਰੀ ਹੈ ਜਿਸ ਨਾਲ ਦੇਸ਼ ਦੇ ਸੱਤਾਧਾਰੀ ਗੱਠਜੋੜ 'ਚ ਮੇਲੋਨੀ ਦੇ ਵਧਦੇ ਗਲਬੇ ਦੀ ਪੁਸ਼ਟੀ ਹੋ ਗਈ ਹੈ। ਮੇਲੋਨੀ ਦੇ ਪਿਤਾ ਦਾ ਰਿਸ਼ਤਾ ਤਾਨਾਸ਼ਾਹ ਮੁਸੋਲਿਨੀ ਨਾਲ ਜੁੜਦਾ ਹੈ। ਇਹ ਸਾਰੇ ਤੱਥ ਇਸ ਗੱਲ ਦਾ ਪ੍ਰਤੀਕ ਹਨ ਕਿ ਮੁਕੰਮਲ ਫਾਸਿਸਟ ਪਾਰਟੀਆਂ ਯੂਰਪ 'ਚ ਆ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਹੁਣ ਤੱਕ ਇਨ੍ਹਾਂ ਦੇਸ਼ਾਂ 'ਚ ਉਦਾਰ ਸਰਕਾਰਾਂ ਰਹੀਆਂ ਹਨ, ਉਨ੍ਹਾਂ ਦੀ ਅਰਥਵਿਵਸਥਾ ਹੇਠਾਂ ਜਾ ਰਹੀ ਹੈ ਜਿਸ 'ਚ ਅਮੀਰ ਵੱਧ ਅਮੀਰ ਅਤੇ ਗਰੀਬ ਵੱਧ ਗਰੀਬ ਹੁੰਦੇ ਜਾ ਰਹੇ ਹਨ।

ਇਸ ਲਈ ਉਹ ਇਕ ਬਦਲਾਅ ਲਈ ਕੱਟੜ ਦੱਖਣਪੰਥ ਵੱਲ ਵਧ ਰਹੇ ਹਨ ਪਰ ਕੱਟੜ ਦੱਖਣਪੰਥ ਦੀ ਸਰਕਾਰ ਬਣਨ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਕ ਵਾਰ ਸੱਤਾਧਾਰੀ ਹੋਣ ਪਿੱਛੋਂ ਫਾਸਿਸਟ ਸਰਕਾਰਾਂ ਜਲਦੀ ਸੱਤਾ ਦਾ ਤਿਆਗ ਨਹੀਂ ਕਰਦੀਆਂ ਅਤੇ ਅਜਿਹਾ ਬਦਲਾਅ ਲਿਆਉਂਦੀਆਂ ਹਨ ਜਿਸ ਨਾਲ ਕਿਸੇ ਵੀ ਦੇਸ਼ ਦੀ ਵਿਚਾਰਧਾਰਾ ਤੇ ਸਿੱਖਿਆ 'ਤੇ ਅਸਰ ਪੈਂਦਾ ਹੈ। ਅਜਿਹਾ ਜਰਮਨੀ 'ਚ ਨਾਜ਼ੀਆਂ ਅਤੇ ਇਟਲੀ 'ਚ ਮੁਸੋਲਿਨੀ ਨੇ ਕੀਤਾ ਸੀ, ਜਿਨ੍ਹਾਂ ਦੇ ਹਾਕਮਾਂ ਦੇ ਦਿਮਾਗ 'ਚ ਪੂਰੀ ਤਰ੍ਹਾਂ ਤਾਨਾਸ਼ਾਹੀ ਭਰ ਗਈ ਸੀ। ਜੇਕਰ ਅਸੀਂ ਯੂਰਪ ਤੋਂ ਬਾਹਰ ਨਿਕਲ ਕੇ ਦੇਖੀਏ ਤਾਂ ਇੰਗਲੈਂਡ ਇਕ ਇਕੱਲੀ ਉਦਾਹਰਣ ਹੈ ਜਿਸ ਨੇ 14 ਸਾਲ ਕੰਜ਼ਰਵੇਟਿਵ ਰਹਿਣ ਦੇ ਬਾਅਦ ਹੁਣ ਲੇਬਰ (ਲਿਬਰਲ) ਪਾਰਟੀ ਵੱਲ ਰੁਖ ਕੀਤਾ ਹੈ। ਕਾਰਨ ਇੰਗਲੈਂਡ 'ਚ ਵੀ ਉਹੀ ਅਤੇ ਯੂਰਪ 'ਚ ਵੀ ਉਹੀ ਹੈ। ਦੋਵੇਂ ਪਾਸੇ ਅਰਥਵਿਵਸਥਾ ਹੇਠਾਂ ਵੱਲ ਜਾ ਰਹੀ ਹੈ। ਲੋਕਾਂ ਦੇ ਕੋਲ ਨੌਕਰੀਆਂ ਨਹੀਂ ਹਨ, ਯੂਕ੍ਰੇਨ ਜੰਗ ਅਤੇ ਹਮਾਸ ਵੱਲੋਂ ਇਜ਼ਰਾਈਲੀ ਨਾਗਰਿਕਾਂ ਨੂੰ ਬੰਧਕ ਬਣਾਉਣ ਤੋਂ ਬਾਅਦ ਇਜ਼ਰਾਈਲੀ ਹਮਲਿਆਂ ਨਾਲ ਕੀਮਤਾਂ ਵਧ ਰਹੀਆਂ ਹਨ। ਦੋਵੇਂ ਪਾਸੇ ਦੇ ਲੋਕ ਅਰਥਵਿਵਸਥਾ ਦੇ ਲਈ ਸਾਰੀਆਂ ਪਾਰਟੀਆਂ, ਸੀਰੀਆ ਅਤੇ ਅਫਰੀਕਾ ਤੋਂ ਆਉਣ ਵਾਲੇ ਪ੍ਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਅ ਰਹੇ ਹਨ।

ਯੂਰਪ 'ਚ 2 ਵੱਡੀਆਂ ਸ਼ਕਤੀਆਂ ਹਨ-ਫਰਾਂਸ, ਜਰਮਨੀ ਅਤੇ ਤੀਜੀ ਜੇਕਰ ਇਨ੍ਹਾਂ ਨਾਲ ਇਟਲੀ ਮਿਲ ਜਾਵੇ ਅਤੇ ਤਿੰਨਾਂ ਦੇ ਕੱਟੜ ਦੱਖਣਪੰਥੀ ਹੋ ਜਾਣ 'ਤੇ ਯੂਰਪ ਦੀ ਉਹੀ ਸਥਿਤੀ ਹੋਵੇਗੀ ਜੋ 1920 ਦੇ ਦਹਾਕੇ 'ਚ ਸੀ ਜਦੋਂ ਹਿਟਲਰ ਉਭਰ ਰਿਹਾ ਸੀ। ਅਜਿਹੀਆਂ ਹਾਲਤਾਂ ਸਖਤ ਲੀਡਰਸ਼ਿਪ ਨੂੰ ਜਨਮ ਦਿੰਦੀਆਂ ਹਨ। ਅਜੇ ਦੁਨੀਆ 'ਚ ਹਿਟਲਰਸ਼ਾਹੀ ਤਾਂ ਨਹੀਂ ਆਉਣ ਵਾਲੀ ਪਰ ਸਖਤ ਲੀਡਰਸ਼ਿਪ ਕਿਸੇ ਵੀ ਦੇਸ਼ ਨੂੰ ਨਹੀਂ ਚਾਹੀਦੀ।

ਇੰਗਲੈਂਡ ਨੂੰ 'ਸਾਰੇ ਲੋਕਤੰਤਰਾਂ ਦੀ ਜਨਨੀ' ਕਹਿੰਦੇ ਹਨ ਕਿਉਂਕਿ ਸਭ ਤੋਂ ਪਹਿਲਾਂ ਲੋਕਤੰਤਰ ਉੱਥੇ ਆਇਆ ਸੀ। ਇਨ੍ਹਾਂ ਦਾ ਕਹਿਣਾ ਹੈ ਕਿ ਸਾਡਾ ਰਿਸਪਾਂਸ ਅਤੇ ਮੂਵਮੈਂਟਸ ਸਹਿਜ ਹੁੰਦੀਆਂ ਹਨ। ਇਸ ਪੱਖੋਂ ਜੇਕਰ ਇਨ੍ਹਾਂ ਦੀ ਕੰਜ਼ਰਵੇਟਿਵ ਪਾਰਟੀ ਵੀ ਸੱਤਾ 'ਚ ਸੀ ਤਾਂ ਉਹ ਅਜਿਹੀ ਪਾਰਟੀ ਨਹੀਂ ਸੀ ਕਿ ਤਾਨਾਸ਼ਾਹੀ ਆ ਜਾਵੇ ਅਤੇ ਲੇਬਰ ਪਾਰਟੀ ਇੰਨੀ ਕੱਟੜ ਦੱਖਣਪੰਥੀ ਨਹੀਂ ਹੋਵੇਗੀ ਕਿ ਸਮਾਜਵਾਦ ਆ ਜਾਵੇ। ਮੁੱਢਲੇ ਤੌਰ 'ਤੇ ਇਸੇ ਨੂੰ 'ਸੈਂਟਰ ਰਾਈਟ ਐਂਡ ਸੈਂਟਰ ਲੈਫਟ' ਕਹਿੰਦੇ ਹਨ।

ਜਿਸ 'ਬਾਰੂਦ ਦੇ ਢੇਰ' 'ਤੇ ਅੱਜ ਯੂਰਪ ਬੈਠਾ ਹੈ, ਉਹੀ ਸ਼ਾਇਦ ਅਮਰੀਕਾ ਦੇ ਮਾਮਲੇ 'ਚ ਵੀ ਹੈ ਅਤੇ ਜੇਕਰ ਕੱਟੜ ਦੱਖਣਪੰਥੀ ਟ ?ਰੰਪ ਰਾਸ਼ਟਰਪਤੀ ਬਣ ਜਾਂਦੇ ਹਨ ਤਾਂ ਵਿਸ਼ਵ ਦੀ ਸਿਆਸਤ 'ਚ ਬਦਲਾਅ ਆ ਸਕਦਾ ਹੈ।

ਦੋ ਚੀਜ਼ਾਂ ਇੰਗਲੈਂਡ ਦੀਆਂ ਚੋਣਾਂ ਤੋਂ ਸਪੱਸ਼ਟ ਹੋਈਆਂ ਹਨ। ਇਕ ਤਾਂ ਇਹ ਹੈ ਕਿ ਇੰਗਲੈਂਡ ਦੇ ਜੋ ਐਗਜ਼ਿਟ ਪੋਲ ਆਏ ਸਨ, ਨਤੀਜੇ ਵੀ ਬਿਲਕੁਲ ਉਹੀ ਆਏ ਹਨ। ਇਸੇ ਤਰ੍ਹਾਂ ਫਰਾਂਸ ਦੀਆਂ ਚੋਣਾਂ 'ਚ ਐਗਜ਼ਿਟ ਪੋਲ ਨੇ ਜੋ ਸੰਭਾਵਿਤ ਨਤੀਜੇ ਦੱਸੇ ਸਨ, ਉੱਥੇ ਠੀਕ ਉਹੋ ਜਿਹਾ ਹੀ ਅਧਿਕਾਰਕ ਨਤੀਜਾ ਆਇਆ। ਤਾਂ ਸਾਡੇ ਭਾਰਤ 'ਚ ਐਗਜ਼ਿਟ ਪੋਲ ਦੀ ਭਵਿੱਖਬਾਣੀ ਸਹੀ ਕਿਉਂ ਨਹੀਂ ਨਿਕਲਦੀ?

ਅਖੀਰ 'ਚ ਇਹੀ ਕਿਹਾ ਜਾ ਸਕਦਾ ਹੈ ਕਿ ਇੰਗਲੈਂਡ ਅਤੇ ਯੂਰਪ ਦੀਆਂ ਵੱਖ-ਵੱਖ ਦਿਸ਼ਾਵਾਂ 'ਚ ਜਾਣ ਦਾ ਇਕ ਹੀ ਕਾਰਨ ਹੈ ਕਿ ਦੋਵਾਂ ਦੀ ਅਰਥਵਿਵਸਥਾ ਢਲਾਨ 'ਤੇ ਅਤੇ ਬੇਰੋਜ਼ਗਾਰੀ ਆਪਣੇ ਸਿਖਰ 'ਤੇ ਹੈ। ਉਰਦੂ ਦੇ ਸ਼ਾਇਦ ਫੈਜ਼ ਅਹਿਮਦ ਫੈਜ਼ ਨੇ ਇਸ ਬਾਰੇ ਕੁਝ ਇੰਝ ਲਿਖਿਆ ਹੈ :

ਹੈ ਵਹੀ ਬਾਤ ਯੂੰ ਭੀ ਔਰ ਯੂ ਭੀ  
ਤੁਮ ਸਿਤਮ ਯਾ ਕਰਮ ਕੀ ਬਾਤ ਕਰੋ



# ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਜਿਹੀ ਹਸਤੀ ਦੇ ਮਾਲਕ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਤੇ ਨੇਕੀ ਨੂੰ ਜ਼ੱਰੇ-ਜ਼ੱਰੇ ਵਿਚ ਸੁਰਜੀਤ ਕਰਨ ਲਈ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਤਲਵਾਰ ਵਰਗੇ ਮਾਨਵਘਾਤੀ ਹਥਿਆਰ ਨੂੰ ਕ੍ਰਿਪਾਨ ਦਾ ਰੂਪ ਬਖਸ਼ ਦਿੱਤਾ। ਆਪ ਜੀ ਨੇ ਰਾਜਨੀਤੀ ਨੂੰ ਧਰਮ ਦੇ ਅਧੀਨ ਕਰਕੇ ਪਾਪੀ ਹਾਕਮਾਂ ਨੂੰ ਨੱਥ ਪਾਉਣ ਦਾ ਮਹਾਨ ਕਾਰਜ ਕੀਤਾ। ਉਹੀ ਤਲਵਾਰ, ਜੋ ਮਜ਼ਲੂਮਾਂ ਤੇ ਜ਼ੁਲਮ ਢਾਹੁੰਦੀ ਸੀ, ਹੁਣ ਗਰੀਬਾਂ ਦੀ ਰੱਖਿਅਕ ਬਣ ਗਈ। ਸਿੱਖ ਧਰਮ ਦੇ ਵਿਕਾਸ-ਮਾਰਗ 'ਤੇ ਇਹ ਅਜਿਹਾ ਪੜਾਅ ਸੀ, ਜਿਸ ਵਿਚ ਫਕੀਰੀ ਵਿੱਚੋਂ ਮੀਰੀ ਵੀ ਪ੍ਰਗਟ ਹੋਈ।

ਮੁਕਤੀ ਦੇ ਦਾਤੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 6 ਜੂਨ 1590 ਈ. ਨੂੰ ਵਡਾਲੀ ਗ੍ਰਾਮ (ਜ਼ਿਲਾ ਅੰਮ੍ਰਿਤਸਰ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਇਹ ਸ਼ਬਦ ਉਚਾਰਣ ਕੀਤਾ :

**ਸਤਿਗੁਰ ਸਾਚੈ ਦੀਆ ਭੇਜਿ।।**
**ਚਿਰੁ ਜੀਵਨੁ ਉਪਜਿਆ ਸੰਜੋਗਿ।।**
**ਉਦਰੈ ਮਾਹਿ ਆਇ ਕੀਆ ਨਿਵਾਸੁ।।**
**ਮਾਤਾ ਕੈ ਮਨਿ ਬਹੁਤੁ ਬਿਗਾਸੁ।।** (ਪੰਨਾ -386)

ਪਰ ਆਪ ਜੀ ਦੇ ਤਾਇਆ ਪ੍ਰਿਥੀ ਚੰਦ ਅਤੇ ਉਨ੍ਹਾਂ ਦੀ ਸੁਪਤਨੀ ਕਰਮੋ ਨੂੰ ਇਸਦੀ ਬਿਲਕੁਲ ਖੁਸ਼ੀ ਨਾ ਹੋਈ, ਉਹ ਸਗੋਂ ਈਰਖਾ ਦੀ ਅਗਨ ਵਿਚ ਸੜਨ ਲੱਗੇ, ਕਿਉਂਕਿ ਉਹ ਗੁਰਗੱਦੀ ਦੇ ਵਾਰਿਸ ਆਪ ਬਣਨਾ ਚਾਹੁੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਬਾਲਕ ਦਾ ਜਨਮ ਉਨ੍ਹਾਂ ਨੂੰ ਆਪਣੇ ਰਾਹ ਵਿਚ ਰੋੜਾ ਜਾਪਿਆ। ਉਨ੍ਹਾਂ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਖਤਮ ਕਰਨ ਲਈ ਕਈ ਸਾਜਿਸ਼ਾਂ ਰਚੀਆਂ ਪਰ ਅਸਫਲ ਰਹੇ। ਮਾਤਾ ਗੰਗਾ ਜੀ ਨੇ ਗੁਰੂ ਜੀ ਨੂੰ ਬਹੁਤ ਲਾਡਾਂ ਨਾਲ ਪਾਲਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਸ਼ਸਤਰ ਵਿਦਿਆ ਦੇ ਵੀ ਧਨੀ ਬਣਾਇਆ।

ਗੁਰੂ ਜੀ 11 ਵਰ੍ਹਿਆਂ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਬਖਸ਼ ਕੇ ਅਕਾਲ ਪੁਰਖ ਦਾ ਭਾਣਾ ਮੰਨਦਿਆਂ ਸ਼ਾਂਤ ਚਿੱਤ ਰਹਿ ਸ਼ਹੀਦੀ ਜਾਮ ਪੀਤੇ। ਛੇਵੇਂ ਪਾਤਸ਼ਾਹ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਮੀਰੀ-ਪੀਰੀ ਦਾ ਸੰਕਲਪ ਪੈਦਾ ਕਰਕੇ ਸਿੱਖ ਸੰਗਤਾਂ ਵਿਚ ਬੰਦਗੀ ਦੇ ਨਾਲ-ਨਾਲ ਸ਼ਕਤੀ ਦਾ ਵੀ ਵਿਗਾਸ ਕੀਤਾ ਅਤੇ ਆਪਣੇ ਸਿੱਖਾਂ ਨੂੰ ਸ਼ਸਤਰਧਾਰੀ ਬਣਾਇਆ ਨਾਲ ਹੀ ਅਕਾਲ ਬੁੰਗੇ ਦੀ ਸਥਾਪਨਾ ਕੀਤੀ। ਇਸ ਨਾਲ ਇਕ ਰਾਜ ਦੇ ਅੰਦਰ ਸਿੱਖਾਂ ਦਾ ਆਪਣਾ ਸੁਤੰਤਰ ਰਾਜ ਸਥਾਪਿਤ ਹੋ ਗਿਆ। ਜਿਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਭਜਨ-ਬੰਦਗੀ ਤੋਂ ਇਲਾਵਾ ਸਮਾਜ-ਭਲਾਈ ਨਾਲ ਸੰਬੰਧਤ ਵਿਚਾਰਾਂ ਵੀ ਹੁੰਦੀਆਂ ਸਨ। ਮਾਝੇ, ਮਾਲਵੇ, ਦੁਆਬੇ ਦੇ 500 ਸਿੱਖਾਂ ਨੇ ਗੁਰੂ ਸਾਹਿਬ ਜੀ ਅੱਗੇ ਆਪਾ ਸਮਰਪਿਤ ਕੀਤਾ ਅਤੇ ਗੁਰੂ ਸਾਹਿਬ ਜੀ ਨੇ ਇਨ੍ਹਾਂ ਸਾਰੇ ਸਿੱਖਾਂ ਨੂੰ ਘੋੜ-ਸਵਾਰੀ ਅਤੇ ਸ਼ਸਤਰ ਵਿੱਦਿਆ ਸਿਖਾ ਕੇ ਇਕ ਸੈਨਾ ਤਿਆਰ ਕਰ ਲਈ। ਗੁਰੂ ਸਾਹਿਬ ਜੀ ਨੇ ਮੁਗ਼ਲਾਂ ਦੀਆਂ ਗਲਤ ਅਤੇ ਲੋਕਮਾਰੂ ਨੀਤੀਆਂ ਦੇ ਕਾਰਨ ਕਈ ਵਾਰ ਉਨ੍ਹਾਂ ਨਾਲ ਲੋਹਾ ਲਿਆ ਅਤੇ ਜੰਗ ਦੇ ਮੈਦਾਨ ਵਿਚ ਨਿੱਤਰੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਹਿਲੀ ਲੜਾਈ 1628 ਈ. ਵਿਚ ਅੰਮ੍ਰਿਤਸਰ ਦੇ ਨੇੜੇ ਹੋਈ, ਜਿਸਦਾ ਕਾਰਣ ਇਕ ਬਾਜ਼ ਬਣਿਆ। ਸ਼ਾਹਜਹਾਨ ਆਪਣੇ, ਅਹਿਲਕਾਰਾਂ ਦੇ ਨਾਲ ਅੰਮ੍ਰਿਤਸਰ ਸ਼ਿਕਾਰ ਖੇਡਣ ਲਈ ਆਇਆ ਤਾਂ ਉਸਦਾ ਇਕ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਸ਼ਾਹ ਜਹਾਨ ਦੇ ਆਦਮੀਆਂ ਨੇ ਬੜੇ ਰੋਹਬ ਲਾ ਬਾਜ ਮੰਗਿਆ ਪਰ ਸਿੱਖਾਂ ਨੇ ਉਨ੍ਹਾਂ ਦਾ ਆਕੜ ਭਰਿਆ ਰਵੱਈਆਂ ਦੇਖ ਕੇ ਬਾਜ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ਾਹਜਹਾਨ ਨੇ ਗੁਰੂ ਸਾਹਿਬ ਜੀ 'ਤੇ ਚੜ੍ਹਾਈ ਕਰਨ ਲਈ ਸੈਨਾ ਭੇਜ ਦਿੱਤੀ। ਤਿੰਨ ਦਿਨ ਗਹਿਗੱਚ ਲੜਾਈ ਹੋਈ ਅਤੇ

**ਬਲਵਿੰਦਰ ਸਿੰਘ ਜੌੜਾਸਿੰਘਾ**

ਜਿੱਤ ਗੁਰੂ ਸਾਹਿਬ ਜੀ ਦੀ ਹੋਈ। ਦੂਸਰੀ ਲੜਾਈ ਹਰਿਗੋਬਿੰਦਪੁਰ ਵਿਖੇ 1630 ਈ. ਵਿਚ ਹੋਈ। ਜਦੋਂ ਗੁਰੂ ਸਾਹਿਬ ਹਰਿਗੋਬਿੰਦਪੁਰ ਰਹਿਣ ਲਈ ਆਏ ਤਾਂ ਇੱਥੋਂ ਦੇ ਵਸਨੀਕ ਭਗਵਾਨ ਦਾਸ ਕਰੋੜੀਏ (ਜੋ ਮਾਮਲਾ ਵਸੂਲ ਕਰਦਾ ਸੀ) ਨੇ ਸਿੱਖਾਂ ਨਾਲ ਜਾਣਬੁੱਝ ਕੇ ਛੇੜਖਾਨੀ ਕਰਨੀ ਸ਼ੁਰੂ ਕਰ ਦਿੱਤੀ। ਮਸਲਾ ਇੰਨਾ ਵਧ ਗਿਆ ਕਿ ਮੁਗ਼ਲ ਫ਼ੌਜ ਤੇ ਸਿੱਖ ਫ਼ੌਜ ਆਹਮੋ-ਸਾਹਮਣੇ ਆ ਗਈ ਗੁਰੂ ਸਾਹਿਬ ਜੀ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖਾ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ।

ਤੀਸਰੀ ਜੰਗ ਮੇਹਰਾਜ ਦੀ ਜੰਗ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਹ ਜੰਗ 1631 ਈ. ਵਿਚ ਗੁਰੂਸਰ ਮਹਿਰਾਜ ਵਿਖੇ ਲੱਲਾ ਬੇਗ ਅਤੇ ਕਮਰ ਬੇਗ ਨਾਲ ਹੋਈ। ਕਾਬਲ ਦਾ ਇਕ ਸਿੱਖ ਗੁਰੂ ਜੀ ਲਈ ਵਧੀਆ ਨਸਲ ਦੇ ਦੋ ਅਰਬੀ ਘੋੜੇ ਲੈ ਕੇ ਪੰਜਾਬ ਆ ਰਿਹਾ ਸੀ ਪਰ ਦੋਵੇਂ ਘੋੜੇ ਰਾਹ ਵਿਚ ਲਾਹੌਰ ਦੇ ਸੂਬੇ ਨੇ ਖੋਹ ਲਏ। ਭਾਈ ਬਿਧੀ ਚੰਦ ਦੋਵੇਂ ਘੋੜੇ ਮੁਗ਼ਲਾਂ ਦੇ ਕਬਜ਼ੇ 'ਚੋਂ ਛੁਡਾ ਕੇ ਗੁਰੂ-ਘਰ ਲੈ ਆਏ, ਜਿਸ ਤੋਂ ਚਿੜ ਕੇ ਲੱਲਾ ਬੇਗ ਤੇ ਕਮਰਬੇਗ ਨੇ ਗੁਰੂ ਸਾਹਿਬ ਜੀ ਵਿਰੁੱਧ ਕਾਫੀ ਗਿਣਤੀ ਵਿਚ ਸੈਨਾ ਭੇਜ ਦਿੱਤੀ। ਘਮਸਾਨ ਦਾ ਯੁੱਧ ਹੋਇਆ। ਲਲਾ ਬੇਗ ਗੁਰੂ ਜੀ ਦਾ ਵਾਰ ਸਹਿ ਨਾ ਸਕਿਆ ਅਤੇ ਥਾਂ ਹੀ ਢੇਰ ਹੋ ਗਿਆ। ਉਸਨੂੰ ਡਿੱਗਦਾ ਦੇਖ ਸੈਨਾ ਵੀ ਭੱਜ ਗਈ। ਗੁਰੂ ਜੀ ਨੇ ਜਿੱਤ ਦੀ ਖ਼ੁਸ਼ੀ ਵਿਚ ਇੱਥੇ ਸਰੋਵਰ ਬਣਵਾਇਆ। ਚੌਥੀ ਜੰਗ ਕਰਤਾਰਪੁਰ, ਜਲੰਧਰ ਵਿਖੇ 1634 ਈ. ਵਿਚ ਹੋਈ। ਇਸ ਜੰਗ ਦਾ ਕਾਰਨ ਗੁਰੂ ਸਾਹਿਬ ਜੀ ਦੇ ਲਾਡਲੇ ਪੈਂਦੇ ਖਾਨ ਦਾ ਹੰਕਾਰ ਅਤੇ ਗੱਦਾਰੀ ਬਣੇ।

ਚੌਥੀ ਜੰਗ ਗੁਰੂ ਸਾਹਿਬ ਨੇ ਕਰਤਾਰਪੁਰ (ਜਲੰਧਰ) ਵਿਖੇ 1634 ਈ. ਵਿਚ ਹੋਈ। ਇਸ ਲੜਾਈ ਦਾ ਕਾਰਨ ਪੈਂਦੇ ਖਾਂ ਜਿਸਨੂੰ ਗੁਰੂ ਸਾਹਿਬ ਨੇ ਪੁੱਤਰਾਂ ਦੀ ਤਰ੍ਹਾਂ ਪਾਲਿਆ ਸੀ, ਦਾ ਹੰਕਾਰ ਬਣਿਆ। ਹੰਕਾਰ ਨਾਲ ਭਰਿਆ ਪੈਂਦੇ ਖਾਂ ਹਾਰਿਆਂ ਨਾਲ ਰਲ ਗਿਆ ਤੇ ਗੁਰੂ ਸਾਹਿਬ ਦੇ ਖਿਲਾਫ਼ ਫ਼ੌਜ ਚੜ੍ਹਾ ਲਿਆਇਆ। ਇਸ ਲੜਾਈ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਸਪੁੱਤਰ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਤਲਵਾਰ ਦੇ ਖ਼ੂਬ ਜੌਹਰ ਵਿਖਾਏ। ਹੰਕਾਰ ਵਿਚ ਅੰਨ੍ਹੇ ਪੈਂਦੇ ਖਾਂ ਨੇ ਗੁਰੂ ਸਾਹਿਬ ਜੀ 'ਤੇ ਕਈ ਵਾਰ ਕੀਤੇ ਪਰ ਅਸਫ਼ਲ ਰਿਹਾ। ਗੁਰੂ ਜੀ ਦੇ ਇਕ ਵਾਰ ਨਾਲ ਹੀ ਉਹ ਥਾਂ ਹੀ ਢੇਰੀ ਹੋ ਗਿਆ। ਪੈਂਦੇ ਖਾਂ ਦੀ ਆਖਰੀ ਸਾਹਾਂ ਦੀ ਗੁਹਾਰ ਸੁਣ ਸਤਿਗੁਰੂ ਨੇ ਉਸਨੂੰ ਬਖਸ਼ ਦਿੱਤਾ। ਇਵੇਂ ਇਸ ਆਖਰੀ ਜੰਗ ਵਿਚ ਵੀ ਫ਼ਤਹਿ ਗੁਰੂ ਕੀਆਂ ਫ਼ੌਜਾਂ ਦੀ ਝੋਲੀ ਪਾਈ। ਇਸ ਤੋਂ ਬਾਅਦ ਗੁਰੂ ਸਾਹਿਬ ਕਰਤਾਰਪੁਰ ਵਿਖੇ ਹੀ ਵੱਸ ਗਏ ਤੇ ਲੋਕਾਈ ਦਾ ਭਲਾ ਕਰਨ ਲੱਗੇ। ਇੱਥੇ ਹੀ ਗੁਰੂ ਜੀ ਨੇ ਆਪਣੀ ਉਮਰ ਦੇ ਆਖਰੀ ਵਰ੍ਹੇ ਬਿਤਾਏ ਅਤੇ ਗੁਰਿਆਈ ਆਪਣੇ ਪੋਤਰੇ ਸ੍ਰੀ (ਗੁਰੂ) ਹਰਿਰਾਏ ਜੀ ਨੂੰ ਬਖਸ਼ ਕੇ 1644 ਈ. ਨੂੰ ਜੋਤੀ ਜੋਤਿ ਸਮਾਂ ਗਏ।

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਦਰਸ਼ਨ

**ਦਸਤਗੀਰ ਹੁਇ ਪੰਜ ਪੀਰ ਹਰਿ**
**ਗੁਰੁ ਹਰਿ ਗੋਬਿੰਦ ਅਤੋਲਾ॥**
**ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ**
**ਪਾਤਿਸਾਹੁ ਅਡੋਲਾ॥**

ਭਾਈ ਗੁਰਦਾਸ ਜੀ ਨੇ ਇਹ ਤੁਕਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਬੰਧ ਵਿੱਚ ਆਪਣੀਆਂ ਵਾਰਾਂ ਵਿੱਚ ਦਰਜ ਕੀਤੀਆਂ ਹਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਇਸ ਤਰ੍ਹਾਂ ਵੀ ਲਿਖਿਆ ਹੈ:

**ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥**
**ਅਰਜਨ ਕਾਇਆਂ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ॥**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥**
**ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁਪਰਉਪਕਾਰੀ॥**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਕੁੱਖੋਂ ਸੰਮਤ 1652, (1595 ਈਸਵੀ) ਨੂੰ ਅੰਮ੍ਰਿਤਸਰ ਸਾਹਿਬ ਦੇ ਪਿੰਡ ਵਡਾਲੀ ਵਿਖੇ ਹੋਇਆ। ਗੁਰੂ ਜੀ ਦਾ ਬਚਪਨ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਮਹਾਨ ਸਿੱਖਾਂ ਦੀ ਸੰਗਤ ਵਿੱਚ ਗੁਜ਼ਰਿਆ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਤਲਵਾਰਬਾਜ਼ੀ, ਕੁਸ਼ਤੀ ਅਤੇ ਘੋੜ ਸਵਾਰੀ ਦੀ ਸਿੱਖਿਆ ਦਿੱਤੀ। ਆਪ ਜੀ ਦੀ ਉਮਰ ਜਦੋਂ ਲਗਭਗ 11 ਸਾਲ ਦੇ ਕਰੀਬ ਹੀ ਸੀ, ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਬਾਦਸ਼ਾਹ ਦੇ ਹੁਕਮ 'ਤੇ ਹੀ ਆਸਾ ਵਾਰ ਸਿਆਸਤ ਕਾਨੂੰਨ ਦੇ ਤਹਿਤ ਲਾਹੌਰ ਵਿਖੇ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਤੋਂ ਪਹਿਲਾਂ ਗੁਰਤਾ ਗੱਦੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੌਂਪ ਗਏ। ਆਪ ਜੀ ਸਿੱਖਾਂ ਦੇ ਛੇਵੇਂ ਗੁਰੂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਇਹ ਸੰਦੇਸ਼ ਦਿੱਤਾ ਕਿ ਹੁਣ ਤੋਂ ਬਾਅਦ ਸਿੱਖ ਧਰਮ ਵਿੱਚ ਪੀਰੀ ਦੇ ਨਾਲ ਮੀਰੀ ਵੀ ਬਰਾਬਰ ਚੱਲੇਗੀ। ਆਪ ਜੀ ਨੇ ਸਾਰੇ ਸਿੱਖਾਂ ਨੂੰ ਇਹ ਸੰਦੇਸ਼ ਦਿੱਤਾ ਕਿ ਜਦੋਂ ਵੀ ਸਿੱਖ ਸੰਗਤ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਵੇ ਤਾਂ ਉਹ ਧਨ-ਦੌਲਤ ਦੀ ਥਾਂ ਹਥਿਆਰ ਅਤੇ ਘੋੜੇ ਲੈ ਕੇ ਆਵੇ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਿਲਕੁੱਲ ਸਾਹਮਣੇ ਸੰਨ 1663 ਈਸਵੀ ਨੂੰ ਆਪ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਅਕਾਲ ਤਖਤ ਦਾ ਭਾਵ ਹੈ 'ਅਕਾਲ ਪੁਰਖ ਦਾ ਸਿੰਘਾਸਨ।' ਪਹਿਲਾਂ ਇਸ ਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ। ਬੁੰਗਾ ਤੋਂ ਭਾਵ ਅਜਿਹੀ ਵੱਡੀ ਇਮਾਰਤ ਤੋਂ ਹੁੰਦਾ ਹੈ ਜਿਸ ਦੇ ਉਤੇ ਗੁੰਬਦ ਬਣਿਆ ਹੋਵੇ। ਅੰਮ੍ਰਿਤਸਰ ਸ਼ਹਿਰ ਦੇ ਨੇੜੇ ਹੀ ਆਪ ਜੀ ਨੇ ਇਕ ਕਿਲਾ ਵੀ ਤਿਆਰ ਕਰਵਾਇਆ, ਜਿਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਅਕਾਲ ਤਖਤ ਸਾਹਿਬ ਨੂੰ ਦਿੱਲੀ ਦੇ ਜਹਾਂਗੀਰ ਬਾਦਸ਼ਾਹ ਦੇ ਤਖ਼ਤ ਨਾਲੋਂ ਲਗਭਗ ਡੇਢ ਫੁੱਟ ਉੱਚਾ ਰੱਖਿਆ ਗਿਆ। ਹੁਣ ਸਿੱਖਾਂ ਦੇ ਜੋ ਵੀ ਮਸਲੇ ਹੁੰਦੇ ਸਨ, ਉਹ ਸਾਰੇ ਅਕਾਲ ਤਖਤ ਸਾਹਿਬ ਉਤੇ ਵਿਚਾਰੇ ਜਾਂਦੇ ਅਤੇ ਗੁਰੂ ਜੀ ਆਪਣਾ ਫ਼ੈਸਲਾ ਸੁਣ ਕੇ ਸਾਰਿਆਂ ਲਈ ਯੋਗ ਹੁੰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਢਾਡੀ ਪ੍ਰੰਪਰਾ ਨੂੰ ਪ੍ਰਫੁੱਲਿਤ ਕੀਤਾ। ਆਪ ਜੀ ਦੇ ਦਰਬਾਰ 'ਚ ਨਚਣਾ ਅਤੇ ਅਬਦੁਲਾ ਨਾਂ ਦੇ ਦੋ ਢਾਡੀ ਸਨ, ਜੋ ਸਿੱਖ ਸੰਗਤਾਂ ਨੂੰ ਬੀਰ-ਰਸੀ ਵਾਰਾਂ ਸੁਣਾ ਕੇ ਉਨ੍ਹਾਂ ਵਿੱਚ ਜੋਸ਼ ਭਰਿਆ ਕਰਦੇ ਸਨ ਤੇ ਢਾਡੀ ਕਲਾ ਹੀ ਸੀ, ਜਿਸ ਨੇ ਵੱਡੇ-ਵੱਡੇ ਸੂਰਮਿਆਂ ਦੇ ਠੰਡੇ ਪੈ ਚੁੱਕੇ ਖ਼ੂਨ ਵਿੱਚ ਅਨੋਖੀ ਬੀਰਤਾ ਦਾ ਜੋਸ਼ ਭਰਿਆ।

ਸਿੱਖਾਂ ਨੂੰ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੁੰਦਿਆਂ ਵੇਖ ਕੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਇਸ ਨੂੰ ਆਪਣੇ ਰਾਜ ਭਾਗ ਦੇ ਲਈ ਵੱਡਾ ਖ਼ਤਰਾ

**-ਗੁਰਪ੍ਰੀਤ ਸਿੰਘ ਨਿਆਮੀਆਂ**

ਸਮਝਿਆ। ਦੂਜੇ ਪਾਸੇ ਚੰਦੂ ਨੇ ਵੀ ਬਾਦਸ਼ਾਹ ਜਹਾਂਗੀਰ ਦੇ ਖ਼ੂਬ ਕੰਨ ਭਰੇ ਅਤੇ ਦੱਸਿਆ ਕਿ ਗੁਰੂ ਜੀ ਦੇ ਬਰਾਬਰ ਆਪਣੀ ਫੌਜ ਤਿਆਰ ਕਰ ਰਹੇ ਹਨ। ਅਸਲ ਵਿੱਚ ਚੰਦੂ ਨੇ ਗੁਰੂ ਜੀ ਨੂੰ ਇਕ ਪੱਤਰ ਲਿਖ ਕੇ ਆਪਣੀ ਲੜਕੀ ਦਾ ਰਿਸ਼ਤਾ ਸਵੀਕਾਰ ਕਰ ਲੈਣ ਦੀ ਅਪੀਲ ਕੀਤੀ ਸੀ ਪਰ ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਜਿਸ ਨੂੰ ਚੰਦੂ ਨੇ ਆਪਣੀ ਬੇਇੱਜ਼ਤੀ ਸਮਝਿਆ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕਰ ਦਿੱਤਾ।

ਕਈ ਸਾਲਾਂ ਤੱਕ ਗੁਰੂ ਹਰਗੋਬਿੰਦ ਸਾਹਿਬ ਜੀ ਇਸ ਕਿਲ੍ਹੇ ਵਿੱਚ ਕੈਦ ਰਹੇ। ਵੱਡੀ ਗਿਣਤੀ ਵਿੱਚ ਸਿੱਖ ਬਾਬਾ ਬੁੱਢਾ ਜੀ ਜਾਂ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਰਵਾਨਾ ਹੁੰਦੇ ਅਤੇ ਗਵਾਲੀਅਰ ਦੇ ਕਿਲ੍ਹੇ ਤੱਕ ਪਹੁੰਚ ਕੇ ਗਵਾਲੀਅਰ ਦੇ ਕਿਲ੍ਹੇ ਦੀ ਦੀਵਾਰ ਨੂੰ ਨਮਸਕਾਰ ਕਰਕੇ ਸਿੱਖ ਉਥੋਂ ਵਾਪਸ ਆ ਜਾਂਦੇ। ਇਹ ਸਿਲਸਿਲਾ ਜਾਰੀ ਰਿਹਾ। ਬਾਦਸ਼ਾਹ ਉਤੇ ਗੁਰੂ ਜੀ ਨੂੰ ਰਿਹਾਅ ਕਰਨ ਲਈ ਦਬਾਅ ਵਧਦਾ ਗਿਆ ਤੇ ਅਖੀਰ ਉਸ ਨੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਲਿਆ। ਜਿਸ ਜੇਲ੍ਹ ਵਿੱਚ ਗੁਰੂ ਜੀ ਨਗਰ ਵਸਾਉਣ, ਉਥੇ 52 ਪਹਾੜੀ ਹਿੰਦੂ ਰਾਜੇ ਵੀ ਕੈਦ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਸਾਰੇ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਨ ਲਈ ਕਿਹਾ ਅਤੇ ਇਨ੍ਹਾਂ ਤੋਂ ਬਿਨਾਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ।

ਅਖੀਰ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਦੇ ਨਾਲ ਸਮਝਾ ਕੈਦੀਆਂ ਨੂੰ ਵੀ ਰਿਹਾਅ ਕਰਨਾ ਪਿਆ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਜਿਹੜਾ ਵੀ ਰਾਜਾ ਗੁਰੂ ਜੀ ਦੇ ਚੋਲੇ ਨੂੰ ਫੜ ਕੇ ਕਿਲ੍ਹੇ ਤੋਂ ਬਾਹਰ ਆ ਜਾਵੇਗਾ, ਉਸੇ ਨੂੰ ਰਿਹਾਅ ਕੀਤਾ ਜਾਵੇਗਾ। ਗੁਰੂ ਜੀ ਨੇ ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ 52 ਕਲੀਆਂ ਵਾਲਾ ਚੋਲਾ ਸਿਲਵਾਇਆ। ਸਾਰੇ ਦੇ ਸਾਰੇ ਰਾਜੇ ਗੁਰੂ ਜੀ ਦੇ ਇਸ ਚੋਲੇ ਦੀਆਂ ਕਲੀਆਂ ਨੂੰ ਫੜ ਕੇ ਕੈਦ 'ਚੋਂ ਰਿਹਾਅ ਹੋ ਗਏ। ਗੁਰੂ ਜੀ ਦੀ ਕਿਸੇ ਵੀ ਧਰਮ ਜਾਂ ਜਾਤ ਨਾਲ ਕੋਈ ਦੁਸ਼ਮਣੀ ਨਹੀਂ ਸੀ। ਉਹ ਕੇਵਲ ਇਨਸਾਨੀਅਤ ਦੀ ਸੇਵਾ ਕਰਦੇ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮੇਂ ਦੀ ਹਕੂਮਤ ਨਾਲ ਚਾਰ ਵੱਡੀਆਂ ਜੰਗਾਂ ਲੜਨੀਆਂ ਪਈਆਂ। ਇਨ੍ਹਾਂ ਚਾਰੇ ਜੰਗਾਂ ਵਿੱਚ ਜਿੱਤ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਹੋਈ।

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ ਸਨ। ਆਪ ਜੀ ਦੇ ਮਹਿਲ ਮਾਤਾ ਨਾਨਕੀ, ਮਹਾਦੇਵੀ ਜੀ ਅਤੇ ਦਮੋਦਰੀ ਜੀ ਸਨ। ਆਪ ਜੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਗੁਰੂ ਤੇਗ ਬਹਾਦਰ ਜੀ, ਬਾਬਾ ਅਣੀ ਰਾਇ ਜੀ ਅਤੇ ਬਾਬਾ ਅਟੱਲ ਰਾਏ ਜੀ ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਗੁਰੂ ਜੀ ਕੋਲੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਆਪਣੇ ਲਈ ਮੰਗ ਲਿਆ। ਬਾਅਦ ਵਿਚ ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਦਾਸੀ ਮੱਤ ਦਾ ਉੱਤਰਾਧਿਕਾਰੀ ਐਲਾਨ ਦਿੱਤਾ। ਬਾਬਾ ਗੁਰਦਿੱਤਾ ਜੀ ਤੇ ਉਨ੍ਹਾਂ ਦੀ ਪਤਨੀ ਨਿਹਾਲ ਕੌਰ ਦੀ ਕੁੱਖੋਂ ਗੁਰੂ ਹਰਿ ਰਾਏ ਜੀ ਦਾ ਪ੍ਰਕਾਸ਼ ਹੋਇਆ, ਜਿਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਦਾ ਸੱਤਵਾਂ ਗੁਰੂ ਐਲਾਨਿਆ ਤੇ ਗੁਰਤਾ ਗੱਦੀ ਸੰਭਾਲ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜੰਗਾਂ-ਯੁੱਧਾਂ ਤੋਂ ਵਿਹਲੇ ਹੋ ਕੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਪਹਾੜੀਆਂ ਵਿੱਚ ਇਕ ਸੁੰਦਰ ਸ਼ਹਿਰ ਵਸਾਉਣ ਦਾ ਆਦੇਸ਼ ਦਿੱਤਾ ਸੀ, ਜਿਸ ਦੇ ਨਤੀਜੇ ਵਜੋਂ ਕੀਰਤਪੁਰ ਸਾਹਿਬ ਸ਼ਹਿਰ ਹੋਂਦ ਵਿੱਚ ਆਇਆ। ਗੁਰੂ ਹਰਗੋਬਿੰਦ ਸਾਹਿਬ ਇਸੇ ਸ਼ਹਿਰ 'ਚ ਆ ਕੇ ਰਹਿਣ ਲੱਗੇ ਅਤੇ ਇੱਥੇ ਹੀ ਜੋਤੀ-ਜੋਤ ਸਮਾਏ।

# ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ



ਰਣਜੀਤ ਸਿੰਘ ਘੁੰਮਣ

ਪੰਜਾਬ ਨਸ਼ਾਖੋਰੀ ਦੇ ਸੰਕਟ ਨਾਲ ਜੂਝ ਰਿਹਾ ਹੈ ਜਿਸ ਨੇ ਕਈ ਜਵਾਨ ਜ਼ਿੰਦਗੀਆਂ ਨੂੰ ਨਿਗ਼ਲ ਲਿਆ ਹੈ। ਬਦਨਸੀਬੀ ਨਾਲ ਸੂਬੇ ਕੋਲ ਨਸ਼ਿਆਂ ਦੇ ਆਦੀਆਂ ਤੇ ਇਸ ਨਾਲ ਸਬੰਧਿਤ ਮੌਤਾਂ, ਉਨ੍ਹਾਂ ਦੇ ਸਮਾਜਿਕ-ਆਰਥਿਕ ਪਿਛੋਕੜ, ਨਸ਼ਾਖੋਰੀ ਦੇ ਕਾਰਨਾਂ ਅਤੇ ਇਸ ਦੇ ਸਮਾਜਿਕ-ਆਰਥਿਕ ਨੁਕਸਾਨ ਦੀ ਵਿਆਪਕ ਜਾਣਕਾਰੀ ਨਹੀਂ ਹੈ। 'ਦਿ ਟ੍ਰਿਬਿਊਨ' ਵਿੱਚ ਛਪੀ ਇੱਕ ਹਾਲੀਆ ਰਿਪੋਰਟ, 'ਪੰਜਾਬ ਡਰੱਗ ਓਵਰਡੋਜ਼: 14 ਦਿਨਾਂ ਵਿੱਚ 14 ਮੌਤਾਂ', ਨੇ ਉਭਾਰਿਆ ਹੈ ਕਿ ਸਰਕਾਰ ਇਸ ਸੰਕਟ ਨਾਲ ਨਜਿੱਠਣ ਵਿੱਚ ਨਾਕਾਮ ਹੋਈ ਹੈ, ਇਹ ਸੰਕੇਤ ਕਰਦੀ ਹੈ ਕਿ ਮੁੱਦਾ ਓਵਰਡੋਜ਼ ਤੋਂ ਕਿਤੇ ਵੱਡਾ ਹੈ; ਇਸ ਵਿੱਚ ਨਸ਼ਿਆਂ ਦੇ ਜਾਲ 'ਚ ਫਸਣ ਦਾ ਖ਼ਤਰਾ ਅਤੇ ਭਰੀ ਜਵਾਨੀ 'ਚ ਮੌਤਾਂ ਹੋਣਾ ਵੀ ਸ਼ਾਮਿਲ ਹੈ। ਚਿੰਤਾਜਨਕ ਹੈ ਕਿ ਅੱਲ੍ਹੜ ਵੀ ਨਸ਼ਿਆਂ ਦੀ ਲਤ ਦੇ ਸ਼ਿਕਾਰ ਹੋ ਰਹੇ ਹਨ। ਲੋੜ ਹੈ ਇੱਕ ਬਹੁਪੱਖੀ ਰਣਨੀਤੀ ਦੀ ਜੋ ਨਸ਼ਾਖੋਰੀ ਦੇ ਮੁੱਢਲੇ ਕਾਰਨਾਂ ਦਾ ਹੱਲ ਤਲਾਸ਼ੇ, ਨਸ਼ਿਆਂ ਦੀ ਸਪਲਾਈ ਤੇ ਮੰਗ ਉੱਤੇ ਲਗਾਮ ਕੱਸੇ, ਨਸ਼ਾ ਛੁਡਾਏ ਜਾਣ ਤੇ ਪੁਨਰਵਾਸ ਨੂੰ ਹੁਲਾਰਾ ਦੇਵੇ ਅਤੇ ਨਸ਼ਾ ਲੈਣ ਵਾਲਿਆਂ ਦੀ ਗਿਣਤੀ ਵਧਣ ਤੋਂ ਰੋਕੇ।

ਸਹਿਯੋਗੀਆਂ ਗੁਰਿੰਦਰ ਕੌਰ ਤੇ ਜਤਿੰਦਰ ਸਿੰਘ ਅਤੇ ਮੇਰੇ ਵੱਲੋਂ ਚੰਡੀਗੜ੍ਹ ਦੇ ਦਿਹਾਤੀ ਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਕਰਿੱਡ) 'ਚ ਹਾਲ ਹੀ ਵਿੱਚ ਕੀਤੇ ਗਏ ਅਧਿਐਨ, ਜਿਸ ਦਾ ਸਿਰਲੇਖ 'ਭਾਰਤ ਵਿੱਚ ਨਸ਼ਾਖੋਰੀ ਤੇ ਨਸ਼ੇ ਦੀ ਦੁਰਵਰਤੋਂ ਦੇ ਕਾਰਕ, ਪੰਜਾਬ 'ਤੇ ਵਿਸ਼ੇਸ਼ ਧਿਆਨ' (ਰੂਟਲੇਜ, 2024) ਹੈ, ਨਸ਼ਾਖੋਰੀ ਪਿਛਲੇ ਰਾਜਨੀਤਕ-ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਕਾਰਨਾਂ 'ਚ ਡੂੰਘਾ ਉੱਤਰਦਾ ਹੈ। ਇਹ ਅਧਿਐਨ ਭਾਰਤ ਦੀ ਸਮਾਜ ਵਿਗਿਆਨ ਖੋਜ ਕੌਂਸਲ (ਆਈਸੀਐੱਸਐੱਸਆਰ), ਨਵੀਂ ਦਿੱਲੀ ਵੱਲੋਂ ਕਰਵਾਇਆ ਗਿਆ ਹੈ। ਇਸ ਅਧਿਐਨ ਵਿੱਚ ਮੁੱਢਲੇ ਕਾਰਨਾਂ ਦਾ ਵਿਆਪਕ ਹੱਲ ਤਲਾਸ਼ਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ ਜਿਸ ਤੋਂ ਬਿਨਾਂ ਪੰਜਾਬ ਵਿੱਚ ਨਸ਼ਿਆਂ ਦੇ ਸੰਕਟ ਦੇ ਸਥਾਈ ਹੱਲ ਪਹੁੰਚ ਤੋਂ ਬਾਹਰ ਹੀ ਰਹਿਣਗੇ। ਇਸ 'ਚ ਤਸਕਰਾਂ, ਪੁਲੀਸ ਤੇ ਸਿਆਸਤਦਾਨਾਂ (ਐੱਸਪੀਪੀ) ਦੇ ਨਾਪਾਕ ਗੱਠਜੋੜ ਦਾ ਵੀ ਖ਼ੁਲਾਸਾ ਕੀਤਾ ਗਿਆ ਹੈ ਜਿਸ ਦਾ ਸਬੂਤ ਸੀਨੀਅਰ ਪੁਲੀਸ ਅਧਿਕਾਰੀਆਂ 'ਤੇ ਮੁਕੱਦਮੇ ਚੱਲਣਾ ਹੈ ਤੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਥਿਤ ਤੌਰ 'ਤੇ ਕੁਝ ਪੁਲੀਸ ਕਰਮੀਆਂ ਦੀ ਤਸਕਰਾਂ ਨਾਲ ਮਿਲੀਭੁਗਤ ਕਬੂਲੀ ਹੈ, ਨਤੀਜੇ ਵਜੋਂ ਪੁਲੀਸ ਮੁਲਾਜ਼ਮਾਂ ਦੇ ਤਬਾਦਲੇ ਹੋਏ ਹਨ।

ਚੋਣਾਂ ਦੌਰਾਨ ਮਾਦਕ ਪਦਾਰਥਾਂ ਤੇ ਨਸ਼ਿਆਂ ਦੀ ਵੰਡ ਇਸ ਸੰਕਟ ਨਾਲ ਨਜਿੱਠਣ ਦੀ ਸਿਆਸੀ ਇੱਛਾ ਸ਼ਕਤੀ ਨੂੰ ਹੋਰ ਵੀ ਕਮਜ਼ੋਰ ਕਰਦੀ ਹੈ। ਵੱਖ-ਵੱਖ ਸਰਕਾਰਾਂ ਨੇ ਲਗਾਤਾਰ ਇਸ ਮੁੱਦੇ ਨੂੰ ਨਜ਼ਰਅੰਦਾਜ਼ ਕੀਤਾ ਹੈ। 2009 ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਖ਼ਲ ਇੱਕ ਹਲਫ਼ਨਾਮੇ ਵਿੱਚ ਗ਼ਲਤ ਦਾਅਵਾ ਕੀਤਾ ਗਿਆ ਕਿ ਰਾਜ ਦੇ 70 ਪ੍ਰਤੀਸ਼ਤ ਨੌਜਵਾਨ ਨਸ਼ਿਆਂ ਦੇ ਆਦੀ ਹਨ। 2016 ਵਿੱਚ ਆਈ ਹਿੰਦੀ ਫਿਲਮ 'ਉੜਤਾ ਪੰਜਾਬ' ਨੇ ਇਸ ਮੁੱਦੇ ਨੂੰ ਕਾਫ਼ੀ ਵੱਡਾ ਬਣਾ ਦਿੱਤਾ ਤੇ ਪੂਰੇ ਦੇਸ਼ ਦਾ ਧਿਆਨ ਖਿੱਚਿਆ। ਸੰਨ 2013 ਵਿੱਚ ਕਈ ਹਜ਼ਾਰ ਕਰੋੜ ਰੁਪਏ ਦੇ ਡਰੱਗ ਰੈਕੇਟ 'ਚ ਪੰਜਾਬ ਪੁਲੀਸ ਦੇ ਬਰਖਾਸਤ ਡੀਐੱਸਪੀ ਜਗਦੀਸ਼ ਸਿੰਘ ਭੋਲਾ ਦੀ ਗ੍ਰਿਫ਼ਤਾਰੀ ਨੇ ਦੱਸਿਆ ਕਿ ਇਸ ਸਮੱਸਿਆ ਦਾ ਘੇਰਾ ਕਿੰਨਾ ਵਿਆਪਕ ਹੈ। ਦਹਾਕੇ ਤੋਂ ਵੀ ਵੱਧ ਸਮਾਂ ਪ੍ਰਮੁੱਖ ਚੋਣ ਮੁੱਦਾ ਬਣੇ ਰਹਿਣ ਦੇ ਬਾਵਜੂਦ, ਇਸ ਪਾਸੇ ਕੋਈ ਜ਼ਿਆਦਾ ਸੁਧਾਰ ਦੇਖਣ ਨੂੰ ਨਹੀਂ ਮਿਲਿਆ। ਹਾਈਕੋਰਟ ਨੂੰ 2018 ਵਿੱਚ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਨੂੰ ਵੀ ਪ੍ਰਸ਼ਾਸਕੀ ਤੇ ਕਾਨੂੰਨੀ ਅੜਿੱਕਿਆਂ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਐੱਸਪੀਪੀ ਦੀ ਮਿਲੀਭੁਗਤ ਵੱਲ ਸੰਕੇਤ ਕੀਤਾ। ਇਕ ਵਿਸ਼ੇਸ਼ ਰਿਪੋਰਟ ਤੋਂ ਬਾਅਦ ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਇੱਕ ਹੋਰ ਜੰਗ ਛੇੜੀ ਹੈ। ਪਰ ਇਸ ਤਰ੍ਹਾਂ ਦੇ ਐਲਾਨ ਪਹਿਲਾਂ ਵੀ ਕੀਤੇ ਗਏ ਹਨ, ਜੋ ਬਹੁਤੇ ਕਾਮਯਾਬ ਨਹੀਂ ਹੋਏ। 2017 ਵਿੱਚ ਏਡੀਜੀਪੀ ਦੀ ਅਗਵਾਈ ਵਿੱਚ 'ਐੱਸਟੀਐੱਫ' ਦਾ ਗਠਨ, ਸਾਬਕਾ ਕੈਬਨਿਟ ਮੰਤਰੀ ਤੇ ਭੋਲੇ ਦੀ ਗ੍ਰਿਫ਼ਤਾਰੀ ਅਤੇ ਹਜ਼ਾਰਾਂ ਤਸਕਰਾਂ ਤੇ ਨਸ਼ੇੜੀਆਂ ਨੂੰ ਫੜਨ ਜਿਹੇ ਕਦਮ ਜ਼ਿਕਰਯੋਗ ਸਨ। ਸਰਕਾਰ ਨੇ ਇਸ ਸਬੰਧੀ ਕਈ ਯੋਜਨਾਵਾਂ ਵੀ ਲਾਂਚ ਕੀਤੀਆਂ, ਜਿਨ੍ਹਾਂ ਵਿੱਚ 'ਓਟ' ਕਲੀਨਿਕ ਤੇ 'ਬਡੀ' ਪ੍ਰੋਗਰਾਮ ਸ਼ਾਮਿਲ ਸਨ। ਇਸ ਤੋਂ ਇਲਾਵਾ ਨਸ਼ਾ ਛੁਡਾਉਣ ਲਈ ਅਧਿਕਾਰੀ ਵੀ ਰੱਖੇ ਗਏ ਸਨ। ਹਾਲਾਂਕਿ, ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਨਸ਼ਿਆਂ ਦਾ ਸੰਕਟ ਬਰਕਰਾਰ ਹੈ।

ਸਾਡਾ ਅਧਿਐਨ ਨਸ਼ਾਖੋਰੀ ਦੇ ਗੰਭੀਰ ਸਮਾਜਿਕ-ਆਰਥਿਕ ਅਸਰਾਂ ਨੂੰ ਵੀ ਦਰਜ ਕਰਦਾ ਹੈ, ਜੋ ਸਿਹਤ ਸੰਭਾਲ ਢਾਂਚੇ ਅਤੇ ਕਾਨੂੰਨ ਪ੍ਰਣਾਲੀ 'ਤੇ ਬੋਝ ਹਨ ਅਤੇ ਨਾਲ-ਨਾਲ ਮਾਨਵੀ ਕਿਰਤ ਸ਼ਕਤੀ ਦੇ ਸਭ ਤੋਂ ਅਹਿਮ ਸਾਲ ਵੀ ਖਾ ਜਾਂਦੇ ਹਨ, ਨਤੀਜੇ ਵਜੋਂ ਐੱਚਆਈਵੀ/ਏਡਜ਼ ਵਰਗੀਆਂ ਬਿਮਾਰੀਆਂ ਨਾਲ ਲੋਕਾਂ ਦੀ ਘੱਟ ਉਮਰ ਵਿੱਚ ਮੌਤ ਹੋ ਜਾਂਦੀ ਹੈ।

ਪੰਜਾਬ ਦੀ ਡਰੱਗ ਸਪਲਾਈ ਕੌਮਾਂਤਰੀ ਤੇ ਘਰੇਲੂ ਸਰੋਤਾਂ ਤੋਂ ਆਉਂਦੀ ਹੈ। 'ਦਿ ਗੋਲਡਨ ਕ੍ਰਿਸੈਂਟ' (ਇਰਾਨ, ਅਫ਼ਗਾਨਿਸਤਾਨ ਤੇ ਪਾਕਿਸਤਾਨ) ਅਤੇ 'ਦਿ ਗੋਲਡਨ ਟਰਾਇਐਂਗਲ' (ਮਿਆਂਮਾਰ, ਲਾਓਸ, ਥਾਈਲੈਂਡ) ਵੱਡੇ ਕੌਮਾਂਤਰੀ ਰੂਟ ਹਨ ਤੇ ਪੰਜਾਬ 'ਗੋਲਡਨ ਕ੍ਰਿਸੈਂਟ' ਦੇ ਰਾਹ 'ਚ ਪੈਂਦਾ ਹੈ। ਇਸ ਤੋਂ ਇਲਾਵਾ, 'ਓਪਿਆਇਡ' ਅਧਾਰਿਤ ਤੇ ਸਿੰਥੈਟਿਕ ਨਸ਼ੇ ਘਰੇਲੂ ਪੱਧਰ 'ਤੇ ਹੀ ਬਣਦੇ ਤੇ ਸਪਲਾਈ ਹੁੰਦੇ ਹਨ। ਨਸ਼ਿਆਂ ਨੂੰ ਵੇਚਣ ਅਤੇ ਇਨ੍ਹਾਂ ਦੀ ਵਰਤੋਂ ਵਿੱਚ ਸਹਾਈ ਹੋਣ ਵਾਲੇ ਆਰਥਿਕ ਕਾਰਕਾਂ ਵਿੱਚ ਉੱਚੀ ਬੇਰੁਜ਼ਗਾਰੀ, ਨੀਵੇਂ ਪੱਧਰ ਦਾ ਰੁਜ਼ਗਾਰ, ਘੱਟ ਉਜਰਤਾਂ ਅਤੇ ਨਸ਼ਿਆਂ ਦੇ ਧੰਦੇ ਤੋਂ ਹੋਣ ਵਾਲੀ ਆਮਦਨ ਸ਼ਾਮਿਲ ਹਨ। ਖਾਂਦੇ ਪੀਂਦੇ ਘਰਾਂ ਵਿੱਚ ਪੈਸੇ ਦੀ ਆਸਾਨ ਰਸਾਈ ਵੀ ਇੱਕ ਕਾਰਕ ਹੈ। ਸਮਾਜਿਕ ਕਾਰਕਾਂ ਵਿੱਚ ਬਜ਼ੁਰਗਾਂ ਵੱਲੋਂ ਨਸ਼ਿਆਂ ਦੀ ਵਰਤੋਂ, ਹਾਣੀਆਂ ਦਾ ਦਬਾਅ, ਪਰਿਵਾਰਕ ਸਬੰਧਾਂ ਵਿੱਚ ਤਣਾਅ, ਖ਼ਾਹਿਸ਼ਾਂ ਦੀ ਪੂਰਤੀ ਨਾ ਹੋਣਾ, ਮਾਯੂਸੀ, ਨਾਕਾਮੀ, ਛੋਟੇ ਪਰਿਵਾਰਾਂ ਦਾ ਚਲਨ ਅਤੇ ਵਧਦਾ ਵਿਅਕਤੀਵਾਦ ਅਤੇ ਇਕਲਾਪਾ ਆਦਿ ਸ਼ਾਮਿਲ ਹਨ। ਨਸ਼ਿਆਂ ਦੇ ਘਾਤਕ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਦੀ ਘਾਟ ਅਤੇ ਨਾਗਰਿਕ ਸਮਾਜ ਦੀ ਉਪਰਾਮਤਾ ਨਾਲ ਸਮੱਸਿਆ ਵਿਕਰਾਲ ਰੂਪ ਧਾਰ ਲੈਂਦੀ ਹੈ। ਸਿਆਸੀ ਤੌਰ 'ਤੇ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦਰਮਿਆਨ ਬਣਿਆ ਗੱਠਜੋੜ ਇੱਕ ਵੱਡਾ ਰੋੜਾ ਬਣਿਆ ਹੋਇਆ ਹੈ।

ਨਸ਼ਿਆਂ ਦੀ ਅਲਾਮਤ ਨਾਲ ਸਿੱਝਣ ਲਈ ਇਹ ਪ੍ਰਵਾਨ ਕਰਨਾ ਜ਼ਰੂਰੀ ਹੈ ਕਿ ਨਸ਼ਿਆਂ ਦੇ ਆਦੀ ਇੱਕ ਗਹਿਰੀ ਸਮਾਜਿਕ-ਸਭਿਆਚਾਰਕ ਅਤੇ ਸਿਆਸੀ-ਆਰਥਿਕ ਵਿਗਾੜਾਂ ਦੇ ਪੀੜਤ ਹਨ ਅਤੇ ਇਨ੍ਹਾਂ ਨੂੰ ਅਪਰਾਧੀਆਂ ਦੀ ਬਜਾਇ ਮਰੀਜ਼ ਸਮਝ ਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਕਾਨੂੰਨੀ ਅਮਲਦਾਰੀ (ਐਨਫੋਰਸਮੈਂਟ), ਨਸ਼ੇ ਛੁਡਵਾਉਣ ਅਤੇ ਨਸ਼ਿਆਂ ਦੀ ਰੋਕਥਾਮ ਦੀ ਤਿੰਨ-ਪਰਤੀ ਰਣਨੀਤੀ ਤਿਆਰ ਕੀਤੀ ਹੈ ਪਰ ਇਸ ਤੋਂ ਇਲਾਵਾ ਮੁੜ ਵਸੇਬੇ ਅਤੇ ਨਸ਼ੇ ਛੱਡਣ ਤੋਂ ਬਾਅਦ ਮੁੜ ਇਨ੍ਹਾਂ ਦੀ ਚੁੰਗਲ ਵਿਚ ਪੈਣ ਤੋਂ ਰੋਕਣ ਉੱਤੇ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਲਤ ਨੂੰ ਕਾਬੂ ਕਰਨ ਲਈ ਇੱਕ ਸਰਬਪੱਖੀ ਪਹੁੰਚ ਅਪਣਾਉਣੀ ਚਾਹੀਦੀ ਹੈ ਜਿਸ ਵਿੱਚ ਹੇਠ ਲਿਖੇ ਨੁਕਤੇ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ :

1. ਨਸ਼ਿਆਂ ਦੀ ਅਲਾਮਤ ਬਾਰੇ ਵਿਆਪਕ ਜਾਣਕਾਰੀਆਂ ਇਕੱਤਰ ਕਰਨ ਲਈ ਇੱਕ ਭਰਵਾਂ ਡੇਟਾ ਕੁਲੈਕਸ਼ਨ ਸਿਸਟਮ ਸਥਾਪਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਸਮਾਜਿਕ ਆਰਥਿਕ ਬਿਓਰੇ, ਨਸ਼ਿਆਂ ਦੀ ਲਤ ਦੇ ਕਾਰਨ ਅਤੇ ਇਸ ਦੀ ਸਮਾਜਿਕ-ਆਰਥਿਕ ਲਾਗਤ ਦੇ ਪੱਖ ਸ਼ਾਮਿਲ ਹੋਣ। ਇਨ੍ਹਾਂ ਅੰਕੜਿਆਂ ਨਾਲ ਬੱਝਵੇਂ ਰੂਪ ਵਿੱਚ ਦਖ਼ਲ ਦੇਣ ਵਿੱਚ ਮਦਦ ਮਿਲੇਗੀ।

2. ਨਸ਼ਾ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਤੋੜਨ ਦੇ ਯਤਨਾਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਨਸ਼ਿਆਂ ਦੀ ਤਸਕਰੀ ਅਤੇ ਵੰਡ ਖ਼ਿਲਾਫ਼ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਤੇਜ਼ੀ ਨਾਲ ਨਿਆਂਇਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

3. ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਸਤਾਰ ਅਤੇ ਸੁਧਾਰ ਕੀਤਾ ਜਾਵੇ ਤੇ ਇਨ੍ਹਾਂ ਤੱਕ ਪੀੜਤਾਂ ਦੀ ਪਹੁੰਚ ਅਤੇ ਲੋੜੀਂਦਾ ਸਟਾਫ਼ ਮੁਹੱਈਆ ਕਰਵਾਇਆ ਜਾਵੇ। ਸਬੂਤ ਅਧਾਰਿਤ ਇਲਾਜ ਵਿਧੀਆਂ ਨੂੰ ਲਾਗੂ ਕੀਤਾ ਜਾਵੇ ਅਤੇ ਨਸ਼ਿਆਂ ਦੀ ਲਤ ਤੋਂ ਉਭਰਨ ਵਾਲੇ ਵਿਅਕਤੀਆਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਸਹਾਇਤਾ ਮੁਹੱਈਆ ਕਰਵਾਈ ਜਾਵੇ।

4. ਸਕੂਲਾਂ, ਕਾਲਜਾਂ ਅਤੇ ਭਾਈਚਾਰਿਆਂ ਅੰਦਰ ਬੱਝਵੇਂ ਅਤੇ ਟੀਚਾਬੱਧ ਢੰਗ ਨਾਲ ਨਸ਼ਿਆਂ ਦੀ ਲਤ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਮਦਦ ਮੰਗਣ ਦੇ ਮਹੱਤਵ ਨੂੰ ਉਜਾਗਰ ਕੀਤਾ ਜਾਵੇ।

5. ਰੁਜ਼ਗਾਰ ਦੇ ਅਵਸਰ ਪੈਦਾ ਕਰ ਕੇ ਅਤੇ ਹੁਨਰ ਵਿਕਾਸ ਦੇ ਪ੍ਰੋਗਰਾਮ ਚਲਾ ਕੇ ਬੇਰੁਜ਼ਗਾਰੀ ਅਤੇ ਘੱਟ ਰੁਜ਼ਗਾਰ ਦੀ ਸਮੱਸਿਆ ਨਾਲ ਸਿੱਝਿਆ ਜਾਵੇ। ਨਸ਼ਿਆਂ ਦੀ ਲਤ ਵਿੱਚ ਸਹਾਈ ਹੋਣ ਵਾਲੇ ਸਮਾਜਿਕ-ਆਰਥਿਕ ਕਾਰਕਾਂ ਨੂੰ ਘਟਾਉਣ ਲਈ ਸਮਾਜਿਕ ਇਮਦਾਦੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾਵੇ।

6. ਮੁਕਾਮੀ ਪਹਿਲਕਦਮੀਆਂ ਅਤੇ ਸਹਾਇਤਾ ਗਰੁੱਪਾਂ ਜ਼ਰੀਏ ਨਸ਼ਿਆਂ ਦੀ ਲਤ ਨਾਲ ਸਿੱਝਣ ਲਈ ਮੁਕਾਮੀ ਲੋਕਾਂ ਦੀ ਭਾਗੀਦਾਰੀ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਨੀਤੀਗਤ ਤਬਦੀਲੀਆਂ ਲਈ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਨੂੰ ਲਾਮਬੰਦ ਕੀਤਾ ਜਾਵੇ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਮਦਦ ਪਹੁੰਚਾਈ ਜਾਵੇ।

7. ਸਰਹੱਦ ਪਾਰੋਂ ਹੁੰਦੀ ਨਸ਼ਿਆਂ ਦੀ ਤਸਕਰੀ ਦੀ ਰੋਕਥਾਮ ਲਈ ਗੁਆਂਢੀ ਦੇਸ਼ਾਂ ਨਾਲ ਤਾਲਮੇਲ ਕੀਤਾ ਜਾਵੇ। ਨਸ਼ਿਆਂ ਦੀ ਸਪਲਾਈ ਦੀ ਰੋਕਥਾਮ ਲਈ ਸਰਹੱਦੀ ਸੁਰੱਖਿਆ ਅਤੇ ਖ਼ੁਫ਼ੀਆ ਜਾਣਕਾਰੀਆਂ ਦਾ ਇੱਕ ਦੂਜੇ ਨਾਲ ਤਬਾਦਲਾ ਕੀਤਾ ਜਾਵੇ।

8. ਅੰਤਰਰਾਜੀ ਸਹਿਯੋਗ ਯਕੀਨੀ ਬਣਾਇਆ ਜਾਵੇ ਜਿਸ ਨਾਲ ਬਾ-ਮੌਕਾ ਸੂਚਨਾ ਅਤੇ ਅੰਕੜੇ ਸਾਂਝੇ ਕਰ ਕੇ ਕਾਰਗਰ ਦਖ਼ਲਅੰਦਾਜ਼ੀ ਕੀਤੀ ਜਾਵੇ। ਇੱਕ ਵਿਆਪਕ ਅਤੇ ਬੱਝਵੀਂ ਪਹੁੰਚ ਨਾਲ ਨਸ਼ਿਆਂ ਦੀ ਸਮੱਸਿਆ ਨੂੰ ਮੁਖ਼ਾਤਿਬ ਹੋ ਕੇ ਪੰਜਾਬ ਨਸ਼ਿਆਂ ਦੀ ਲਤ ਅਤੇ ਇਸ ਨਾਲ ਜੁੜੀਆਂ ਸਮਾਜਿਕ ਆਰਥਿਕ ਲਾਗਤਾਂ ਨੂੰ ਘਟਾਉਣ ਵਿੱਚ ਅਹਿਮ ਪੇਸ਼ਕਦਮੀ ਕਰ ਸਕਦਾ ਹੈ। ਹਾਲਾਤ ਵਿੱਚ ਬੁਨਿਆਦੀ ਮੋੜਾ ਲਿਆਉਣ ਲਈ ਦ੍ਰਿੜ੍ਹਤਾ, ਖਲੂਸ ਅਤੇ ਤਨਦੇਹੀ ਨਾਲ ਨਸ਼ਿਆਂ ਖ਼ਿਲਾਫ਼ ਲੜਾਈ ਲੜਨੀ ਪਵੇਗੀ।

# ਸ਼ਾਂਤੀ ਦੇ ਇੰਤਜ਼ਾਰ 'ਚ ਮਣੀਪੁਰ : ਕਈ ਪਿੰਡ ਵੀਰਾਨ, ਲੋਕਾਂ ਲਈ ਰੋਜ਼ੀ ਰੋਟੀ ਕਮਾਉਣਾ ਔਖਾ

19 ਅਪ੍ਰੈਲ, 2023 ਨੂੰ ਮਣੀਪੁਰ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਮੈਤੇਈ ਭਾਈਚਾਰੇ ਨੂੰ ਵੀ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੰਗ 'ਤੇ ਆਪਣੀਆਂ ਸਿਫਾਰਿਸ਼ਾਂ ਪੇਸ਼ ਕਰਨ ਦਾ ਹੁਕਮ ਦੇਣ ਦੇ ਵਿਰੁੱਧ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਾਲੇ ਬੀਤੇ ਸਾਲ 3 ਮਈ ਤੋਂ ਸ਼ੁਰੂ ਹੋਈ ਫਿਰਕੂ ਹਿੰਸਾ ਅਜੇ ਵੀ ਜਾਰੀ ਹੈ। ਅਧਿਕਾਰਤ ਅੰਕੜਿਆਂ ਅਨੁਸਾਰ ਇਸ ਸੰਘਰਸ਼ ਦੌਰਾਨ ਹੁਣ ਤੱਕ 221 ਲੋਕ ਮਾਰੇ ਗਏ ਹਨ ਅਤੇ 60,000 ਉਜੜੇ ਹੋਏ ਹਨ ਜੋ ਅਤਿ ਦੇ ਮੁਸ਼ਕਲ ਹਾਲਾਤ 'ਚ ਰਾਹਤ ਕੈਂਪਾਂ 'ਚ ਰਹਿ ਰਹੇ ਹਨ। ਕਿਸੇ ਸਮੇਂ ਬਹੁਤ ਜ਼ਿਆਦਾ ਸ਼ਾਂਤ ਰਹਿਣ ਵਾਲਾ ਇਹ ਸੂਬਾ ਅੱਜ ਸ਼ਾਂਤੀ ਲਈ ਤਰਸ ਰਿਹਾ ਹੈ। ਹਾਲਾਂਕਿ ਸੂਬੇ ਦੇ ਕੁਝ ਇਲਾਕਿਆਂ 'ਚ ਲੋਕ ਆਪਣੀ ਜ਼ਿੰਦਗੀ ਨੂੰ ਪਟੜੀ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਪਰ ਕਈ ਇਲਾਕਿਆਂ 'ਚ ਅਜੇ ਵੀ ਤਣਾਅ ਫੈਲਿਆ ਹੈ ਤੇ ਸ਼ਾਮ ਦਾ ਕਰਫਿਊ ਜਾਰੀ ਹੈ। ਕਈ ਪਿੰਡ ਵੀਰਾਨ ਪਏ ਹਨ ਅਤੇ ਲੋਕਾਂ, ਖਾਸ ਕਰ ਕੇ ਔਰਤਾਂ ਲਈ ਰੋਜ਼ੀ-ਰੋਟੀ ਕਮਾਉਣਾ ਬੜਾ ਔਖਾ ਹੋ ਗਿਆ ਹੈ।

ਇਸੇ ਤਰ੍ਹਾਂ ਦੇ ਹਾਲਾਤ ਵਿਚਾਲੇ 'ਰਾਸ਼ਟਰੀ ਸਵੈਮ-ਸੇਵਕ ਸੰਘ' ਦੇ ਮੁਖੀ ਡਾ. ਮੋਹਨ ਭਾਗਵਤ ਨੇ ਮਣੀਪੁਰ 'ਚ ਜਾਰੀ ਫਿਰਕੂ ਟਕਰਾਅ 'ਤੇ ਚਿੰਤਾ ਜਤਾਉਂਦੇ ਹੋਏ 10 ਜੂਨ ਨੂੰ ਕਿਹਾ ਸੀ ਕਿ "ਮਣੀਪੁਰ ਦੇ ਹਾਲਾਤ ਨੂੰ ਪਹਿਲ ਦੇ ਆਧਾਰ 'ਤੇ ਬਿਨਾਂ ਦੇਰ ਹੱਲ ਕਰਨ ਦੀ ਕੋਸ਼ਿਸ਼ ਕਰਨ ਦੀ ਲੋੜ ਹੈ।" "ਹਿੰਸਾ ਨਾਲ ਨੁਕਸਾਨਿਆ ਇਹ ਸੂਬਾ ਇਕ ਸਾਲ ਤੋਂ ਸ਼ਾਂਤੀ ਦੇ ਇੰਤਜ਼ਾਰ 'ਚ ਹੈ। ਇਹ ਅੱਜ ਤੱਕ ਸੜ ਰਿਹਾ ਹੈ ਅਤੇ ਸਹਾਇਤਾ ਲਈ ਅਪੀਲ ਕਰ ਰਿਹਾ ਹੈ। ਇਸ ਪਾਸੇ ਕੌਣ ਧਿਆਨ ਦੇਵੇਗਾ? ਸਾਡੀ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਨੂੰ ਪਹਿਲ ਦਈਏ।"



ਅਤੇ ਹੁਣ ਲੋਕ ਸਭਾ ਦੇ ਮੈਂਬਰ ਏ.ਬਿਮਲ ਅਕੋਈਜਾਮ (ਕਾਂਗਰਸ) ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਸੰਸਦ ਦੇ ਸਾਂਝੇ ਇਜਲਾਸ ਦੌਰਾਨ ਆਪਣੇ ਭਾਸ਼ਣ 'ਚ ਮਣੀਪੁਰ ਦਾ ਕੋਈ ਜ਼ਿਕਰ ਨਾ ਕਰਨ 'ਤੇ ਨਾਰਾਜ਼ਗੀ ਜਤਾਈ ਹੈ। 1 ਜੁਲਾਈ, 2024 ਨੂੰ ਦੇਰ ਰਾਤ ਸੰਸਦ 'ਚ ਆਖਰੀ ਬੁਲਾਰੇ ਦੇ ਤੌਰ 'ਤੇ ਬੋਲਦੇ ਹੋਏ 'ਇੰਟਰਨਲ ਮਣੀਪੁਰ' ਤੋਂ ਪਹਿਲੀ ਵਾਰ ਸੰਸਦ ਮੈਂਬਰ ਚੁਣੇ ਗਏ ਏ. ਬਿਮਲ ਅਕੋਈਜਾਮ ਨੇ ਪਿਛਲੇ ਇਕ ਸਾਲ ਤੋਂ ਵੱਧ ਸਮੇਂ 'ਚ ਉੱਤਰ ਪੂਰਬ ਦੇ ਇਸ ਸੂਬੇ 'ਚ ਰਾਹਤ ਕੈਂਪਾਂ 'ਚ ਰਹਿ ਰਹੇ 60,000 ਲੋਕਾਂ ਦੀ ਦੁਖਦਾਈ ਹਾਲਤ ਦਾ ਜ਼ਿਕਰ ਕੀਤਾ ਅਤੇ ਕਿਹਾ :

"ਸੂਬੇ ਦੇ ਲੋਕਾਂ ਦੇ ਦਰਦ ਤੇ ਗੁੱਸੇ ਨੇ ਮੇਰੇ ਵਰਗੇ ਮਾਮੂਲੀ ਵਿਅਕਤੀ ਨੂੰ ਭਾਜਪਾ ਦੇ ਕੈਬਨਿਟ ਮੰਤਰੀ ਨੂੰ ਹਰਾ ਕੇ ਲੋਕਤੰਤਰ ਦੇ ਇਸ ਮੰਦਰ ਦਾ ਇਕ ਹਿੱਸਾ ਬਣਾ ਦਿੱਤਾ ਹੈ। ਲੋਕਾਂ ਦੇ ਦਰਦ ਬਾਰੇ ਸੋਚੋ। ਮੈਂ ਉਸੇ ਮੌਕੇ ਚੁੱਪ ਹੋ ਜਾਵਾਂਗਾ ਜਦ ਪ੍ਰਧਾਨ ਮੰਤਰੀ ਆਪਣਾ ਮੂੰਹ ਖੋਲ੍ਹਣਗੇ ਅਤੇ ਰਾਸ਼ਟਰਵਾਦੀ ਪਾਰਟੀ (ਭਾਜਪਾ) ਕਹਿ ਦੇਵੇਗੀ ਕਿ ਮਣੀਪੁਰ ਇਸ ਦੇਸ਼ ਦਾ ਹਿੱਸਾ ਹੈ ਅਤੇ ਅਸੀਂ ਇਸ ਸੂਬੇ ਦੇ ਲੋਕਾਂ ਦੀ ਚਿੰਤਾ ਕਰਦੇ ਹਾਂ।"

"ਮਣੀਪੁਰ 'ਚ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਉੱਥੇ ਗ੍ਰਹਿ ਜੰਗ ਵਰਗੇ ਹਾਲਾਤ ਬਣੇ ਹੋਏ ਹਨ। ਪੂਰੇ ਸੂਬੇ 'ਚ ਘੁੰਮ ਰਹੇ ਹਥਿਆਰਬੰਦ ਲੋਕ ਆਪਣੇ-ਆਪਣੇ ਪਿੰਡਾਂ ਦੀ ਸੁਰੱਖਿਆ ਦੇ ਸਿਲਸਿਲੇ 'ਚ ਇਕ ਦੂਜੇ ਨਾਲ ਲੜ ਰਹੇ ਹਨ। ਕੀ ਭਾਰਤ ਸਰਕਾਰ ਦੀ ਕਾਰਜਸੂਚੀ 'ਚ ਮਣੀਪੁਰ ਕੋਈ ਮਾਅਨੇ ਨਹੀਂ ਰੱਖਦਾ?"

ਇਸੇ ਤਰ੍ਹਾਂ ਦੇ ਹਾਲਾਤ ਵਿਚਾਲੇ 3 ਜੁਲਾਈ ਨੂੰ ਸੁਪਰੀਮ ਕੋਰਟ ਨੇ ਮਣੀਪੁਰ ਦੀ ਇਕ ਜੇਲ 'ਚ ਬੰਦ ਇਕ ਵਿਚਾਰ-ਅਧੀਨ ਕੈਦੀ ਨੂੰ ਕੁਕੀ ਭਾਈਚਾਰੇ ਨਾਲ ਸਬੰਧਤ ਹੋਣ ਦੇ ਕਾਰਨ ਇਲਾਜ ਲਈ ਹਸਪਤਾਲ ਨਾ ਲਿਜਾਣ ਦੇ ਮਾਮਲੇ 'ਚ ਸਖਤ ਨੋਟਿਸ ਲੈਂਦੇ ਹੋਏ ਸੂਬਾ ਸਰਕਾਰ ਵਿਰੁੱਧ ਸਖਤ ਟਿੱਪਣੀ ਕਰਦੇ ਹੋਏ ਕਿਹਾ ਕਿ ਉਸ ਨੂੰ (ਪਟੀਸ਼ਨਕਰਤਾ) ਸੂਬਾ ਸਰਕਾਰ 'ਤੇ ਭਰੋਸਾ ਨਹੀਂ ਹੈ। ਇਸ ਦੌਰਾਨ ਲੋਕ ਸਭਾ ਮੈਂਬਰ ਏ.ਬਿਮਲ ਅਕੋਈਜਾਮ ਦੇ ਉਕਤ ਬਿਆਨ ਦੇ ਇਕ ਦਿਨ ਬਾਅਦ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 3 ਜੁਲਾਈ ਨੂੰ ਰਾਜ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਚਰਚਾ ਕਰਦੇ ਹੋਏ ਮਣੀਪੁਰ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ :

"ਅਸੀਂ ਮਣੀਪੁਰ 'ਚ ਸ਼ਾਂਤੀ ਸਥਾਪਿਤ ਕਰਨ ਦੀਆਂ ਨਿਰੰਤਰ ਕੋਸ਼ਿਸ਼ਾਂ ਕਰ ਰਹੇ ਹਾਂ। ਉੱਥੇ 11000 ਐੱਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ ਅਤੇ 500 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਾਨੂੰ ਮੰਨਣਾ ਪਵੇਗਾ ਕਿ ਮਣੀਪੁਰ 'ਚ ਲਗਾਤਾਰ ਹਿੰਸਾ ਦੀਆਂ ਘਟਨਾਵਾਂ ਘੱਟ ਹੁੰਦੀਆਂ ਜਾ ਰਹੀਆਂ ਹਨ ਅਤੇ ਸ਼ਾਂਤੀ ਦੀ ਗੱਲ ਸੰਭਵ ਹੋ ਰਹੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ,"ਮਣੀਪੁਰ ਦੀ ਅੱਗ 'ਚ ਘਿਓ ਪਾਉਣ ਵਾਲਿਆਂ ਨੂੰ ਛੱਡਿਆ ਨਹੀਂ ਜਾਵੇਗਾ।"

ਪ੍ਰਧਾਨ ਮੰਤਰੀ ਵੱਲੋਂ ਮਣੀਪੁਰ 'ਤੇ ਮੌਨ ਤੋੜਨਾ ਇਕ ਚੰਗਾ ਸੰਕੇਤ ਹੈ। ਆਸ਼ਾ ਕਰਨੀ ਚਾਹੀਦੀ ਹੈ ਕਿ ਜੰਗੀ ਨਜ਼ਰੀਏ ਨਾਲ ਮਹੱਤਵਪੂਰਨ ਇਸ ਸੰਵੇਦਨਸ਼ੀਲ ਸੂਬੇ 'ਚ ਛੇਤੀ ਹੀ ਹਾਲਾਤ ਆਮ ਵਰਗੇ ਹੋਣਗੇ ਅਤੇ ਉੱਥੋਂ ਦੇ ਲੋਕ ਪਹਿਲਾਂ ਵਾਂਗ ਸੁੱਖ ਸ਼ਾਂਤੀ ਨਾਲ ਜੀਵਨ ਬਿਤਾ ਸਕਣਗੇ।

# ਮਨ ਦੀ ਘੁੰਮਣਘੇਰੀ ਤੇ ਕੈਨੇਡਾ ਦਾ ਸਫ਼ਰ



ਸੁਖਦੇਵ ਸਿੰਘ ਭੁੱਲੜ

ਇਹ ਤਾਂ ਯਾਦ ਚੇਤੇ ਵੀ ਨਹੀਂ ਸੀ ਕਿ ਕੈਨੇਡਾ ਜਾਣਾ ਹੈ। ਸੱਚ ਪੁੱਛੋ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਕੈਨੇਡਾ ਜਾਣ ਦਾ ਕੋਈ ਸਬੱਬ ਬਣ ਜਾਵੇਗਾ। ਇਹ ਸਭ ਅੰਨ ਪਾਣੀ ਦੀ ਖੇਡ ਹੈ। ਜਿੱਥੇ ਲਿਖਿਆ ਹੈ, ਹਰ ਹਾਲ ਚੁਗਣਾ ਪੈਂਦਾ ਹੈ। ਸਾਡੇ ਬਜ਼ੁਰਗ ਆਖਦੇ ਆ: ਦਾਣਾ ਪਾਣੀ ਖਿੱਚ ਲਿਜਾਂਦਾ, ਕੌਣ ਕਿਸੇ ਦਾ ਖਾਂਦਾ। ਇਸ ਹਕੀਕਤ ਤੋਂ ਮੁਨਕਰ ਨਹੀਂ ਹੋਇਆ ਜਾਂਦਾ। ਬੰਦੇ ਦੇ ਹੱਥ ਵੱਸ ਕੁਝ ਨਹੀਂ ਹੈ।

ਗੱਲ ਇਸ ਤਰ੍ਹਾਂ ਬਣੀ ਕਿ ਮੇਰਾ ਇੱਕ ਦੋਸਤ ਹੈ, ਮੇਰੇ ਗੁਆਂਢੀ ਪਿੰਡ ਕਾਂਗੜ ਤੋਂ। ਉਸ ਨੇ ਮੈਨੂੰ ਕੈਨੇਡਾ ਲਿਜਾਣ ਲਈ ਬਹੁਤ ਵਾਰ ਕਿਹਾ, ਪਰ ਮੈਂ ਜਾਣ ਲਈ ਤਿਆਰ ਨਹੀਂ ਸੀ। ਸ਼ਾਇਦ ਅਜੇ ਦਾਣਾ ਪਾਣੀ ਨਹੀਂ ਸੀ। ਕਈ ਸਾਲ ਸਮੇਂ ਨੇ ਖਾ ਲਏ। ਸਮਾਂ ਬੀਤਦਿਆਂ ਪਤਾ ਹੀ ਨਾ ਲੱਗਾ। ਸਭ ਆਪੋ ਆਪਣੇ ਕੰਮਾਂ ਵਿੱਚ ਰੁਝੇ ਹੋਏ ਸਨ।

ਸਾਲ 2019 ਵਿੱਚ ਫਰਵਰੀ ਮਹੀਨਾ ਆਪਣੇ ਤਿੰਨ ਹਫ਼ਤੇ ਖਾ ਚੁੱਕਾ ਸੀ ਤੇ ਅਖ਼ੀਰਲਾ ਹਫ਼ਤਾ ਆਪਣੇ ਖ਼ਾਤਮੇ ਦਾ ਪੰਧ ਨਿਬੇੜਨ ਲਈ ਵਾਹੋਦਾਹੀ ਭੱਜ ਤੁਰਿਆ ਸੀ। ਮੈਨੂੰ ਪੱਕਾ ਯਾਦ ਏ ਕਿ ਉਸ ਦਿਨ 22 ਫਰਵਰੀ ਸੀ। ਜਦੋਂ ਮੇਰੇ ਫੋਨ ਦੀ ਘੰਟੀ ਖੜਕੀ। ਸਕਰੀਨ ’ਤੇ ਦਰਸ਼ਨ ਸਿੰਘ ਧਾਲੀਵਾਲ ਦਾ ਨਾਂ ਸੀ। ਹਾਲ ਚਾਲ ਪੁੱਛਣ ਤੋਂ ਬਾਅਦ ਉਸ ਨੇ ਫਿਰ ਮੈਨੂੰ ਕੈਨੇਡਾ ਆਉਣ ਲਈ ਕਿਹਾ। ਇਸ ਵਾਰ ਮੈਂ ਇਨਕਾਰ ਨਹੀਂ ਕੀਤਾ, ਸਗੋਂ ਸੱਦਾ ਮਨਜ਼ੂਰ ਕਰ ਲਿਆ। ਕਾਫ਼ੀ ਚਿਰ ਗੱਲਾਂ ਕਰਨ ਤੋਂ ਬਾਅਦ ਮੇਰੀ ਹਾਂ ਪੱਕੀ ਸੀ। ਫਿਰ ਮੇਰੀ ਵੱਡੇ ਵੀਰ ਹਰਜੀਤ ਸਿੰਘ ਸਿੱਧੂ, ਜਿਨ੍ਹਾਂ ਨੂੰ ਜ਼ਿਆਦਾਤਰ ‘ਪੱਪੂ’ ਦੇ ਨਾਂ ਨਾਲ ਜਾਣਿਆ ਜਾਂਦਾ ਏ, ਨਾਲ ਫੋਨ ’ਤੇ ਗੱਲ ਹੋਈ। ਦਰਸ਼ਨ ਸਿੰਘ ਤੇ ਹਰਜੀਤ ਸਿੰਘ ਦੋਵੇਂ ਚੰਗੇ ਦੋਸਤ ਹੋਣ ਦੇ ਨਾਲ-ਨਾਲ ਗੁਰਦੁਆਰਾ ਭਵ ਸਾਗਰ ਤਾਰਨ ਓਲੀਵਰ ਅਸੋਈਅਸ (ਬੀਸੀ) ਦੇ ਪ੍ਰਬੰਧਕ ਵੀ ਹਨ। ਉਨ੍ਹਾਂ ਨੂੰ ਗੁਰੂ ਘਰ ਲਈ ਗ੍ਰੰਥੀ ਸਿੰਘ ਦੀ ਲੋੜ ਸੀ ਤੇ ਉਹ ਇਸ ਡਿਊਟੀ ਲਈ ਮੈਨੂੰ ਸੱਦਣਾ ਚਾਹੁੰਦੇ ਸਨ। ਪਿੰਡ ਵੀ ਮੈਂ ਖੇਤੀਬਾੜੀ ਦੇ ਨਾਲ-ਨਾਲ ਆਸੇ-ਪਾਸੇ ਪਾਠ ਕਰਨ ਜਾਂਦਾ ਰਹਿੰਦਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਦਾ ਫੋਨ ਆਉਣ ਤੋਂ ਇੱਕ ਦਿਨ ਪਹਿਲਾਂ ਭਾਵ 21 ਫਰਵਰੀ ਨੂੰ ਮੇਰਾ ਪਾਸਪੋਰਟ ਰੀਨਿਊ ਹੋ ਕੇ ਆਇਆ ਸੀ। ਇਸੇ ਸਾਲ ਦੇ ਮਈ ਮਹੀਨੇ ਵਿੱਚ ਮੇਰੇ ਪਾਸਪੋਰਟ ਦੀ ਮਿਆਦ ਖ਼ਤਮ ਹੋ ਜਾਣੀ ਸੀ। ਇਹ ਵੀ ਇੱਕ ਸੰਜੋਗ ਹੀ ਹੈ ਕਿ ਦਰਸ਼ਨ ਸਿੰਘ ਦਾ ਫੋਨ ਆਉਣ ਤੋਂ ਪਹਿਲਾਂ ਪਾਸਪੋਰਟ ਨਵਾਂ ਬਣ ਕੇ ਆ ਚੁੱਕਾ ਸੀ। ਇਹ ਵੀ ਵਾਹਿਗੁਰੂ ਦੇ ਰੰਗ ਨੇ, ਸਾਡੀ ਜ਼ਿੰਦਗੀ ਵਿੱਚ ਕੀ ਹੋਣਾ ਏ? ਕਿਸ ਤਰ੍ਹਾਂ ਹੋਣਾ ਏ? ਕਦੋਂ ਹੋਣਾ ਏ? ਇਹ ਸਭ ਕਰਤੇ ਦੇ ਹੱਥ ਵਿੱਚ ਹੈ। ਗੁਰੂ ਅਰਜਨ ਦੇਵ ਜੀ ਦਾ ਬੜਾ ਪਿਆਰਾ ਬਚਨ ਹੈ:

**ਪਹਿਲੋ ਦੇ ਤੈਂ ਰਿਜਕੁ ਸਮਾਹਾ॥**
**ਪਿਛੋ ਦੇ ਤੈਂ ਜੰਤੁ ਉਪਾਹਾ॥**

ਭਾਵ ਜੀਵ ਨੂੰ ਜਨਮ ਦੇਣ ਤੋਂ ਪਹਿਲਾਂ ਉਹ ਦਾ ਰਿਜਕ ਲਿਖਿਆ ਜਾਂਦਾ ਹੈ। ਕਿੱਥੇ ਦੇਣਾ ਏ? ਕਿਵੇਂ ਦੇਣਾ ਏ? ਕਿੰਨਾ ਦੇਣਾ ਏ? ਕਿਸ ਤਰ੍ਹਾਂ ਦੇਣਾ ਏ? ਧੀਆਂ-ਪੁੱਤ, ਦੁੱਖ-ਸੁੱਖ ਆਦਿ ਜ਼ਿੰਦਗੀ ਦਾ ਪੂਰਾ ਬਿਊਰਾ ਬਣਾਇਆ ਜਾਂਦਾ ਹੈ। ਉਸ ਤੋਂ ਬਾਅਦ ਜੀਵ ਜਨਮ ਲੈਂਦਾ ਹੈ। ਜ਼ਿੰਦਗੀ ਦੀ ਭੱਜ-ਦੌੜ ਉਸ ਕਰਤੇ ਦੀ ਖੇਡ ਹੈ। ‘ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ’ ਦੇ ਮਹਾਂਵਾਕ ਅਨੁਸਾਰ ਜੀਵ ਸੰਸਾਰੀ ਖੇਡ ਵਿੱਚ ਮਸਤ ਹੈ।

ਇਸ ਤੋਂ ਦੋ ਕੁ ਦਿਨ ਬਾਅਦ ਹੀ ਮੈਨੂੰ ਗੁਰੂ ਘਰ ਵੱਲੋਂ ਸਪਾਂਸਰਸ਼ਿਪ ਲੈਟਰ ਈਮੇਲ ਮਿਲ ਗਿਆ। ਉਸ ਤੋਂ ਬਾਅਦ ਵੀਜ਼ੇ ਲਈ ਅਪਲਾਈ ਕਰਨ ਲਈ ਕਾਗਜ਼ ਪੱਤਰਾਂ ਦੀ ਤਿਆਰੀ ਵਿੱਢ ਲਈ। ਕਈਆਂ ਤੋਂ ਸਲਾਹ ਮਸ਼ਵਰਾ ਲਿਆ ਤੇ ਅੰਤ ਚੰਡੀਗੜ੍ਹ ਪਹੁੰਚ ਗਿਆ। ਇੱਕ ਏਜੰਟ ਤੋਂ ਫਾਈਲ ਭਰਵਾ ਕੇ ਕੈਨੇਡਾ ਅੰਬੈਸੀ ਦੇ ਦਫ਼ਤਰ ਵਿੱਚ ਜਮ ?ਹਾਂ ਕਰਵਾ ਦਿੱਤੀ। ਈਮੇਲ ਰਾਹੀਂ ਮੈਸੇਜ ਆ ਗਿਆ। ਕੰਮ ਹੋ ਗਿਆ ਹੈ। ਕਰੀਬ ਪੰਦਰਾਂ ਤੋਂ ਵੀਹ ਦਿਨਾਂ ਵਿੱਚ ਵੀਜ਼ਾ ਲੱਗ ਕੇ, ਪਾਸਪੋਰਟ ਮਿਲ ਗਿਆ। ਛੇ ਮਹੀਨਿਆਂ ਦੀ ਐਂਟਰੀ ਮਿਲੀ ਸੀ।

ਸੱਚ ਪੁੱਛੋ ਤਾਂ ਮੈਨੂੰ ਯਕੀਨ ਜਿਹਾ ਨਹੀਂ ਸੀ ਹੋ ਰਿਹਾ। ਪਤਾ ਨਹੀਂ, ਕਿਉਂ? ਆਮ ਲੋਕਾਂ ਤੋਂ ਸੁਣਦੇ ਸਾਂ ਕਿ ਕੈਨੇਡਾ ਤੇ ਅਮਰੀਕਾ ਜਾਣ ਲਈ ਲੱਖਾਂ ਰੁਪਏ ਲੱਗਦੇ ਨੇ, ਪਰ ਮੇਰਾ ਤਾਂ ਦਸ ਕੁ ਹਜ਼ਾਰ ਨਾਲ ਹੀ ਸਰ ਗਿਆ ਸੀ। ਸ਼ਾਇਦ ਥੋੜ੍ਹੇ ਜਿਹੇ ਪੈਸੇ ਲੱਗਣ ਕਰਕੇ ਯਕੀਨ ਨਹੀਂ ਸੀ ਹੋ ਰਿਹਾ। ਇਹ ਤਾਂ ਬਾਅਦ ਵਿੱਚ ਪਤਾ ਲੱਗਾ ਕਿ ਵੀਜ਼ਿਆਂ ਦੀ ਵੀ ਵੱਖ-ਵੱਖ ਫੀਸ ਹੁੰਦੀ ਹੈ। ਵੀਜ਼ਾ ਲੱਗਣ ਤੋਂ ਬਾਅਦ ਜਾਣ ਦੀ ਤਿਆਰੀ ਆਰੰਭ ਹੋਈ। ਮੇਰਾ ਕਈ ਵਾਰ ਦਿਲ ਕਰਦਾ ਕਿ ਨਾ ਜਾਵਾਂ? ਕਦੇ ਮਨ ਬਣਾਵਾਂ ਕਿ ਚਲਾ ਜਾਵਾਂ? ਇਸ ਦੋਚਿੱਤੀ ਵਿੱਚ ਕਈ ਦਿਨ ਲੰਘ ਗਏ। ਹੁਣ ਤੱਕ ਕਈ ਦੋਸਤਾਂ ਮਿੱਤਰਾਂ ਨੂੰ ਪਤਾ ਲੱਗ ਚੁੱਕਾ ਸੀ। ਉਨ੍ਹਾਂ ਵੱਲੋਂ ਮੁਬਾਰਕਾਂ ਮਿਲਣ ਨਾਲ ਕੈਨੇਡਾ ਜਾਣ ਦੀ ਹੱਲਾਸ਼ੇਰੀ ਵੀ ਮਿਲੀ। ਤੁਸੀਂ ਮੰਨੋ, ਬੇਸ਼ੱਕ ਨਾ ਮੰਨੋ। ਪਰ ਇਹ ਸੱਚ ਹੈ ਕਿ ਮੇਰਾ ਜਾਣ ਲਈ ਹੌਸਲਾ ਨਹੀਂ ਸੀ ਪੈਂਦਾ ਤੇ ਨਾ ਨਾਂਹ ਕਰਨ ਨੂੰ ਜੀਅ ਕਰਦਾ ਸੀ। ਪੰਜਾਬੀ ਕਹਾਵਤ ਅਨੁਸਾਰ ਮੈਂ ਦੋ ਬੇੜੀਆਂ ਦਾ ਸਵਾਰ ਸੀ।

ਮੇਰੇ ਕੈਨੇਡਾ ਜਾਣ ਦੀ ਸਭ ਤੋਂ ਜ਼ਿਆਦਾ ਖ਼ੁਸ਼ੀ ਲਛਮਣ ਸਿੰਘ ਨੂੰ ਸੀ। ਉਹ ਮੇਰਾ ਭਰਾ ਹੋਣ ਦੇ ਨਾਲ ਨਾਲ ਗੂੜ੍ਹਾ ਮਿੱਤਰ ਵੀ ਸੀ। ਉਸ ਨੂੰ ਅੰਤਾਂ ਦਾ ਚਾਅ ਸੀ। ਉਸ ਨੇ ਹਰ ਰੋਜ਼ ਪੁੱਛਣਾ :

“ਟਿਕਟ ਲੈ ਲਈ।”

“ਏਅਰ ਪੋਰਟ ’ਤੇ ਮੈਂ ਛੱਡ ਕੇ ਆਵਾਂਗਾ। ਹੋਰ ਨਾ ਕਿਸੇ ਨੂੰ ਕਹਿ ਦੀਂ?”

ਲਛਮਣ ਬੜਾ ਕਾਹਲਾ ਸੀ ਕਿ ਮੈਂ ਹੁਣ ਦੇਰ ਨਾ ਕਰਾਂ। ਜਿੰਨੀ ਛੇਤੀ ਹੋ ਸਕੇ, ਕੈਨੇਡਾ ਚਲਾ ਜਾਵਾਂ। ਮੈਂ ਬੜੀ ਮੱਠੀ ਚਾਲ ਚੱਲ ਰਿਹਾ ਸੀ। ਓਧਰੋਂ ਦਰਸ਼ਨ ਵੀ ਛੇਤੀ ਚੜ੍ਹ ਆਉਣ ਲਈ ਕਹਿ ਰਿਹਾ ਸੀ। ਇਸੇ ਕਸ਼ਮਕਸ਼ ਵਿੱਚ ਰਿਟਰਨ ਟਿਕਟ ਲੈ ਲਈ। 9 ਅਪਰੈਲ ਦੀ ਫਲਾਈਟ ਸੀ। ਗਿਣਤੀ ਦੇ ਦਿਨ ਆਮ ਦਿਨਾਂ ਨਾਲੋਂ ਛੇਤੀ ਲੰਘਦੇ ਹਨ। ਨਿੱਕੀ ਮੋਟੀ ਤਿਆਰੀ ਕਰਦਿਆਂ 9 ਅਪਰੈਲ ਵੀ ਆ ਗਈ। ਸਵੇਰੇ ਜਲਦੀ ਉੱਠ ਕੇ ਤਿਆਰ ਹੋਇਆ। ਤਿਆਰੀ ਕਰਦਿਆਂ ਲਛਮਣ ਕਾਰ ਲੈ ਕੇ ਆ ਗਿਆ। ਨਾਲ ਉਹਦਾ ਪਰਿਵਾਰ ਵੀ ਸੀ, ਉਨ੍ਹਾਂ ਰਾਹ ਵਿੱਚ ਉਤਰ ਜਾਣਾ ਸੀ। ਦਿੱਲੀ ਏਅਰਪੋਰਟ ’ਤੇ ਅਸੀਂ ਦੋਨਾਂ ਨੇ ਹੀ ਜਾਣਾ ਸੀ।

ਕਰੀਬ ਸੱਤ ਸਵਾ ਸੱਤ ਦਾ ਸਮਾਂ ਸੀ। ਜਦੋਂ ਮੈਂ ਪਰਿਵਾਰ ਦੇ ਜੀਆਂ ਨੂੰ ਮਿਲ ਕੇ ਦਿੱਲੀ ਵੱਲ ਰਵਾਨਾ ਹੋਇਆ। ਪਹਿਲੀ ਵਾਰ ਕੈਨੇਡਾ ਚੱਲਿਆ ਸੀ, ਥੋੜ੍ਹੀ ਬੈਚੇਨੀ ਜਿਹੀ ਵੀ ਹੋਈ। ਰਾਹ ਵਿੱਚ ਵੀ ਕਈ ਵਾਰ ਖ਼ਿਆਲ ਆਇਆ ਕਿ “ਮਨਾ! ਛੱਡ ਕੈਨੇਡਾ ਨੂੰ ਮੁੜ ਚੱਲ ਘਰ ਨੂੰ!” ਫਿਰ ਸੋਚਦਾ: ਟਿਕਟ ’ਤੇ ਪੈਸੇ ਲੱਗੇ ਹਨ, ਉਹ ਬੇਕਾਰ ਜਾਣਗੇ। ਕਈ ਵਾਰ ਪਿੰਡ ਮੁੜਨ ਦਾ ਖ਼ਿਆਲ ਆਇਆ, ਪਰ ਲਛਮਣ ਨੂੰ ਬੋਲ ਕੇ ਨਾ ਕਹਿ ਸਕਿਆ। ਇਹ ਹਕੀਕਤ ਹੈ ਕਿ ਦਿੱਲੀ ਤੱਕ ਦਾ ਸਫ਼ਰ ਮੈਂ ਏਸੇ ਕਸ਼ਮਕਸ਼ ਵਿੱਚ ਹੀ ਕੀਤਾ। ਰਾਹ ਵਿੱਚ ਰੁਕਦੇ-ਰੁਕਾਉਂਦੇ ਸ਼ਾਮ ਨੂੰ ਏਅਰਪੋਰਟ ’ਤੇ ਪਹੁੰਚ ਗਏ। ਅਟੈਚੀ ਤੇ ਹੈਂਡ ਬੈਗ ਚੁੱਕ ਲਛਮਣ ਨਾਲ ਇੱਕ ਸੈਲਫੀ ਲੈ ਕੇ ਟਰਮੀਨਲ ’ਚ ਦਾਖਲ ਹੋ ਗਿਆ। ਸਕਿਉਰਿਟੀ ਵਾਲੇ ਨੇ ਪਾਸਪੋਰਟ ਚੈੱਕ ਕੀਤਾ ਤੇ ਮੈਂ ਪੁੱਛ ਕੇ ਟਿਕਟ ਤੇ ਸਾਮਾਨ ਜਮ੍ਹਾਂ ਕਰਾਉਣ ਲਈ ਕਾਊਂਟਰ ’ਤੇ ਪਹੁੰਚਿਆ। ਪੰਜ ਸੱਤ ਮਿੰਟਾਂ ਵਿੱਚ ਇਹ ਵੀ ਕੰਮ ਨਿੱਬੜ ਗਿਆ। ਬੋਰਡਿੰਗ ਤੋਂ ਵਿਹਲਾ ਹੋ ਕੇ ਕੁਝ ਚਿਰ ਏਧਰ-ਓਧਰ ਬੇਮਤਲਬ ਜਿਹਾ ਘੁੰਮਦਾ ਰਿਹਾ ਤੇ ਫਿਰ ਉੱਥੇ ਜਾ ਬੈਠਾ ਜਿੱਥੋਂ ਸਾਡੇ ਜਹਾਜ਼ ਨੇ ਉੱਡਣਾ ਸੀ।

ਸ਼ਾਮ ਨੂੰ ਸਵਾ ਅੱਠ ਵਜੇ ਜਹਾਜ਼ ਨੇ ਉੱਡਣਾ ਸੀ। ਸੱਚੀਂ ਮੈਨੂੰ ਥੋੜ੍ਹੀ ਜਿਹੀ ਘਬਰਾਹਟ ਮਹਿਸੂਸ ਹੋ ਰਹੀ ਸੀ। ਮੈਨੂੰ ਤਾਂ ਏਹੀ ਤੌਖਲਾ ਸੀ ਕਿ ਜੇ ਉੱਪਰ ਜਾ ਕੇ ਜਹਾਜ਼ ਨੂੰ ਕੁਝ ਹੋ ਗਿਆ। ਫਿਰ ਕੀ ਬਣੂੰ? ਅਗਲੇ ਪਲ ਮਚਲਾ ਮਨ ਬੋਲ ਪਿਆ-“ਬਣਨਾ ਕੀ ਏ, ਬਿਆਲੀ ਲੱਖ ਜੂਨਾਂ ਪਾਣੀ ਵਿੱਚ ਏਸੇ ਕੰਮ ਵਾਸਤੇ ਈ ਆ।” ਸੋਚਿਆ: “ਮਨਾ! ਹੁਣ ਪਿੱਛੇ ਮੁੜਨ ਦਾ ਤਾਂ ਸੁਆਲ ਈ ਪੈਦਾ ਨਹੀਂ ਹੁੰਦਾ।” ਫਿਰ ਕਰੜਾ ਜਿਹਾ ਮਨ ਕਰਕੇ ਏਅਰ ਇੰਡੀਆ ’ਚ ਜਾ ਸੀਟ ਮੱਲੀ। ਮੇਰੀ ਸੀਟ ਵਿਚਾਲੜੀ ਲਾਈਨ ਦੀਆਂ ਤਿੰਨਾਂ ਸੀਟਾਂ ਦੇ ਵਿਚਾਲੇ ਸੀ। ਜਦੋਂ ਜਹਾਜ਼ ਰਨਵੇ ’ਤੇ ਦੌੜਿਆ ਤਾਂ ਮੈਂ ਸਾਰੇ ਗੁਰੂ ਤੇ ਸੈਂਕੜੇ ਸ਼ਹੀਦ ਪਲਾਂ ’ਚ ਹੀ ਧਿਆ ਲਏ। ਜਦੋਂ ਉੱਡਣ ਖਟੋਲੇ ਨੇ ਆਕਾਸ਼ ਵੱਲ ਮੂੰਹ ਚੁੱਕ ਲਿਆ ਤਾਂ ਉਹਦੇ ਪੈਂਦੇ ਸ਼ੋਰ ਨੇ ਕੰਨ ਬੋਲੇ ਕਰ ਦਿੱਤੇ ਤੇ ਅੱਖਾਂ ਮੈਂ ਪੂਰੇ ਜ਼ੋਰ ਨਾਲ ਬੰਦ ਕਰ ਲਈਆਂ। ਮੇਰੀ ਹਾਲਤ ਪੰਜਾਬੀ ਕਹਾਵਤ ‘ਬਿੱਲੀ ਨੂੰ ਵੇਖ ਕੇ ਕਬੂਤਰ ਨੇ ਅੱਖਾਂ ਮੀਟ ਲਈਆਂ’ ਵਾਲੀ ਸੀ। ਇਹ ਹਕੀਕਤ ਹੈ, ਕਲਪਨਾ ਨਹੀਂ। ਪਹਿਲੀ ਵਾਰ ਜਹਾਜ਼ ’ਚ ਸਫ਼ਰ ਕੀਤਾ ਸੀ। ਸੋ ਮੈਂ ਪਾਠ ਕਰਨ ਲੱਗ ਪਿਆ। ਇਸ ਦੇ ਨਾਲ ਮਾਨਸਿਕ ਬਲ ਮਿਲਿਆ। ਜਹਾਜ਼ ਬੱਦਲਾਂ ਵਿੱਚ ਗੁਆਚ ਗਿਆ। ਵਿੱਚ ਬੈਠਿਆਂ ਨੂੰ ਇਉਂ ਮਹਿਸੂਸ ਹੁੰਦਾ ਸੀ, ਜਿਵੇਂ ਤੁਰਦਾ ਨਹੀਂ, ਸਗੋਂ ਐਵੇਂ ਹਿੱਲੀ ਜਾਂਦਾ ਏ। ਮਗਰ ਜਦੋਂ ਸਾਹਮਣੇ ਲੱਗੀ ਸਕਰੀਨ ’ਤੇ ਚੈੱਕ ਕੀਤਾ ਤਾਂ ਇੱਕ ਹਜ਼ਾਰ ਕਿਲੋਮੀਟਰ ਦੀ ਸਪੀਡ ਦੇ ਆਸ-ਪਾਸ ਸੀ। ਕਦੇ ਮਾਈਨਸ ਤੇ ਕਦੇ ਪਲੱਸ ਹੋ ਜਾਂਦਾ ਸੀ। ਜਹਾਜ਼ ਦੇ ਅੰਦਰਲਾ ਮਾਹੌਲ ਕਾਫ਼ੀ ਸੁਖਾਵਾਂ ਸੀ। ਕਿਤੇ ਕਿਤੇ ਮੌਸਮ ਖ਼ਰਾਬ ਹੋਣ ਨਾਲ ਜਹਾਜ਼ ਨੂੰ ਧੱਕਾ ਵੱਜਦਾ। ਇਉਂ ਜਾਪਦਾ, ਜਿਵੇਂ ਜਹਾਜ਼ ਪੁੱਠਾ ਹੋ ਜਾਏਗਾ। ਵਿੱਚ-ਵਿੱਚ ਅਨਾਊਂਸਮੈਂਟ ਵੀ ਹੋ ਰਹੀ ਸੀ ਕਿ ਬਾਹਰ ਮੌਸਮ ਖ਼ਰਾਬ ਹੈ, ਤੁਸੀਂ ਚਿੰਤਾ ਨਾ ਕਰੋ।

ਮੇਰੇ ਇੱਕ ਪਾਸੇ ਸਟੱਡੀ ਵੀਜ਼ੇ ’ਤੇ ਜਾ ਰਿਹਾ ਸਟੂਡੈਂਟ ਸੀ ਤੇ ਦੂਜੇ ਪਾਸੇ ਮੇਰੇ ਤੋਂ ਕਰੀਬ ਛੇ-ਸੱਤ ਸਾਲ ਵੱਡਾ ਬਜ਼ੁਰਗ ਸੀ। ਉਸ ਨੇ ਦੋ ਕੁ ਪੈੱਗ ਲਾ ਲਏ ਸੀ ਤੇ ਅਜੇ ਏਅਰਹੋਸਟੈੱਸ ਤੋਂ ਹੋਰ ਮੰਗ ਰਿਹਾ ਸੀ। ਪਹਿਲਾਂ ਤਾਂ ਉਸ ਨੇ ਅਣਸੁਣਿਆ ਕਰ ਦਿੱਤਾ, ਪਰ ਬਾਬਾ ਨਾ ਟਲਿਆ। ਏਅਰਹੋਸਟੈੱਸ ਨੇ ਇੱਕ ਲਾਰਜ ਪੈੱਗ ਹੋਰ ਦੇ ਦਿੱਤਾ। ਬਾਬੇ ਨੇ ਬਿਨਾਂ ਬਰੇਕ ਲਾਏ ਇੱਕੋ ਡੀਕ ਵਿੱਚ ਅੰਦਰ ਸੁੱਟ ਲਿਆ।

“ਬਾਬਾ ਜੀ! ਤੁਹਾਡਾ ਸ਼ੁਭ ਨਾਮ?” ਮੈਂ ਸੁਭਾਵਿਕ ਹੀ ਪੁੱਛ ਲਿਆ।

“ਕਰਮ ਸਿੰਘ, ਲੁਧਿਆਣਾ ਜ਼ਿਲ੍ਹਾ!” ਉਹਦੇ ਮੂੰਹ ’ਚੋਂ ਸ਼ਰਾਬ ਦੀ ਗੰਧ ਮੇਰੇ ਤੱਕ ਵੀ ਅੱਪੜ ਰਹੀ ਸੀ। ਉਸ ਨੇ ਦਾੜ੍ਹੀ ਉੱਪਰੋਂ ਹੱਥ ਫੇਰਿਆ।

“ਓਕੇ! ਤੁਸੀਂ ਏਨੀ ਸ਼ਰਾਬ ਕਾਹਤੋਂ ਪੀ ਰਹੇ ਓ?” ਉਸ ਦਾ ਵਾਰ-ਵਾਰ ਸ਼ਰਾਬ ਮੰਗਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ।

“ਤਾਂ ਕਰਕੇ ਕਿ ਜੇ ਕਿਤੇ ਜਹਾਜ਼ ਡਿੱਗ-ਡੁੱਗ ਪਿਆ ਤਾਂ ਸੱਟ-ਫੇਟ ਨਹੀਂ ਲੱਗਦੀ।” ਉਸ ਨੇ ਬੜੇ ਸਹਿਜ ਭਾਵ ਨਾਲ ਆਖਿਆ।

“ਸੱਟ-ਫੇਟ ਨਹੀਂ ਲੱਗਦੀ ਕਿ ਲੱਗੀ ਦਾ ਪਤਾ ਨਹੀਂ ਲੱਗਣਾ।” ਮੇਰਾ ਹਾਸਾ ਨਿਕਲ ਗਿਆ। ਇਹ ਪਹਿਲੀ ਦਫ਼ਾ ਸੀ ਕਿ ਮੈਂ ਲੋਈ ’ਚ ਮੂੰਹ ਦੇ ਕੇ ਹੱਸਿਆ ਸੀ। ਵਰਨਾ ਜਦੋਂ ਦਾ ਜਹਾਜ਼ ਉੱਡਿਆ ਹੋਇਆ ਸੀ, ਬਾਬੇ ਵਾਲਾ ਡਰ ਕਿਤੇ ਨਾ ਕਿਤੇ ਮੇਰੇ ਅੰਦਰ ਵੀ ਸੀ। ਪਰ ਮੈਂ ਤਾਂ ਲੋਈ ਨਾਲ ਮੂੰਹ ਢੱਕ ਕੇ ਤੇ ਅੱਖਾਂ ਮੀਟ ਲਈਆਂ ਸਨ। ਫਿਰ ਪਤਾ ਹੀ ਨਹੀਂ ਲੱਗਾ, ਕਦੋਂ ਨੀਂਦ ਨੇ ਆ ਘੇਰਿਆ। ਸਫ਼ਰ ਅੱਧਿਓਂ ਜ਼ਿਆਦਾ ਤੈਅ ਹੋ ਚੁੱਕਾ ਸੀ, ਜਦ ਏਅਰਹੋਸਟੈੱਸ ਨੇ ਹਲੂਣ ਕੇ ਜਗਾਇਆ। ਉਹ ਖਾਣੇ ਵਾਲੀ ਪਲੇਟ ਲੈਣ ਲਈ ਕਹਿ ਰਹੀ ਸੀ। ਮੈਂ ਮੂੰਹ ’ਤੇ ਹੱਥ ਫੇਰਿਆ ਤੇ ਡਿਸਪੋਜ਼ੇਬਲ ਪਲੇਟ ਫੜ ਲਈ।

ਦਿਨ ਚੜ੍ਹ ਚੁੱਕਾ ਸੀ ਤੇ ਸੂਰਜ ਵੀ ਲੰਮੀ ਰੇਸ ਲਈ ਸਰੀਰ ਜੋਹ ਰਿਹਾ ਸੀ, ਜਦ ਜਹਾਜ਼ ਜਪਾਨ ਦੀ ਰਾਜਧਾਨੀ ਟੋਕੀਓ ਦੇ ਨਾਰੇਟਾ ਏਅਰਪੋਰਟ ’ਤੇ ਉਤਰਨ ਲਈ ਖੰਭ ਫੜਫੜਾਉਣ ਲੱਗਾ। ਇੱਥੇ ਛੇ ਘੰਟਿਆਂ ਦੇ ਸਟੇਅ ਤੋਂ ਬਾਅਦ ਵੈਨਕੂਵਰ ਦਾ ਅਗਲਾ ਸਫ਼ਰ ਸ਼ੁਰੂ ਹੋਣਾ ਸੀ। ਇਹ ਛੇ ਘੰਟੇ ਏਅਰਪੋਰਟ ਵਿੱਚ ਏਧਰ ਓਧਰ ਘੁੰਮ ਕੇ ਕੱਢੇ। ਇੱਥੇ ਮੈਂ, ਰਜਿੰਦਰ ਪਟਿਆਲਾ ਤੇ ਗੁਰਪ੍ਰੀਤ ਥਿੰਦ ਨੇ ਇਕੱਠਿਆਂ ਇੱਕ ਇੱਕ ਕੱਪ ਕੌਫ਼ੀ ਦਾ ਪੀਤਾ। ਛੇ ਘੰਟਿਆਂ ਦੇ ਸਟੇਅ ਵਿੱਚ ਇਹ ਵੀ ਮਸਾਂ ਈ ਨਸੀਬ ਹੋਇਆ ਸੀ। ਗੱਲ ਇੰਝ ਹੋਈ ਕਿ ਸਾਡੇ ਕੋਲ ਜਪਾਨੀ ਕਰੰਸੀ ਨਹੀਂ ਸੀ। ਇੰਡੀਆ ਤੇ ਕੈਨੇਡਾ ਦੀ ਕਰੰਸੀ ਉੱਥੇ ਚੱਲਦੀ ਨਹੀਂ ਸੀ। ਸਥਾਨਕ ਕਰੰਸੀ ਤੋਂ ਬਿਨਾਂ ਸਿਰਫ਼ ਅਮਰੀਕਨ ਡਾਲਰ ਚੱਲਦਾ ਸੀ ਤੇ ਉਹ ਸਾਡੇ ਤਿੰਨਾਂ ’ਚੋਂ ਕਿਸੇ ਕੋਲ ਵੀ ਨਹੀਂ ਸੀ। ਫਿਰ ਇੱਕ ਗੁਰਸਿੱਖ ਮੁੰਡੇ ਨੇ ਸਾਨੂੰ ਕੁਝ ਰੁਪਏ ਬਦਲਾ ਕੇ ਦਿੱਤੇ ਜਿਨ੍ਹਾਂ ਨਾਲ ਅਸੀਂ ਕੌਫ਼ੀ ਦਾ ਆਨੰਦ ਲਿਆ ਸੀ।

ਦੁਪਹਿਰ ਦੇ ਦੋ ਢਾਈ ਦਾ ਸਮਾਂ ਸੀ। ਜਦੋਂ ਏਅਰ ਕੈਨੇਡਾ ਦਾ ਜਹਾਜ਼ ਵੈਨਕੂਵਰ ਦੇ ਸਫ਼ਰ ਲਈ ਉੱਡਿਆ। ਪਿਛਲਾ ਸਫ਼ਰ ਕਿੰਨੇ ਘੰਟਿਆਂ ਦਾ ਸੀ? ਕੋਈ ਪੱਕਾ ਯਾਦ ਨਹੀਂ ਤੇ ਅਗਲਾ ਸਫ਼ਰ ਕਿੰਨੇ ਘੰਟਿਆਂ ਦਾ ਏ? ਇਹਦਾ ਵੀ ਕੋਈ ਥਹੁ ਨਹੀਂ, ਪਰ ਦੋਵੇਂ ਫਲਾਈਟਾਂ ਅੰਦਾਜ਼ਨ (ਦਿੱਲੀ ਤੋਂ ਜਪਾਨ ਤੇ ਜਪਾਨ ਤੋਂ ਵੈਨਕੂਵਰ ਤੱਕ) ਅੱਠ-ਅੱਠ ਘੰਟਿਆਂ ਦੇ ਨੇੜ-ਤੇੜ ਸੀ। ਕੋਈ ਮਾੜਾ-ਮੋਟਾ ਘੱਟ ਵੱਧ ਵੀ ਹੋ ਸਕਦਾ ਹੈ। ਪਰ ਜਪਾਨ ਤੋਂ ਵੈਨਕੂਵਰ ਵਾਲਾ ਸਫ਼ਰ ਪਿਛਲੇ ਸਫ਼ਰ ਨਾਲੋਂ ਮੈਨੂੰ ਕੁਝ ਸੁਖਾਵਾਂ ਲੱਗਾ।

ਦੁਪਹਿਰ ਦੇ ਵਕਤ ਜਹਾਜ਼ ਵੈਨਕੂਵਰ ਆਣ ਪਹੁੰਚਾ। ਇੱਥੇ ਮੇਰੀ ਤਿੰਨ ਘੰਟੇ ਦੀ ਸਟੇਅ ਸੀ। ਵੈਨਕੂਵਰ ਤੋਂ ਕਾਲੋਨੇ ਦਾ ਸਫ਼ਰ ਕਰੀਬ ਪੌਣੇ ਕੁ ਘੰਟੇ ਦਾ ਹੈ। ਇੱਥੋਂ ਮੈਂ ਛੋਟੇ ਜਹਾਜ਼ ’ਤੇ ਜਾਣਾ ਸੀ ਜਿਸ ਨੂੰ ਇੱਥੇ ਡੋਮੈਸਟਿਕ ਜਹਾਜ਼ ਆਖਦੇ ਹਨ। ਇਸ ਦੀਆਂ ਸਿਰਫ਼ ਦੋ ਪਾਲਾਂ ਸਨ, ਉਹ ਵੀ ਦੋ-ਦੋ ਸੀਟਾਂ ਵਾਲੀਆਂ। ਹੁਣ ਮੈਂ ਬਾਹਰ ਦਾ ਦ੍ਰਿਸ਼ ਆਰਾਮ ਨਾਲ ਦੇਖ ਸਕਦਾ ਸੀ ਜੋ ਕਿ ਮੇਰੇ ਲਈ ਬੜਾ ਮੁਸ਼ਕਿਲ ਸੀ। ਜਦ ਉੱਪਰੋਂ ਥੱਲੇ ਨੂੰ ਨਿਗ੍ਹਾ ਵੱਜਦੀ ਤਾਂ ਚਿੱਟਾ ਦਿਨ ਹੁੰਦਿਆਂ ਸਭ ਕੁਝ ਦਿੱਸ ਰਿਹਾ ਸੀ। ਮਨ ਵਿੱਚ ਕਈ ਭੈੜੇ-ਭੈੜੇ ਖ਼ਿਆਲ ਆਉਂਦੇ। ਮੈਂ ਮਨ ਨੂੰ ਓਧਰੋਂ ਹਟਾ ਕੇ ਮੋਬਾਈਲ ’ਤੇ ਬੇਮਤਲਬ ਜਿਹੀਆਂ ਉਂਗਲਾਂ ਮਾਰਨ ਲੱਗਦਾ। ਪਰ ਇਸ ਸਫ਼ਰ ਨੇ ਬਹੁਤਾ ਬੋਰ ਨਹੀਂ ਕੀਤਾ।

9 ਅਪਰੈਲ ਦਾ ਸੂਰਜ ਢਾਲੇ ਪੈ ਗਿਆ ਸੀ, ਜਦ ਮੈਂ ਕਾਲੋਨੇ ਉਤਰਿਆ। ਲੰਮੇ ਸਫ਼ਰ ਤੋਂ ਬਾਅਦ ਆਪਣੀ ਮੰਜ਼ਿਲ ’ਤੇ ਪਹੁੰਚ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ। ਸੁੱਖੀ-ਸਾਂਦੀ ਆਕਾਸ਼ ਤੋਂ ਧਰਤੀ ’ਤੇ ਪੈਰ ਰੱਖਿਆ ਸੀ। ਕਾਲੋਨੇ ਦਾ ਏਅਰਪੋਰਟ ਕੋਈ ਬਹੁਤਾ ਵੱਡਾ ਨਹੀਂ। ਜ਼ਿਆਦਾਤਰ ਡੋਮੈਸਟਿਕ ਫਲਾਈਟਾਂ ਹੀ ਆਉਂਦੀਆਂ-ਜਾਂਦੀਆਂ ਹਨ। ਕੋਈ ਜ਼ਿਆਦਾ ਭੀੜ ਨਾ ਹੋਣ ਕਰਕੇ ਅਟੈਚੀ ਲੈਣ ਲਈ ਬਹੁਤਾ ਸਮਾਂ ਨਹੀਂ ਲੱਗਾ। ਅੱਧੇ ਕੁ ਘੰਟੇ ਵਿੱਚ ਮੈਂ ਏਅਰਪੋਰਟ ਤੋਂ ਬਾਹਰ ਆ ਗਿਆ ਸੀ। ਮੈਨੂੰ ਲੈਣ ਲਈ ਦਰਸ਼ਨ ਸਿੰਘ ਕਾਂਗੜ ਨੇ ਆਉਣਾ ਸੀ। ਉਹ ਪਹਿਲਾਂ ਹੀ ਆਇਆ ਖੜ੍ਹਾ ਸੀ। ਮਿਲ ਕੇ ਅਤਿਅੰਤ ਖ਼ੁਸ਼ੀ ਹੋਈ। ਹਾਲ ਚਾਲ ਪੁੱਛਿਆ ਤੇ ਏਅਰਪੋਰਟ ਦੀ ਪਾਰਕਿੰਗ ’ਚੋਂ ਬਾਹਰ ਆ ਗਏ।

ਇੱਕ ਸਫ਼ਰ ਦੀ ਥਕਾਵਟ ਸੀ ਤੇ ਦੂਜਾ ਭੁੱਖ ਵੀ ਚਮਕ-ਚਮਕ ਕੇ ਤਵੇ ਵਰਗੀ ਲਾਲ ਹੋਈ ਪਈ ਸੀ। ਸੋ ਪਹਿਲਾ ਕੰਮ ਪੀਜ਼ਾ ਤੇ ਕੋਕ ਛਕਿਆ। ਫਿਰ ਅਸੀਂ ਓਲੀਵਰ ਵੱਲ ਚਾਲੇ ਪਾਏ। ਕਾਲੋਨਾ ਸੋਹਣਾ ਤੇ ਸ਼ਾਂਤਮਈ ਸ਼ਹਿਰ ਹੈ। ਓਕੇਨਾਗਨ ਵੈਲੀ ਦਾ ਇਹ ਸਭ ਤੋਂ ਵੱਡਾ ਸ਼ਹਿਰ ਹੈ ਤੇ ਇੱਕ ਬਹੁਤ ਵੱਡੀ ਲੇਕ ਦੇ ਚਾਰ-ਚੁਫ਼ੇਰੇ ਫੈਲਿਆ ਹੋਇਆ ਹੈ। ਕਾਲੋਨੇ ਤੋਂ ਅੱਗੇ ਪੀਚਲੈਂਡ, ਫਿਰ ਸਮਰਲੈਂਡ, ਪਿਨਟਿਕਟਿਨ, ਓਕੇਫਾਲ ਤੇ ਉਸ ਤੋਂ ਅੱਗੇ ਓਲੀਵਰ ਟਾਊਨ ਹੈ। ਜਿੱਥੇ ਮੈਂ ਜਾਣਾ ਸੀ। ਇੱਕ ਲੰਮੀ ਝੀਲ ਦੇ ਆਸੇ-ਪਾਸੇ ਛੋਟੇ-ਛੋਟੇ ਟਾਊਨ ਤੇ ਦੋਵੇਂ ਪਾਸੇ ਉੱਚੇ ਤੇ ਵਿਸ਼ਾਲ ਪਹਾੜ, ਜਿਨ੍ਹਾਂ ਨੂੰ ਸੰਘਣੇ ਰੁੱਖਾਂ ਨੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਸੀ। ਇਹ ਵੈਲੀ ਹੱਦ ਤੋਂ ਵੱਧ ਸੁੰਦਰ ਹੈ।

ਸੂਰਜ ਦੇ ਛੁਪਣ ਦੀ ਬਿਲਕੁਲ ਤਿਆਰੀ ਸੀ। ਜਦ ਅਸੀਂ ਓਲੀਵਰ ਪਹੁੰਚੇ ਤਾਂ ਪਹਾੜਾਂ ਦੀ ਚਾਰਦੀਵਾਰੀ ਵਿੱਚ ਵੱਸਿਆ ਓਲੀਵਰ ਟਾਊਨ ਸ਼ਾਂਤੀ ਦੇ ਸਾਗਰ ਵਿੱਚ ਡੁੱਬਿਆ ਹੋਇਆ ਸੀ। ਚੈਰੀ ਦੇ ਫੁੱਲਾਂ ਨੇ ਵਾਤਾਵਰਨ ਨੂੰ ਸੁਗੰਧਿਤ ਕੀਤਾ ਹੋਇਆ ਸੀ। ਨਾ ਰੌਲਾ ਨਾ ਰੱਪਾ, ਇੱਕ ਦਮ ਸ਼ਾਂਤੀ ਤੇ ਇਸ ਸ਼ਾਂਤੀ ਦੇ ਗਰਭ ਵਿੱਚ ਭਵ ਸਾਗਰ ਤਾਰਨ ਗੁਰਦੁਆਰਾ ਸਾਹਿਬ ਸਥਿਤ ਹੈ। ਗੁਰੂ ਘਰ ਦੇ ਗੇਟ ਅੱਗੇ ਝੂਲ ਰਿਹਾ ਨਿਸ਼ਾਨ ਸਾਹਿਬ ਹਰ ਆਉਣ ਜਾਣ ਵਾਲੇ ਮੁਸਾਫ਼ ?ਰ ਨੂੰ ਦੋ ਪਲ ਰੁਕਣ ਲਈ ਕਹਿ ਰਿਹਾ ਸੀ। ਪਰ ਮੇਰਾ ਮਨ ਸੁਰਜੀਤ ਪੁਰੇ ਘੁੰਮ ਰਿਹਾ ਸੀ।

ਸੱਚੀ ਗੱਲ ਹੈ ਕਿ ਪਹਿਲੇ ਦਿਨ ਮੇਰਾ ਭੋਰਾ ਚਿੱਤ ਨਾ ਲੱਗਾ। ਜੀਅ ਕਰਦਾ ਸੀ ਕਿ ਜੇ ਕੋਈ ਇੱਥੋਂ ਜਹਾਜ਼ ਜਾਂਦਾ ਹੋਵੇ ਤਾਂ ਮੈਂ ਉਸ ’ਤੇ ਚੜ੍ਹ ਕੇ ਵਾਪਸ ਪਿੰਡ ਚਲਾ ਜਾਵਾਂ, ਪਰ ਇਹ ਅਸੰਭਵ ਸੀ। ਬਾਕੀ ਮੇਰੇ ਤੋਂ ਚਾਰ ਦਿਨ ਪਹਿਲਾਂ ਪਹੁੰਚੇ ਢਾਡੀ ਜਗਦੇਵ ਸਿੰਘ ਜਾਚਕ ਦੇ ਜਥੇ ਨੇ ਇਹ ਓਪਰਾਪਣ ਦੂਰ ਕਰ ਦਿੱਤਾ। ਸਾਮਾਨ ਕਮਰੇ ਵਿੱਚ ਰੱਖ ਕੇ ਪਹਿਲਾਂ ਇਸ਼ਨਾਨ ਕੀਤਾ ਤੇ ਫਿਰ ਗੁਰੂ ਘਰ ਨਤਮਸਤਕ ਹੋ ਕੇ ਅਰਦਾਸ ਬੇਨਤੀ ਕੀਤੀ। ਹੁਣ ਉਹੀ ਅਸਥਾਨ ਆਪਣਾ-ਆਪਣਾ ਲੱਗਦਾ ਹੈ।

*ਸ਼ਹੀਦੀ ਦਿਵਸ 'ਤੇ ਵਿਸ਼ੇਸ਼*

# ਸ਼ਹੀਦ ਭਾਈ ਤਾਰੂ ਸਿੰਘ ਜੀ





ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿੰਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ।ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ। ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ। ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ। ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ।

ਬਸ ਫੇਰ ਕੀ ਸੀ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ।

ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜ੍ਹਾਇਆ ਗਿਆ।ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ ।ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ। ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾ ਸਾਰੇ ਸਿਰ ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ।

ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ।

ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਅੱਜ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾ ਰਿਹਾ ਹੈ।

## ਬੱਚਿਆਂ ਦੇ ਮਿਡ-ਡੇ ਮੀਲ 'ਚ ਨਿਕਲ ਰਹੇ ਸੱਪ, ਕੋਹੜਕਿਰਲੀਆਂ ਤੇ ਕੀੜੇ



ਮਿਡ-ਡੇ ਮੀਲ ਭਾਵ ਦੁਪਹਿਰ ਦਾ ਭੋਜਨ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਮੁਫਤ ਖੁਰਾਕ ਵੰਡਣ ਦੀ ਯੋਜਨਾ ਹੈ ਜਿਸ ਦੀ ਸ਼ੁਰੂਆਤ 1995 'ਚ ਗਰੀਬ ਬੱਚਿਆਂ ਨੂੰ ਸਕੂਲਾਂ ਵੱਲ ਆਕਰਸ਼ਿਤ ਕਰਨ ਲਈ ਕੀਤੀ ਗਈ ਸੀ। ਉਦੋਂ ਵਧੇਰੇ ਸੂਬਿਆਂ ਨੇ ਇਸ ਦੇ ਅਧੀਨ ਲਾਭਪਾਤਰੀਆਂ ਨੂੰ ਕੱਚਾ ਅਨਾਜ ਦੇਣਾ ਸ਼ੁਰੂ ਕੀਤਾ ਸੀ ਪਰ 28 ਨਵੰਬਰ, 2002 ਨੂੰ ਸੁਪਰੀਮ ਕੋਰਟ ਦੇ ਇਕ ਹੁਕਮ 'ਤੇ ਬੱਚਿਆਂ ਨੂੰ ਪਕਾ ਕੇ ਭੋਜਨ ਦੇਣਾ ਸ਼ੁਰੂ ਕੀਤਾ ਗਿਆ।

ਇਕ ਚੰਗੀ ਯੋਜਨਾ ਹੋਣ ਦੇ ਬਾਵਜੂਦ ਸਬੰਧਤ ਵਿਭਾਗਾਂ ਵੱਲੋਂ ਇਸ ਨੂੰ ਲਾਗੂ ਕਰਨ ਅਤੇ ਭੋਜਨ ਪਕਾਉਣ 'ਚ ਲਾਪ੍ਰਵਾਹੀ ਅਤੇ ਸਿਹਤ ਅਤੇ ਸੁਰੱਖਿਆ ਸਬੰਧੀ ਨਿਯਮਾਂ ਦੀ ਅਣਦੇਖੀ ਦੇ ਕਾਰਨ ਇਹ ਯੋਜਨਾ ਵਰਦਾਨ ਦੀ ਬਜਾਏ ਸਰਾਪ ਸਿੱਧ ਹੋ ਰਹੀ ਹੈ।

ਮਿਡ-ਡੇ ਮੀਲ 'ਚ ਸਬਜ਼ੀਆਂ ਦੇ ਨਾਲ ਹੀ ਸੱਪ, ਕੀੜਿਆਂ, ਕੀੜੀਆਂ, ਕੋਹੜਕਿਰਲੀਆਂ ਆਦਿ ਦਾ ਪਾਇਆ ਜਾਣਾ ਆਮ ਹੋ ਗਿਆ ਹੈ, ਜੋ ਇਸੇ ਸਾਲ ਦੇ ਦੌਰਾਨ ਸਾਹਮਣੇ ਆਈਆਂ ਹੇਠਲੀਆਂ ਕੁਝ ਘਟਨਾਵਾਂ ਤੋਂ ਸਪੱਸ਼ਟ ਹੈ :

- 22 ਫਰਵਰੀ, 2024 ਨੂੰ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਦੇ 'ਹਲਿਆ' ਬਲਾਕ ਦੇ 'ਉਮਰਿਆ' ਸਥਿਤ ਪ੍ਰਾਇਮਰੀ ਸਕੂਲ 'ਚ ਮਿਡ-ਡੇ ਮੀਲ ਦੇ ਅਧੀਨ ਪਰੋਸਿਆ ਗਿਆ ਭੋਜਨ ਖਾਣ ਨਾਲ 13 ਬੱਚਿਆਂ ਦੀ ਹਾਲਤ ਖਰਾਬ ਹੋਣ 'ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਵਾਉਣਾ ਪਿਆ। ਭੋਜਨ ਦੀ ਜਾਂਚ ਕਰਨ 'ਤੇ ਆਲੂ-ਗੋਭੀ-ਮਟਰ ਦੀ ਸਬਜ਼ੀ 'ਚ ਮਰੀ ਹੋਈ ਕੋਹੜਕਿਰਲੀ ਪਾਈ ਗਈ ਸੀ।
- 22 ਫਰਵਰੀ ਨੂੰ ਹੀ ਕੁਸ਼ੀਨਗਰ (ਉੱਤਰ ਪ੍ਰਦੇਸ਼) ਸਥਿਤ ਇਕ ਪ੍ਰਾਇਮਰੀ ਸਕੂਲ 'ਚ ਮਿਡ-ਡੇ ਮੀਲ ਖਾਣ ਦੇ ਬਾਅਦ 17 ਬੱਚਿਆਂ ਦੀ ਸਿਹਤ ਅਚਾਨਕ ਵਿਗੜਨ ਲੱਗੀ ਅਤੇ ਉਹ ਢਿੱਡ ਪੀੜ ਨਾਲ ਰੋਣ-ਕੁਰਲਾਉਣ ਲੱਗੇ।
- 13 ਮਾਰਚ ਨੂੰ ਅਰਰਿਆ (ਬਿਹਾਰ) ਜ਼ਿਲੇ ਦੇ ਇਕ ਸਕੂਲ 'ਚ ਮਿਡ-ਡੇ ਮੀਲ 'ਚ ਪਰੋਸਿਆ ਗਿਆ ਜ਼ਹਿਰੀਲਾ ਭੋਜਨ ਖਾਣ ਨਾਲ 100 ਬੱਚੇ ਬੀਮਾਰ ਪੈ ਗਏ।
- 23 ਮਾਰਚ ਨੂੰ 'ਗਰਿਆਬੰਦ' (ਛੱਤੀਸਗੜ੍ਹ) ਜ਼ਿਲੇ ਦੇ ਵੱਖ-ਵੱਖ ਸਰਕਾਰੀ ਸਕੂਲਾਂ 'ਚ ਮਿਡ-ਡੇ ਮੀਲ 'ਚ ਵਿਦਿਆਰਥੀਆਂ ਨੂੰ ਪਰੋਸੀ ਜਾਣ ਵਾਲੀ ਸੋਇਆਬੀਨ ਦੀ 'ਵੜੀ' 'ਚ ਕੀੜੇ (ਉੱਲੀ ਅਤੇ ਘੁਣ) ਨਿਕਲਣ ਦੀ ਸ਼ਿਕਾਇਤ ਸਾਹਮਣੇ ਆਈ।
- 24 ਮਈ ਨੂੰ ਔਰੰਗਾਬਾਦ (ਬਿਹਾਰ) 'ਚ ਉਰੂਬੁਵਾ ਸਥਿਤ ਸਰਕਾਰੀ ਮਿਡਲ ਸਕੂਲ 'ਚ ਮਿਡ-ਡੇ ਮੀਲ ਖਾਣ ਦੇ ਬਾਅਦ 102 ਤੋਂ ਵੱਧ ਬੱਚਿਆਂ ਦੀ ਸਿਹਤ ਵਿਗੜ ਗਈ। ਕੁਝ ਬੱਚੇ ਉਲਟੀ ਕਰਨ ਲੱਗੇ ਅਤੇ ਕੁਝ ਦੇ ਢਿੱਡ ਪੀੜ ਸ਼ੁਰੂ ਹੋ ਗਈ। ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਵਾਉਣਾ ਪਿਆ ਅਤੇ ਪਰੋਸੇ ਗਏ ਚੌਲਾਂ 'ਚ ਉਬਲ ਕੇ ਮਰੀ ਹੋਈ ਕੋਹੜਕਿਰਲੀ ਦੇਖੀ ਗਈ।
- 25 ਜੂਨ ਨੂੰ ਮੁਜ਼ੱਫਰਪੁਰ (ਬਿਹਾਰ) 'ਚ 'ਮਿਠਨ ਸਰਾਏ' ਸਥਿਤ ਇਕ ਸਰਕਾਰੀ ਸਕੂਲ 'ਚ ਬੱਚਿਆਂ ਦੇ ਮਿਡ-ਡੇ ਮੀਲ 'ਚ ਕੀੜੇ ਦੇਖੇ ਗਏ। ਦੋਸ਼ ਹੈ ਕਿ ਬੱਚਿਆਂ ਦੇ ਇਤਰਾਜ਼ ਕਰਨ 'ਤੇ ਸਕੂਲ ਦੀ ਮੁੱਖ ਅਧਿਆਪਿਕਾ ਨੇ ਕੀੜਿਆਂ ਨੂੰ 'ਜੀਰਾ' ਦੱਸਦੇ ਹੋਏ ਖਾਣ ਲਈ ਕਿਹਾ।
- 4 ਜੁਲਾਈ ਨੂੰ ਬਕਸਰ (ਬਿਹਾਰ) ਜ਼ਿਲੇ ਦੇ 'ਪਾਂਡੇਯ ਪੱਟੀ' ਸਕੂਲ 'ਚ ਦਾਲ ਅਤੇ ਸਬਜ਼ੀ ਦੇ ਨਾਲ ਪਰੋਸੇ ਗਏ ਚੌਲਾਂ 'ਚ ਕੀੜੇ ਨਿਕਲਣ 'ਤੇ ਬੱਚਿਆਂ ਨੇ ਉਸ ਭੋਜਨ ਨੂੰ ਖਾਣ ਤੋਂ ਨਾਂਹ ਕਰ ਦਿੱਤੀ ਅਤੇ ਸੁੱਟ ਦਿੱਤਾ।
- 4 ਜੁਲਾਈ ਨੂੰ ਹੀ ਸਾਂਗਲੀ (ਮਹਾਰਾਸ਼ਟਰ) ਜ਼ਿਲੇ 'ਚ ਇਕ ਆਂਗਣਵਾੜੀ ਸਕੂਲ 'ਚ ਬੱਚਿਆਂ ਲਈ ਭੇਜੇ ਗਏ ਮਿਡ-ਡੇ ਮੀਲ ਦੇ ਪੈਕੇਟ 'ਚ ਇਕ ਛੋਟਾ ਮਰਿਆ ਹੋਇਆ ਸੱਪ ਮਿਲਿਆ। ਵਰਨਣਯੋਗ ਹੈ ਕਿ ਮਹਾਰਾਸ਼ਟਰ 'ਚ ਆਂਗਣਵਾੜੀ 'ਚ 6 ਮਹੀਨੇ ਤੋਂ 3 ਸਾਲ ਤੱਕ ਦੇ ਬੱਚਿਆਂ ਨੂੰ ਪੈਕੇਟ 'ਚ ਬੰਦ ਮਿਡ-ਡੇ ਮੀਲ ਦਿੱਤਾ ਜਾਂਦਾ ਹੈ ਜਿਸ 'ਚ ਦਾਲ ਅਤੇ ਖਿੱਚੜੀ ਦਾ ਮਿਸ਼ਰਣ ਹੁੰਦਾ ਹੈ।
- ਅਤੇ ਹੁਣ 6 ਜੁਲਾਈ ਨੂੰ ਮੰਡਲਾ (ਮੱਧ ਪ੍ਰਦੇਸ਼) ਜ਼ਿਲੇ ਦੇ ਪਿੰਡ 'ਬਕਛੇਰਾ ਦੌਨਾ' ਦੇ ਆਂਗਣਵਾੜੀ ਕੇਂਦਰ 'ਚ ਬੱਚਿਆਂ ਲਈ ਭੇਜੇ ਗਏ ਮਿਡ-ਡੇ ਮੀਲ ਦਾ ਢੱਕਣ ਖੋਲ੍ਹਦੇ ਹੀ ਕਮਰੇ 'ਚ ਬਦਬੋ ਫੈਲ ਗਈ। ਚੌਲਾਂ 'ਚ ਕੀੜੇ ਅਤੇ ਕੀੜੀਆਂ ਪਈਆਂ ਹੋਈਆਂ ਸਨ। ਦਾਲ 'ਚ ਪਾਣੀ ਦੇ ਸਿਵਾਏ ਕੁਝ ਨਹੀਂ ਸੀ ਅਤੇ ਪੂਰਾ ਖਾਣਾ ਸੜਿਆ ਹੋਇਆ ਅਤੇ ਇੰਨਾ ਬਦਬੂਦਾਰ ਸੀ ਜਿਵੇਂ 4-5 ਦਿਨ ਪਹਿਲਾਂ ਬਣਾਇਆ ਗਿਆ ਹੋਵੇ।

ਹਾਲਾਂਕਿ ਬੱਚਿਆਂ ਨੂੰ ਪਰੋਸਣ ਤੋਂ ਪਹਿਲਾਂ ਭੋਜਨ ਨੂੰ ਇਕ ਅਧਿਆਪਕ ਸਮੇਤ 2 ਬਾਲਗਾਂ ਵੱਲੋਂ ਖਾ ਕੇ ਜਾਂਚਣਾ ਅਤੇ ਕੱਚੇ ਸਾਮਾਨ ਤੇ ਭਾਂਡਿਆਂ ਆਦਿ ਦੀ ਸ਼ੁੱਧਤਾ ਦੇ ਨਿਯਮਾਂ ਦਾ ਪਾਲਣਾ ਕਰਨਾ ਜ਼ਰੂਰੀ ਹੈ ਪਰ ਵਧੇਰੇ ਮਾਮਲਿਆਂ 'ਚ ਇਨ੍ਹਾਂ ਨਿਯਮਾਂ ਦੀ ਪਾਲਣਾ ਹੀ ਨਹੀਂ ਕੀਤੀ ਜਾਂਦੀ।

ਇਸੇ ਕਾਰਨ ਮਿਡ-ਡੇ ਮੀਲ ਖਾ ਕੇ ਵੱਡੀ ਗਿਣਤੀ 'ਚ ਬੱਚਿਆਂ ਦੇ ਬੀਮਾਰ ਹੋਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇੰਨਾ ਹੀ ਨਹੀਂ, ਪਕਾਉਣ ਦੇ ਦੌਰਾਨ ਵਰਤੀ ਜਾਣ ਵਾਲੀ ਲਾਪ੍ਰਵਾਹੀ ਦੇ ਕਾਰਨ ਗੰਭੀਰ ਸਮੱਸਿਆਵਾਂ ਵੀ ਪੈਦਾ ਹੋ ਰਹੀਆਂ ਹਨ।

### ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਲਾਵਤਨੀ ਯੋਧੇ ਦੀ ਉਪਾਧੀ ਪਾਉਣ ਵਾਲਾ

# ਜਿੰਦਾ ਸ਼ਹੀਦ ਸੀ ਭਾਈ ਗਜਿੰਦਰ ਸਿੰਘ




ਬਘੇਲ ਸਿੰਘ ਧਾਲੀਵਾਲ
99142-58142

ਭਾਈ ਗਜਿੰਦਰ ਸਿੰਘ ਕਿਸੇ ਆਮ ਵਿਅਕਤੀ ਦਾ ਨਾਮ ਨਹੀਂ, ਬਲਕਿ ਅਜਾਦ ਸਿੱਖ ਰਾਜ ਦੇ ਪਵਿੱਤਰ ਕੌਮੀ ਕਾਰਜ ਲਈ ਦ੍ਰਿੜ੍ਹ ਸੰਕਲਪ, ਤਾਅ-ਉਮਰ ਅਡੋਲ ਰਹਿਣ ਵਾਲੀ ਨਿੱਡਰ ਜਲਾਵਤਨੀ ਸਤਿਕਾਰਿਤ ਸਖਸ਼ੀਅਤ ਹੈ ਗਜਿੰਦਰ ਸਿੰਘ ਹਾਈਜੈਕਰ। ਭਾਈ ਸਾਹਿਬ ਸਾਇਦ ਇੱਕੋ ਇੱਕ ਅਜਿਹੇ ਸਿੱਖ ਜੋਧੇ ਜਰਨੈਲ ਸਨ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਬੜੀ ਦ੍ਰਿੜਤਾ, ਅਡੋਲਤਾ ਅਤੇ ਬੇ-ਗਰਜੀ ਨਾਲ ਬਗੈਰ ਕੌਮ ਨੂੰ ਨਿਹੋਰੇ ਦਿੱਤਿਆਂ ਅਜ਼ਾਦ ਸਿੱਖ ਰਾਜ ਦੀ ਪ੍ਰਾਪਤੀ ਦੀ ਜਦੋ-ਜਹਿਦ ਦੇ ਲੇਖੇ ਲਾ ਦਿੱਤੀ। ਤਿੰਨ ਜੀਆਂ ਦੇ ਪਰਿਵਾਰ ਦੇ ਤਿੰਨ ਜਗਾਹ ਹੋ ਕੇ ਵਿਖਰ ਜਾਣ ਵਰਗਾ ਦੁੱਖ ਵੀ ਉਹਨਾਂ ਨੂੰ ਆਪਣੇ ਨਿਸ਼ਾਨੇ ਤੋਂ ਡੁਲਾ ਨਾ ਸਕਿਆ। ਉਹਨਾਂ ਦਾ ਜੀਵਨ ਭਾਵੇਂ ਮੁੱਢੋਂ ਹੀ ਸੰਘਰਸ਼ੀ ਰਿਹਾ, ਪਰ ਉਹਨਾਂ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਉਦੋਂ ਚਰਚਾ ਵਿੱਚ ਆਇਆ ਜਦੋਂ ਉਹਨਾਂ ਵੱਲੋਂ ਆਪਣੇ ਚਾਰ ਸਾਥੀਆਂ ਸਿਰਦਾਰ ਸਤਨਾਮ ਸਿੰਘ ਪਾਉਂਟਾ ਸਾਹਿਬ, ਮਾਸਟਰ ਕਰਨ ਸਿੰਘ, ਸਿਰਦਾਰ ਜਸਬੀਰ ਸਿੰਘ ਅਤੇ ਸਿਰਦਾਰ ਤੇਜਿੰਦਰਪਾਲ ਸਿੰਘ ਸਮੇਤ 29 ਸਤੰਬਰ 1981 ਨੂੰ ਦਿੱਲੀ ਤੋ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰਕੇ ਲਹੌਰ (ਪਾਕਿਸਤਾਨ) ਲਿਜਾਇਆ ਗਿਆ। ਇਸ ਦੌਰਾਨ ਉਹਨਾਂ ਵੱਲੋਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਬਿਨਾਂ ਸ਼ਰਤ ਰਿਹਾਈ ਦੇ ਨਾਲ ਕੁਝ ਹੋਰ ਸ਼ਰਤਾਂ ਵੀ ਰੱਖੀਆਂ ਗਈਆਂ। ਇਸ ਕਾਰਵਾਈ ਨਾਲ ਜਿੱਥੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੀ ਚਰਚਾ ਕੌਮਾਂਤਰੀ ਪੱਧਰ 'ਤੇ ਹੋਈ, ਉਥੇ ਭਾਈ ਗਜਿੰਦਰ ਸਿੰਘ ਹੋਰਾਂ ਦਾ ਨਾਮ ਵੀ ਦੁਨੀਆ ਪੱਧਰ 'ਤੇ ਜਾਣਿਆ ਜਾਣ ਲੱਗਾ। ਯਾਦ ਰਹੇ ਕਿ 20 ਸਤੰਬਰ 1981 ਵਾਲੇ ਦਿਨ ਲਾਲਾ ਜਗਤ ਨਰਾਇਣ ਦੇ ਕਤਲ ਦੇ ਸਬੰਧ ਵਿੱਚ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਮਹਿਤਾ ਚੌਕ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਦੌਰਾਨ ਸੰਗਤਾਂ ਅਤੇ ਪੁਲਿਸ ਦਰਮਿਆਨ ਹੋਈ ਗੋਲੀਬਾਰੀ ਵਿੱਚ ਗਿਆਰਾਂ ਵਿਅਕਤੀਆਂ ਦੀ ਸ਼ਹਾਦਤ ਹੋ ਗਈ ਸੀ। ਭਾਈ ਗਜਿੰਦਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸੰਤ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਹੀ ਜਹਾਜ ਅਗਵਾ ਕੀਤਾ ਗਿਆ ਸੀ, ਜਿਸ ਵਿੱਚ ਜਹਾਜ਼ ਦੇ ਅਮਲੇ ਦੇ ਛੇ ਵਿਅਕਤੀਆਂ ਸਮੇਤ 117 ਵਿਅਕਤੀ ਸਵਾਰ ਸਨ, ਪਰ ਸਿੱਖ ਅਗਵਾਕਾਰਾਂ ਦੇ ਇਸ ਖਤਰਨਾਕ ਕੰਮ ਦੀ ਖ਼ੂਬਸੂਰਤੀ ਇਹ ਸੀ ਕਿ ਉਹਨਾਂ ਨੇ ਖਾਲਸਾਈ ਪ੍ਰੰਪਰਾਵਾਂ ਤੇ ਪਹਿਰਾ ਦਿੰਦਿਆਂ ਜਹਾਜ਼ ਵਿੱਚ ਸਵਾਰ ਔਰਤਾਂ ਅਤੇ ਬੱਚਿਆਂ ਨੂੰ ਤੁਰੰਤ ਛੱਡ ਦਿੱਤਾ ਸੀ। ਭਾਈ ਗਜਿੰਦਰ ਸਿੰਘ ਦਾ ਜਨਮ 19 ਨਵੰਬਰ 1951 ਨੂੰ ਪਟਿਆਲਾ ਵਿਖੇ ਹੋਇਆ। ਉਹ ਪੰਜ ਭੈਣ ਭਰਾਵਾਂ ਵਿੱਚੋਂ ਚੌਥੇ ਨੰਬਰ 'ਤੇ ਸਨ। ਸਭ ਤੋਂ ਵੱਡੀ ਭੈਣ, ਬੀਬੀ ਹਰਪਾਲ ਕੌਰ, ਜੋ ਭਾਈ ਸਾਹਿਬ ਤੋਂ ਦੱਸ ਸਾਲ ਵੱਡੀ ਹੈ, ਬੀਬੀ ਹਰਪਾਲ ਕੌਰ ਤੋਂ ਛੋਟਾ ਭਰਾ, ਸਰਦਾਰ ਅਵਤਾਰ ਸਿੰਘ, ਜੋ ਭਾਈ ਸਾਹਿਬ ਤੋਂ ਪੰਜ ਸਾਲ ਵੱਡਾ ਸੀ। ਇਸ ਤੋਂ ਛੋਟੀ ਭੈਣ ਇੰਦਰਮੋਹਣ ਕੌਰ ਹੈ, ਜੋ ਭਾਈ ਸਾਹਿਬ ਤੋਂ ਡੇਢ ਕੁ ਸਾਲ ਵੱਡੀ ਹੈ। ਭਾਈ ਸਾਹਿਬ ਤੋਂ ਛੋਟਾ ਭਰਾ, ਸਰਦਾਰ ਦਰਸ਼ਨ ਸਿੰਘ ਹੈ, ਜੋ ਗਜਿੰਦਰ ਸਿੰਘ ਤੋਂ ਤਕਰੀਬਨ ਸੱਤ ਕੁ ਸਾਲ ਛੋਟਾ ਹੈ। ਸੰਤਾਲੀ ਦੀ ਵੰਡ ਤੋਂ ਮਗਰੋਂ ਇਹ ਪਰਿਵਾਰ, ਭਾਰਤ ਵਾਲੇ ਪਾਸੇ ਦੇ ਪੰਜਾਬ ਦੇ ਪਟਿਆਲਾ ਸ਼ਹਿਰ ਆ ਕੇ ਵੱਸ ਗਿਆ ਸੀ। ਭਾਈ ਸਾਹਿਬ ਦਾ ਪਿਛੋਕੜ ਖਾਲਸਾ ਰਾਜ ਦੇ ਅਜੇਤੂ ਜਰਨੈਲ ਸ੍ਰ. ਹਰੀ ਸਿੰਘ ਨਲੂਆ ਵੱਲੋਂ ਵਸਾਏ ਨਗਰ ਹਰੀਪੁਰ ਹਜ਼ਾਰਾ (ਪਾਕਿਸਤਾਨ) ਨਾਲ ਜੁੜਦਾ ਹੈ। ਇਹ ਪਿੰਡ ਉਹਨਾਂ ਦਾ ਪਿਛਲਾ ਪਿੰਡ ਸੀ, ਸ਼ਾਇਦ ਇਹੋ ਕਾਰਨ ਹੋਵੇਗਾ ਕਿ ਭਾਈ ਗਜਿੰਦਰ ਸਿੰਘ ਵੀ ਸਾਰੀ ਉਮਰ ਸਿੱਖ ਰਾਜ ਦੇ ਸੁਪਨਿਆਂ 'ਚ ਗੁਆਚਿਆ ਜਲਾਵਤਨੀ ਹੰਢਾਉਂਦਾ ਰਿਹਾ। ਉਹਨਾਂ ਦੇ ਮਨ ਅੰਦਰ ਅਜਾਦੀ ਦੀ ਤਾਂਘ ਦੇ ਭਾਂਬੜ ਬਲਦੇ ਰਹੇ। ਭਾਈ ਸਾਹਿਬ ਦੇ ਅੰਦਰਲੀ ਤਾਂਘ ਦਾ ਕਾਰਨ ਉਹਨਾਂ ਅੰਦਰ ਆਪਣੇ ਪੁਰਖਿਆਂ ਦੇ ਪਿੰਡ ਹਰੀਪੁਰ ਹਜ਼ਾਰਾ ਦੀ ਜਰਖੇਜ ਅਤੇ ਸਖਤ ਮਿੱਟੀ ਦਾ ਕ੍ਰਿਸ਼ਮਾ ਵੀ ਤਾਂ ਹੈ, ਜਿਹੜਾ ਉਹਨਾਂ ਦੇ ਅੰਦਰ ਆਪਣੇ ਗੁਆਚੇ ਸਿੱਖ ਰਾਜ ਦੀ ਲਟ-ਲਟ ਬਲਦੀ ਜੋਤ ਨੂੰ ਪਰਚੰਡ ਰੱਖਦਾ ਰਿਹਾ ਹੈ, ਉਹਨਾਂ ਦੇ ਅੰਦਰ ਕੌਮੀ ਜਜ਼ਬੇ ਦੇ ਠਾਠਾਂ ਮਾਰਦੇ ਸਮੁੰਦਰ ਦੀਆਂ ਲਹਿਰਾਂ ਨੂੰ ਉਹਨਾਂ ਦੇ ਦਗ ਦਗ ਕਰਦੇ ਚਿਹਰੇ ਤੋਂ ਤੈਰਦੀਆਂ ਮਹਿਸੂਸ ਕੀਤਾ ਜਾ ਸਕਦਾ ਸੀ। ਭਾਈ ਗਜਿੰਦਰ ਸਿੰਘ ਕੋਈ ਆਮ ਇਨਸਾਨ ਹੋ ਹੀ ਨਹੀਂ ਸਕਦਾ, ਉਹ ਆਪਣੇ ਆਪ ਵਿੱਚ ਇੱਕ ਸੰਘਰਸ਼ੀ ਮਨੁੱਖ ਵਜੋਂ ਜ਼ਿੰਦਗੀ ਭਰ ਜੀਵਿਆ ਅਤੇ ਤਾਅ-ਉਮਰ ਸਿੱਖ ਜੁਆਨੀ ਦਾ ਰਾਹ ਦਿਸੇਰਾ ਰਿਹਾ। ਇਹ ਮਾਣ ਬਹੁਤ ਟਾਵੇਂ ਵਿਰਲਿਆਂ ਦੇ ਹਿੱਸੇ ਆਉਂਦਾ ਹੈ, ਜਦੋਂ ਲੋਕ ਕਿਸੇ ਆਗੂ ਨੂੰ ਆਪਣੇ ਨਿਸਾਨੇ ਪ੍ਰਤੀ ਆਖਰੀ ਸਾਹ ਤੱਕ ਅਡੋਲਤਾ ਨਾਲ ਖੜਾ ਦੇਖਦੇ ਹਨ। ਭਾਈ ਗਜਿੰਦਰ ਸਿੰਘ ਜਿੱਥੇ ਦਲ ਖਾਲਸਾ ਜਥੇਬੰਦੀ ਦਾ ਬਾਨੀ ਆਗੂ ਸੀ, ਓਥੇ ਉਹ ਇੱਕ ਉੱਚ ਕੋਟੀ ਦਾ ਕਵੀ ਸੀ, ਜਿੰਨਾਂ ਦੀਆਂ ਲਿਖਤਾਂ ਨੇ ਦਿੱਲੀ ਦਰਬਾਰ ਨੂੰ ਕੰਬਣੀ ਛੇੜ ਦਿੱਤੀ ਸੀ। ਲਿਹਾਜਾ ਉਹਨਾਂ ਦੀਆਂ ਦੋ ਪੁਸਤਕਾਂ "ਪੰਜ ਤੀਰ ਹੋਰ" ਅਤੇ "ਗੰਗੂ ਦੀ ਰੂਹ" ਤੇ ਸਮੇਂ ਦੀ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਉਹਨਾਂ ਵੱਲੋਂ ਆਪਣੇ ਸੰਘਰਸ਼ੀ ਜੀਵਨ ਤੋਂ ਪਹਿਲਾਂ ਅਤੇ ਦਰਮਿਆਨ ਕੁੱਲ ਨੌਂ ਪੁਸਤਕਾਂ ਲਿਖੀਆਂ ਗਈਆਂ, ਜਿੰਨਾਂ ਵਿੱਚ ਪੰਜ ਤੀਰ ਹੋਰ, ਗੰਗੂ ਦੀ ਰੂਹ, ਵਸੀਅਤਨਾਮਾ, ਸੂਰਜ ਤੇ ਖਾਲਿਸਤਾਨ, ਸਲਾਖਾਂ ਪਿੱਛੇ, ਸਮੇਂ ਦਾ ਸੱਚ, ਲਕੀਰ ਅਤੇ ਸੰਘਰਸ਼ ਸਲਾਖਾਂ ਤੇ ਸੱਜਣੀ ਸ਼ਾਮਲ ਹਨ। ਇਸ ਤੋਂ ਇਲਾਵਾ ਬਹੁਤ ਕੁੱਝ ਅਣ ਛਪਿਆ ਵੀ ਹੋਵੇਗਾ, ਜਿਹੜਾ ਉਹਨਾਂ ਨੂੰ ਚਾਹੁਣ ਵਾਲੇ ਪਾਠਕ ਅਕਸਰ ਹੀ ਫੇਸਬੁੱਕ ਤੇ ਲਗਾਤਾਰ ਪੜ੍ਹਦੇ ਆ ਰਹੇ ਹਨ। ਉਹਨਾਂ ਆਪਣੀ ਜ਼ਿੰਦਗੀ ਦੇ 41 ਸਾਲ ਜਲਾਵਤਨੀ ਹੰਢਾਉਂਦਿਆਂ ਗੁਜ਼ਾਰੇ ਹਨ। ਇਸ ਵਿੱਚ 13 ਸਾਲ ਅਤੇ ਕੁੱਝ ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਵੀ ਸ਼ਾਮਲ ਹੈ। ਇਸ ਸਮੇਂ ਦੌਰਾਨ ਇਸ ਅਡੋਲ ਜਰਨੈਲ ਦੀ ਧਰਮ ਪਤਨੀ ਅਤੇ ਸਪੁੱਤਰੀ ਨੂੰ ਵੀ ਵੱਖ-ਵੱਖ ਮੁਲਕਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੋਣਾ ਪਿਆ। ਬੇਟੀ ਇੰਗਲੈਂਡ ਵਿੱਚ, ਪਤਨੀ ਜਰਮਨ ਵਿੱਚ ਅਤੇ ਭਾਈ ਸਾਹਿਬ ਖੁਦ ਪਾਕਿਸਤਾਨ ਵਿੱਚ ਜਲਾਵਤਨ ਰਹਿ ਕੇ ਅਜ਼ਾਦ ਖਾਲਸਾ ਰਾਜ ਲਈ ਚਾਰਾਜੋਈ ਕਰਦੇ ਹੋਏ ਕੌਮੀ ਜਜ਼ਬਿਆਂ ਦੀ ਤਰਜਮਾਨੀ ਕਰਦੇ ਰਹੇ। ਡਾ. ਗੁਰਦੀਪ ਸਿੰਘ ਜਗਵੀਰ ਪਰਿਵਾਰ ਸਬੰਧੀ ਲਿਖਦੇ ਹੋਏ ਕਹਿੰਦੇ ਹਨ ਕਿ 'ਸ੍ਰ. ਗਜਿੰਦਰ ਸਿੰਘ ਦੀ ਬੇਟੀ ਬਿਕਰਮ ਜੀਤ ਕੌਰ ਇਸ ਵਕਤ ਇੰਗਲੈਂਡ ਵਿਚ ਹੈ ਜੋ ਆਪਣੇ ਸਰਦਾਰ ਗੁਰਪ੍ਰੀਤ ਸਿੰਘ ਜੀ ਦੇ ਨਾਲ ਆਪਣਾ ਗ੍ਰਹਿਸਥ ਜੀਵਨ ਬਿਤਾ ਰਹੀ ਹੈ। ਬੱਚੀ ਬਿਕ੍ਰਮ ਜੀਤ ਕੌਰ ਦਾ ਅਨੰਦ ਕਾਰਜ ਸਰਦਾਰ ਮੰਗਲ ਸਿੰਘ ਅਤੇ ਬੀਬੀ ਰਣਜੀਤ ਕੌਰ ਦੇ ਬੇਟੇ ਸਰਦਾਰ ਗੁਰਪ੍ਰੀਤ ਸਿੰਘ ਦੇ ਨਾਲ 29 ਜੁਲਾਈ 2006 ਵਾਲੇ ਦਿਨ, ਸਾਊਥਾਲ ਦੀ ਮਿਸ਼ਨਰੀ ਸੁਸਾਇਟੀ ਦੇ ਮਾਤਾ ਸੁੰਦਰੀ ਦੀਵਾਨ ਹਾਲ ਵਿੱਚ ਸੰਪੂਰਨ ਹੋਇਆ ਸੀ। ਪੱਲੇ ਦੀ ਰਸਮ ਉਸ ਵੇਲੇ ਸਾਰੀ ਕੌਮ ਵੱਲੋਂ ਹੀ ਅਦਾ ਹੋ ਗਈ ਜਦੋਂ ਉਸ ਦਿਨ ਦੇਸ਼ ਵਿਦੇਸ਼ ਤੋਂ ਆਈ ਸੰਗਤ ਨੇ ਇਸ ਬੱਚੀ ਨੂੰ ਪੰਥ ਦੀ ਬੇਟੀ ਹੋਣ ਦਾ ਮਾਣ ਬਖਸ਼ਿਆ। ਬੱਚੀ ਬਿਕਰਮ ਜੀਤ ਕੌਰ ਅਤੇ ਬੱਚੇ ਗੁਰਪ੍ਰੀਤ ਸਿੰਘ ਦੇ ਗ੍ਰਿਹਿ ਸਤਿਗੁਰੂ ਜੀ ਨੇ, ਬੱਚੀ ਅਵਨੀਤ ਕੌਰ ਅਤੇ ਪੁੱਤਰ ਸੁਖਰਾਜ ਸਿੰਘ ਦੀ ਦਾਤ ਬਖਸ਼ੀ ਹੈ। ਭਾਈ ਗਜਿੰਦਰ ਸਿੰਘ ਦੀ ਪੰਥ ਪ੍ਰਤੀ ਵੱਡੀ ਕੁਰਬਾਨੀ ਨੂੰ ਦੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿਰਦਾਰ ਗਜਿੰਦਰ ਸਿੰਘ ਨੂੰ 'ਜਲਾਵਨੀ ਸਿੱਖ ਯੋਧੇ' ਦੀ ਉਪਾਧੀ ਦੇਣ ਦਾ ਫ਼ੈਸਲਾ ਲਿਆ ਗਿਆ ਅਤੇ ਇਸ ਸੰਬੰਧੀ ਇਕ ਖ਼ਤ ਸਿਰਦਾਰ ਗਜਿੰਦਰ ਸਿੰਘ ਨੂੰ ਭੇਜਿਆ ਗਿਆ ਕਿ 'ਗੁਰੂ ਪੰਥ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਤੀ 3 ਅੱਸੂ ਸੰਮਤ ਨਾਨਕਸ਼ਾਹੀ 552 ਮੁਤਾਬਕ 18 ਸਤੰਬਰ 2020 ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਆਪ ਜੀ ਨੂੰ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ 'ਜਲਾਵਤਨੀ ਸਿੱਖ ਯੋਧਾ' ਦੀ ਉਪਾਧੀ ਨਾਲ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਹੋਏ ਆਦੇਸ਼ ਅਨੁਸਾਰ ਆਪ ਜੀ ਨੂੰ ਸਨਮਾਨ ਦੇਣ ਦੀ ਮਿਤੀ ਨਿਯਤ ਕਰਕੇ ਸੂਚਿਤ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਤੋ ਫੈਸਲਾ ਲੈ ਲਏ ਜਾਣ ਦੇ ਬਾਅਦ ਵੀ ਉਹਨਾਂ ਨੂੰ ਸਨਮਾਨ ਨਾ ਦੇਣਾ ਭਾਈ ਗਜਿੰਦਰ ਸਿੰਘ ਵਰਗੀ ਸੱਚੀ ਸੁੱਚੀ ਸ਼ਖਸੀਅਤ ਦੇ ਨਾਲ ਭਾਰੀ ਅਨਿਆ ਹੈ। ਉਹ ਸੱਚਮੁੱਚ ਜਿਉਂਦਾ ਸ਼ਹੀਦ ਸੀ, ਜਿਸਨੇ ਪਰਿਵਾਰ ਨੂੰ ਖੇਰੂੰ ਖੇਰੂੰ ਹੋਣ ਦੀ ਸ਼ਰਤ 'ਤੇ ਵੀ ਆਖਰੀ ਸਾਹ ਤੱਕ ਕੌਮ ਦੀ ਅਜ਼ਾਦੀ ਦੀ ਜੋਤ ਨੂੰ ਬਲਦੇ ਰੱਖਿਆ ਅਤੇ ਜਿਉਂਦੇ ਜੀਅ ਨਾ ਹੀ ਦਿੱਲੀ ਦਰਬਾਰ ਤੋਂ ਕੋਈ ਰਹਿਮ ਦੀ ਭੀਖ ਮੰਗੀ ਅਤੇ ਨਾ ਹੀ ਕੌਮ ਨੂੰ ਆਪਣੇ ਦੁੱਖਾਂ ਦਰਦਾਂ ਦਾ ਵਾਸਤਾ ਪਾਕੇ ਪਰਿਵਾਰ ਲਈ ਕੋਈ ਸਵਾਲ ਹੀ ਪਾਇਆ, ਬਲਕਿ ਉਹਨਾਂ ਦੀਆਂ ਲਿਖਤਾਂ ਡੋਲਣ ਵਾਲਿਆਂ ਨੂੰ ਵੀ ਹੌਸਲਾ ਅਤੇ ਹਿੰਮਤ ਦਿੰਦੀਆਂ ਰਹੀਆਂ। ਉਹਨਾਂ ਦੇ ਵਿਛੋੜੇ ਦਾ ਕੌਮ ਨੂੰ ਪਿਆ ਘਾਟਾ ਕਦੇ ਵੀ ਪੂਰਿਆ ਨਹੀਂ ਜਾ ਸਕੇਗਾ, ਪਰੰਤੂ ਉਹਨਾਂ ਦੇ ਕਾਰਜ ਸਿੱਖ ਜੁਆਨੀ ਲਈ ਪ੍ਰੇਰਨਾ ਸਰੋਤ ਹੋਣਗੇ। ਉਸ ਅਜਾਦ ਸਿੱਖ ਰਾਜ ਦੇ ਝੰਡਾ ਬਰਦਾਰ ਦਾ ਅਜੇਤੂ, ਅਡੋਲ, ਅਡਿੱਗ ਅਤੇ ਦ੍ਰਿੜ੍ਹ ਸੰਕਲਪ ਜਰਨੈਲ ਵਾਲਾ ਸੰਘਰਸ਼ੀ ਜੀਵਨ ਸਿੱਖ ਮਨਾਂ ਦੇ ਪੁੰਗਰਦੇ ਬਲਬਲਿਆਂ ਅੰਦਰ ਅਜ਼ਾਦੀ ਦੀ ਤਾਂਘ ਪੈਦਾ ਕਰੇਗਾ, ਲਿਹਾਜ਼ਾ ਗਜਿੰਦਰ ਸਿੰਘ ਮੁੜ ਮੁੜ ਪੈਦਾ ਹੁੰਦੇ ਰਹਿਣਗੇ।

# ਭਾਰਤ 'ਚ ਘਟੀਆ ਬਾਲਣ ਦੇ ਸੰਪਰਕ 'ਚ ਆਉਣ ਨਾਲ ਹਰ 1,000 ਚੋਂ 27 ਬੱਚਿਆਂ ਦੀ ਮੌਤ

ਭਾਰਤ ਵਿਚ ਹਰ 1,000 ਵਿੱਚੋਂ 27 ਨਿਆਣਿਆਂ ਅਤੇ ਬੱਚਿਆਂ ਦੀ ਮੌਤ ਘਟੀਆ ਖਾਣਾ ਪਕਾਉਣ ਵਾਲੇ ਬਾਲਣ ਦੇ ਸੰਪਰਕ ਵਿਚ ਆਉਣ ਕਾਰਨ ਹੁੰਦੀ ਹੈ। ਇਹ ਗੱਲ ਅਮਰੀਕਾ ਦੀ ਇੱਕ ਵੱਕਾਰੀ ਯੂਨੀਵਰਸਿਟੀ ਵੱਲੋਂ ਜਾਰੀ ਰਿਪੋਰਟ ਵਿੱਚ ਕਹੀ ਗਈ ਹੈ। ਕਾਰਨੇਲ ਯੂਨੀਵਰਸਿਟੀ ਵਿਚ ਚਾਰਲਸ ਐਚ. ਡਾਇਸਨ ਸਕੂਲ ਆਫ ਅਪਲਾਈਡ ਇਕਨਾਮਿਕਸ ਐਂਡ ਮੈਨੇਜਮੈਂਟ ਦੇ ਪ੍ਰੋਫੈਸਰ ਅਰਨਬ ਬਾਸੂ ਸਮੇਤ ਲੇਖਕਾਂ ਨੇ 'ਖਾਣਾ ਪਕਾਉਣ ਦੌਰਾਨ ਬਾਲਣ ਦੇ ਵਿਕਲਪ ਅਤੇ ਭਾਰਤ ਵਿਚ ਬਾਲ ਮੌਤ ਦਰ' ਸਿਰਲੇਖ ਵਾਲੀ ਰਿਪੋਰਟ ਵਿੱਚ 1992 ਤੋਂ 2016 ਤੱਕ ਵੱਡੇ ਪੱਧਰ 'ਤੇ ਰਿਹਾਇਸ਼ੀ ਸਰਵੇਖਣ ਡਾਟਾ ਵਰਤਿਆ ਹੈ। ਡਾਟਾ ਦੀ ਵਰਤੋਂ ਇਹ ਪਤਾ ਲਗਾਉਣ ਲਈ ਕੀਤੀ ਗਈ ਸੀ ਕਿ ਇਨ੍ਹਾਂ ਪ੍ਰਦੂਸ਼ਣਕਾਰੀ ਈਂਧਨਾਂ ਦਾ ਮਨੁੱਖੀ ਸਿਹਤ 'ਤੇ ਕੀ ਪ੍ਰਭਾਵ ਪੈਂਦਾ ਹੈ। ਇਹ ਪਾਇਆ ਗਿਆ ਕਿ ਇਸਦਾ ਇੱਕ ਮਹੀਨੇ ਤੱਕ ਦੀ ਉਮਰ ਦੇ ਬੱਚਿਆਂ 'ਤੇ ਸਭ ਤੋਂ ਵੱਧ ਅਸਰ ਪਿਆ। ਬਾਸੂ ਨੇ ਕਿਹਾ ਕਿ ਇਹ ਇੱਕ ਉਮਰ ਵਰਗ ਹੈ ਜਿਸ ਦੇ ਫੇਫੜੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦੇ ਹਨ ਅਤੇ ਬੱਚੇ ਆਪਣਾ ਜ਼ਿਆਦਾਤਰ ਸਮਾਂ ਆਪਣੀਆਂ ਮਾਵਾਂ ਦੀ ਗੋਦੀ ਵਿੱਚ ਬਿਤਾਉਂਦੇ ਹਨ, ਜੋ ਅਕਸਰ ਘਰ ਵਿੱਚ ਮੁੱਖ ਰਸੋਈਏ ਹੁੰਦੀਆਂ ਹਨ। ਰਿਪੋਰਟਾਂ ਅਨੁਸਾਰ ਭਾਰਤ ਵਿੱਚ ਹਰ 1,000 ਵਿੱਚੋਂ 27 ਨਿਆਣਿਆਂ ਅਤੇ ਬੱਚਿਆਂ ਦੀ ਮੌਤ ਘਟੀਆ ਖਾਣਾ ਪਕਾਉਣ ਵਾਲੇ ਬਾਲਣ ਦੇ ਸੰਪਰਕ ਵਿੱਚ ਆਉਣ ਕਾਰਨ ਹੁੰਦੀ ਹੈ। ਬਾਸੂ ਨੇ ਕਿਹਾ ਕਿ ਭਾਰਤੀ ਘਰਾਂ ਵਿੱਚ ਇਸ ਕਾਰਨ ਮੁੰਡਿਆਂ ਨਾਲੋਂ ਵੱਧ ਕੁੜੀਆਂ ਮਰਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹਾ ਇਸ ਲਈ ਨਹੀਂ ਹੈ ਕਿ ਕੁੜੀਆਂ ਜ਼ਿਆਦਾ ਨਾਜ਼ੁਕ ਜਾਂ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਸਾਹ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੁੰਦੀਆਂ ਹਨ, ਸਗੋਂ ਇਸ ਲਈ ਕਿਉਂਕਿ ਭਾਰਤ 'ਚ ਪੁੱਤਰਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ ਅਤੇ ਜਦੋਂ ਕੋਈ ਧੀ ਬੀਮਾਰ ਹੋ ਜਾਂਦੀ ਹੈ ਜਾਂ ਉਸ ਨੂੰ ਖੰਘ ਸ਼ੁਰੂ ਹੁੰਦੀ ਹੈ ਤਾਂ ਪਰਿਵਾਰ ਉਸ ਦੇ ਇਲਾਜ 'ਤੇ ਸਹੀ ਧਿਆਨ ਨਹੀਂ ਦਿੰਦਾ।

ਬਾਸੂ ਨੇ ਯੂਨੀਵਰਸਿਟੀ ਦੀ ਇਕ ਪ੍ਰੈੱਸ ਰਿਲੀਜ਼ ਵਿਚ ਕਿਹਾ, 'ਸਵੱਛ ਈਂਧਨ ਦੀ ਵਰਤੋਂ ਕਰਨ ਨਾਲ ਨਾ ਸਿਰਫ਼ ਬੱਚਿਆਂ ਦੀ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ, ਸਗੋਂ ਧੀਆਂ ਦੀ ਅਣਦੇਖੀ ਨੂੰ ਵੀ ਘਟਾਇਆ ਜਾਵੇਗਾ।' ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਅਨੁਸਾਰ ਲਗਭਗ ਇੱਕ ਪ੍ਰਤੀਸ਼ਤ ਦੁਨੀਆ ਦੀ ਇੱਕ ਤਿਹਾਈ ਆਬਾਦੀ ਚੂਲ੍ਹਿਆਂ ਜਾਂ ਸਟੋਵ 'ਤੇ ਭੋਜਨ ਪਕਾਉਂਦੀ ਹੈ, ਜਿਸ ਵਿਚ ਬਾਲਣ ਵਜੋਂ ਲੱਕੜ, ਗੋਹੇ ਨਾਲ ਬਣੀ ਪਾਥੀ ਜਾਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਵਰਤੀ ਜਾਂਦੀ ਹੈ, ਜਿਸ ਨਾਲ ਹਰ ਸਾਲ ਦੁਨੀਆ ਭਰ ਵਿੱਚ 3.2 ਮਿਲੀਅਨ ਲੋਕ ਮਾਰੇ ਜਾਂਦੇ ਹਨ। ਬਾਸੂ ਨੇ ਕਿਹਾ ਕਿ ਬਦਲਾਅ ਲਿਆਉਣਾ ਮੁਸ਼ਕਲ ਹੈ। ਉਨ੍ਹਾਂ ਨੇ ਕਿਹਾ, 'ਜ਼ਿਆਦਾਤਰ ਧਿਆਨ ਬਾਹਰੀ ਹਵਾ ਪ੍ਰਦੂਸ਼ਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਕੇਂਦਰਿਤ ਹੈ।' ਸਰਕਾਰਾਂ ਪਰਾਲੀ ਸਾੜਨ ਵਿਰੁੱਧ ਕਾਨੂੰਨ ਬਣਾ ਸਕਦੀਆਂ ਹਨ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਉਤਸ਼ਾਹਿਤ ਕਰਨ ਲਈ ਅਗਾਊਂ ਭੁਗਤਾਨ ਕਰ ਸਕਦੀਆਂ ਹਨ।" ਰਿਪੋਰਟ ਸੁਝਾਅ ਦਿੰਦੀ ਹੈ ਕਿ ਘਰ ਦੇ ਅੰਦਰਲੇ ਪ੍ਰਦੂਸ਼ਣ ਨਾਲ ਨਜਿੱਠਣਾ ਵੀ ਉਨਾ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਵਿਚ ਹੋਰ ਕਾਰਕਾਂ ਦੇ ਇਲਾਵਾ ਖੇਤਰੀ ਖੇਤੀਬਾੜੀ ਜ਼ਮੀਨ ਦੀ ਮਾਲਕੀ ਅਤੇ ਜੰਗਲੀ ਖੇਤਰ, ਘਰੇਲੂ ਵਿਸ਼ੇਸ਼ਤਾਵਾਂ ਅਤੇ ਪਰਿਵਾਰਕ ਬਣਤਰ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।



# ਸਿਆਸੀ ਆਗੂਆਂ ਲਈ ਸਮਝਣ ਦਾ ਵੇਲਾ



ਡਾ. ਰਣਜੀਤ ਸਿੰਘ

ਪਿਛਲੇ ਦਸ ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਇਸ ਵਾਰ ਲੋਕ ਸਭਾ 'ਚ ਬਹੁਮੱਤ ਹਾਸਿਲ ਨਹੀਂ ਕਰ ਸਕੀ। ਉਸ ਦੇ ਘੱਟੋ-ਘੱਟ 30 ਮੈਂਬਰ 500 ਤੋਂ ਵੀ ਘੱਟ ਵੋਟਾਂ ਨਾਲ ਜੇਤੂ ਰਹੇ ਹਨ। ਹੁਣ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਲਈ ਮੋਦੀ ਨੂੰ ਦੂਜੀਆਂ ਪਾਰਟੀਆਂ ਦਾ ਸਹਾਰਾ ਲੈਣਾ ਪਿਆ ਹੈ। ਹੁਣ ਉਹ ਆਪਣੇ ਮਨ ਦੀ ਨਹੀਂ ਕਰ ਸਕਣਗੇ, ਸਗੋਂ ਸਹਿਯੋਗੀਆਂ ਦੀ ਸਹਿਮਤੀ ਨਾਲ ਹੀ ਫ਼ੈਸਲੇ ਲੈਣਗੇ। ਇਸ ਦੇ ਨਾਲ ਹੀ ਇਕ ਮਜ਼ਬੂਤ ਵਿਰੋਧੀ ਧਿਰ ਵੀ ਸਾਹਮਣੇ ਆਈ ਸੀ। ਦਸ ਸਾਲਾਂ ਪਿੱਛੋਂ ਸਦਨ ਨੂੰ ਵਿਰੋਧੀ ਧਿਰ ਦਾ ਨੇਤਾ ਪ੍ਰਾਪਤ ਹੋਇਆ। ਲੋਕਾਂ ਵਲੋਂ ਮਿਲੇ ਫਤਵੇ ਨੂੰ ਸਵੀਕਾਰ ਕਰਦਿਆਂ ਹੋਇਆਂ ਆਗੂਆਂ ਨੂੰ ਲੋਕ-ਸ਼ਕਤੀ ਦੀ ਤਾਕਤ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ। ਵੋਟਰਾਂ ਨੇ ਉਨ੍ਹਾਂ ਦੀ ਚੋਣ ਲੋਕ ਸੇਵਾ ਲਈ ਕੀਤੀ ਹੈ ਨਾ ਕਿ ਸੱਤਾ ਦਾ ਅਨੰਦ ਭੋਗਣ ਲਈ ਕੀਤੀ ਹੈ।

ਸਾਡੇ ਦੇਸ਼ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਜਿਸ ਸੰਵਿਧਾਨ ਅਨੁਸਾਰ ਲੋਕਰਾਜ ਸਥਾਪਿਤ ਹੋਇਆ ਸੀ, ਉਸ ਨੂੰ ਸੰਸਾਰ ਦਾ ਸਭ ਤੋਂ ਵਧੀਆ ਅਤੇ ਸੰਪੂਰਨ ਸੰਵਿਧਾਨ ਮੰਨਿਆ ਜਾਂਦਾ ਹੈ। ਇਸ 'ਚ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ। ਦੇਸ਼ ਨੂੰ ਗਣਤੰਤਰ ਬਣਿਆਂ ਸੱਤ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਹੁਣ ਤਕ ਸਾਡੇ ਲੋਕਰਾਜ ਨੂੰ ਸੱਚਮੁੱਚ ਸਭ ਦੇਸ਼ਾਂ ਤੋਂ ਵਧੀਆ ਮੰਨਿਆ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੈ। ਸਮੇਂ ਦੇ ਬੀਤਣ ਨਾਲ ਇਸ 'ਚ ਨਿਖਾਰ ਆਉਣ ਦੀ ਥਾਂ ਨਿਘਾਰ ਆ ਰਿਹਾ ਹੈ।

ਲੋਕਰਾਜ 'ਚ ਸਰਕਾਰ ਨੂੰ ਚਲਾਉਣ ਲਈ ਲੋਕੀਂ ਆਪਣੇ ਪ੍ਰਤੀਨਿਧ ਚੁਣਦੇ ਹਨ, ਜਿਹੜੇ ਪੰਜ ਸਾਲ ਤੱਕ ਸਰਕਾਰ ਨੂੰ ਚਲਾਉਂਦੇ ਹਨ। ਕਿਸੇ ਸਪੱਸ਼ਟ ਵਿਚਾਰਧਾਰਾ ਅਨੁਸਾਰ ਸਰਕਾਰ ਚਲਾਉਣ ਲਈ ਰਾਜਸੀ ਪਾਰਟੀਆਂ ਹੋਂਦ 'ਚ ਆਉਂਦੀਆਂ ਹਨ, ਜਿਨ੍ਹਾਂ ਦਾ ਮੰਤਵ ਇਕ ਮਿੱਥੀ ਸੋਚ ਅਤੇ ਨੀਤੀ ਅਨੁਸਾਰ ਰਾਜ ਪ੍ਰਬੰਧ ਚਲਾਉਣਾ ਹੁੰਦਾ ਹੈ। ਅਸਲ 'ਚ ਇਕ ਲੋਕਰਾਜੀ ਦੇਸ਼ 'ਚ ਸਰਕਾਰ ਦਾ ਮੁੱਖ ਫ਼ਰਜ਼ ਨਾਗਰਿਕਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨਾ ਹੈ। ਇਸ ਦਾ ਭਾਵ ਹੈ ਕਿ ਬਿਨਾਂ ਕਿਸੇ ਭੇਦਭਾਵ ਤੋਂ ਸਭਨਾਂ ਲਈ ਅਜਿਹੇ ਵਸੀਲੇ ਪੈਦਾ ਕਰਨੇ ਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਰੋਟੀ, ਕੱਪੜਾ, ਮਕਾਨ, ਵਿੱਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਹੋ ਸਕੇ। ਰਾਜਸੀ ਪਾਰਟੀਆਂ ਦੇ ਆਗੂ ਲੋਕ ਸੇਵਕ ਅਤੇ ਸਰਕਾਰੀ ਕਰਮਚਾਰੀ ਲੋਕਾਂ ਦੇ ਨੌਕਰ ਹੁੰਦੇ ਹਨ। ਹੁਣ ਵੇਖਣਾ ਇਹ ਹੈ ਕਿ ਕੀ ਭਾਰਤ 'ਚ ਅਜਿਹਾ ਹੋ ਸਕਿਆ ਹੈ। ਅੱਜ ਵੀ ਸਰਕਾਰ 80 ਕਰੋੜ ਲੋਕਾਂ ਭਾਵ ਦੇਸ਼ ਦੀ ਅੱਧਿਓਂ ਵੱਧ ਆਬਾਦੀ ਨੂੰ ਮੁਫ਼ਤ ਰਾਸ਼ਨ ਦੇਣ ਲਈ ਮਜਬੂਰ ਹੋ ਰਹੀ ਹੈ। ਅਜਿਹਾ ਉਦੋਂ ਹੀ ਹੁੰਦਾ ਹੈ, ਜਦੋਂ ਲੋਕਾਂ ਕੋਲ ਢੁਕਵਾਂ ਰੁਜ਼ਗਾਰ ਨਾ ਹੋਵੇ ਅਤੇ ਉਹ ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਨਾ ਕਰ ਸਕਦੇ ਹੋਣ। ਵਸੋਂ ਦੇ ਜਿਸ ਹਿੱਸੇ ਨੂੰ ਢਿੱਡ ਭਰਨ ਲਈ ਸਰਕਾਰ ਵਲੋਂ ਮੁਫ਼ਤ ਅਨਾਜ ਦਿੱਤਾ ਜਾਂਦਾ ਹੈ, ਉਹ ਭਲਾ ਆਪਣੇ ਬੱਚਿਆਂ ਲਈ ਵਧੀਆ ਪੜ੍ਹਾਈ ਅਤੇ ਪਰਿਵਾਰ ਲਈ ਚੰਗੀਆਂ ਸਹੂਲਤਾਂ ਬਾਰੇ ਕਿਵੇਂ ਸੋਚ ਸਕਦਾ ਹੈ? ਸਮੇਂ ਦੇ ਬੀਤਣ ਨਾਲ ਬਹੁਤੇ ਰੁਜ਼ਗਾਰ, ਵਿੱਦਿਆ ਅਤੇ ਸਿਹਤ ਵਸੀਲੇ ਨਿੱਜੀ ਖੇਤਰ 'ਚ ਚਲੇ ਗਏ ਹਨ। ਦੇਸ਼ ਦੀ ਅੱਧੀ ਵਸੋਂ ਦੀ ਇਹ ਪਹੁੰਚ ਤੋਂ ਬਾਹਰ ਹੋ ਰਹੇ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਲਈ ਸਾਡੀਆਂ ਰਾਜਸੀ ਪਾਰਟੀਆਂ ਅਤੇ ਨੇਤਾ ਜ਼ਿੰਮੇਵਾਰ ਹਨ। ਸਮੇਂ ਦੇ ਬੀਤਣ ਨਾਲ ਰਾਜਨੀਤਕ ਪਾਰਟੀਆਂ ਕੋਲ ਸਹੀ ਅਰਥਾਂ 'ਚ ਲੋਕ ਭਲਾਈ ਦੀ ਕੋਈ ਨੀਤੀ ਨਹੀਂ ਹੈ। ਆਗੂਆਂ ਦੀ ਨੀਅਤ ਖੋਟੀ ਹੋ ਗਈ ਹੈ। ਹੁਣ ਉਹ ਲੋਕ ਸੇਵਾ ਦੀ ਥਾਂ ਨਿੱਜ ਸੇਵਾ ਕਰਦੇ ਹਨ। ਆਪਣੇ ਅਸੂਲਾਂ ਅਤੇ ਕੀਤੇ ਲੋਕ ਭਲਾਈ ਦੇ ਕੰਮਾਂ ਦੇ ਆਧਾਰ 'ਤੇ ਵੋਟ ਨਹੀਂ ਮੰਗਦੇ, ਸਗੋਂ ਵੋਟਾਂ ਮੰਗਣ ਲਈ ਹਰ ਤਰ੍ਹਾਂ ਦੇ ਗ਼ਲਤ ਢੰਗ-ਤਰੀਕਿਆਂ ਦੀ ਵਰਤੋਂ ਕਰ ਰਹੇ ਹਨ। ਮੇਰੀ ਪੀੜ੍ਹੀ ਨੂੰ 1952 'ਚ ਹੋਈਆਂ ਪਹਿਲੀਆਂ ਚੋਣਾਂ ਨੂੰ ਲੈ ਕੇ 2024 ਦੀਆਂ ਚੋਣਾਂ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਹੈ। ਜੇਕਰ ਪਿੱਛੇ ਝਾਤ ਮਾਰੀ ਜਾਵੇ ਤਾਂ 1967 ਤੱਕ ਚੋਣਾਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਇਕੱਠੀਆਂ ਹੀ ਹੁੰਦੀਆਂ ਸਨ ਅਤੇ ਸਾਰਾ ਕੰਮ ਇਕ ਹਫ਼ਤੇ 'ਚ ਨਿੱਬੜ ਜਾਂਦਾ ਸੀ। ਚੋਣ ਪ੍ਰਚਾਰ 'ਚ ਸਾਦਗੀ ਸੀ। ਲੋਕ ਆਪਣੇ ਲੀਡਰਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਨੂੰ ਸੁਣਨ ਦੂਰੋਂ-ਦੂਰੋਂ ਪੈਦਲ ਚੱਲ ਕੇ ਆਉਂਦੇ ਸਨ, ਕਿਉਂਕਿ ਉਦੋਂ ਤੱਕ ਆਵਾਜਾਈ ਦੇ ਸਾਧਨ ਇੰਨੇ ਵਿਕਸਿਤ ਨਹੀਂ ਸਨ ਹੋਏ। ਐੱਮ.ਪੀ. ਅਤੇ ਐੱਮ.ਐੱਲ.ਏ. ਨੂੰ ਬਿਨਾਂ ਕਿਸੇ ਸੁਰੱਖਿਆ ਤੋਂ ਸਾਈਕਲ ਉਤੇ ਫਿਰਦੇ ਵੇਖਿਆ ਹੈ। ਉਨ੍ਹਾਂ ਦੇ ਘਰਾਂ ਅੱਗੇ ਹੁਣ ਵਾਂਗ ਸਿਫ਼ਾਰਸ਼ੀਆਂ ਦੀ ਭੀੜ ਨਹੀਂ ਸੀ ਹੁੰਦੀ। ਵਜ਼ੀਰਾਂ ਕੋਲ ਵੀ ਜੀਪਾਂ ਹੀ ਸਨ ਅਤੇ ਅੱਗੇ ਪਿੱਛੇ ਪੁਲਿਸ ਦੀ ਸੁਰੱਖਿਆ ਵੀ ਨਹੀਂ ਸੀ। ਲੋਕਾਂ 'ਚ ਉਤਸ਼ਾਹ ਸੀ, ਉਹ ਵਿਕਾਸ ਦੇ ਕਾਰਜਾਂ 'ਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਸਨ। ਮੁਫ਼ਤ ਦੀਆਂ ਰਿਓੜੀਆਂ, ਜਿਨ੍ਹਾਂ ਨੂੰ ਹੁਣ ਗਾਰੰਟੀਆਂ ਆਖਿਆ ਜਾਣ ਲਗ ਪਿਆ ਹੈ, ਨਹੀਂ ਦਿੱਤੀਆਂ ਜਾਂਦੀਆਂ ਸਨ। ਲੋਕ ਉਮੀਦਵਾਰ ਦੇ ਕਿਰਦਾਰ ਅਤੇ ਪਾਰਟੀ ਦੀ ਨੀਤੀ ਅਨੁਸਾਰ ਵੋਟ ਪਾਉਂਦੇ ਸਨ। ਪ੍ਰਚਾਰ ਸੀਮਤ ਸੀ। ਟੀ.ਵੀ. ਮੀਡੀਆ ਤਾਂ ਹੈ ਹੀ ਨਹੀਂ ਸੀ। ਕੇਵਲ ਅਖ਼ਬਾਰਾਂ ਸਨ, ਜਿਨ੍ਹਾਂ ਦੀ ਪਹੁੰਚ ਸੀਮਤ ਸੀ ਜਾਂ ਸਰਕਾਰੀ ਰੇਡੀਓ ਸੀ। ਪੈਸੇ, ਨਸ਼ੇ ਜਾਂ ਕੋਈ ਹੋਰ ਲਾਲਚ ਵੀ ਨਹੀਂ ਸਨ। ਲੋਕ ਨੁਮਾਇੰਦਿਆਂ ਤਕ ਪਹੁੰਚ ਸੌਖੀ ਸੀ।

ਪਰ ਹੁਣ ਚੋਣ ਜਿੱਤਣ ਪਿੱਛੋਂ ਪੰਜਾਂ ਸਾਲਾਂ 'ਚ ਵਿਧਾਇਕ ਕਰੋੜਪਤੀ ਬਣ ਜਾਂਦੇ ਹਨ। ਇਸੇ ਲਾਲਚ ਲਈ ਦੇਸ਼ 'ਚ ਰਿਸ਼ਵਤਖੋਰੀ ਦਾ ਵਾਧਾ ਹੋਇਆ ਹੈ। ਨਸ਼ਿਆਂ ਦੇ ਵਪਾਰ ਅਤੇ ਮਿਲਾਵਟ 'ਚ ਵੀ ਕਈ ਆਗੂਆਂ ਦਾ ਨਾਂਅ ਬੋਲਦਾ ਹੈ। ਲੀਡਰਾਂ 'ਚ ਪੈਸੇ ਦੀ ਭੁੱਖ ਨਾਲ ਵਿਧਾਇਕਾਂ ਦੀ ਖ਼ਰੀਦੋ-ਫਰੋਖ਼ਤ ਸ਼ੁਰੂ ਹੋ ਗਈ ਅਤੇ ਦੇਸ਼ 'ਚ ਦਲਬਦਲੀ ਇਕ ਧੰਦਾ ਬਣ ਗਈ। ਇਸ ਨੂੰ ਰੋਕਣ ਲਈ ਦਲਬਦਲੀ ਵਿਰੋਧੀ ਕਾਨੂੰਨ ਬਣਾਇਆ ਗਿਆ, ਪਰ ਇਸ ਨਾਲ ਦਲਬਦਲੀ ਰੁਕਣ ਦੀ ਥਾਂ ਇਸ 'ਚ ਵਾਧਾ ਹੋ ਰਿਹਾ ਹੈ। ਦਲਬਦਲ ਕੇ ਵਿਧਾਇਕ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦਾ ਹੈ। ਦੋ ਮਹੀਨਿਆਂ ਪਿੱਛੋਂ ਉਥੇ ਮੁੜ ਚੋਣ ਹੁੰਦੀ ਹੈ ਤਾਂ ਉਹ ਹੀ ਵਿਧਾਇਕ ਨਵੀਂ ਪਾਰਟੀ ਦੀ ਟਿਕਟ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਜਨਤਾ ਨੂੰ ਦੂਜੀ ਵਾਰ ਹੋਈ ਚੋਣ ਦਾ ਖਰਚਾ ਝੱਲਣਾ ਪੈਂਦਾ ਹੈ। ਹੁਣ ਤਾਂ ਸਾਰੀਆਂ ਪਾਰਟੀਆਂ ਦੀ ਇਕੋ ਨੀਤੀ ਹੈ ਕਿ ਕਿਸੇ ਵੀ ਤਰ੍ਹਾਂ ਚੋਣਾਂ ਜਿੱਤੀਆਂ ਜਾਣ। ਦੇਸ਼ 'ਚ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਆਬਾਦੀ ਅਤੇ ਘਟ ਰਿਹਾ ਪੀਣ ਵਾਲਾ ਪਾਣੀ ਤੇ ਵਾਹੀ ਹੇਠਲੀ ਧਰਤੀ ਦੀ ਸਿਹਤ ਵਰਗੇ ਮਸਲਿਆਂ ਬਾਰੇ ਕੋਈ ਚਰਚਾ ਹੀ ਨਹੀਂ ਹੁੰਦੀ। ਦੇਸ਼ 'ਚ ਦੌਲਤ ਦਾ ਵਾਧਾ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਇਹ ਕੁਝ ਕੁ ਪਰਿਵਾਰਾਂ ਦੇ ਕਬਜ਼ੇ 'ਚ ਆ ਗਈ ਹੈ। ਇਕ ਅੰਦਾਜ਼ੇ ਅਨੁਸਾਰ ਦੇਸ਼ ਦੇ ਇਕ ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦਾ 40 ਪ੍ਰਤੀਸ਼ਤ ਤੋਂ ਵੀ ਵੱਧ ਸਰਮਾਇਆ ਹੈ। ਅਰਬਪਤੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਇਸ ਦੇ ਨਾਲ ਹੀ ਗ਼ਰੀਬਾਂ ਦੀ ਗਿਣਤੀ 'ਚ ਵੀ ਵਾਧਾ ਹੋ ਰਿਹਾ ਹੈ।

ਦੇਸ਼ ਦੇ ਬਹੁਪੱਖੀ ਵਿਕਾਸ ਲਈ ਯੋਜਨਾ ਕਮਿਸ਼ਨ ਬਣਾਇਆ ਗਿਆ ਸੀ, ਜਿਹੜਾ ਦੇਸ਼ ਦੇ ਵਿਕਾਸ ਲਈ ਪੰਜ ਸਾਲਾ ਯੋਜਨਾ ਬਣਾਉਂਦਾ ਸੀ ਅਤੇ ਉਸੇ ਅਨੁਸਾਰ ਵਿਕਾਸ ਦੇ ਕਾਰਜ ਹੁੰਦੇ ਹਨ। ਪਰ ਨਵੀਂ ਸਰਕਾਰ ਨੇ ਇਸ ਦਾ ਨਾਂਅ ਬਦਲ ਕੇ ਨੀਤੀ ਆਯੋਗ ਰੱਖ ਦਿੱਤਾ ਹੈ, ਪਰ ਪਿਛਲੇ ਦਸ ਸਾਲਾਂ 'ਚ ਦੇਸ਼ ਦੇ ਬਹੁਪੱਖੀ ਵਿਕਾਸ ਲਈ ਕੋਈ ਵੀ ਯੋਜਨਾ ਤਿਆਰ ਨਹੀਂ ਹੋ ਸਕੀ। ਚੋਣਾਂ ਇੰਨੀਆਂ ਖਰਚੀਲੀਆਂ ਹੋ ਗਈਆਂ ਹਨ ਕਿ ਕੋਈ ਵੀ ਇਮਾਨਦਾਰ ਆਦਮੀ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦਾ। ਚੋਣਾਂ ਲੜਨ ਉਤੇ ਪਾਰਟੀਆਂ ਹਜ਼ਾਰਾਂ ਕਰੋੜ ਰੁਪਏ ਖਰਚ ਕਰਦੀਆਂ ਹਨ। ਇਹ ਪੈਸਾ ਕੰਪਨੀਆਂ ਅਤੇ ਕਾਰਪੋਰੇਟ ਘਰਾਣੇ ਚੰਦੇ ਦੇ ਰੂਪ 'ਚ ਦਿੰਦੇ ਹਨ। ਉਹ ਦੇਸ਼ ਪ੍ਰੇਮ ਲਈ ਚੰਦਾ ਨਹੀਂ ਦਿੰਦੇ, ਸਗੋਂ ਇਸ ਤਰ੍ਹਾਂ ਉਹ ਆਪਣੇ ਫਾਇਦੇ ਲਈ ਸੱਤਾਧਾਰੀਆਂ ਲਈ ਨੀਤੀਆਂ ਲਾਗੂ ਕਰਵਾਉਂਦੇ ਹਨ। ਇੰਝ ਉਹ ਆਪਣੀ ਕਮਾਈ 'ਚ ਤੇਜ਼ੀ ਨਾਲ ਵਾਧਾ ਕਰ ਰਹੇ ਹਨ। ਵਿਧਾਇਕਾਂ ਨੇ ਆਪਣੀਆਂ ਸਹੂਲਤਾਂ 'ਚ ਬੇਤਹਾਸ਼ਾ ਵਾਧਾ ਕੀਤਾ ਹੈ। ਇਨ੍ਹਾਂ ਨੂੰ ਵੇਖ ਸਰਕਾਰੀ ਕਰਮਚਾਰੀ ਵੀ ਵਧੀਆ ਜੀਵਨ ਜੀਅ ਰਹੇ ਹਨ। ਵਿਕਾਸ ਲਈ ਪੈਸਾ ਬਚਦਾ ਹੀ ਨਹੀਂ। ਦੇਸ਼ ਦੀ ਬਹੁਤੀ ਪੁਲਿਸ ਲੀਡਰਾਂ ਅਤੇ ਅਫ਼ਸਰਾਂ ਦੀ ਸੁਰੱਖਿਆ 'ਚ ਲੱਗੀ ਹੋਈ ਹੈ। ਆਮ ਲੋਕਾਂ ਦੀ ਸੁਰੱਖਿਆ ਦਾ ਰੱਬ ਹੀ ਰਾਖਾ ਹੈ। ਬਹੁਤਿਆਂ ਨੂੰ ਇਸ ਸੁਰੱਖਿਆ ਦੀ ਲੋੜ ਨਹੀਂ, ਸਗੋਂ ਇਹ ਵਡੱਪਣ ਦੀ ਨਿਸ਼ਾਨੀ ਬਣ ਗਈ ਹੈ। ਇਸ ਵਾਰ ਲੋਕਾਂ ਨੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ। ਇਹ ਲੀਡਰਾਂ ਅਤੇ ਰਾਜਨੀਤਕ ਪਾਰਟੀਆਂ ਲਈ ਇਕ ਚੁਣੌਤੀ ਹੈ। ਨਵੇਂ ਚੁਣੇ ਗਏ ਮੈਂਬਰਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਪਿਛਲੇ ਕਈ ਸਾਲਾਂ ਤੋਂ ਲੋਕ ਸਭਾ 'ਚ ਕੋਈ ਬਹਿਸ ਉਸਾਰੂ ਢੰਗ ਨਾਲ ਨਹੀਂ ਹੋਈ, ਸਗੋਂ ਇਕ ਦੂਜੇ ਉਤੇ ਚਿੱਕੜ ਹੀ ਸੁੱਟਿਆ ਜਾਂਦਾ ਰਿਹਾ ਹੈ। ਵਿਰੋਧੀ ਧਿਰ ਕਮਜ਼ੋਰ ਹੋਣ ਕਰਕੇ ਉਹ ਕੇਵਲ ਸ਼ੋਰ-ਸ਼ਰਾਬਾ ਕਰਕੇ ਸਦਨ ਦੀ ਕਾਰਵਾਈ ਨੂੰ ਰੋਕਦੇ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਸਾਰੇ ਮੈਂਬਰ ਦੇਸ਼ ਦੇ ਸਾਹਮਣੇ ਮੁੱਖ ਸਮੱਸਿਆਵਾਂ ਜਿਵੇਂ ਕਿ ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਵਧ ਰਹੀ ਆਬਾਦੀ, ਘਟ ਰਿਹਾ ਪਾਣੀ, ਰੁੱਖਾਂ ਦੀ ਕਟਾਈ ਆਦਿ ਬਾਰੇ ਸੰਜੀਦਾ ਵਿਚਾਰ ਵਟਾਂਦਰਾ ਕਰਨ। ਦੋਵੇਂ ਧਿਰਾਂ ਨੂੰ ਮਿਲ ਕੇ ਕੁਝ ਉਸਾਰੂ ਸੁਝਾਅ ਦੇਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਨੀਤੀਆਂ ਤਿਆਰ ਕੀਤੀਆਂ ਜਾ ਸਕਣ। ਸਰਕਾਰੀ ਕਰਮਚਾਰੀ ਪਾਰਲੀਮੈਂਟ ਵਲੋਂ ਤਿਆਰ ਸਕੀਮਾਂ ਨੂੰ ਸਹੀ ਢੰਗ ਨਾਲ ਚਲਾਉਣ ਇਸ ਦੀ ਨਿਗਰਾਨੀ ਆਪੋ-ਆਪਣੇ ਹਲਕੇ ਦੇ ਮੈਂਬਰਾਂ ਨੂੰ ਕਰਨੀ ਚਾਹੀਦੀ ਹੈ। ਲੋਕਾਂ ਨੇ ਉਨ੍ਹਾਂ ਉਤੇ ਵਿਸ਼ਵਾਸ ਕੀਤਾ ਹੁੰਦਾ ਹੈ ਅਤੇ ਵਿਸ਼ਵਾਸਘਾਤ ਕਰਨਾ ਇਕ ਵੱਡਾ ਗੁਨਾਹ ਹੈ। ਮੈਂਬਰਾਂ ਨੇ ਦੇਸ਼ ਦੀ ਸੇਵਾ ਕਰਨ ਦੀ ਸਹੁੰ ਖਾਧੀ ਹੈ ਉਨ੍ਹਾਂ ਨੂੰ ਆਪਣੇ ਬਾਰੇ ਸੋਚਣ ਦੀ ਥਾਂ ਲੋਕਾਂ ਬਾਰੇ ਸੋਚਣਾ ਚਾਹੀਦਾ ਹੈ। ਹਰਾਮ ਦੀ ਕਮਾਈ ਬਦਨਾਮੀ ਅਤੇ ਘਬਰਾਹਟ ਦਾ ਕਾਰਨ ਬਣਦੀ ਹੈ, ਜਦੋਂ ਕਿ ਲੋਕ ਸੇਵਾ, ਸੰਤੁਸ਼ਟੀ ਅਤੇ ਅਨੰਦ ਦੀ ਪ੍ਰਾਪਤੀ 'ਚ ਸਹਾਈ ਹੁੰਦੀ ਹੈ। ਵਜ਼ੀਰਾਂ ਅਤੇ ਮੈਂਬਰਾਂ ਨੂੰ ਆਪ ਸਾਦਾ ਜੀਵਨ ਜਿਉਣਾ ਚਾਹੀਦਾ ਹੈ ਤਾਂ ਜੋ ਉਹ ਦੂਜਿਆਂ ਲਈ ਆਦਰਸ਼ ਬਣ ਸਕਣ। ਜੇਕਰ ਉਹ ਇਮਾਨਦਾਰੀ ਨਾਲ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਨਗੇ ਤਾਂ ਅਗਲੀ ਵਾਰ ਲੋਕ ਆਪ ਉਨ੍ਹਾਂ ਨੂੰ ਦੁਬਾਰਾ ਚੁਣ ਲੈਣਗੇ ਅਤੇ ਚੋਣ ਜਿੱਤਣ ਲਈ ਗ਼ਲਤ ਢੰਗ-ਤਰੀਕਿਆਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਪ੍ਰਮਾਤਮਾ ਨੇ ਉਨ੍ਹਾਂ ਨੂੰ ਲੋਕ ਸੇਵਾ ਦਾ ਸੁਨਹਿਰੀ ਮੌਕਾ ਬਖਸ਼ਿਆ ਹੈ, ਜਿਹੜਾ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ।

# ਫਰਾਂਸ 'ਚ ਖੱਬੀ ਧਿਰ ਦੀ ਜਿੱਤ




ਪੈਰਿਸ ਓਲੰਪਿਕਸ ਵਿੱਚ ਜਦੋਂ ਤਿੰਨ ਕੁ ਹਫ਼ਤੇ ਰਹਿ ਗਏ ਹਨ ਤਾਂ ਅਜਿਹੇ ਮੌਕੇ ਫਰਾਂਸ ਵਿੱਚ ਹੋਈਆਂ ਸੰਸਦੀ ਚੋਣਾਂ ਵਿੱਚ ਸੱਜੇ ਪੱਖੀ ਧਿਰ ਦੀ ਸੱਤਾ ਲਈ ਦਾਅਵੇਦਾਰੀ ਡੱਕ ਦਿੱਤੀ ਗਈ ਹੈ। ਹਾਲਾਂਕਿ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਕੱਟੜਪੰਥੀ ਮੈਰੀਨ ਲੀ ਪੈੱਨ ਦੀ ਪਾਰਟੀ 'ਨੈਸ਼ਨਲ ਰੈਲੀ' ਨੂੰ ਰੋਕਣ ਵਿੱਚ ਕਾਮਯਾਬ ਹੋ ਗਏ ਹਨ ਪਰ ਇਸ ਦੇ ਨਾਲ ਹੀ ਖੱਬੇ ਪੱਖੀ ਨਿਊ ਪਾਪੂਲਰ ਫਰੰਟ (ਐੱਨਐੱਫਪੀ) ਦੀ ਸ਼ਾਨਦਾਰ ਕਾਰਗੁਜ਼ਾਰੀ ਕਰ ਕੇ ਮੈਕਰੋਂ ਅਤੇ ਉਨ੍ਹਾਂ ਦੇ ਮੱਧ ਮਾਰਗੀ ਗੱਠਜੋੜ ਲਈ ਕੋਈ ਸ਼ੁਭ ਸੰਕੇਤ ਨਹੀਂ ਮੰਨਿਆ ਜਾਂਦਾ। ਕਿਸੇ ਵੀ ਧਿਰ ਨੂੰ ਬਹੁਮਤ ਨਾ ਮਿਲਣ ਕਰ ਕੇ ਹੁਣ ਐੱਨਐੱਫਪੀ ਦੀ ਅਗਵਾਈ ਹੇਠ ਵਡੇਰੀ ਕੁਲੀਸ਼ਨ ਸਰਕਾਰ ਬਣਾਉਣ ਦਾ ਰਾਹ ਖੁੱਲ੍ਹ ਸਕਦਾ ਹੈ।

ਫਰਾਂਸ ਵਿੱਚ ਇਸ ਸਾਲ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਵੱਡੇ ਰੋਸ ਪ੍ਰਦਰਸ਼ਨ ਦੇਖਣ ਨੂੰ ਮਿਲੇ ਸਨ ਅਤੇ ਲੋਕ ਰਾਸ਼ਟਰਪਤੀ ਮੈਕਰੋਂ ਤੋਂ ਕਾਫ਼ੀ ਨਾਰਾਜ਼ ਨਜ਼ਰ ਆ ਰਹੇ ਸਨ। ਇਸ ਕਰ ਕੇ ਇੱਕ ਸਮੇਂ ਲੀ ਪੈੱਨ ਦੀ ਸੱਜੇ ਪੱਖੀ ਪਾਰਟੀ ਨੂੰ ਸਪਸ਼ਟ ਬਹੁਮਤ ਮਿਲਣ ਦੇ ਅਨੁਮਾਨ ਲਾਏ ਜਾ ਰਹੇ ਸਨ ਪਰ ਐਨ ਮੌਕੇ 'ਤੇ ਖੱਬੀ ਧਿਰ ਦੇ ਇੱਕਮੁੱਠ ਹੋਣ ਨਾਲ ਚੁਣਾਵੀ ਪਾਸਾ ਪਲਟ ਗਿਆ ਅਤੇ ਉਨ੍ਹਾਂ ਫਰਾਂਸ ਨੂੰ ਸੱਜੇ ਪੱਖੀਆਂ ਦੀ ਝੋਲੀ ਪੈਣ ਤੋਂ ਬਚਾ ਲਿਆ। ਖੱਬੇ ਪੱਖੀਆਂ ਦੇ ਇਸ ਏਜੰਡੇ ਦੀ ਗੂੰਜ ਜ਼ਮੀਨੀ ਪੱਧਰ 'ਤੇ ਸੁਣਾਈ ਦੇ ਰਹੀ ਸੀ ਜਿਸ ਤਹਿਤ ਉਹ ਜਨਤਕ ਸੇਵਾਵਾਂ ਉੱਪਰ ਜਿ?ਆਦਾ ਖਰਚ ਕਰਨ ਅਤੇ ਇਸ ਦੀ ਭਰਪਾਈ ਲਈ ਅਮੀਰ ਤਬਕਿਆਂ ਉੱਪਰ ਟੈਕਸ ਲਾਉਣ 'ਤੇ ਜ਼ੋਰ ਦੇ ਰਹੇ ਸਨ। ਹੁਣ ਦੇਖਣਾ ਹੋਵੇਗਾ ਕਿ ਕੁਲੀਸ਼ਨ ਦੀਆਂ ਮਜਬੂਰੀਆਂ ਕਰ ਕੇ ਉਹ ਆਪਣੇ ਪ੍ਰੋਗਰਾਮ ਨੂੰ ਕਿੱਥੋਂ ਕੁ ਤੱਕ ਅਮਲ ਵਿੱਚ ਉਤਾਰ ਸਕਣਗੇ।

ਫਰਾਂਸ ਦੁਨੀਆ ਭਰ ਦੇ ਦੇਸ਼ਾਂ ਲਈ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦਾ ਪ੍ਰਤੀਕ ਬਣਿਆ ਰਿਹਾ ਹੈ। ਫਰਾਂਸ ਦੇ ਵੋਟਰਾਂ ਨੇ ਸੂਝ-ਬੂਝ ਦਾ ਮੁਜ਼ਾਹਰਾ ਕਰਦਿਆਂ ਆਪਣੇ ਲੋਕਰਾਜੀ ਕਿਰਦਾਰ ਨੂੰ ਪਛਾਣਦੇ ਹੋਏ ਇਹ ਫ਼ਤਵਾ ਦਿੱਤਾ ਹੈ। ਇਸ ਕਰ ਕੇ ਭੂ-ਰਾਜਸੀ ਮੁਹਾਜ਼ 'ਤੇ ਫਰਾਂਸ ਦੇ ਪੈਂਤੜੇ ਵਿੱਚ ਰੱਦੋਬਦਲ ਦੀ ਸੰਭਾਵਨਾ ਹੈ। ਇਸ ਸਭ ਕਾਸੇ ਦੇ ਬਾਵਜੂਦ ਫਰਾਂਸ ਨੂੰ ਸਥਿਰ ਸਰਕਾਰ ਦੀ ਲੋੜ ਹੈ ਜਿਸ ਨਾਲ ਨਾ ਕੇਵਲ ਉਸ ਦੇਸ਼ ਸਗੋਂ ਸਮੁੱਚੇ ਯੂਰੋਪ ਅਤੇ ਬਾਕੀ ਦੁਨੀਆ ਦੇ ਹਿੱਤ ਵੀ ਜੁੜੇ ਹੋਏ ਹਨ।

# ਦਿਲ ਨੂੰ ਮਜ਼ਬੂਤ ਕਰਨ ਦੇ ਨਾਲ ਗਠੀਏ ਦੇ ਦਰਦ ਨੂੰ ਘਟਾਉਂਦੀ ਹੈ ਚੈਰੀ

ਕਈ ਤਰ੍ਹਾਂ ਦੀਆਂ ਮਿਠਾਈਆਂ ਵਿੱਚ ਵਰਤਿਆ ਜਾਣ ਵਾਲਾ ਇੱਕ ਛੋਟਾ ਜਿਹਾ ਫਲ ਪੋਸ਼ਕ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਹ ਛੋਟੇ ਜਿਹੇ ਫਲ ਨੂੰ ਹਰ ਕੋਈ ਬੜੇ ਚਾਅ ਨਾਲ ਖਾਂਦਾ ਹੈ। ਅਸੀਂ ਗੱਲ ਕਰ ਰਹੇ ਹਾਂ ਚੈਰੀ ਦੀ। ਪੱਕੀ ਹੋਈ ਚੈਰੀ ਸੁਰਖ ਲਾਲ ਰੰਗ ਦੀ ਹੁੰਦੀ ਹੈ ਤੇ ਇਸ ਨੂੰ ਦੇਖਦਿਆਂ ਹੀ ਇਸ ਨੂੰ ਖਾਣ ਦਾ ਮਨ ਕਰਦਾ ਹੈ। ਚੈਰੀ ਕਈ ਤਰ੍ਹਾਂ ਦੇ ਵਿਟਾਮਿਨ, ਮਿਨਰਲਸ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦੀ ਹੈ, ਜਿਸ ਕਾਰਨ ਇਹ ਦਿਲ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਇਹ ਕਈ ਕ੍ਰੋਨਿਕ ਬਿਮਾਰੀਆਂ ਦੇ ਖਤਰੇ ਨੂੰ ਵੀ ਘਟਾਉਂਦੀ ਹੈ। ਚੈਰੀ ਵਿੱਚ ਐਂਟੀ-ਇੰਫਲੇਮੇਟਰੀ ਗੁਣ ਹੁੰਦੇ ਹਨ ਜਿਸ ਕਾਰਨ ਇਹ ਸਰੀਰ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਜ ਨੂੰ ਘੱਟ ਕਰ ਸਕਦੀ ਹੈ। ਗਠੀਆ ਜਾਂ ਦਰਦ ਨਾਲ ਸਬੰਧਤ ਬਿਮਾਰੀਆਂ ਵਿੱਚ ਚੈਰੀ ਬਹੁਤ ਫਾਇਦੇਮੰਦ ਹੈ। ਚੈਰੀ 'ਚ ਮੇਲਾਟੋਨਿਨ ਹਾਰਮੋਨ ਵਧਾਉਣ ਦੀ ਸਮਰੱਥਾ ਹੁੰਦੀ ਹੈ, ਜਿਸ ਕਾਰਨ ਚੈਰੀ ਖਾਣ ਨਾਲ ਰਾਤ ਨੂੰ ਆਰਾਮਦਾਇਕ ਨੀਂਦ ਆਉਂਦੀ ਹੈ। ਆਓ ਜਾਣਦੇ ਹਾਂ ਚੈਰੀ ਖਾਣ ਦੇ ਹੋਰ ਫਾਇਦੇ ਕੀ ਹਨ।

**ਨੀਂਦ ਵਧੀਆ ਆਉਂਦੀ ਹੈ**- ਕਲੀਵਲੈਂਡ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ, ਚੈਰੀ ਦਾ ਨਿਯਮਤ ਸੇਵਨ ਰਾਤ ਨੂੰ ਆਰਾਮਦਾਇਕ ਨੀਂਦ ਲੈਣ ਵਿੱਚ ਮਦਦ ਕਰਦਾ ਹੈ। ਚੈਰੀ 'ਚ ਸੇਰੋਟੋਨਿਨ ਵਧਾਉਣ ਦੀ ਸਮਰੱਥਾ ਹੁੰਦੀ ਹੈ, ਜਿਸ ਕਾਰਨ ਮੇਲਾਟੋਨਿਨ ਹਾਰਮੋਨ ਨਿਕਲਦਾ ਹੈ। ਮੇਲਾਟੋਨਿਨ ਸਲੀਪ ਸਾਈਕਲ ਨੂੰ ਕੰਟਰੋਲ ਕਰਦਾ ਹੈ।

**ਕੈਂਸਰ, ਸ਼ੂਗਰ ਦਾ ਖਤਰਾ ਘਟਾਉਂਦੀ ਹੈ ਚੈਰੀ**- ਤਾਜ਼ੀ ਚੈਰੀ ਵਿੱਚ ਵਿਟਾਮਿਨ ਏ, ਵਿਟਾਮਿਨ ਸੀ, ਵਿਟਾਮਿਨ ਈ ਹੁੰਦਾ ਹੈ। ਇਸ ਵਿੱਚ ਲਾਲ ਰੰਗ ਐਂਥੋਸਾਇਨਿਨ ਦੇ ਕਾਰਨ ਹੁੰਦਾ ਹੈ ਜਿਸ ਵਿੱਚ ਹਾਈ ਪੌਲੀਫੇਨੋਲ ਐਂਟੀਆਕਸੀਡੈਂਟ ਹੁੰਦੇ ਹਨ। ਇਹ ਇੱਕ ਐਂਟੀਆਕਸੀਡੈਂਟ ਹੈ ਜੋ ਫਰੀ ਰੈਡੀਕਲਸ ਨੂੰ ਖਤਮ ਕਰਦਾ ਹੈ, ਜਿਸ ਦੇ ਕਾਰਨ ਸਰੀਰ ਵਿੱਚ ਕੈਂਸਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਜਾਂਦਾ ਹੈ।

**ਗਠੀਏ ਦੇ ਦਰਦ ਤੋਂ ਰਾਹਤ**- ਚੈਰੀ ਵਿੱਚ ਐਂਟੀ-ਇੰਫਲਾਮੇਟਰੀ ਗੁਣ ਹੁੰਦੇ ਹਨ। 2017 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਚੈਰੀ ਦਾ ਜੂਸ ਪੀਣ ਤੋਂ ਬਾਅਦ ਚਾਰ ਵਿੱਚੋਂ ਇੱਕ ਵਿਅਕਤੀ ਨੇ ਗਠੀਏ ਦੇ ਦਰਦ ਨੂੰ ਘਟਾ ਦਿੱਤਾ ਹੈ। ਚੈਰੀ ਦਾ ਜੂਸ ਸਰੀਰ ਵਿੱਚ ਯੂਰਿਕ ਐਸਿਡ ਨੂੰ ਵਧਣ ਨਹੀਂ ਦਿੰਦਾ, ਜਿਸ ਕਾਰਨ ਜੋੜਾਂ ਦੇ ਵਿਚਕਾਰ ਕ੍ਰਿਸਟਲ ਬਣਨ ਦਾ ਖ਼ਤਰਾ ਘੱਟ ਜਾਂਦਾ ਹੈ।

**ਦਿਲ ਨੂੰ ਮਜ਼ਬੂਤ ਬਣਾਉਂਦਾ ਹੈ**- ਇੱਕ ਕੱਪ ਚੈਰੀ ਵਿੱਚ 260 ਮਿਲੀਗ੍ਰਾਮ ਪੋਟਾਸ਼ੀਅਮ ਹੁੰਦਾ ਹੈ। ਇਸ ਤੋਂ ਇਲਾਵਾ ਇਸ ਵਿਚ ਬਹੁਤ ਘੱਟ ਸੋਡੀਅਮ ਤੇ ਠੀਕ ਠਾਕ ਮਾਤਰਾ ਵਿੱਚ ਪਲਾਂਟ ਸਟੀਰੋਲ ਹੁੰਦਾ ਹੈ। ਇਹ ਤਿੰਨ ਚੀਜ਼ਾਂ ਬਲੱਡ ਪ੍ਰੈਸ਼ਰ ਨੂੰ ਹਮੇਸ਼ਾ ਸੰਤੁਲਿਤ ਰੱਖਦੀਆਂ ਹਨ। ਇਸ ਕਾਰਨ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਵੀ ਕਾਫੀ ਘੱਟ ਹੋ ਜਾਂਦਾ ਹੈ। ਇੰਨਾ ਹੀ ਨਹੀਂ ਚੈਰੀ ਦਾ ਜੂਸ ਬਲੱਡ ਸ਼ੂਗਰ ਨੂੰ ਵੀ ਘੱਟ ਕਰ ਸਕਦਾ ਹੈ।

**ਮਾਸਪੇਸ਼ੀਆਂ ਦੇ ਦਰਦ ਤੋਂ ਰਾਹਤ**- ਅਧਿਐਨ ਮੁਤਾਬਕ ਚੈਰੀ ਦਾ ਜੂਸ ਪੀਣ ਨਾਲ ਮਾਸਪੇਸ਼ੀਆਂ 'ਚ ਇੰਫਲਾਮੇਸ਼ਨ ਅਤੇ ਥਕਾਵਟ ਤੋਂ ਰਾਹਤ ਮਿਲਦੀ ਹੈ। ਚੈਰੀ ਵਿੱਚ ਐਂਟੀ-ਇੰਫਲੇਮੇਟਰੀ ਅਤੇ ਐਂਟੀਆਕਸੀਡੈਂਟ ਗੁਣ ਹੁੰਦੇ ਹਨ ਜਿਸ ਕਾਰਨ ਇਹ ਇੱਕ ਨਾਨ-ਸਟੀਰੌਇਡ ਐਂਟੀ-ਇੰਫਲਾਮੇਟਰੀ ਦਵਾਈ ਦੀ ਤਰ੍ਹਾਂ ਕੰਮ ਕਰਦਾ ਹੈ। ਤੁਸੀਂ ਇਸ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ ਕਿ ਜਦੋਂ ਤੁਹਾਨੂੰ ਬਹੁਤ ਜ਼ਿਆਦਾ ਥਕਾਵਟ ਜਾਂ ਸਰੀਰ ਵਿੱਚ ਦਰਦ ਹੁੰਦਾ ਹੈ, ਤਾਂ ਤੁਸੀਂ Combiflam ਜਾਂ Ibuprofen ਦਵਾਈ ਲੈਂਦੇ ਹੋ। ਪਰ ਜੇਕਰ ਤੁਸੀਂ ਇਸ ਸਥਿਤੀ ਵਿੱਚ ਚੈਰੀ ਦਾ ਜੂਸ ਪੀਓਗੇ ਤਾਂ ਇਸ ਦਾ ਅਸਰ ਦਵਾਈ ਵਾਂਗ ਹੀ ਹੋਵੇਗਾ।



## ਟਿੰਡੇ ਖਾਣ ਨਾਲ ਹੁੰਦੇ ਹਨ ਬੇਮਿਸਾਲ ਫ਼ਾਇਦੇ

ਗਰਮੀਆਂ ਵਿਚ ਟਿੰਡਾ, ਲੌਕੀ, ਘੀਆ ਆਦਿ ਸਬਜ਼ੀਆਂ ਸੱਭ ਤੋਂ ਜ਼ਿਆਦਾ ਮਿਲਦੀਆਂ ਹਨ। ਗੱਲ ਟਿੰਡੇ ਦੀ ਕਰੀਏ ਤਾਂ ਇਸ ਨੂੰ ਬੱਚੇ ਹੋਣ ਜਾਂ ਵੱਡੇ ਜ਼ਿਆਦਾਤਰ ਖਾਣਾ ਪਸੰਦ ਨਹੀਂ ਕਰਦੇ। ਪਰ ਅਸਲ ਵਿਚ ਇਸ ਵਿਚ ਪੌਸ਼ਟਿਕ ਅਤੇ ਐਂਟੀ-ਆਕਸੀਡੈਂਟ ਗੁਣ ਹੁੰਦੇ ਹਨ। ਮਾਹਰਾਂ ਅਨੁਸਾਰ ਇਸ ਦਾ ਸੇਵਨ ਕਰਨਾ ਪਾਚਨ ਤੰਤਰ ਮਜ਼ਬੂਤ ਹੋਣ ਨਾਲ ਵਧੀਆ ਵਿਕਾਸ ਹੋਣ ਵਿਚ ਸਹਾਇਤਾ ਮਿਲਦੀ ਹੈ। ਨਾਲ ਹੀ ਇਸ ਵਿਚ 94 ਫ਼ੀ ਸਦੀ ਪਾਣੀ ਹੋਣ ਨਾਲ ਡੀਹਾਈਡਰੇਸ਼ਨ ਦੀ ਸਮੱਸਿਆ ਤੋਂ ਬਚਾਅ ਹੁੰਦਾ ਹੈ। ਇਸ ਵਿਚ ਵਿਟਾਮਿਨ ਏ, ਸੀ, ਕੈਲਸ਼ੀਅਮ, ਆਇਰਨ, ਪੋਟਾਸ਼ੀਅਮ, ਫ਼ਾਈਬਰ, ਓਮੇਗਾ-6 ਫ਼ੈਟੀ ਐਸਿਡ, ਕੈਰੋਟੀਨੋਇਡਜ਼, ਐਂਟੀ-ਆਕਸੀਡੈਂਟਸ, ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ। 94 ਫ਼ੀ ਸਦੀ ਪਾਣੀ ਹੋਣ ਦੇ ਨਾਲ ਕੈਲੋਰੀ ਘੱਟ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਟਿੰਡੇ ਦੇ ਸੱਭ ਤੋਂ ਵਧੀਆ ਗੁਣਾਂ ਬਾਰੇ ਦਸਾਂਗੇ:

ਇਸ ਵਿਚ ਕੈਲੋਰੀ ਘੱਟ ਅਤੇ ਫ਼ਾਈਬਰ ਜ਼ਿਆਦਾ ਹੁੰਦਾ ਹੈ। ਅਜਿਹੇ ਵਿਚ ਟਿੰਡਾ ਸਰੀਰ 'ਚ ਸ਼ੱਕਰ ਨੂੰ ਜਜ਼ਬ ਕਰ ਕੇ ਸ਼ੂਗਰ ਨੂੰ ਕੰਟਰੋਲ ਕਰਨ ਵਿਚ ਸਹਾਇਤਾ ਕਰਦਾ ਹੈ। ਮਾਹਰਾਂ ਅਨੁਸਾਰ ਇਸ ਦੇ ਛਿਲਕਿਆਂ ਵਿਚ ਮੌਜੂਦ ਫ਼ੋਟੋਕੈਮੀਕਲ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਹ ਸਰੀਰ 'ਚ ਮੌਜੂਦ ਗੰਦਗੀ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਅਜਿਹੇ ਵਿਚ ਕਿਡਨੀ ਸਿਹਤਮੰਦ ਰਹਿਣ ਨਾਲ ਪੱਥਰੀ ਦੀ ਸਮੱਸਿਆ ਤੋਂ ਬਚਾਅ ਰਹਿੰਦਾ ਹੈ। ਇਸ ਵਿਚ ਐਂਟੀ-ਆਕਸੀਡੈਂਟ, ਐਂਟੀ-ਬੈਕਟਰੀਅਲ ਗੁਣ ਹੁੰਦੇ ਹਨ। ਅਜਿਹੇ ਵਿਚ ਇਹ ਸਰੀਰ ਦਾ ਫ਼ ?ਗੀ ਰੈਡੀਕਲਜ਼ ਤੋਂ ਬਚਾਅ ਕਰਦਾ ਹੈ। ਇਹ ਕੈਂਸਰ ਸੈੱਲਾਂ ਨੂੰ ਸਰੀਰ ਵਿਚ ਵਧਣ ਤੋਂ ਰੋਕਦਾ ਹੈ। ਨਾਲ ਹੀ ਜਲਣ ਦੀ ਸਮੱਸਿਆ ਤੋਂ ਵੀ ਅਰਾਮ ਮਿਲਦਾ ਹੈ। ਖ਼ਾਸਕਰ ਮਰਦਾਂ ਵਿਚ ਹੋਣ ਵਾਲਾ ਪ੍ਰੋਸਟੇਟ ਕੈਂਸਰ ਤੋਂ ਬਚਾਅ ਰਹਿੰਦਾ ਹੈ।

ਟਿੰਡੇ ਵਿਚ ਫ਼ਾਈਬਰ ਦੀ ਮਾਤਰਾ ਜ਼ਿਆਦਾ ਅਤੇ ਕੈਲੋਰੀ ਘੱਟ ਹੁੰਦੀ ਹੈ। ਅਜਿਹੇ ਵਿਚ ਭੁੱਖ ਲੰਬੇ ਸਮੇਂ ਤਕ ਸ਼ਾਂਤ ਰਹਿੰਦੀ ਹੈ। ਅਜਿਹੇ ਵਿਚ ਭਾਰ ਕੰਟਰੋਲ ਰਹਿੰਦਾ ਹੈ। ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ ਗੁਣਾਂ ਨਾਲ ਭਰਪੂਰ ਟਿੰਡਾ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਵਿਚ ਪਾਣੀ ਦੀ ਜ਼ਿਆਦਾ ਮਾਤਰਾ ਹੋਣ ਨਾਲ ਸਰੀਰ ਡੀਟੌਕਸੀਫ਼ਾਈ ਹੁੰਦਾ ਹੈ।

ਮੈਟਾਬੌਲਿਜ਼ਮ ਤੇਜ਼ ਹੋਣ ਨਾਲ ਗੈਸ, ਐਸਿਡਿਟੀ, ਕਬਜ਼ ਆਦਿ ਪੇਟ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ। ਇਸ ਵਿਚ ਗਲੋਬੂਲਿਨ ਨਾਮਕ ਪ੍ਰੋਟੀਨ ਇਮਿਊਨਿਟੀ ਵਧਾਉਣ ਵਿਚ ਮਦਦ ਕਰਦਾ ਹੈ। ਇਹ ਪ੍ਰੋਟੀਨ ਮੁੱਖ ਤੌਰ 'ਤੇ ਖ਼ੂਨ ਵਿਚ ਹੁੰਦਾ ਹੈ। ਅਜਿਹੇ ਵਿਚ ਟਿੰਡੇ ਦਾ ਸੇਵਨ ਮੌਸਮੀ ਅਤੇ ਹੋਰ ਬੀਮਾਰੀਆਂ ਤੋਂ ਬਚਾਉਂਦਾ ਹੈ। ਕੋਰੋਨਾ ਦੌਰਾਨ ਹਰ ਇਕ ਨੂੰ ਇਮਿਊਨਿਟੀ ਵਧਾਉਣ ਦੀ ਸਲਾਹ ਦਿਤੀ ਜਾ ਰਹੀ ਹੈ। ਅਜਿਹੇ ਵਿਚ ਇਸ ਦਾ ਸੇਵਨ ਕਰਨਾ ਸੱਭ ਤੋਂ ਵਧੀਆ ਹੈ। ਬੁਖ਼ਾਰ ਦੀ ਸਮੱਸਿਆ ਵਿਚ ਟਿੰਡੇ ਦਾ ਸਲਾਦ ਦੇ ਰੂਪ ਵਿਚ ਸੇਵਨ ਕਰਨਾ ਲਾਭਕਾਰੀ ਹੁੰਦਾ ਹੈ। ਇਸ ਵਿਚ ਪਾਣੀ ਦੀ ਜ਼ਿਆਦਾ ਮਾਤਰਾ ਹੋਣ ਨਾਲ ਸਰੀਰ ਦੀ ਅੰਦਰੋਂ ਸਫ਼ਾਈ ਹੁੰਦੀ ਹੈ। ਇਸ ਤੋਂ ਇਲਾਵਾ ਇਸ ਦਾ ਪੇਸਟ ਬਣਾ ਕੇ ਮੱਥੇ 'ਤੇ ਪੱਟੀ ਵਾਂਗ ਲਗਾਉਣ ਨਾਲ ਬੁਖ਼ਾਰ ਘੱਟ ਕਰਨ ਵਿਚ ਮਦਦ ਮਿਲਦੀ ਹੈ। ਐਂਟੀ-ਆਕਸੀਡੈਂਟ ਗੁਣਾਂ ਅਤੇ ਪਾਣੀ ਨਾਲ ਭਰਪੂਰ ਟਿੰਡਾ ਵਾਲਾਂ ਲਈ ਵੀ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਇਸ ਦੇ ਸੇਵਨ ਨਾਲ ਵਾਲ ਹਾਈਡਰੇਟ ਹੋਣ ਨਾਲ ਪੋਸ਼ਿਤ ਹੁੰਦੇ ਹਨ। ਅਜਿਹੇ ਵਿਚ ਰੁੱਖੇ, ਬੇਜਾਨ ਵਾਲਾਂ ਦੀ ਸਮੱਸਿਆ ਦੂਰ ਹੋ ਕੇ ਵਾਲ ਸੁੰਦਰ, ਸੰਘਣੇ, ਨਰਮ ਅਤੇ ਖ਼ੂਬਸੂਰਤ ਦਿਖਾਈ ਦਿੰਦੇ ਹਨ। ਸਿਹਤ ਦੇ ਨਾਲ ਟਿੰਡਾ ਚਮੜੀ ਲਈ ਵੀ ਫ਼ਾਇਦੇਮੰਦ ਹੁੰਦਾ ਹੈ। ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਉਣ ਨਾਲ ਦਾਗ, ਧੱਬੇ, ਛਾਈਆਂ, ਝੁਰੜੀਆਂ ਆਦਿ ਦੀ ਸਮੱਸਿਆ ਦੂਰ ਹੁੰਦੀ ਹੈ। ਚਮੜੀ ਨੂੰ ਗਹਿਰਾਈ ਨਾਲ ਪੋਸ਼ਣ ਮਿਲਣ ਨਾਲ ਨਮੀ ਲੰਬੇ ਸਮੇਂ ਤਕ ਰਹਿੰਦੀ ਹੈ।



## ਤੁਹਾਡੇ ਖਾਣ-ਪੀਣ ਵਿਚ ਹੀ ਤੁਹਾਡੀ ਸਿਹਤ ਦਾ ਲੁਕਿਆ ਰਾਜ਼







ਤੁਹਾਡੇ ਖਾਣ-ਪੀਣ ਵਿਚ ਹੀ ਤੁਹਾਡੀ ਸਿਹਤ ਦਾ ਰਾਜ ਲੁਕਿਆ ਹੈ। ਤੁਸੀਂ ਕਿੰਨੇ ਤੰਦਰੁਸਤ ਹੋ, ਤੁਸੀਂ ਕੀ ਖਾਂਦੇ ਹੋ ਇਸ ਉਤੇ ਨਿਰਭਰ ਕਰਦਾ ਹੈ। ਇਸਦੇ ਬਿਨਾਂ ਤੁਹਾਡੇ ਖਾਣ ਦਾ ਵਕਤ ਵੀ ਕਾਫ਼ੀ ਅਹਿਮ ਹੁੰਦਾ ਹੈ। ਕਿਸ ਸਮੇਂ ਤੇ ਕੀ ਚੀਜ਼ ਖਾਈ ਜਾ ਰਹੀ ਹੈ, ਤੁਹਾਡੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ। ਕੋਈ ਵੀ ਖਾਣਾ ਉਦੋਂ ਤੁਹਾਡੇ ਸਰੀਰ ਨੂੰ ਤੱਦ ਲੱਗਦਾ ਹੈ ਜਦੋਂ ਠੀਕ ਸਮੇਂ ਤੇ ਉਸਨੂੰ ਖਾਧਾ ਜਾਵੇ। ਗਲਤ ਸਮੇਂ ਤੇ ਉਸਨੂੰ ਖਾਣ ਨਾਲ ਤੁਹਾਡੀ ਸਿਹਤ ਉਤੇ ਨਕਾਰਾਤਮਕ ਅਸਰ ਹੋ ਸਕਦਾ ਹੈ। ਇਸ ਖ਼ਬਰ ਵਿਚ ਅਸੀ ਤੁਹਾਨੂੰ ਦੱਸਾਂਗੇ ਕਿ ਅਜਿਹੀਆਂ ਕਿਹੜੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਖਾਲੀ ਢਿੱਡ ਨਹੀਂ ਖਾਣਾ ਚਾਹੀਦਾ।

ਕਾਰਬੋਹਾਈਡਰੇਟ ਡਰਿੰਕ : ਕਾਰਬੋਹਾਈਡਰੇਟ ਡਰਿੰਕਸ ਸਿਹਤ ਲਈ ਚੰਗੀ ਨਹੀਂ ਹੁੰਦੀ ਹੈ। ਖਾਲੀ ਢਿੱਡ ਇਨ੍ਹਾਂ ਦਾ ਸੇਵਨ ਹੋਰ ਵੀ ਖ਼ਤਰਨਾਕ ਹੁੰਦਾ ਹੈ। ਸਵੇਰੇ, ਖਾਲੀ ਢਿੱਡ ਇਸਦਾ ਸੇਵਨ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸਦੇ ਪ੍ਰਯੋਗ ਨਾਲ ਕੈਂਸਰ ਅਤੇ ਦਿਲ ਦੇ ਰੋਗ ਵਰਗੀਆਂ ਗੰਭੀਰ ਪਰੇਸ਼ਾਨੀਆਂ ਹੋ ਸਕਦੀਆਂ ਹਨ।

ਕਾਫ਼ੀ ਜਾਂ ਚਾਹ : ਬਹੁਤ ਸਾਰੇ ਲੋਕਾਂ ਦੀ ਸਵੇਰੇ ਚਾਹ ਜਾਂ ਕਾਫ਼ੀ ਦੀ ਆਦਤ ਹੁੰਦੀ ਹੈ। ਇਸਦਾ ਸਿਹਤ ਉਤੇ ਬਹੁਤ ਭੈੜਾ ਅਸਰ ਹੁੰਦਾ ਹੈ। ਖਾਲੀ ਢਿੱਡ ਕਾਫ਼ੀ ਪੀਣ ਨਾਲ ਸਰੀਰ ਵਿਚ ਹਾਈਡ੍ਰੋਕਲੋਰਿਕ ਐਸਿਡ ਦੀ ਮਾਤਰਾ ਵੱਧ ਜਾਂਦੀ ਹੈ। ਇਸ ਤੋਂ ਬਿਨਾਂ ਕਬਜ ਦੀ ਪਰੇਸ਼ਾਨੀ ਵੀ ਹੋਣ ਲੱਗਦੀ ਹੈ। ਪਾਚਣ ਕਿਰਿਆ ਉਤੇ ਇਸਦਾ ਭੈੜਾ ਅਸਰ ਹੁੰਦਾ ਹੈ।

ਟਮਾਟਰ : ਅਪਣੀ ਤਮਾਮ ਖ਼ੂਬੀਆਂ ਦੇ ਬਾਅਦ ਵੀ ਟਮਾਟਰ ਨੂੰ ਖਾਲੀ ਢਿੱਡ ਖਾਣਾ ਨੁਕਸਾਨਦਾਇਕ ਹੈ। ਇਸ ਵਿਚ ਐਸਿਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਅਪਣੇ ਐਸਿਡਿਕ ਨੇਚਰ ਦੇ ਕਾਰਨ ਇਸਦਾ ਖਾਲੀ ਢਿੱਡ ਸੇਵਨ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ। ਇਹ ਢਿੱਡ ਉਤੇ ਜ਼ਰੂਰਤ ਤੋਂ ਜ਼ਿਆਦਾ ਦਬਾਵ ਪਾਉਂਦਾ ਹੈ ਅਤੇ ਇਸ ਨਾਲ ਢਿੱਡ ਵਿਚ ਦਰਦ ਹੋ ਸਕਦਾ ਹੈ। ਅਲਸਰ ਨਾਲ ਪੀੜਤ ਲੋਕਾਂ ਲਈ ਇਹ ਖ਼ਤਰਨਾਕ ਹੋ ਸਕਦਾ ਹੈ।

ਖੱਟੇ ਫਲਾਂ ਤੋਂ ਰਹੋ ਦੂਰ : ਖੱਟੇ ਫਲ ਜਿਵੇਂ ਸੰਤਰਾ, ਨਿੰਬੂ, ਅੰਗੂਰ ਨੂੰ ਭੁੱਲ ਕੇ ਵੀ ਖਾਲੀ ਢਿੱਡ ਨਹੀਂ ਖਾਣਾ ਚਾਹੀਦਾ। ਇਨ੍ਹਾਂ ਫਲਾਂ ਵਿਚ ਵਿਟਾਮਿਨ ਸੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਖਾਲੀ ਢਿੱਡ ਇਨ੍ਹਾਂ ਦੇ ਸੇਵਨ ਨਾਲ ਢਿੱਡ ਦੇ ਰੋਗ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।





# ਸਵੈ-ਪਹਿਚਾਣ ਲਈ ਹੁੰਦੀ ਹੈ ਕਿਸੇ ਸ਼ੌਕ ਜਾਂ ਹੁਨਰ ਵਿਚ ਪ੍ਰਪੱਕਤਾ ਦੀ ਲੋੜ



ਬਿਨਾਂ ਕੋਈ ਲੰਮੀ ਬਹਿਸ ਵਿਚ ਪੈਂਦਿਆਂ ਸਾਨੂੰ ਇਹ ਮੰਨਣ ਵਿਚ ਕੋਈ ਇਤਰਾਜ਼ ਨਹੀਂ ਕਿ ਸਾਡੇ ਦੇਸ਼ ਵਿਚ ਅਜੇ ਮਰਦ-ਪ੍ਰਧਾਨ ਬਿਰਤੀ ਜੜ੍ਹੋਂ ਨਹੀਂ ਗਈ। ਇਹ ਤਸੱਲੀ ਵਾਲੀ ਗੱਲ ਹੈ ਕਿ ਪਹਿਲਾਂ ਦੇ ਮੁਕਾਬਲੇ ਲੜਕੀਆਂ ਦੀ ਸਿੱਖਿਆ ਵਿਚ ਕਾਫੀ ਸੁਧਾਰ ਆਇਆ ਹੈ। ਜਿੰਨੀ ਕੁ ਕਸਰ ਹੈ, ਉਸ ਨੂੰ ਪੂਰਾ ਕਰਨ ਲਈ ਲੜਕੀਆਂ ਨੂੰ ਪੱਤਰ-ਵਿਹਾਰ ਸਿੱਖਿਆ, ਆਨਲਾਈਨ ਸਿੱਖਿਆ ਆਦਿ ਵਰਗੇ ਤਰੀਕਿਆਂ ਰਾਹੀਂ ਹੋਰ ਪੜ੍ਹਨ ਲਈ ਮਾਪਿਆਂ ’ਤੇ ਜ਼ੋਰ ਪਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਮਾਪੇ ਆਰਥਿਕ ਜਾਂ ਸਮਾਜਿਕ ਕਾਰਨਾਂ ਕਰਕੇ ਲੜਕੀ ਨੂੰ ਰੈਗੂਲਰ ਸਿੱਖਿਆ ਲੈਣ ਲਈ ਸ਼ਹਿਰ ਜਾਂ ਦੂਰ ਭੇਜਣ ਵਿਚ ਸਹਿਮਤ ਨਹੀਂ, ਉਹ ਵੀ ਘਰ ਬੈਠਿਆਂ ਪੜ੍ਹਾਉਣ ਲਈ ਸਹਿਮਤ ਹੋ ਸਕਦੇ ਹਨ। ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਸਿੱਖਿਆ ਲਈ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰ ਜੇ ਸਿੱਖਿਆ ਕਿਸੇ ਕਾਰਨ ਨਹੀਂ ਪ੍ਰਾਪਤ ਕਰ ਸਕੇ, ਨਿਰਾਸ਼ ਹੋਣ ਦੀ ਲੋੜ ਨਹੀਂ। ਬਹੁਤ ਕੁਝ ਐਸਾ ਹੈ, ਜਿਸ ਦੇ ਲਈ ਰਸਮੀ ਸਿੱਖਿਆ ਦੀ ਜ਼ਰੂਰਤ ਨਹੀਂ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਰੁਜ਼ਗਾਰ ਪ੍ਰਾਪਤ ਕਰਨਾ ਬਹੁਤ ਵੱਡਾ ਅਤੇ ਮਹੱਤਵਪੂਰਨ ਪੱਖ ਹੈ। ਔਰਤ ਦੀ ਆਰਥਿਕ ਆਜ਼ਾਦੀ ਦਾ ਆਧਾਰ ਹੈ, ਜਿਸ ਨੇ ਉਸ ਵਿਚ ਵਿਸ਼ਵਾਸ ਵੀ ਭਰਨਾ ਹੈ ਅਤੇ ਆਪਣੇ ਹੱਕ ਲੈਣ ਲਈ ਉਸਨੂੰ ਜਾਗ੍ਰਿਤ ਵੀ ਕਰਨਾ ਹੈ। ਪਰ ਨੌਕਰੀ ਜਾਂ ਰੁਜ਼ਗਾਰ ਪ੍ਰਾਪਤੀ ਉਸ ਦੇ ਆਪਣੇ ਹੱਥ ਵਿਚ ਨਹੀਂ। ਉਸ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਨੌਕਰੀ ਤੱਕ ਹੀ ਆਪਣੇ-ਆਪ ਨੂੰ ਸੀਮਿਤ ਨਾ ਕਰੇ। ਸਵੈ-ਰੁਜ਼ਗਾਰ ਦੇ ਬੇਅੰਤ ਮੌਕੇ ਹਨ। ਹੋਰ ਕਿੰਨੇ ਹੀ ਖੇਤਰ ਹਨ,

**ਜਸਵਿੰਦਰ ਸਿੰਘ ਰੁਪਾਲ**

ਜਿਨ੍ਹਾਂ ਰਾਹੀਂ ਉਹ ਸਿਰਫ ਆਪਣੇ ਦਿਮਾਗ਼ ਦੀ ਸੁਚੱਜੀ ਵਰਤੋਂ ਕਰਕੇ ਹੋਰ ਧਨ ਕਮਾਉਣ ਦੇ ਤਰੀਕੇ ਲੱਭ ਸਕਦੀ ਹੈ। ਆਪਣੇ ਵਰਗੀਆਂ ਹੋਰ ਔਰਤਾਂ ਨੂੰ ਜੋੜ ਕੇ ਆਪ ਕੋਈ ਛੋਟੀ ਮੋਟੀ ਸੰਸਥਾ/ਕੰਪਨੀ ਖੋਲ੍ਹ ਕੇ ਕੰਮ ਕਰ ਸਕਦੀ ਹੈ। ਲੋੜ ਸਿਰਫ ਕੁਝ ਕਰਨ ਦੀ, ਕਰ ਦਿਖਾਉਣ ਦੀ ਲਗਨ ਦੀ ਹੈ।

ਲੋੜ ਹੈ ਉਸ ਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਅਤੇ ਸਮਰੱਥਾਵਾਂ ਨੂੰ ਪਹਿਚਾਨਣ ਅਤੇ ਉਨ੍ਹਾਂ ਦਾ ਵਿਕਾਸ ਕਰਨ ਦੀ, ਕਿਉਂਕਿ ਸੁਹੱਪਣ ਅਤੇ ਜਵਾਨੀ ਹਮੇਸ਼ਾ ਕਾਇਮ ਨਹੀਂ ਰੱਖੀਆਂ ਜਾ ਸਕਦੀਆਂ। ਸਮੇਂ ਦੀ ਤਬਦੀਲੀ ਨਾਲ ਇਸ ਗ੍ਰਾਫ ਦਾ ਹੇਠਾਂ ਨੂੰ ਜਾਣਾ ਯਕੀਨੀ ਹੈ। ਪਰ ਜੇ ਉਨ੍ਹਾਂ ਆਪਣੀ ਅੰਦਰੂਨੀ ਸੁੰਦਰਤਾ ਅਤੇ ਹੁਨਰ ਨੂੰ ਪਹਿਚਾਣ ਕੇ ਉਸ ਨੂੰ ਵਿਕਸਿਤ ਕੀਤਾ, ਤਾਂ ਇਹ ਸਦਾ ਰਹਿਣ ਵਾਲਾ ਗਹਿਣਾ ਹੈ। ਜ਼ਰਾ ਨਜ਼ਰ ਮਾਰ ਕੇ ਵੇਖਣਾ ਕਿੰਨੀਆਂ ਕੁ ਔਰਤਾਂ ਹਨ ਜਿਹੜੀਆਂ ਕਿਸੇ ਕਲਾ ਨੂੰ ਸ਼ੌਕ ਨਾਲ ਨਿਭਾਉਂਦੀਆਂ ਹਨ। ਕਿੰਨੀਆਂ ਨੇ ਜੋ ਕਲਾਕਾਰ ਹਨ, ਲੇਖਕ ਹਨ, ਸੰਗੀਤਕਾਰ ਹਨ। ਭਾਵੇਂ ਸ਼ੌਕ ਨੂੰ ਕਿੱਤਾ ਵੀ ਬਣਾਇਆ ਜਾ ਸਕਦਾ ਹੈ, ਪਰ ਸਿਰਜਣਾਤਮਿਕਤਾ ਅਤੇ ਸੁਹਜ ਤਾਂ ਪਹਿਲਾਂ ਸ਼ੌਕ ਅਤੇ ਲਗਨ ਵਿਚੋਂ ਹੀ ਨਿਕਲਣੀ ਹੈ। ਨੱਚਣਾ ਅਤੇ ਗਾਉਣਾ ਖਾਸ ਕਰਕੇ ਔਰਤਾਂ ਦਾ ਖੇਤਰ ਰਿਹਾ ਹੈ, ਪਰ ਅੱਜ ਦੇਖੋ ਤਾਂ ਕਿੰਨੀਆਂ ਔਰਤਾਂ ਨੂੰ ਕਿੰਨੇ ਗੀਤ ਯਾਦ ਹਨ? ਕਿਸੇ ਵਿਆਹ ਸ਼ਾਦੀ ’ਤੇ ਉਹ ਖ਼ੁਦ ਬੋਲੀਆਂ ਪਾ ਕੇ ਨੱਚ ਵੀ ਨਹੀਂ ਸਕਦੀਆਂ। ਗੀਤ ਡੀ. ਜੇ. ਵਿਚ ਚੱਲੇਗਾ ਤੇ ਉਹ ਆਪਣੇ ਕੱਪੜਿਆਂ ਅਤੇ ਗਹਿਣਿਆਂ ਰਾਹੀਂ ਸਿਰਫ਼ ਆਪਣੇ ਸਰੀਰ ਦੀ ਨੁਮਾਇਸ਼ ਕਰਨ ਲਈ ਨੱਚਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ। ਮੈਂ ਮੁਆਫ਼ੀ ਚਾਹਾਂਗਾ, ਜੇ ਮੇਰੇ ਸ਼ਬਦਾਂ ਵਿਚ ਕਿਸੇ ਨੂੰ ਜ਼ਰਾ ਰੁੱਖਾਪਨ ਨਜ਼ਰ ਆਇਆ ਹੋਵੇ, ਪਰ ਮੇਰੀ ਭਾਵਨਾ ਨੂੰ ਸਮਝਣ ਦਾ ਯਤਨ ਕਰਨਾ।

...ਤਾਂ ਤੇ ਅੱਜ ਤੋਂ ਹੀ ਕਾਇਮ ਹੋਵੋ। ਆਪਣੀ ਸਮਰੱਥਾ ਨੂੰ ਪਹਿਚਾਣੋ। ਲੱਭੋ ਤੁਹਾਡੇ ਅੰਦਰ, ਧੁਰ ਅੰਦਰ ਕੌਣ ਛੁਪ ਕੇ ਬੈਠਾ ਹੈ? ਇਕ ਕਲਾਕਾਰ, ਇਕ ਗਾਇਕ, ਇਕ ਚਿੱਤਰਕਾਰ, ਇਕ ਸੰਗੀਤਕਾਰ, ਇਕ ਲੇਖਕ, ਇਕ ਬੁਲਾਰਾ, ਇਕ ਕੌਂਸਲਰ, ਇਕ ਸੇਵਕ? ਉਸ ਨੂੰ ਬਾਹਰ ਕੱਢੋ, ਵਿਕਸਿਤ ਹੋਣ ਦਿਓ, ਬਾਹਰਲੇ ਮੇਕਅੱਪ ਫਿੱਕੇ ਪੈ ਜਾਣਗੇ। ਹੁਨਰ ਅਤੇ ਕਿਰਤ ਦਾ ਮਜੀਠ ਰੰਗ ਆਪਣੀ ਆਭਾ ਖਿਲਾਰੇਗਾ ਅਤੇ ਆਪਣੇ ਚੁਫੇਰੇ ਨੂੰ ਮਹਿਕਾ ਦੇਵੇਗਾ। ਮੈਂ ਸਮੂਹ ਔਰਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਕਸਤੂਰੀ ਨੂੰ ਪਹਿਚਾਨਣ। ਮੇਰਾ ਵਿਸ਼ਵਾਸ਼ ਹੈ ਕਿ ਇਸ ਮਹਿਕ ਰੱਤੀ ਔਰਤ ਨੂੰ ਕਦੇ ਵੀ ਕਿਸੇ ਵਿਤਕਰੇ ਦੀ ਸ਼ਿਕਾਰ ਨਹੀਂ ਹੋਣਾ ਪਵੇਗਾ।



# ਪੰਛੀਆਂ ਦੀ ਅਰਜ਼ੋਈ



**ਰਘੁਵੀਰ ਸਿੰਘ ਕਲੋਆ**

ਗਰਮੀ ਦੀ ਰੁੱਤ ਦਾ ਸਿਖਰ ਦੁਪਹਿਰਾ ਸੀ। ਹਾੜ੍ਹੀ ਦੀ ਫ਼ਸਲ ਚੁੱਕੀ ਜਾਣ ਕਰਕੇ ਦੂਰ ਦੂਰ ਤੱਕ ਖੇਤ ਖਾਲੀ ਪਏ ਸਨ। ਟਿਕੀ ਧੁੱਪ ਵਿੱਚ ਇਹ ਖਾਲੀ ਖੇਤ ਹੋਰ ਵੀ ਤਪ ਜਾਂਦੇ ਸਨ। ਬਹੁਤੇ ਜੀਅ-ਜੰਤੂ ਸਵੇਰੇ ਹੀ ਆਪਣੀ ਚੋਗ ਚੁਗ ਸੰਘਣੀ ਛਾਂ ਤਲਾਸ਼ਣ ਲੱਗਦੇ ਸਨ। ਅਜਿਹੇ ਵਿੱਚ ਤੇਜਾ ਸਿੰਘ ਦੇ ਖੇਤਾਂ ’ਚ ਲੱਗੇ ਕੁਝ ਰੁੱਖ ਇਨ੍ਹਾਂ ਪੰਛੀਆਂ ਲਈ ਕਿਸੇ ਸਵਰਗ ਤੋਂ ਘੱਟ ਨਹੀਂ ਸਨ। ਟਿਊਬਵੈੱਲ ਦੇ ਕਮਰੇ ਨੇੜੇ ਅੰਬ ਅਤੇ ਜਾਮਣ ਦੇ ਰੁੱਖਾਂ ਦੀ ਬਣੀ ਸਾਂਝੀ ਝਿੜੀ ਅਤੇ ਹੇਠਾਂ ਆਡ ’ਚ ਵਗਦਾ ਪਾਣੀ ਇਨ੍ਹਾਂ ਸਭ ਲਈ ਨਿਆਮਤ ਸਨ। ਸਾਰਾ ਦੁਪਹਿਰਾ ਇਨ੍ਹਾਂ ਰੁੱਖਾਂ ਉੱਤੇ ਪੰਛੀਆਂ ਦੀ ਚੰਗੀ ਚਹਿਲ ਪਹਿਲ ਰਹਿੰਦੀ। ਤੇਜਾ ਸਿੰਘ ਦੇ ਖੇਤ ਪਿੰਡੋਂ ਕੁਝ ਹਟਵੇਂ, ਇੱਕ ਸੜਕ ਕਿਨਾਰੇ ਸਨ। ਭਾਵੇਂ ਤੇਜਾ ਸਿੰਘ ਕੋਲ ਕੋਈ ਬਹੁਤ ਜ਼ਿਆਦਾ ਜ਼ਮੀਨ ਤਾਂ ਨਹੀਂ ਸੀ ਪਰ ਸਬਰ-ਸੰਤੋਖ ਵਾਲੇ ਸੁਭਾਅ ਕਾਰਨ ਉਹ ਇੰਨੇ ਵਿੱਚ ਹੀ ਖ਼ੁਸ਼ ਸੀ। ਰੁੱਖਾਂ ਨਾਲ ਤਾਂ ਉਸ ਦਾ ਖ਼ਾਸ ਲਗਾਅ ਸੀ। ਕੁਝ ਸਜਾਵਟੀ ਬੂਟੇ ਉਸ ਨੇ ਸੜਕ ਦੇ ਨਾਲ ਨਾਲ ਲਾਏ ਸਨ ਤੇ ਅੰਬ, ਅਮਰੂਦ, ਜਾਮਣ ਦੇ ਫ਼ਲਦਾਰ ਰੁੱਖ ਆਪਣੇ ਟਿਊਬਵੈੱਲ ਦੇ ਨੇੜੇ। ਅੰਬ ਅਤੇ ਜਾਮਣ ਦੇ ਰੁੱਖ ਕਾਫ਼ੀ ਵੱਡੇ ਅਤੇ ਸੰਘਣੇ ਹੋਣ ਕਾਰਨ ਇੱਥੇ ਬਹੁਤ ਸਾਰੇ ਪੰਛੀ ਪੱਕੇ ਹੀ ਰਹਿਣ ਲੱਗੇ ਸਨ। ਅੱਜ ਵੀ ਤੇਜ਼ ਧੁੱਪ ਤੋਂ ਬਚਦੇ ਬਹੁਤ ਸਾਰੇ ਪੰਛੀ ਇੱਥੇ ਬੈਠੇ ਆਰਾਮ ਕਰ ਰਹੇ ਸਨ ਕਿ ਅਚਾਨਕ ਉੱਚੀ ਟਾਹਣੀ ’ਤੇ ਬੈਠੇ ਕਾਂ ਦੀ ਨਜ਼ਰ ਦੂਰ ਉੱਠਦੇ ਧੂੰਏ ਵੱਲ ਗਈ;

“ਭਰਾਵੋ! ਉਹ ਵੇਖੋ, ਅੱਜ ਫਿਰ ਕਿਸੇ ਹੋਰ ਨੇ ਆਪਣੇ ਖੇਤਾਂ ਵਿੱਚ ਨਾੜ ਨੂੰ ਅੱਗ ਲਗਾ ਦਿੱਤੀ।”

ਇਹ ਹੁਣ ਸਾਰਿਆਂ ਦਾ ਧਿਆਨ ਉੱਧਰ ਖਿੱਚਿਆ ਗਿਆ। ਮਿੱਠੇ ਗੀਤ ਗਾਉਣ ਵਾਲੀ ਕੋਇਲ ਵੀ ਗੁੱਸੇ ਨਾਲ ਭਰ ਉੱਠੀ,

“ਕਿੰਨਾ ਨੁਕਸਾਨ ਹੁੰਦੈ ਇਸ ਅੱਗ ਨਾਲ, ਪਤਾ ਨਹੀਂ ਇਨ੍ਹਾਂ ਮੂਰਖ ਬੰਦਿਆਂ ਨੂੰ ਕਦੋਂ ਅਕਲ ਆਉਣੀ ਹੈ।”

“ਇੱਕ ਤਾਂ ਗਰਮੀ ਉੱਪਰੋਂ ਵਰ੍ਹ ਰਹੀ, ਦੂਜਾ ਅੱਗਾਂ ਲਾ ਲਾ ਇਹ ਵਧਾਈ ਜਾਂਦੇ ਨੇ।” ਗੋਲੇ ਕਬੂਤਰ ਨੇ ਵੀ ਆਪਣਾ ਗੁੱਸਾ ਜ਼ਾਹਰ ਕੀਤਾ। ਕੋਲ ਬੈਠੀ ਘੁੱਗੀ ਤਾਂ ਵਿਲਕ ਹੀ ਉੱਠੀ;

“ਕਿੰਨੇ ਮਾਸੂਮ ਵਿਚਾਰੇ ਜਿਊਂਦੇ ਹੀ ਸੜ ਜਾਂਦੇ, ਪਰਸੋਂ ਨਹਿਰ ਕਿਨਾਰੇ ਲੱਗੀ ਅੱਗ ’ਚ ਆਪਣੇ ਬੱਚਿਆਂ ਨੂੰ ਬਚਾਉਂਦੀ ਇੱਕ ਟਟੀਹਰੀ ਤਾਂ ਮੈਂ ਆਪ ਸੜਦੀ ਵੇਖੀ, ਮੇਰਾ ਤਾਂ ਰੋਣ ਹੀ ਨਿਕਲ ਗਿਆ।”

ਘੁੱਗੀ ਤੋਂ ਇਹ ਸੁਣ ਸਾਰੇ ਪੰਛੀਆਂ ਦਾ ਦਿਲ ਕੁਰਲਾਅ ਉੱਠਿਆ। ਸਭ ਨੂੰ ਇੰਨੀ ਉਦਾਸੀ ’ਚ ਵੇਖ ਕੇ ਤੋਤੇ ਨੇ ਉਨ੍ਹਾਂ ਨੂੰ ਧਰਵਾਸ ਦਿੱਤਾ;

“ਸ਼ੁਕਰ ਐ ਤੇਜਾ ਸਿੰਹੁ ਅਜਿਹਾ ਨਹੀਂ ਕਰਦਾ, ਨਹੀਂ ਤਾਂ ਸਾਡੇ ਰਹਿਣ ਜੋਗੇ ਇਹ ਰੁੱਖ ਵੀ ਨਹੀਂ ਸੀ ਰਹਿਣੇ।”

ਹੁਣ ਉਨ੍ਹਾਂ ਸਾਰਿਆਂ ਦੀਆਂ ਅੱਖਾਂ ਅੱਗੇ ਤੇਜਾ ਸਿੰਘ ਦਾ ਚਿਹਰਾ ਘੁੰਮਣ ਲੱਗਾ। ਹਰ ਵੇਲੇ ਸ਼ਾਂਤ ਚਿਤ ਰਹਿਣ ਵਾਲਾ ਤੇਜਾ ਸਿੰਘ ਉਨ੍ਹਾਂ ਸਭ ਨੂੰ ਨਿਰਾ ਦੇਵਤਾ ਹੀ ਜਾਪਦਾ ਸੀ। ਉਹ ਸਭ ਹਾਲੇ ਇਹ ਗੱਲਾਂ ਹੀ ਕਰ ਰਹੇ ਸਨ ਕਿ ਅੱਗ ਨੇੜੇ ਆਉਣ ਲੱਗੀ। ਹਵਾ ਦਾ ਰੁਖ਼ ਆਪਣੇ ਵੱਲ ਵੇਖ ਉਹ ਸਾਰੇ ਚਿੰਤਾ ਵਿੱਚ ਪੈ ਗਏ ਪਰ ਤੇਜਾ ਸਿੰਘ ਨੇ ਤਾਂ ਆਪਣੇ ਖੇਤਾਂ ਦਾ ਨਾੜ ਪਹਿਲਾਂ ਹੀ ਵਾਹ ਕੇ ਮਿੱਟੀ ਵਿੱਚ ਰਲਾ ਦਿੱਤਾ ਸੀ। ਇਸ ਲਈ ਅੱਗ ਤੇਜਾ ਸਿੰਘ ਦੇ ਬੰਨੇ ਤੋਂ ਪਾਰ ਹੀ ਰੁਕ ਗਈ। ਅੱਗ ਰੁਕੀ ਤਾਂ ਸਭ ਪੰਛੀਆਂ ਨੂੰ ਵੀ ਸੁੱਖ ਦਾ ਸਾਹ ਆਇਆ। ਇਸੇ ਗੱਲੋਂ ਫ਼ਿਕਰਮੰਦ ਤੇਜਾ ਸਿੰਘ ਵੀ ਇਹ ਸਭ ਉੱਚਾ ਹੋ ਵੇਖ ਰਿਹਾ ਸੀ। ਟਿਊਬਵੈੱਲ ਦਾ ਪਾਣੀ ਬੰਦ ਕਰ ਹੁਣ ਉਹ ਵੀ ਅੰਬ ਹੇਠ ਡੱਠੀ ਮੰਜੀ ’ਤੇ ਆਰਾਮ ਕਰਨ ਲੱਗਾ। ਆਪਣੇ ਦੇਵਤੇ ਦੇ ਆਰਾਮ ਵਿੱਚ ਵਿਘਨ ਨਾ ਪਵੇ, ਇਸੇ ਲਈ ਸਭ ਪੰਛੀ ਵੀ ਸ਼ਾਂਤ ਹੋ ਕੇ ਬੈਠ ਗਏ ਪਰ ਘੁੱਗੀ ਇਹ ਕਹਿਣੋਂ ਆਪਣੇ ਆਪ ਨੂੰ ਰੋਕ ਨਾ ਸਕੀ;

“ਹੇ ਰੱਬਾ, ਕਾਸ਼! ਸਾਰੇ ਕਿਸਾਨ ਤੇਜਾ ਸਿੰਹੁ ਵਰਗੇ ਹੋ ਜਾਣ।”

ਇਹੀ ਅਰਜ਼ੋਈ ਹੁਣ ਉੱਥੇ ਬੈਠੇ ਬਾਕੀ ਸਭ ਪੰਛੀ ਵੀ ਦੁਹਰਾ ਰਹੇ ਸਨ।


## MATRIMONIAL

I Harjinder Sooch give my power of attorney to Surinder Singh s/o Jattan Singh s/o Bhag Singh and Hardeep Singh s/o Surinder Singh s/o Jattan Singh Dashmesh Nagar Bhogpur District Jalandhar Punjab India when I was sick so now I'm in good condition and make my decision so from January 2024 i cancelled it.So they can't make any decisions regarding my property in Bhogpur,Shakarpur Punjab and in Rajasthan.



# ਜੰਨਤ ਵੇਖਣੀ ਹੈ ਤਾਂ ਚਲੋ ਊਟੀ



## ਊਟੀ ਵਿਚ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਖਾਸ ਕਰਕੇ ਮਲਆਇਲਮ, ਹਿੰਦੀ, ਕੰਨੜ, ਅੰਗਰੇਜ਼ੀ, ਤਮਿਲ ਆਦਿ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਨੀਲਗਿਰੀ ਪਰਬਤ ਦੀ ਗੋਦ ਵਿਚ ਵੱਸਿਆ ਇਹ ਅਤਿ ਸੁੰਦਰ ਸਥਾਨ ਊਟੀ ਦੱਖਣ ਭਾਰਤ ਦੇ ਪ੍ਰਮੁੱਖ ਪਹਾੜੀ ਸਥਾਨਾਂ 'ਚੋਂ ਇਕ ਹੈ। ਸਮੁੰਦਰ ਤਲ ਤੋਂ ਇਸ ਦੀ ਉਚਾਈ ਲਗਭਗ 2240 ਮੀਟਰ ਹੈ। ਊਟਕਮੰਡ ਤੋਂ ਊਟੀ ਨਾਮ ਪ੍ਰਚਲਿਤ ਹੋਇਆ।

ਊਟੀ ਦਰਸ਼ਨੀਏ ਸਥਾਨਾਂ ਦੀ ਜੰਨਤ ਹੈ। ਪੈਰ-ਪੈਰ ਉਪਰ ਖ਼ੂਬਸੂਰਤੀ ਅਪਣੀ ਪਰਿਭਾਸ਼ਾ ਖ਼ੁਦ ਕਹਿੰਦੀ ਹੈ। ਖ਼ੂਬਸੂਰਤ ਪ੍ਰਾਕ੍ਰਿਤਕ ਨਜ਼ਾਰਿਆ ਦਾ ਪਹਾੜੀ ਇਲਾਕਾ ਹੈ ਊਟੀ। ਇਥੇ ਪ੍ਰਾਕਿਤਕ ਸ਼ਕਤੀ ਅਤੇ ਮਾਨਵੀਏ ਉਦਮਾਂ ਦੇ ਨਾਂ ਦਿਲਕਸ਼ ਮਿਸ਼ਰਣ ਹੈ ਕਿ ਸੁੰਦਰ ਦ੍ਰਿਸ਼ ਅੱਖਾਂ ਵਿਚ ਉਤਰਦੇ ਹੋਏ ਹਿਰਦੇ ਤਕ ਉਤਰ ਕੇ ਆਨੰਦ ਵਿਭੋਰਤਾ ਦਾ ਅਹਿਸਾਸ ਦਿਲਾਂ ਦੇ ਚਲੇ ਜਾਂਦੇ ਹਨ। ਇੱਥੇ ਪਹਾੜੀਆਂ ਦੀਆਂ ਚੋਟੀਆਂ ਤੋਂ ਡਿਗਦੇ ਦਿਲਕਸ਼ ਝਰਨੇ, ਪੌੜੀਆਂਦਾਰ ਲੰਬੇ ਚੌੜ੍ਹੇ ਚਾਹ ਦੇ ਬਾਗਾਨ, ਹਰਿਆਲੀ ਦਾ ਆਂਚਲ ਲਹਿਰਾਉਂਦੇ ਉਚੇ-ਉਚੇ ਸੁੰਦਰ ਪਰਬਤ, ਤਰ੍ਹਾਂ-ਤਰ੍ਹਾਂ ਦੇ ਸੁੰਦਰ ਮਨਮੋਹਣੇ ਫ਼ੁੱਲ, ਦਿਲਕਸ਼ ਝੀਲਾਂ, ਸੁਹਣੇ ਸੁਹਣੇ ਪਾਰਕ, ਪਹਾੜੀ ਰੇਲ ਮਾਰਗ, ਤਰ੍ਹਾਂ-ਤਰ੍ਹਾਂ ਦੇ ਪੌਦੇ, ਰੁੱਖ, ਰੁੱਖ, ਫ਼ੁਲਦਾਰਝਾੜੀਆਂ, ਵਹਿੰਦੇ ਦਰਿਆ ਆਦਿ ਊਟੀ ਦੇ ਸੁਹੱਪਣ ਨੂੰ ਚਾਰ ਚੰਨ ਲਾਉਂਦੇ ਹਨ।

ਊਟੀ ਦਾ ਨਜ਼ਦੀਕੀ ਹਵਾਈ ਅੱਡਾ ਕੋਇਸਬਟੂਰ ਪੈਦਾ ਹੈ ਜੋ ਲਗਭਗ ਇਕ ਸੌ ਕਿਲੋਮੀਟਰ ਦੂਰੀ ਉਪਰ ਸਥਿਤ ਹੈ। ਇਹ ਹਵਾਈ ਅੱਡਾ ਅਨੇਕਾਂ ਹੀ ਵੱਡੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਊਟੀ ਦੀ ਸੁੰਦਰਤਾ ਦੇ ਦ੍ਰਿਸ਼ ਵੇਖਣੇ ਹੋਣ ਤਾਂ ਤੁਹਾਨੂੰ ਮੇਟ ਪਲਾਇਮ ਤੋਂ ਕੂੰਨੂਰ ਹੁੰਦੇ ਹੋਏ ਛੋਟੀ ਟਰੇਨ ਲੇਟ ਉਪਰ ਜਾਣਾ ਚਾਹੀਦਾ ਹੈ। ਛੋਟੀ ਟਰੇਨ ਘੱਟ ਗਤੀ ਵਿਚ ਚਲਦੀ ਹੈ ਜਿਸ 'ਚੋਂ ਸੁੰਦਰ ਦਿ ?ਸ਼ ਵੇਖਣ ਦਾ ਦਾ ਮਜ਼ਾ ਆ ਜਾਂਦਾ ਹੈ।

ਊਟੀ ਵਿਖੇ ਬਸ ਟੈਕਸੀ ਆਦਿ ਦੁਆਰਾ ਵੀ ਜਾਇਆ ਜਾਂਦਾ ਹੈ, ਊਟੀ ਵਿਖੇ ਬਸ, ਟੈਕਸੀ ਅਤੇ ਆਟੋਰਿਕਸ਼ਾ ਵਰਗੀਆਂ ਸਹੂਲਤਾਂ ਹਨ। ਊਟੀ ਵਿਖੇ ਘੁੰਮਣ ਫ਼ਿਰਨ ਦਾ ਵਧੀਆ ਸਮਾਂ ਫਰਵਰੀ ਤੋਂ ਜੁਲਾਈ ਅਤੇ ਨਵੰਬਰ ਮਹੀਨੇ ਹਨ। ਇਨ੍ਹਾਂ ਮਹੀਨਿਆਂ ਵਿਚ ਮੌਸਮ ਵਧੀਆ ਹੁੰਦਾ ਹੈ। ਇਥੇ ਲਗਭਗ 125 ਸੈਂਟੀਮੀਟਰ ਤਕ ਬਰਫ਼ ਪੈਂਦੀ ਹੈ। ਬਰਫ਼ਬਾਰੀ ਦੇ ਦਿਨਾਂ ਵਿਚ ਸੈਲਾਨੀ ਖ਼ੂਬ ਆਨੰਦ ਉਠਾਂਦੇ ਹਨ। ਗਰਮੀਆਂ ਵਿਚ ਇਥੋਂ ਦਾ ਜ਼ਿਆਦਾ ਤਾਪਮਾਨ 2.5 ਡਿਗਰੀ ਅਤੇ ਹੇਠਲੇ ਤਾਪਮਾਨ 10 ਡਿਗਰੀ ਸੈਲਸੀਅਸ ਹੁੰਦਾ ਹੈ ਅਤੇ ਸਰਦੀਆਂ ਵਿਚ



ਬਲਵਿੰਦਰ 'ਬਾਲਮ'
ਓਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ: 98156-25409


ਜ਼ਿਆਦਾ ਤਾਪਮਾਨ 22 ਡਿਗਰੀ ਅਤੇ ਹੇਠਲਾ ਤਾਪਮਾਨ 6 ਡਿਗਰੀ ਸੈਲਸੀਅਸ ਤਕ ਹੁੰਦਾ ਹੈ।

ਊਟੀ ਵਿਚ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਖਾਸ ਕਰਕੇ ਮਲਆਇਲਮ, ਹਿੰਦੀ, ਕੰਨੜ, ਅੰਗਰੇਜ਼ੀ, ਤਮਿਲ ਆਦਿ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਊਟੀ ਵਿਖੇ ਠਹਿਰਨ ਲਈ ਸਸਤੇ-ਮਹਿੰਗੇ ਹੋਟਲ ਮਿਲ ਜਾਂਦੇ ਹਨ। ਗੈਸਟ ਹਾਊਸ, ਧਰਮਸ਼ਲਾਵਾਂ ਆਦਿ ਦੀ ਸੁਵਿਧਾ ਹੈ। ਇਥੇ ਸਭ ਪ੍ਰਕਾਰ ਦੇ ਦੇਸੀ-ਵਿਦੇਸ਼ੀ ਪਕਵਾਨ ਮਿਲ ਜਾਂਦੇ ਹਨ। ਜੇਬ ਦੇ ਹਿਸਾਬ ਨਾਲ ਹੋਟਲ ਅਤੇ ਖ਼ਾਣ-ਪਾਣ ਲਿਆ ਜਾਂਦਾ ਹੈ।

ਮਦਰਾਸ ਦੇ ਗਵਰਨਰ ਲਾਰਡ ਵੈਨਲਾਕ ਦੁਆਰਾ ਸਵਿਸਕਲਾਕਾਰੀ ਦਾ ਰੇਲ ਮਾਰਗ ਬਣਵਾਇਆ ਗਿਆ ਸੀ। ਊਟੀ ਬਾਗਾਂ ਲਈ ਮਸ਼ਹੂਰ ਹੈ। ਇਯ ਲਈ ਵਨਸਪਤੀ ਬਾਗ਼ ਦੀ ਨੀਂਹ ਕਿਓ ਗਾਰਡਨ ਦੇ ਸ੍ਰੀ ਜਾਨ ਸਨ ਨੇ ਰੱਖੀ ਸੀ। ਉਹ ਅਪਣੇ ਨਾਲ ਇਗਲੈਂਡ ਤੋਂ ਤਰ੍ਹਾਂ-ਤਰ੍ਹਾਂ ਦੇ ਰੁੱਖ, ਪੌਦੇ ਲੈ ਕੇ ਆਇਆ ਸੀ। ਇਥੋਂ ਦੀ ਲਾਲ ਮਿੱਟੀ ਬਹੁਤ ਉਪਜਾਊ ਹੈ, ਜਿਸ ਵਿਚ ਸਭ ਪ੍ਰਕਾਰ ਦੇ ਫੁੱਲ, ਪੌਦੇ ਲਗ ਜਾਂਦੇ ਹਨ।

ਊਟੀ ਵਿਖੇ ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਛੁੱਟੀਆਂ ਵਿਚ ਇਥੇ ਘੁੰਮਣ ਦਾ, ਪਿਕਨਿਕ ਮਨਾਉਣ ਦਾ, ਬਰਫ਼ ਨਾਲ ਢੱਕੀਆਂ ਪਹਾੜੀਆਂ ਨੂੰ ਵੇਖਣ ਦਾ, ਸੱਪ ਦੀ ਤਰ੍ਹਾਂ ਵਲ ਖਾਂਦੀਆਂ ਪਗਡੰਡੀਆਂ ਨੂੰ ਵੇਖਣ ਦਾ, ਵਹਿੰਦੇ ਦਰਿਆ, ਢਲਾਨਾ ਵਿਖੇ ਖਿਡੌਣਿਆਂ ਵਰਗੇ ਘਰ, ਅਨੇਕਤਾ ਸਮੇਟੀ ਫੁੱਲ ਅਤੇ ਕਈ ਤਰ੍ਹਾਂ ਦੇ ਦਿਲਕਸ਼ ਨਜ਼ਾਰਿਆਂ ਦੀ ਮਸਤੀ ਲਈ ਸ਼ਾਂਤ, ਅਤਿ ਸੁੰਦਰ ਊਟੀ ਜੰਨਤ ਹੀ ਹੋ ਜਾਂਦੀ ਹੈ। ਹਨੀਮੂਨ ਮਨਾਉਣ ਵਾਲੇ ਇਥੋਂ ਲੱਖਾਂ ਖੁਸ਼ੀਆਂ, ਲੱਖਾਂ ਨਜ਼ਾਰੇ ਲੁੱਟ ਕੇ ਨਾਲ ਲੈ ਜਾਂਦੇ ਹਨ। ਘੌੜ ਦੌੜ ਅਤੇ ਕਈ ਹੋਰ ਖੇਡ-ਕਿਰਿਆਵਾਂ ਰੋਮਾਂਚ ਪੈਦਾ ਕਰਦੀਆਂ ਹਨ।

ਇਥੇ ਲਲਿਤ ਕਲਾ ਅਕਾਦਮੀ ਆਰਟ ਗੈਲਰੀ ਵੀ ਹੈ ਜੋ ਉਧਮੰਡਲਮ ਤੋਂ ਦੋ ਕਿਲੋਮੀਟਰ ਦੂਰ ਹੈ। ਜਿਸ ਵਿਚ ਪ੍ਰਸਿੱਧ ਕਲਾਕਾਰਾਂ ਦੀਟਾਂ ਪੇਂਟਿਗਸ ਅਤੇ ਸਕਲ ਪਚਰਸ ਮੌਜੂਦ ਹਨ੍ਹ ਇਥੋਂ ਦੇ ਪਾਰਕ ਬਹੁਤ ਸੁੰਦਰ-ਸੁਸਜਿੱਤ ਅਤੇ ਸੁਵਿਧਾ ਪੂਰਵਕ ਹਨ। ਇਥੇ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀਆਂ ਸੁਗੰਧੀਆਂ ਮਨ ਨੂੰ ਭਾਉਂਦੀਆਂ ਹਨ। ਅੱਖਾਂ ਦੀ ਸੰਤੁਲਿਤ ਖ਼ੁਰਾਕ ਹੁੰਦੇ ਹਨ ਸੁੰਦਰ ਫੁੱਲ। ਇਨ੍ਹਾਂ ਪਾਰਕਾਂ ਵਿਚ ਬੱਚਿਆਂ ਦੇ ਮਨੋਰੰਜ਼ਨ ਲਈ ਸਭ ਪ੍ਰਕਾਰ ਦੀਆਂ ਸਹੂਲਤਾਂ ਹਨ।

ਇਥੋਂ ਦੀ ਦਿਲ ਖਿਚਵੀ ਜਚਵੀਂ ਝੀਲ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ ਜਿਸ ਤਰ੍ਹਾਂ ਕਿਸੇ ਚਿੱਤਰਕਾਰ ਨੇ ਸੁੰਦਰ ਚਿੱਤਰ ਬਣਾਇਆ ਹੋਵੇ। ਝੀਲ ਵਿਚ ਮੋਟਰ ਬੋਟ, ਪੈਡਲ ਬੋਟ ਆਦਿ ਦਾ ਲੁਤਫ਼ ਉਠਾਉਣ ਦਾ ਅਲਗ ਹੀ ਤਜ਼ਰਬਾ ਹੁੰਦਾ ਹੈ। ਖ਼ਾਸ ਕਰਕੇ ਬੱਚੇ, ਨਵੀਂ-ਨਵੀਂ ਜਗਿਆਸਾ, ਨਵੇਂ-ਨਵੇਂ ਪ੍ਰਯੋਗ ਅਤੇ ਤਜ਼ਰਬਿਆਂ ਨਾਲ ਜੁੜਦੇ ਹਨ ਅਤੇ ਉਨ੍ਹਾਂ ਦੀ ਦਿਮਾਗੀ ਸੀਡੀ ਵਿਚ ਵਾਧਾ ਹੁੰਦਾ ਹੈ। ਬੌਧਿਰ ਪੱਧਰ ਵਿਚ ਰੌਸ਼ਨੀ ਪੈਦਾ ਹੁੰਦੀ ਹੈ ਅਤੇ ਵਿਵੇਕਤਾ ਵਿਚ ਤਾਜ਼ਾਪਣ ਆਉਂਦਾ ਹੈ।

ਇਥੋਂ ਦਾ ਮਸ਼ਹੂਰ ਬੋਟੇਨਿਕਲ ਗਾਰਡਨ ਹੈ ਜੋ ਲਗਭਗ 22 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਇਥੇ ਲਗਭਗ ਸਤ ਸੌ ਕਿਸਮ ਦੇ ਤਰ੍ਹਾਂ-ਤਰ੍ਹਾਂ ਦੇ ਸੁੰਦਰ ਗੁਲਾਬ, ਫੁੱਲ, ਝਾੜੀਆਂ ਪੌਦੇ ਆਦਿ ਪਾਏ ਜਾਂਦੇ ਹਨ। ਹਰ ਸਾਲ ਵਿਚ ਫੈਸਟੀਵਲ ਵੀ ਕਰਵਾਇਆ ਜਾਂਦਾ ਹੈ ਜਿਸ ਵਿਚ ਵਨਸਪਤੀ ਵਿਗਿਆਨ ਦੀਆਂ ਸ੍ਰੇਣੀਆਂ ਪਾਈਆਂ ਜਾਂਦੀਆਂ ਹਨ। ਨਾਲ ਹੀ ਨਾਲ ਸਭਿਆਚਾਰਕ ਸਮਾਗਮ ਵੀ ਕਰਵਾਇਆ ਜਾਂਦਾ ਹੈ ਅਤੇ ਕਿਆ ਖ਼ੂਬਸੂਰਤ ਹੈ ਇਥੋਂ ਦਾ ਰੋਜ਼ ਗਾਰਡਨ। ਇਸ ਨੂੰ 1995 ਵਿਚ ਬਣਵਾਇਆ ਗਿਆ ਸੀ। ਇਸ ਵਿਚ ਲਗਭਗ 210 ਕਿਸਮ ਦੇ ਗੁਲਬ ਪਪਾਏ ਜਾਂਦੇ ਹਨ। ਇਨ੍ਹਾਂ ਗੁਲਾਬਾਂ ਦੀ ਸੁਗੰਧੀ ਸਾਰੇ ਵਾਤਾਵਰਣ ਵਿਚ ਇਤਰ ਘੋਲਦੀ ਚਲੀ ਜਾਂਦੀ ਹੈ।

ਊਟੀ ਦੇ ਨੇੜੇ-ਨੇੜੇ ਵੇਖਣ ਵਾਲੇ ਕਈ ਸਥਾਨ ਹਨ ਖ਼ਾਸ ਕਰਕੇ ਨੀਲਗਿਰੀ ਗਗਨ ਛੂਹਦੀ ਚੋਟੀ ਜੋ 2636 ਮੀਟਰ ਦੀ ਉਚਾਈ ਉਪਰ ਹੈ। ਇਥੋਂ ਦੂਰ-ਦੂਰ ਦੇ ਸ਼ਹਿਰਾਂ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਨਾਲ ਹੀ ਟੁਟੀ ਝਰਨਾ ਜੋ ਲਗਭਗ ਇਕ ਸੌ ਮੀਟਰ ਉਚਾ ਹੈ। ਡਾਲਫਿਸ, ਕੈਟਾਗਿਰੀ ਅਤੇ ਵਾਈਲਡ ਲਾਈਫ ਸੈਕਚੁਰੀ ਆਦਿ ਸਥਾਨਾਂ ਵੇਖਣਯੋਗ ਹਨ। ਇਥੇ ਤਰ੍ਹਾਂ-ਤਰ੍ਹਾਂ ਦੇ ਪੰਛੀ, ਪਸ਼ੂ ਵੀ ਪਾਏ ਜਾਂਦੇ ਹਨ। ਊਟੀ ਭਾਰਤ ਦੇ ਸੁੰਦਰ ਅਤਿ ਸੁੰਦਰ ਪਹਾੜੀ ਇਲਾਕਿਆਂ 'ਚੋਂ ਇੱਕ ਹੈ। ਇਥੇ ਖ਼ੂਬਸੂਰਤੀ ਅਪਣੀ ਅਲੌਕਿਕ ਸ਼ਕਤੀ ਦੇ ਫੁੱਲ ਬਿਖੇਰਦੀ ਹੈ। ਤੁਸੀਂ ਵੀ ਜਾਉ ਬੱਚਿਆਂ ਨਾਲ ਛੁੱਟੀ ਮਨਾਉਣ ਲਈ।


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247

## "ਮਿਲਾਪ ਸਤਲੁਜ ਅਤੇ ਚਨਾਬ"

1.ਹਿੰਦੂ ਮੁਸਲਿਮ ਸਿੱਖ ਇਸਾਈ
ਸਾਰੇ ਹਾਂ ਅਸੀਂ ਭਾਈ ਭਾਈ
ਖੜੀ ਕਰਤੀ ਸਰਹੱਦ ਵੰਡ ਟੁਕੜਿਆਂ
ਵਿੱਚ ਪੰਜਾਬ ਨੂੰ
ਕੋਈ ਰੋਕ ਨਹੀਂ ਸਕਿਆ ਵਗਣੋਂ
ਸਤਲੁਜ ਅਤੇ ਚਨਾਬ

ਕੋਈ ਰੋਕ ਨਹੀਂ ਸਕਿਆ ਵਗਣੋਂ ਰਾਵੀ,
ਸਤਲੁਜ, ਚਨਾਬ ਨੂੰ

2.ਸਾਂਝੀ ਮਾਂ ਪੰਜਾਬੀ ਬੋਲੀ ਸਾਂਝਾ ਵਿਰਸਾ ਸਾਡਾ
ਇੱਕੋ ਰੰਗ ਦਾ ਲਾਲ ਖ਼ੂਨ ਹੈ ਸਾਡਾ ਅਤੇ ਤੁਹਾਡਾ
ਅੰਮ੍ਰਿਤਸਰ ਲਾਹੌਰ ਗੁਆਂਢੀ ਇੱਕੋ ਜਾਪਣ ਸਾਨੂੰ
ਸੁਲਤਾਨਪੁਰ ਲੋਧੀ ਤੇ ਨਨਕਾਣੇ
ਕੋਈ ਨਾ ਬਹੁਤ ਦੁਰਾਡਾ
ਇੱਕ-ਦੂਜੇ ਤੋਂ ਦੂਰ ਹੈ ਕੀਤਾ
ਭਾਈ ਤੋਂ ਭਾਈ ਨਵਾਬ ਨੂੰ
ਕੋਈ ਰੋਕ ਨਹੀਂ ਸਕਿਆ ਵਗਣੋਂ
ਸਤਲੁਜ ਅਤੇ ਚਨਾਬ ਨੂੰ

3.ਮੈਂ ਖ਼ੁਦਾ ਹਾਫ਼ਿਜ਼ ਬੋਲਿਆ ਇਹਨਾਂ
ਅੱਗੋਂ ਵਾਹਿਗੁਰੂ ਕਹਿਤਾ
ਇਹਨਾਂ ਜੇ ਸ੍ਰੀ ਰਾਮ ਆਖਿਆ
ਮੈਂ ਨਾਮ ਖ਼ੁਦਾ ਦਾ ਲੈਤਾ
ਨਫ਼ਰਤ ਦੀ ਜੜ੍ਹ ਵੱਢੀ ਦਿਲ ਚੋਂ ਪਿਆਰ
ਮੁਹੱਬਤਾਂ ਗੂੜੀਆਂ ਸਾਂਝਾਂ
ਕੋਈ ਫਰਕ ਨਹੀਂ ਐਥਾ ਬਾਪੂ
ਸਾਂਝੀਵਾਲ ਦਾ ਹੋਕਾ ਦੇਤਾ
ਅੰਮੀ ਬੇਬੇ ਮਾਤਾ ਮਾਂ ਵਿੱਚ ਕੀ
ਪੁੱਛੋ ਫਰਕ ਹਿਸਾਬ ਨੂੰ
ਅੰਮੀ ਬੇਬੇ ਮਾਤਾ ਮਾਂ ਸਭ
ਚੰਗੀਆਂ ਲੱਗਣ ਰਬਾਬ ਨੂੰ
ਕੋਈ ਰੋਕ ਨਹੀਂ ਸਕਿਆ ਵਗਣੋਂ
ਸਤਲੁਜ ਅਤੇ ਚਨਾਬ ਨੂੰ

4.ਆਪਣੇਪਣ ਦੀ ਨਿੱਘ ਅਵੱਲਾ
ਚਿਹਰਿਆਂ ਉੱਤੇ ਝਲਕੇ ਖੇੜਾ
ਆਪਣੇਪਣ ਦਾ ਨਿੱਘ ਹੈ ਐਸਾ
ਮੱਟੂ, ਬਾਬਰ,ਅਕਰਮ,
ਸਾਜ਼ਿਦ ਵਿਚੋਂ ਦਿੱਸੇ ਵੱਖਰਾ ਕਿਹੜਾ
ਘੁੱਟ ਕੇ ਪਾਈ ਜੱਫੀ ਦਾ ਨਿੱਘ
ਭੁੱਲਦਾ ਨਾਹੀਂ ਉਮਰਾਂ ਤਾਈਂ
ਭਾਈਆਂ ਨੂੰ ਤੱਕ ਮੋਹ ਵਿੱਚ ਭਿੱਜੇ
ਫੁੱਲਾਂ ਉੱਤੇ ਆਇਆ ਖੇੜਾ
ਬੀਂਬੜ ਦਾ ਸਤਨਾਮ ਨਹੀਂ
ਭੁੱਲਿਆ ਗੁੱਜਰਾਂ ਵਾਲੇ ਦੀ ਢਾਬ ਨੂੰ
ਕੋਈ ਰੋਕ ਨਹੀਂ ਸਕਿਆ ਵਗਣੋਂ
ਸਤਲੁਜ ਅਤੇ ਚਨਾਬ ਨੂੰ

5.ਉੱਨੀ ਸੌ ਸੰਤਾਲੀ ਦੇ ਵਿੱਚ ਵੰਡ ਤੀ
ਭੈੜੀਂ ਹਕੂਮਤਾਂ ਨੇ
ਪਰ ਸਾਡੇ ਨਹੀਂ ਦਿਲ ਵੰਡ ਹੋਏ
ਇਹੋ ਤਲਖ਼ ਹਕੀਕਤਾਂ ਨੇ
ਅੱਜ ਵੀ ਬਾਪੂ ਕਰਦਾ ਸਿਜਦਾ
ਮੂੰਹ ਛਿਪਦੇ ਦੇ ਵੱਲ ਨੂੰ ਕਰਕੇ
ਹੰਝੂ ਡਿੱਗਣ ਕਰਕੇ ਚੇਤੇ ਝੱਲੀਆਂ ਜੋ ਮੁਸੀਬਤਾਂ ਨੇ
ਵਿੱਚ ਭਰਾਵਾਂ ਬਹਿ ਕੇ ਪੜ੍ਹਿਆ ਹੈ
ਦਿਲ ਦੀ ਅੱਜ ਕਿਤਾਬ ਨੂੰ
ਕੋਈ ਰੋਕ ਨਹੀਂ ਸਕਿਆ ਵਗਣੋਂ
ਸਤਲੁਜ ਅਤੇ ਚਨਾਬ ਨੂੰ

6.ਜਾਤਾਂ ਪਾਤਾਂ ਧਰਮ ਮਜ਼ਬ ਤੇ ਨਾ
ਮੁਲਕਾਂ ਦੀਆਂ ਰੋਕਾਂ
ਇੱਕੋ ਮਿੱਟੀ ਉਹੀਓ ਗਲੀਆਂ
ਸਾਡਾ ਇੱਕ ਪਿਛੋਕਾ
ਉਹੀਓ ਖਿੱਚ ਦਿਲਾਂ ਨੂੰ ਪੈਂਦੀ
ਉਹੀਓ ਦਰਦ ਦਿਲਾਂ ਨੂੰ
ਕੋਸ਼ਿਸ਼ਾਂ ਹੋਈਆਂ ਨਿਹਫਲ ਮੂੰਹ ਦੀ
ਖਾਈ ਸਿਆਸੀ ਲੋਕਾਂ
ਤਾਇਆ ਚਾਚਾ-ਜਾਨ ਕਹਿ ਘੁੱਟ ਲਿਆ
ਇੱਕ ਦੂਜੇ ਦੇ ਬਾਪ ਨੂੰ
ਕੋਈ ਰੋਕ ਨਹੀਂ ਸਕਿਆ ਮਿਲਣੋਂ
ਸਤਲੁਜ ਅਤੇ ਚਨਾਬ ਨੂੰ



ਇੰਜੀ. ਸਤਨਾਮ ਸਿੰਘ ਮੱਟੂ, ਬੀਂਬੜ, ਸੰਗਰੂਰ

## ਤਮਾਸ਼ਾ ਜਲੰਧਰ ਦਾ

ਰੁੜ੍ਹਦੇ ਥਾਲੀ ਦੇ ਬੈਂਗਣਾ ਵਾਂਗ ਫਿਰਦੇ
ਮਾਲਕ ਸ਼ਾਮ ਨੂੰ ਸੁਬਹਾ ਕੋਈ ਹੋਰ ਹੁੰਦਾ।
ਗਲ ਪੁਆਉਂਦੇ ਨੇ ਪਟਕਾ ਉਸ ਪਾਰਟੀ ਦਾ
ਜਿਹੜੇ ਦਲ ਦਾ ਸਮਝਦੇ 'ਜ਼ੋਰ' ਹੁੰਦਾ।
ਵੋਟਾਂ ਮੰਗਣ 'ਸਰਕਾਰ' ਹੈ ਤੁਰੀ ਰਹਿੰਦੀ
ਖਿਝਿਆ ਪਿਆ ਪੰਜਾਬ ਹੁਣ 'ਬੋਰ' ਹੁੰਦਾ।
ਜਿੱਤਣ ਵਾਲੇ ਦਾ ਰਿਹਾ ਯਕੀਨ ਕੋਈ ਨਾ
ਪੈ ਹੀ ਜਾਂਦਾ ਜਿਉਂ ਚੋਰਾਂ 'ਤੇ ਮੋਰ ਹੁੰਦਾ।
ਉਮੀਦਵਾਰ ਨੂੰ 'ਚੋਣ-ਨਿਸ਼ਾਨ' ਦੇ ਕੇ
ਵਾਪਸ ਲੈਣ ਦਾ ਕਰਿਆ ਐਲਾਨ ਯਾਰੋ।
ਸਿਆਸਤਦਾਨਾਂ ਤਮਾਸ਼ਾ ਬਣਾਇ ਦਿੱਤਾ
ਦੇਖੋ ਜਲੰਧਰ ਦਾ ਚੋਣ-ਮੈਦਾਨ ਯਾਰੋ!



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਖੁੱਲ੍ਹੀ ਅੱਖੇ ਸੁੱਤਾ ਆਦਮੀ

ਅਸੀਂ ਉਲਾਂਘਾ ਤੋਂ ਗਜ਼ਾਂ ਦਾ ਕੰਮ ਲੈਣ ਵਾਲੇ,
ਅਸੀਂ ਪ੍ਰਛਾਵਿਆਂ ਨਾਲ ਟੈਮ ਮਿਲਣ ਵਾਲੇ,
ਅਸੀਂ ਜਿਨ੍ਹਾਂ ਖੇਤਾਂ 'ਚ ਹਲ ਚਲਾਉਂਦਿਆਂ
ਸੂਰਜ ਦੀ ਉਚਾਈ ਕੋਠਿਆਂ ਨਾਲ ਨਾਪ ਕੇ
ਰੋਟੀਆਂ ਉਡੀਕੀਆਂ
ਤਾਂ ਕੀ ਦੋਸ਼ ਸਾਡਾ
ਸਾਡੇ ਵਿਗਿਆਨੀ ਯਾਰਾ,
ਜੇ ਸਮਝ ਨਾ ਸਕੇ ਅਸੀਂ
ਮਾਈਕਰੋਮੀਟਰ ਤੇ ਨੈਨੋਸੈਕਿੰਡ
ਦੀਆਂ ਬਾਰੀਕੀਆਂ।
ਅਸੀਂ ਜਿਨ੍ਹਾਂ ਕਦੀ
ਕਾਂਗਰਸੀ ਤਿਰੰਗੇ ਤੇ ਕੌਮੀ ਝੰਡੇ
ਵਿਚ ਫਰਕ ਨਾ ਕੀਤਾ,
ਅਸੀਂ ਜਿਨ੍ਹਾਂ ਦਸਤਾਰ ਦੇ ਰੰਗ
ਨੂੰ ਪੰਥ ਸਮਝ ਕੇ ਵੋਟਾਂ ਦਾ ਮੱਥਾ ਟੇਕ ਲੀਤਾ,
ਜੇ ਕਦੀ ਧਾਰਮਿਕ ਟੋਪਾਂ ਵਿਚ ਭਰੀ
ਮਨੁੱਖਤਾ ਦੀ ਨਫ਼ਰਤ ਨੂੰ ਵੀ
ਗੁਰਮੁਖਤਾ ਸਾਡੀ ਜੇ ਪੀ ਗਈ
ਗੁਰ ਗਿਆਨ ਦਾ ਦਰ੍ਹੇਰਕਾ ਸਮਝ ਕੇ
ਤਾਂ ਦੱਸੋ ਕਾਮਰੇਡ ਜੀ,
ਅਸੀਂ ਕੀ ਅਚੰਭਾ ਕੀਤਾ।

ਅਸੀਂ ਜਿਨ੍ਹਾਂ ਤੰਗੀ ਤੁਰਸ਼ੀ ਦਾ ਇਲਜ਼ਾਮ
ਨੌਕਰੀਆਂ ਦੀ ਤਲਾਸ਼ ਵਿਚ ਸੜਕਾਂ ਦੀ ਧੂੜ ਫੱਕਦੇ
ਪੁੱਤਰਾਂ ਸਿਰ ਮੜ੍ਹਿਆ,
ਤੇ ਕਬਰ ਕਿਨਾਰੇ ਬੈਠੇ ਬਜ਼ੁਰਗਾਂ
ਨੂੰ ਕੋਸ ਕੋਸ ਗੁੱਸਾ ਠੰਢਾ ਕਰਿਆ,
ਤਾਂ ਨੇਤਾ ਜੀ ਦੱਸੋ ਕੀ ਦੋਸ਼ ਸਾਡਾ
ਜੇ ਵਿਹੜਿਆਂ 'ਚੀਂ ਲੰਘਦਾ ਅੱਗ ਦਾ ਦਰਿਆ
ਸਾਥੋਂ ਗਿਆ ਨਾ ਤਰਿਆ।
ਸੀ ਸਾਡੇ ਹਿੱਸੇ ਆਇਆ
ਝੂਠਿਆਂ ਸੰਗ ਝੂਠੇ ਹੋ ਕੇ
ਏਸ ਯੁੱਗ ਨੂੰ ਵਾਹੁਣਾ,
ਸਾਡੀਆਂ ਰੂਹਾਂ ਵਿਚ ਅਟਕ ਗਏ
ਜੇ ਗਰੰਥਾਂ ਦੇ ਕੁਝ ਅੱਖਰ
ਤਾਂ ਨਵਯੁੱਗੀ ਲੇਖਕ ਜੀ,
ਦੱਸੋ ਕੀ ਦੋਸ਼ ਸਾਡਾ
ਜੇ ਅਸੀਂ ਪੂਜ ਬੈਠੇ ਕੁਝ ਪੱਥਰ।

ਤੁਸੀਂ ਜਿਨ੍ਹਾਂ ਦੇ ਹਿੱਸੇ ਆਇਆ
ਗਿਆਨ ਦੇ ਸਮੁੰਦਰਾਂ ਨੂੰ ਰਿੜਕਣਾ,
ਤੁਸੀਂ ਬੈਠ੍ਹ ਕੇ ਅਕਲ ਦੀਆਂ ਪੌਗਾਂ,
ਛੱਡ ਕੇ ਸਿਧਾਂਤਾਂ ਦੇ ਤੁਰਲੇ
ਤੇ ਪੂਣੀਆਂ ਦੇ ਪਹਾੜ ਧਾਰ ਕੇ,
ਖੜ੍ਹ ਜਾਂਦੇ ਹੋ ਜਿਗ੍ਹਾ ਦੀਆਂ ਡਾਂਗਾਂ
ਮੋਢਿਆਂ 'ਤੇ ਉਲਾਰ ਕੇ,
ਫਿਰ ਉਡਦੀ ਹੈ ਧੂੜ ਜਦੋਂ
ਤੁਹਾਡੇ ਦੋਨ੍ਹਾਂ ਪੱਖਾਂ ਦੀ,
ਤਾਂ ਸਾਨੂੰ ਤੁਹਾਡੀਆਂ ਸਿਰਫ਼
ਹਫੀਆ ਪਿੱਠਾਂ ਦਿਸਦੀਆਂ,
ਜ਼ਰੂਰਤ ਹੁੰਦੀ ਹੈ ਜਦੋਂ ਸਾਨੂੰ
ਤੁਹਾਡੀਆਂ ਸੂਰਜ ਵਰਗੀਆਂ ਅੱਖਾਂ ਦੀ।

ਭਲਕ ਨੂੰ ਜਦੋਂ ਤਵਾਰੀਖ਼
ਦੀ ਅਦਾਲਤ ਲੱਗੇਗੀ,
ਤਾਂ ਸਾਡੇ ਮੱਥੇ 'ਤੇ ਵੱਧ ਵੱਧ
ਰੂੜ੍ਹੀ ਦਾ ਕਲੰਕ ਲੱਗੇਗਾ,
ਪਰ ਤੁਹਾਡੇ ਹੱਥਾਂ 'ਚ
ਥਮਾਈਆਂ ਚੱਪਣੀਆਂ
ਦਾ ਪਾਣੀ ਕਿਸੇ ਵੀ ਨਦੀ
ਨਾਲੋਂ ਤੇਜ਼ ਵਗੇਗਾ।



ਡਾ. ਸੁਖਪਾਲ ਸੰਘੇੜਾ

## ਮਰਦਾਂ ਦੀ ਨਜ਼ਰ ਵਿਚ ਔਰਤ

ਕਹਿੰਦੇ ਨੇ ਜੇ ਘਰ ਵਿਚ
ਧੀਆਂ ਭੈਣਾਂ ਹੋਣ ਤਾਂ
ਮਰਦ ਦੀ ਸੋਚ ਬਦਲ ਜਾਂਦੀ
ਪਰ
ਇਹ ਐਵੇਂ ਭੁਲੇਖਾ ਹੈ
ਅਸਲ ਵਿਚ
ਜਿਹੜੇ ਆਪਣੀਆਂ ਹੀ
ਧੀਆਂ ਭੈਣਾਂ ਦੀ ਸ਼ਰਮ ਨਾ ਕਰਕੇ
ਉਹਨਾਂ ਸਾਹਵੇਂ
ਮਾਂਵਾਂ ਧੀਆਂ ਭੈਣਾਂ
ਅਤੇ ਜਨਣ ਅੰਗਾਂ ਦਾ ਅਪਮਾਨ ਕਰਕੇ
ਬੇਪਤੀ ਕਰਦੇ ਹੋਣ
ਉਹਨਾਂ ਲਈ
ਫਿਰ ਕਿਹੜੀ ਸ਼ਰਮ ਵਾਲੀ
ਸੀਮਾ ਰੇਖਾ ਖਿੱਚੀ ਜਾਵੇ ਕਿ
ਔਰਤ ਤੋਂ ਪੈਦਾ ਹੋ ਕੇ
ਔਰਤ ਦਾ ਸਾਥ ਮਾਣ ਕੇ
ਔਰਤ ਦੇ ਜਨਮ ਦਾਤੇ ਹੋ ਕੇ
ਔਰਤ ਨੂੰ ਚਰਿੱਤਰਹੀਣ
ਕਹਿਣ ਵਾਲੇ ਮਰਦ ਨੂੰ
ਔਰਤ ਦੀ ਪਵਿੱਤਰਤਾ ਦਾ
ਅਹਿਸਾਸ ਹੋ ਸਕੇ
ਸਮਝ ਤੋਂ ਪਰ੍ਹੇ ਹੈ
ਦੇਵੀ ਦੀ ਪੂਜਾ ਕਰਕੇ
ਮੰਤਰਾਂ ਦਾ ਜਾਪ ਕਰਕੇ
ਪੀਰਾਂ-ਫਕੀਰਾਂ ਅੱਗੇ ਨੱਕ ਰਗੜ ਕੇ
ਮਰਦ ਸ਼ਾਇਦ ਮਰਦ ਹੋਣ ਦਾ
ਭਰਮ ਪਾਲ ਲੈਂਦਾ
ਔਰਤ ਨੂੰ ਲੱਜਿਤ ਕਰਕੇ
ਮਰਦਾਨਗੀ ਸਮਝਦਾ
ਪਰ
ਅਸਲ ਵਿਚ ਇਹ
ਕਮਜ਼ੋਰ ਮਰਦ ਦੀ ਨਿਸ਼ਾਨਦੇਹੀ ਹੈ
ਉੱਚੇ-ਸੁੱਚੇ ਚਰਿੱਤਰ ਵਾਲੇ ਤਾਂ
ਪੈਰ ਛੂੰਹਦੇ ਹਨ
ਹੱਥੀ ਛਾਂਵਾਂ ਕਰਦੇ ਹਨ
ਪਲਕਾਂ ਤੇ ਬਿਠਾਉਂਦੇ ਹਨ
ਜਨਣ-ਅੰਗਾਂ ਨੂੰ ਅਪਮਾਨਿਤ ਨਹੀਂ ਕਰਦੇ
ਉਹਨਾਂ ਦੇ ਸ਼ੁਕਰਗੁਜ਼ਾਰ ਹੁੰਦੇ
ਉਹ ਸਦਾ ਬਣਦਾ ਸਤਿਕਾਰ ਦਿੰਦੇ
ਅਤੇ ਕਹਿੰਦੇ ਹਨ
"ਸੋ ਕਿਉ ਮੰਦਾ ਆਖੀਐ,
ਜਿਤੁ ਜੰਮਹਿ ਰਾਜਾਨੁ॥"



ਵੀਨਾ-ਬਟਾਲਵੀ
9463229499

## ਇੰਤਜ਼ਾਰ

ਅਸੀਂ ਤੈਨੂੰ ਅੱਜ ਵੀ ਉਡੀਕਦੇ ਆਂ ਦੋਸਤਾ,
ਤੇਰੇ ਇੰਤਜਾਰ ਵਿੱਚ ਬੀਤ ਗਏ ਆਂ ਦੋਸਤਾ,
ਕਦੇ ਮਿਲਿਆ ਈ ਨੀ ਜਦੋਂ ਦਾ ਜੁਦਾ ਹੋ ਗਿਆ,
ਯਾਰਾ ਤਰਸ ਗਏ ਤੈਨੂੰ ਤੂੰ ਖੁਦਾ ਹੋ ਗਿਆ।

ਦਿਲ ਵਿੱਚ ਤੂੰ ਸਾਡੇ ਸਾਹਾਂ ਵਿੱਚ ਤੂੰ ਏ,
ਹਰ ਦਰ ਉੱਤੇ ਮੰਗੀਆਂ ਦੁਆਵਾਂ ਵਿਚ ਤੂੰ ਏ,
ਸਾਡੇ ਜੀਣ ਦੀ ਤੂੰ ਹੀ ਵਜ੍ਹਾ ਹੋ ਗਿਆ,
ਯਾਰਾ ਤਰਸ ਗਏ ਤੈਨੂੰ ਤੂੰ ਖੁਦਾ ਹੋ ਗਿਆ।

ਤੇਰੇ ਜਾਣ ਬਾਅਦ ਅਸੀਂ ਚੁੱਪ ਜਿਹੇ ਹੋ ਗਏ,
ਰੋਹੀ ਵਿਚ ਖੜ੍ਹੇ ਸੁੱਕੇ ਰੁੱਖ ਜਿਹੇ ਹੋ ਗਏ,
ਕਿਹੜੇ ਜਨਮਾਂ ਦੀ ਸਾਡੇ ਲਈ ਸਜ਼ਾ ਹੋ ਗਿਆ,
ਯਾਰਾ ਤਰਸ ਗਏ ਤੈਨੂੰ ਤੂੰ ਖੁਦਾ ਹੋ ਗਿਆ।

ਆਵੀਂ ਜਾਂ ਨਾ ਆਵੀਂ ਤੇਰੀ ਮੁੱਕਣੀ ਉਡੀਕ ਨਾ,
ਹਰ ਪਲ ਸਾਡਾ ਤੇਰੀ ਯਾਦ ਵਿੱਚ ਬੀਤ ਦਾ,
ਯਾਰਾ ਕਿਉਂ ਤੂੰ ਮੇਰੇ ਤੋਂ ਖਫ਼ਾ ਹੋ ਗਿਆ,
ਯਾਰਾ ਤਰਸ ਗਏ ਤੈਨੂੰ ਤੂੰ ਖੁਦਾ ਹੋ ਗਿਆ।



**ਨੀਲਮ ਕੁਮਾਰੀ,**
**ਪੰਜਾਬੀ ਮਿਸਟ੍ਰੈਸ,**
**ਸਰਕਾਰੀ ਹਾਈ ਸਕੂਲ ਸਮਾਓ**
9779788365

## ਉੱਡਦੇ ਪਰਿੰਦੇ

ਮੁਸਕਰਾਉਂਦਾ ਭੋਲਾ ਇਕ ਮੁੰਡਾ ਵਿੱਲੋਂ
ਜਿਹੜਾ ਵੱਸਦਾ ਸੀ ਅੱਖੀਆਂ ਦੇ ਵਿੱਚ,
ਜਿੱਥੋਂ ਲੰਘਦਾ ਇਕ ਵਾਰ ਹੱਸਕੇ ਓਹ
ਗੱਲ੍ਹਾਂ ਹੁੰਦੀਆਂ ਸੀ ਫਿਰ ਸਖੀਆਂ ਦੇ ਵਿੱਚ

ਬਹੁਤਾ ਸਭ ਨੇ ਜ਼ੋਰ ਲਾਇਆ
ਵਾਰ ਵਾਰ ਸੀ ਗੇੜਾ ਲਾਇਆ,
ਸੁਪਨਾ ਵੇਖੇ ਹਰ ਕੋਈ ਪਾਉਣ ਦਾ
ਮਰਜਾਨਾ ਕਦੇ ਹੱਥ ਨਾ ਆਇਆ

ਕਦੇ ਬਣਿਆ ਨਹੀਂ ਓਹ ਕੈਦੀ ਕਿਸੇ ਦਾ
ਕੋਸ਼ਿਸ਼ਾਂ ਬਹੁਤੀਆਂ ਨੇ ਕਰਕੇ ਵਖਾਈਆਂ,
ਹੰਕਾਰ ਹੀ ਰਹਿ ਗਿਆ ਓਹਨਾ ਕੋਲ
ਹੱਥ ਓਹਨਾ ਦੇ ਧੂੜਾਂ ਵੀ ਨਾ ਆਈਆਂ

ਕੁੱਝ ਚਿਹਰੇ ਸੱਚੇ ਤੇ ਕੁੱਝ ਝੂਠੇ ਸੀ ਉਦੋਂ
ਨਾਲ ਖੜ੍ਹ ਕੁੱਝ ਬਹਿਰੂਪੀਏ ਸੀ ਬਹਿੰਦੇ,
ਗੱਲ੍ਹਾਂ ਜਿੰਨੀਆਂ ਮਰਜੀ ਕਰ ਲੈਣ ਸਾਰੇ
ਉੱਡਦੇ ਪਰਿੰਦੇ ਕਿਸੇ ਦੇ ਕੈਦੀ ਨਾ ਰਹਿੰਦੇ

ਸਮਝਾਉਣਾ ਇਹ ਜਰੂਰੀ ਹੈ ਸਭ ਨੂੰ
ਪਿਆਰ ਹੁੰਦਾ ਹੈ ਅਹਿਸਾਸਾਂ ਦੇ ਨਾਲ,
ਜਾਇਦਾਦ ਨਾ ਹੁੰਦਾ ਕੋਈ ਕਿਸੇ ਦਾ
ਦਿਲ ਦੀ ਸਾਂਝ ਪੈਂਦੀ ਹੈ ਖਾਸ ਦੇ ਨਾਲ

ਕਲਮ ਤੇ ਹੁੰਗਾਰਾ ਭਰਦੀ ਹੈ ਸਾਥ ਦਾ
ਤੇ ਸਿਆਹੀ ਆਪ ਵਿੱਛ ਕੇ ਦੱਸਦੀ ਹੈ,
ਸੱਚੇ ਪਿਆਰ ਨੂੰ ਤਾਂ ਰੱਬ ਕਬੂਲਦਾ ਹੈ
ਹਰਜਿੰਦਰ, ਮੇਰੀ ਰੂਹ ਵਿੱਚ ਵੱਸਦੀ ਹੈ।

**ਅਵਤਾਰ ਸਿੰਘ ਵਿੱਲੋਂ**
**ਕਰੋਲ ਬਾਗ, ਨਵੀਂ ਦਿੱਲੀ**

## ਇਸ਼ਟ

ਦਿਲ ਦੇ ਬੂਹੇ ਖੋਹਲ ਵੇ ਸੱਜਣਾ,
ਮਨ ਦੀ ਬਾਰੀ ਖੋਲ੍ਹ ਕੇ ਰੱਖਣਾ।
ਚਾਹੇਂ ਜੇ ਪ੍ਰੇਮ ਦਾ ਰਸ ਚੱਖਣਾ,
ਭਾਂਡਾ ਰੂਹ ਦਾ ਖ਼ਾਲੀ ਰੱਖਣਾ।

ਜਦੋਂ ਵੜਨਾ ਉਸ ਤੇਰੇ ਵਿਹੜੇ,
ਚੰਗੇ ਮੰਦੇ ਦਾ ਹਿਸਾਬ ਨਿਬੇੜੇ।
ਮੁੱਕ ਜਾਣਗੇ ਸਭ ਝਗੜੇ ਝੇੜੇ ,
ਅਮਲ ਕਰਨਗੇ ਅੰਤ ਨਿਬੇੜੇ।

ਰੱਖ ਲੈ ਮਨ ਸਾਫ਼ ਕਰਕੇ ਜੇਰਾ,
ਅਨੰਦ ਵਿਸਮਾਦ ਭਰੇ ਚੁਫ਼ੇਰਾ।
ਅਰਸ਼ੋਂ ਬਰਸੇਗਾ ਨੂਰ ਬਥੇਰਾ,
ਬਾਕੀ ਬਚੇ ਨ ਕੁੱਝ ਤੇਰਾ ਮੇਰਾ।

ਮੁੱਕ ਜਾਵਣ ਜਿੰਦ ਦੇ ਪਛਤਾਵੇ,
ਸ਼ਿਕਵੇ ਗਿਲੇ ਨਾਲ਼ੇ ਹੌਕੇ ਹਾਵੇ।
ਚੇਤਾ ਗੁਨਾਹਾਂ ਦਾ ਆ ਕਰਾਵੇ,
'ਮੈਂ' 'ਮੈਂ' 'ਤੂੰ' 'ਤੂੰ' ਵੀ ਮੁੱਕ ਜਾਵੇ।



**ਸੇਵਾ ਸਿੰਘ "ਨੂਰਪੁਰੀ"**

## ਹਾਥਰਸ ਦੀ ਘਟਨਾ

ਮੱਚੀ ਭਗਦੜ ਸੀ ' ਹਾਥਰਸ, ਅੰਦਰ,
ਲੱਗੇ ਉੱਥੇ ਲੋਥਾਂ ਦੇ ਢੇਰ ਮੀਆਂ।
ਫਿਰ ਮਾਂਵਾਂ ਨੇ ਪੁੱਤ ਉੱਥੇ ਨਹੀ ਸਿਆਣੇ,
ਜੋ ਆਖ ਬੁਲਾਉਂਦੀਆਂ ਸ਼ੇਰ ਮੀਆਂ।
ਚਰਨ ਛੂਹਣੇ ਮਹਿੰਗੇ ਪੈ ਬਾਬਿਆਂ ਦੇ,
ਸਿੱਟਾ ਨਿਕਲਿਆ ਵੇਖੋ ਕੀ ਫੇਰ ਮੀਆਂ।
ਕਈਆਂ ਨੂੰ ਭੀੜ ਨੇ ਉੱਥੇ ਮਧੋਲ ਦਿੱਤਾ,
ਸੁਣੀ ਕਿਸੇ ਨਾ ਕਿਸੇ ਦੀ ਲੇਰ ਮੀਆਂ।
ਭੋਲਾ, ਬਾਬਾ ਆਪ ਲਾ ਪਤਾ ਹੋਇਆ,
ਛੱਡੀ ਕੁਰਸੀ ਲਾਈ ਨਾ ਦੇਰ ਮੀਆਂ।
ਨਹੀਂ ਬਦਲ ਸਕਦਾ ਕੀਤੇ ਕਰਮ ਕੋਈ,
ਪੈਂਦੇ ਭੁਗਤਣੇ ਜਾਂ ਦੇਰ ਸਵੇਰ ਮੀਆਂ।
ਅੰਧ ਵਿਸ਼ਵਾਸ ਨੇ ਲੋਕਾਂ ਦੀ ਮੱਤ ਮਾਰੀ,
ਕਿਧਰੇ ਮੰਨਿਆ ਰੱਬ ਲਲੇਰ ਮੀਆਂ।
ਨਹੀਂ ਕੁਝ ਮਿਲਣਾ, ਪੱਤੋ, ਪਾਖੰਡੀਆਂ ਤੋਂ,
ਐਵੇਂ ਪਈਂ ਨਾ ਘੁੰਮਣ ਘੇਰ ਮੀਆਂ।

**ਹਰਪ੍ਰੀਤ ਪੱਤੋ**
94658-21417

# ਨੀਟ ਯੂਜੀ ਯੂਕੇ ਵਿੱਚ ਯੂਸੀਏਟੀ ਅਤੇ ਯੂਐਸ 'ਚ ਐਮਸੀਏਟੀ ਵਰਗੀਆਂ ਪ੍ਰੀਖਿਆਵਾਂ ਨਾਲ ਕਿਵੇਂ ਤੁਲਨਾ ਕਰਦਾ ਹੈ ?





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਇਮਤਿਹਾਨ ਸੁਧਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੋਣਾ ਚਾਹੀਦਾ ਹੈ ਕਿ ਪਛੜੇ ਵਰਗਾਂ ਦੇ ਲੋਕਾਂ ਦੀ ਡਾਕਟਰੀ ਖੇਤਰ ਵਿੱਚ ਢੁਕਵੀਂ ਪ੍ਰਤੀਨਿਧਤਾ ਹੋਵੇ ਅਤੇ ਉਹ ਸਿਹਤ ਸੰਭਾਲ ਨੂੰ ਆਪਣੇ ਭਾਈਚਾਰਿਆਂ ਤੱਕ ਪਹੁੰਚਯੋਗ ਬਣਾਉਣ ਵਿੱਚ ਯੋਗਦਾਨ ਪਾ ਸਕਣ। ਲਗਭਗ ਇੱਕ ਦਹਾਕੇ ਪਹਿਲਾਂ ਇਸਦੀ ਸ਼ੁਰੂਆਤ ਤੋਂ, ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ (ਨੀਟ) ਤਾਮਿਲਨਾਡੂ ਵਿੱਚ ਇੱਕ ਸਿਆਸੀ ਤੌਰ 'ਤੇ ਵਿਵਾਦਪੂਰਨ ਮੁੱਦਾ ਰਿਹਾ ਹੈ। ਘਟਨਾਵਾਂ ਦੇ ਤਾਜ਼ਾ ਮੋੜ ਨੇ ਇਸ ਨੂੰ ਰਾਸ਼ਟਰੀ ਮੁੱਦਾ ਬਣਾ ਦਿੱਤਾ ਹੈ। ਨੀਟ ਯੂਜੀ ਨੂੰ ਅਸਲ ਵਿੱਚ ਮੈਡੀਕਲ ਸਕੂਲਾਂ ਵਿੱਚ ਮੈਰਿਟ-ਅਧਾਰਿਤ ਚੋਣ ਯਕੀਨੀ ਬਣਾਉਣ ਅਤੇ ਮੈਡੀਕਲ ਦਾਖਲਾ ਪ੍ਰਕਿਰਿਆ ਨੂੰ ਮਿਆਰੀ ਬਣਾਉਣ ਲਈ ਸੰਕਲਪਿਤ ਕੀਤਾ ਗਿਆ ਸੀ। ਇਸ ਨੂੰ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਵੱਲੋਂ ਵਸੂਲੀ ਜਾ ਰਹੀ ਉੱਚ ਕੈਪੀਟੇਸ਼ਨ ਫੀਸ ਦੀ ਸਮੱਸਿਆ ਦੇ ਹੱਲ ਵਜੋਂ ਦੇਖਿਆ ਗਿਆ। ਕੀ ਇਮਤਿਹਾਨ ਨੇ ਆਪਣਾ ਉਦੇਸ਼ ਪ੍ਰਾਪਤ ਕੀਤਾ ਹੈ ? ਕੀ ਨੀਟ ਯੂਜੀ ਨੇ ਮੈਡੀਕਲ ਸਿੱਖਿਆ ਦੇ ਵਪਾਰੀਕਰਨ ਨੂੰ ਰੋਕਿਆ ਹੈ ? ਇਸ ਸਾਲ, 24 ਲੱਖ ਤੋਂ ਵੱਧ ਉਮੀਦਵਾਰ 1,000 ਰੁਪਏ ਤੋਂ 1,700 ਰੁਪਏ ਤੱਕ ਦੀ ਅਰਜ਼ੀ ਫੀਸ ਦਾ ਭੁਗਤਾਨ ਕਰਨ ਤੋਂ ਬਾਅਦ ਨੀਟ ਯੂਜੀ ਲਈ ਬੈਠੇ ਸਨ। ਇਕੱਲੇ ਐਪਲੀਕੇਸ਼ਨ ਖਰਚੇ ਹੀ ਟੈਸਟਿੰਗ ਏਜੰਸੀ ਨੂੰ ਲਗਭਗ 337 ਕਰੋੜ ਰੁਪਏ ਦਾ ਮਾਲੀਆ ਦਿੰਦੇ ਹਨ। ਇਸ ਤੋਂ ਇਲਾਵਾ ਇੱਕ ਵਿਅਕਤੀਗਤ ਉਮੀਦਵਾਰ ਟੈਸਟ ਦੀ ਤਿਆਰੀ ਲਈ ਕੋਚਿੰਗ ਸੈਂਟਰਾਂ 'ਤੇ ਕੁਝ ਲੱਖ ਖਰਚ ਕਰਦਾ ਹੈ। ਯੋਗਤਾ ਲਈ ਸ਼ੁਰੂਆਤੀ ਯੋਗਤਾ, 50 ਪ੍ਰਤੀਸ਼ਤ, ਨੂੰ 2020 ਵਿੱਚ 30 ਪ੍ਰਤੀਸ਼ਤ ਅਤੇ ਅੱਗੇ 2023 ਵਿੱਚ ਜ਼ੀਰੋ ਪ੍ਰਤੀਸ਼ਤ ਤੱਕ ਘਟਾ ਦਿੱਤਾ ਗਿਆ ਸੀ। ਕਾਰਨ ਦੱਸਿਆ ਗਿਆ ਸੀ ਕਿ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਕਈ ਸੀਟਾਂ ਖਾਲੀ ਹਨ। ਹਾਲਾਂਕਿ, ਸਰਕਾਰੀ ਮੈਡੀਕਲ ਕਾਲਜਾਂ ਵਿੱਚ 60,000 ਸੀਟਾਂ ਭਰ ਜਾਣ ਤੋਂ ਬਾਅਦ, ਪ੍ਰਾਈਵੇਟ ਕਾਲਜਾਂ ਵਿੱਚ ਬਾਕੀ ਬਚੀਆਂ 50,000 ਸੀਟਾਂ ਨੂੰ ਭਰਨ ਵਿੱਚ ਲੋਕਾਂ ਦੀ ਅਦਾਇਗੀ ਸਮਰੱਥਾ ਵੱਡੀ ਭੂਮਿਕਾ ਨਿਭਾਉਂਦੀ ਹੈ। ਇਹ ਨੀਟ ਵਿੱਚ ਉੱਚ ਅੰਕ ਪ੍ਰਾਪਤ ਕਰਨ ਦੇ ਬਾਵਜੂਦ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ ਐਮਬੀਬੀਸੀ ਦਾ ਸੁਪਨਾ ਲਗਭਗ ਅਪੂਰਣ ਬਣਾਉਂਦਾ ਹੈ। ਐਮਬੀਬੀਐਸ ਦੀਆਂ ਲਗਭਗ ਅੱਧੀਆਂ ਸੀਟਾਂ ਅਮੀਰਾਂ ਦੀ ਵਰਚੁਅਲ ਰਾਖੀ ਬਣ ਜਾਂਦੀਆਂ ਹਨ, ਜਿਸ ਨਾਲ ਮੈਰਿਟ ਨੂੰ ਇਨਾਮ ਦੇਣ ਦੇ ਉਦੇਸ਼ ਦਾ ਮਜ਼ਾਕ ਉਡਾਇਆ ਜਾਂਦਾ ਹੈ। ਨੀਟ ਪਿਛਲੇ ਦਹਾਕੇ ਵਿੱਚ ਦੇਸ਼ ਦੇ ਮੈਡੀਕਲ ਸਿੱਖਿਆ ਈਕੋਸਿਸਟਮ ਵਿੱਚ ਕਈ ਤਬਦੀਲੀਆਂ ਵਿੱਚੋਂ ਇੱਕ ਹੈ। ਹੋਰ ਤਬਦੀਲੀਆਂ ਵਿੱਚ ਏਜੰਸੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਤੋਂ ਬਾਅਦ ਮੈਡੀਕਲ ਕੌਂਸਲ ਆਫ਼ ਇੰਡੀਆ ਨੂੰ ਭੰਗ ਕਰਨਾ, ਫੈਕਲਟੀ ਵਿਦਿਆਰਥੀ ਅਨੁਪਾਤ ਨੂੰ 1:1 ਤੋਂ 1:3 ਤੱਕ ਘਟਾਉਣਾ ਅਤੇ ਹਰੇਕ ਜ਼ਿਲ੍ਹੇ ਵਿੱਚ ਮੈਡੀਕਲ ਕਾਲਜਾਂ ਨੂੰ ਵਿਕਸਤ ਕਰਨ ਲਈ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮਾਡਲ (ਪੀਪੀਪੀ) ਸ਼ਾਮਲ ਹਨ। ਪੂਰੇ ਜ਼ਿਲ੍ਹਾ ਹਸਪਤਾਲ ਨੂੰ ਇੱਕ ਪ੍ਰਾਈਵੇਟ ਖਿਡਾਰੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਮੈਡੀਕਲ ਸੈਕਟਰ ਨੇ ਵੀ ਸੁਧਾਰਾਂ ਨੂੰ ਦੇਖਿਆ ਹੈ, ਜਿਸ ਵਿੱਚ ਆਯੂਸ਼ਮਾਨ ਭਾਰਤ ਬੀਮਾ ਯੋਜਨਾ ਸ਼ਾਮਲ ਹੈ ਜੋ ਗਰੀਬੀ ਰੇਖਾ ਤੋਂ ਹੇਠਾਂ ਦੇ ਲੋਕਾਂ ਨੂੰ ਤੀਜੇ ਦਰਜੇ ਦੀ ਦੇਖਭਾਲ ਤੱਕ ਪਹੁੰਚ ਕਰਨ ਦੀ ਇਜਾਜ਼ਤ ਦਿੰਦੀ ਹੈ ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਦਾ ਨਾਂ ਬਦਲ ਕੇ ਆਯੁਸ਼ਮਾਨ ਅਰੋਗਿਆ ਮੰਦਰ ਵਜੋਂ ਪ੍ਰਾਈਵੇਟ ਭਾਈਵਾਲੀ ਨਾਲ ਰੱਖਦੀ ਹੈ। ਮੈਡੀਕਲ ਸਿੱਖਿਆ, ਅਤੇ ਸਿਹਤ ਸੰਭਾਲ ਆਮ ਤੌਰ 'ਤੇ, ਜੋ ਕਿ ਸਰਕਾਰ ਦੇ ਹੱਥਾਂ ਵਿੱਚ ਇੱਕ ਸੇਵਾ ਖੇਤਰ ਸੀ, ਹੌਲੀ-ਹੌਲੀ ਨਿੱਜੀ ਖਿਡਾਰੀਆਂ ਦੀ ਵੱਧਦੀ ਭਾਗੀਦਾਰੀ ਨਾਲ ਇੱਕ ਵਸਤੂ ਵਿੱਚ ਬਦਲ ਗਿਆ ਹੈ। ਨੀਟ ਯੂਜੀ ਯੂਕੇ ਵਿੱਚ ਯੂਸੀਏਟੀ ਅਤੇ ਯੂਐਸ ਵਿੱਚ ਐਮਸੀਏਟੀ ਵਰਗੀਆਂ ਪ੍ਰੀਖਿਆਵਾਂ ਨਾਲ ਕਿਵੇਂ ਤੁਲਨਾ ਕਰਦਾ ਹੈ ? ਇਹ ਟੈਸਟ ਸਿਰਫ਼ ਉੱਚ ਸੈਕੰਡਰੀ ਸਿੱਖਿਆ ਵਿੱਚ ਸ਼ਾਨਦਾਰ ਗ੍ਰੇਡਾਂ ਵਾਲੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਦੀ ਇਜਾਜ਼ਤ ਦਿੰਦੇ ਹਨ। ਇਸਦੇ ਉਲਟ, ਇੱਕ ਨੀਟ ਯੂਜੀ ਬਿਨੈਕਾਰ ਨੂੰ ਸਿਰਫ ਹਾਇਰ ਸੈਕੰਡਰੀ ਸਕੂਲ ਪਾਸ ਕਰਨ ਦੀ ਲੋੜ ਹੁੰਦੀ ਹੈ। ਇਹ ਘੱਟ ਦਾਖਲਾ ਲੋੜ ਹਾਈ ਸਕੂਲ ਵਿੱਚ ਉੱਤਮ ਹੋਣ ਦੀ ਮਹੱਤਤਾ ਨੂੰ ਕਮਜ਼ੋਰ ਕਰ ਸਕਦੀ ਹੈ। ਇਹ ਬਦਲੇ ਵਿੱਚ, ਸਕੂਲੀ ਸਿੱਖਿਆ ਦੇ ਮਿਆਰ ਨੂੰ ਘਟਾਉਂਦਾ ਹੈ। ਰਾਜ ਸਰਕਾਰ ਅਤੇ ਉਨ੍ਹਾਂ ਦੇ ਸਿੱਖਿਆ ਮੰਤਰਾਲਿਆਂ ਦਾ ਆਪਣੇ ਰਾਜਾਂ ਵਿੱਚ ਭਵਿੱਖ ਦੇ ਡਾਕਟਰਾਂ ਦੀ ਚੋਣ ਪ੍ਰਕਿਰਿਆ ਵਿੱਚ ਕੋਈ ਗੱਲ ਨਹੀਂ ਹੈ। ਅੰਤ ਵਿੱਚ, ਪੇਪਰ ਲੀਕ ਅਤੇ ਇੱਕ ਸਮਰੱਥ ਕਮੇਟੀ ਦੀ ਰਸਮੀ ਪ੍ਰਵਾਨਗੀ ਤੋਂ ਬਿਨਾਂ ਗ੍ਰੇਸ ਅੰਕਾਂ ਦੀ ਵੰਡ ਵਰਗੀਆਂ ਘਟਨਾਵਾਂ ਨੇ ਨੀਟ ਅਤੇ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਵਿੱਚ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਹੈ। ਦੀਆਂ ਸਿਫ਼ਾਰਸ਼ਾਂ ਤੋਂ ਬਾਅਦਆਨੰਦਕ੍ਰਿਸ਼ਨਨ ਕਮੇਟੀ, ਰਾਜ ਨੇ ਦਾਖਲਾ ਪ੍ਰੀਖਿਆਵਾਂ ਨੂੰ ਖਤਮ ਕਰ ਦਿੱਤਾ ਹੈ ਅਤੇ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖਲੇ ਸਿਰਫ਼ ਉੱਚ ਸੈਕੰਡਰੀ ਅੰਕਾਂ ਦੇ ਆਧਾਰ 'ਤੇ ਕਰਵਾਏ ਹਨ। ਰਾਜ ਵਿੱਚ ਇੰਜਨੀਅਰਿੰਗ ਸੰਸਥਾਵਾਂ ਵਿੱਚ ਦਾਖ਼ਲਿਆਂ ਵਿੱਚ ਅਜੇ ਵੀ ਇਹ ਵਿਧੀ ਅਪਣਾਈ ਜਾਂਦੀ ਹੈ। ਨੀਟ ਦੀ ਸ਼ੁਰੂਆਤ ਤੋਂ ਬਾਅਦ ਵੀ, ਸਰਕਾਰ ਨੇ ਪੀ ਕਲਿਆਰਾਸਨ ਅਤੇ ਏ ਕੇ ਰਾਜਨ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਰਾਖਵਾਂਕਰਨ ਪ੍ਰਦਾਨ ਕਰਕੇ, ਇੱਕ ਹੱਦ ਤੱਕ ਸਮਾਜਿਕ ਬਰਾਬਰੀ ਅਤੇ ਸਮਾਵੇਸ਼ ਨੂੰ ਯਕੀਨੀ ਬਣਾਇਆ। ਤਾਮਿਲਨਾਡੂ ਦੇ ਪੰਜ ਦਹਾਕਿਆਂ ਦੇ ਤਜ਼ਰਬੇ ਇਹ ਦਰਸਾਉਂਦੇ ਹਨ ਕਿ ਬੁਨਿਆਦੀ ਢਾਂਚਾ, ਫੈਕਲਟੀ ਨੰਬਰ ਅਤੇ ਮਰੀਜ਼ਾਂ ਦੀ ਦੇਖਭਾਲ ਸੇਵਾਵਾਂ ਦੀ ਸੀਮਾ ਵਰਗੇ ਕਾਰਕ ਨੌਜਵਾਨ ਡਾਕਟਰਾਂ ਦੀ ਗੁਣਵੱਤਾ ਨੂੰ ਨਿਰਧਾਰਤ ਕਰਦੇ ਹਨ। ਇਹ ਕਾਰਕ ਦਾਖਲਾ ਪ੍ਰੀਖਿਆਵਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਇਮਤਿਹਾਨ ਆਧਾਰਿਤ ਚੋਣ ਮਾਪਦੰਡ ਸਿਰਫ਼ ਇੱਕ ਗੇਟ-ਪਾਸ ਹੈ। ਇਸ ਤੋਂ ਇਲਾਵਾ, ਜਿਵੇਂ ਕਿ ਅਮਰੀਕੀ ਸਿੱਖਿਆ ਸ਼ਾਸਤਰੀ ਵਿਲੀਅਮ ਸੇਡਲਸੇਕ ਅਤੇ ਸੂ ਐਚ ਕਿਮ ਨੋਟ ਕਰਦੇ ਹਨ, 'ਜੇ ਵੱਖ-ਵੱਖ ਲੋਕਾਂ ਦੇ ਵੱਖੋ-ਵੱਖਰੇ ਸੱਭਿਆਚਾਰਕ ਅਤੇ ਨਸਲੀ ਤਜ਼ਰਬੇ ਹਨ ਅਤੇ ਉਹਨਾਂ ਦੀਆਂ ਯੋਗਤਾਵਾਂ ਨੂੰ ਵੱਖਰੇ ਢੰਗ ਨਾਲ ਪੇਸ਼ ਕਰਦੇ ਹਨ, ਤਾਂ ਇਹ ਸੰਭਾਵਨਾ ਨਹੀਂ ਹੈ ਕਿ ਇੱਕ ਅਜਿਹਾ ਮਾਪ ਵਿਕਸਿਤ ਕੀਤਾ ਜਾ ਸਕਦਾ ਹੈ ਜੋ ਸਾਰਿਆਂ ਲਈ ਬਰਾਬਰ ਕੰਮ ਕਰੇਗਾ'। ਅਣਗਿਣਤ ਵਿਭਿੰਨਤਾਵਾਂ ਵਾਲੇ ਦੇਸ਼ ਵਿੱਚ ਵੱਖ-ਵੱਖ ਪਿਛੋਕੜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੀਆਂ ਫੈਕਲਟੀਜ਼ ਦੀ ਜਾਂਚ ਕਰਨਾ ਇੱਕ ਜਾਇਜ਼ ਤਰੀਕਾ ਨਹੀਂ ਹੈ। ਨੀਟ ਦਾ ਮੁੜ ਮੁਲਾਂਕਣ ਕਰਨ ਦੀ ਲੋੜ ਹੈ। ਜਨਤਕ ਸਿਹਤ ਰਾਜ ਦਾ ਵਿਸ਼ਾ ਹੈ ਅਤੇ ਸਿੱਖਿਆ ਸਮਕਾਲੀ ਸੂਚੀ ਦਾ ਹਿੱਸਾ ਹੈ। ਦਾਖਲਾ ਪ੍ਰਕਿਰਿਆਵਾਂ, ਖਾਸ ਕਰਕੇ ਰਾਜ ਸਰਕਾਰ ਦੁਆਰਾ ਨਿਯੰਤਰਿਤ ਸੰਸਥਾਵਾਂ ਵਿੱਚ, ਸਾਰੇ ਰਾਜਾਂ ਨੂੰ ਭਰੋਸੇ ਵਿੱਚ ਲੈਣ ਦੀ ਜ਼ਰੂਰਤ ਹੈ। ਨੀਟ 'ਤੇ ਬਹਿਸ ਵਿਦਿਅਕ ਇਕੁਇਟੀ ਅਤੇ ਸੰਘਵਾਦ ਵਰਗੇ ਵਿਸਤ੍ਰਿਤ ਮੁੱਦਿਆਂ 'ਤੇ ਚਰਚਾ ਕਰਦੀ ਹੈ। ਇਮਤਿਹਾਨ 'ਤੇ ਬਹਿਸ ਸਿਰਫ਼ ਇੱਕ ਅਕਾਦਮਿਕ ਮੁੱਦਾ ਨਹੀਂ ਹੈ, ਸਗੋਂ ਇੱਕ ਡੂੰਘਾ ਸਿਆਸੀ ਮੁੱਦਾ ਹੈ। ਜੇਕਰ ਨੀਟ ਸਮੱਸਿਆਵਾਂ ਨਾਲ ਉਲਝਿਆ ਹੋਇਆ ਹੈ, ਤਾਂ ਵਿਕਲਪ ਕੀ ਹਨ ? ਇੱਕ ਇੱਕਲੇ ਅੰਤਰ-ਵਿਭਾਗੀ ਮੁਲਾਂਕਣ ਦੀ ਬਜਾਏ, ਇੱਕ ਆਮ ਯੋਗਤਾ ਟੈਸਟ ਦੇ ਨਾਲ ਸਕੂਲੀ ਸਿੱਖਿਆ ਵਿੱਚ ਦੋ ਤੋਂ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਦਾ ਇੱਕ ਸੰਖੇਪ ਮੁਲਾਂਕਣ ਚੋਣ ਪ੍ਰਕਿਰਿਆ ਵਿੱਚ ਸੁਧਾਰ ਕਰ ਸਕਦਾ ਹੈ। ਇਹ ਮੌਜੂਦਾ ਜਾਤੀ ਅਧਾਰਤ ਰਾਖਵੇਂਕਰਨ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਕੋਟੇ ਦੇ ਨਾਲ ਪ੍ਰਵੇਸ਼ ਪ੍ਰਕਿਰਿਆ ਨੂੰ ਵਧੇਰੇ ਸੰਮਲਿਤ ਬਣਾਏਗਾ। ਰੀਪੀਟਰਾਂ ਦੀ ਗਿਣਤੀ ਨੂੰ ਇੱਕ ਨਿਸ਼ਚਿਤ ਪ੍ਰਤੀਸ਼ਤ ਤੱਕ ਰੱਖਣਾ ਅਤੇ ਬਾਕੀ ਦੇਸ਼ ਦੇ ਉਮੀਦਵਾਰਾਂ ਲਈ 15 ਪ੍ਰਤੀਸ਼ਤ ਸੀਟਾਂ ਦੀ ਵੰਡ ਕਰਨਾ ਇੱਕ ਰਾਜ ਵਿੱਚ ਇੱਕ ਨਿਰਪੱਖ ਪ੍ਰਣਾਲੀ ਹੋਵੇਗੀ। ਸਹਾਇਕ ਸਿਹਤ ਵਿਗਿਆਨ ਦੇ ਉਮੀਦਵਾਰਾਂ ਨੂੰ ਸੀਟਾਂ ਦੀ ਇੱਕ ਛੋਟੀ ਪ੍ਰਤੀਸ਼ਤ ਦੀ ਵੰਡ - ਉਦਾਹਰਣ ਵਜੋਂ ਨਰਸਿੰਗ - ਇੱਕ ਪਾਸੇ ਦੀ ਦਾਖਲਾ ਪ੍ਰਣਾਲੀ ਤਿਆਰ ਕਰੇਗੀ, ਇੰਜੀਨੀਅਰਿੰਗ ਅਤੇ ਪੌਲੀਟੈਕਨਿਕ ਕੋਰਸਾਂ ਵਾਂਗ। ਹਾਈ ਸਕੂਲ ਬੋਰਡ ਇਮਤਿਹਾਨਾਂ ਵਿੱਚ ਉਦੇਸ਼ ਕਿਸਮ ਦੇ ਪ੍ਰਸ਼ਨ ਸ਼ਾਮਲ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦੇ ਸਕੋਰ ਉਮੀਦਵਾਰਾਂ ਵਿਚਕਾਰ ਟਾਈ ਹੋਣ ਦੀ ਸਥਿਤੀ ਵਿੱਚ ਸਭ ਤੋਂ ਵਧੀਆ ਉਮੀਦਵਾਰ ਦਾ ਫੈਸਲਾ ਕਰਨ ਲਈ ਵਰਤੇ ਜਾ ਸਕਦੇ ਹਨ। ਮੈਡੀਕਲ ਪ੍ਰਵੇਸ਼ ਪ੍ਰਕ੍ਰਿਆ ਨੂੰ ਸੋਧਣ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਉੱਚ ਔਸਤ ਅੰਕਾਂ ਵਾਲੇ ਵਿਦਿਆਰਥੀ ਨਾ ਸਿਰਫ਼ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਾਖਲਾ ਪ੍ਰਾਪਤ ਕਰਦੇ ਹਨ, ਸਗੋਂ ਇਹ ਵੀ ਕਿ ਪ੍ਰਾਈਵੇਟ ਸੰਸਥਾਵਾਂ ਦੇ ਦਾਖਲੇ ਦੇ ਮਾਪਦੰਡਾਂ ਨੂੰ ਸਿਰਫ਼ ਮਹੱਤਵਪੂਰਨ ਤੌਰ 'ਤੇ ਉੱਚ ਸਕੋਰਾਂ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਸੁਰੱਖਿਅਤ ਰੱਖਿਆ ਜਾਂਦਾ ਹੈ। ਹਾਸ਼ੀਆਗ੍ਰਸਤ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਾ। ਟੀਚਾ ਇਹ ਯਕੀਨੀ ਬਣਾਉਣਾ ਹੋਣਾ ਚਾਹੀਦਾ ਹੈ ਕਿ ਪਛੜੇ ਵਰਗਾਂ ਦੇ ਲੋਕਾਂ ਨੂੰ ਡਾਕਟਰੀ ਖੇਤਰ ਵਿੱਚ ਢੁਕਵੀਂ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਉਹ ਸਿਹਤ ਸੰਭਾਲ ਨੂੰ ਆਪਣੇ ਭਾਈਚਾਰਿਆਂ ਤੱਕ ਪਹੁੰਚਯੋਗ ਬਣਾਉਣ ਵਿੱਚ ਯੋਗਦਾਨ ਪਾ ਸਕਣ।

# ਸਿੱਖਿਆ ਸੰਸਥਾਨਾਂ 'ਚ ਫੈਲ ਰਹੀ ਰੈਗਿੰਗ ਦੀ ਜਾਨਲੇਵਾ ਬੁਰਾਈ

ਰੈਗਿੰਗ ਇਨ੍ਹੀਂ ਦਿਨੀਂ ਉੱਚ ਸਿੱਖਿਆ ਸੰਸਥਾਨਾਂ 'ਚ ਦਾਖਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਨੂੰ ਸੀਨੀਅਰ ਵਿਦਿਆਰਥੀਆਂ ਵੱਲੋਂ ਤੰਗ-ਪ੍ਰੇਸ਼ਾਨ ਕਰਨ ਦਾ ਮਾਧਿਅਮ ਬਣ ਗਈ ਹੈ। ਇਸ 'ਚ ਉਨ੍ਹਾਂ ਦੇ ਨਾਲ ਨਿਰਾਦਰਯੋਗ ਛੇੜਛਾੜ, ਕੁੱਟਮਾਰ, ਜ਼ਬਰਦਸਤੀ ਨਸ਼ਾ ਕਰਵਾਉਣਾ, ਸੈਕਸ ਸ਼ੋਸ਼ਣ, ਕੱਪੜੇ ਉਤਰਵਾਉਣ ਵਰਗੇ ਗੈਰ-ਮਨੁੱਖੀ ਕਾਰੇ ਸ਼ਾਮਲ ਹਨ ਜਿਨ੍ਹਾਂ ਦੀਆਂ ਇਸ ਸਾਲ ਦੇ ਪੰਜ ਮਹੀਨਿਆਂ ਦੀਆਂ ਕੁਝ ਉਦਾਹਰਣਾਂ ਹੇਠਾਂ ਦਰਜ ਹਨ :

- 15 ਫਰਵਰੀ, 2024 ਨੂੰ ਹੈਦਰਾਬਾਦ (ਤੇਲੰਗਾਨਾ) 'ਚ 'ਰਾਮਾਗੁੰਡਮ' ਸਥਿਤ 'ਸਰਕਾਰੀ ਮੈਡੀਕਲ ਕਾਲਜ ਤੇ ਜਨਰਲ ਹਸਪਤਾਲ' ਦੇ ਐੱਮ. ਬੀ. ਬੀ. ਐੱਸ. ਦੂਜੇ ਸਾਲ ਦੇ 4 ਵਿਦਿਆਰਥੀਆਂ ਨੂੰ ਆਪਣੇ ਇਕ ਜੂਨੀਅਰ ਵਿਦਿਆਰਥੀ ਦੀ ਰੈਗਿੰਗ ਕਰਨ ਅਤੇ ਉਸ ਦੇ ਸਿਰ ਦੇ ਵਾਲ ਅਤੇ ਮੁੱਛਾਂ ਮੁੰਨ ਦੇਣ ਦੇ ਦੋਸ਼ 'ਚ ਕਾਲਜ ਹੋਸਟਲ 'ਚੋਂ ਕੱਢਿਆ ਗਿਆ।
- 22 ਫਰਵਰੀ ਨੂੰ ਸ਼ਰਾਬ ਪੀਣ ਲਈ ਪੈਸੇ ਨਾ ਦੇਣ 'ਤੇ ਇਕ ਵਿਦਿਆਰਥੀ ਨੂੰ ਬੈਲਟ ਨਾਲ ਕੁੱਟਣ, ਉਸ ਦਾ ਸਿਰ ਟ੍ਰਿਮਰ ਨਾਲ ਮੁੰਨ ਦੇਣ ਅਤੇ ਉਸ ਨੂੰ 5 ਘੰਟਿਆਂ ਤੱਕ ਹੋਸਟਲ ਦੇ ਕਮਰੇ 'ਚ ਬੰਦ ਰੱਖਣ ਦੇ ਦੋਸ਼ 'ਚ ਅਪਰਾਧਿਕ ਮਾਮਲਾ ਝੱਲ ਰਹੇ 'ਪੀ. ਐੱਸ. ਜੀ. ਕਾਲਜ ਆਫ ਟੈਕਨਾਲੋਜੀ' 'ਚ ਇੰਜੀਨੀਅਰਿੰਗ ਦੇ 8 ਵਿਦਿਆਰਥੀਆਂ ਨੂੰ ਮਦਰਾਸ ਹਾਈ ਕੋਰਟ ਦੇ ਜੱਜ ਐੱਨ. ਵੈਂਕਟੇਸ਼ ਨੇ ਜੰਮ ਕੇ ਝਾੜ ਪਾਈ ਅਤੇ ਕਿਹਾ, "ਅਜਿਹੇ ਕਾਰਿਆਂ 'ਚ ਸ਼ਾਮਲ ਹੋਣ ਨਾਲੋਂ ਚੰਗਾ ਹੈ ਕਿ ਤੁਸੀਂ ਅਨਪੜ੍ਹ ਹੀ ਬਣੇ ਰਹੋ।"
- 12 ਅਪ੍ਰੈਲ ਨੂੰ 'ਬੀ. ਜੇ. ਮੈਡੀਕਲ ਕਾਲਜ' (ਬੀ. ਜੇ. ਐੱਮ. ਸੀ.) ਪੁਣੇ ਦੇ ਅਧਿਕਾਰੀਆਂ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਇਕ 24 ਸਾਲਾ ਮਹਿਲਾ ਜੂਨੀਅਰ ਰੈਜ਼ੀਡੈਂਟ ਡਾਕਟਰ ਨੇ ਕਾਲਜ ਦੇ ਸੀਨੀਅਰ ਡਾਕਟਰਾਂ 'ਤੇ ਉਸ ਦੀ ਰੈਗਿੰਗ ਅਤੇ ਘਟੀਆ ਸਲੂਕ ਕਰਨ ਦਾ ਦੋਸ਼ ਲਗਾਇਆ।

ਕਾਲਜ ਦੇ ਡੀਨ ਡਾ. ਸ਼ੇਖਰ ਪ੍ਰਧਾਨ ਦੇ ਅਨੁਸਾਰ, "ਕਾਲਜ 'ਚ ਸੀਨੀਅਰਾਂ ਵੱਲੋਂ ਜੂਨੀਅਰ ਡਾਕਟਰਾਂ ਦੀ ਰੈਗਿੰਗ ਆਮ ਗੱਲ ਹੋ ਗਈ ਹੈ ਤੇ 31 ਦਸੰਬਰ, 2023 ਨੂੰ ਵੀ ਕੁਝ ਸੀਨੀਅਰ ਵਿਦਿਆਰਥੀਆਂ ਨੇ ਸ਼ਰਾਬ ਪੀਣ ਦੇ ਬਾਅਦ ਇਕ ਮਹਿਲਾ ਰੈਜ਼ੀਡੈਂਟ ਡਾਕਟਰ ਦੇ ਕਮਰੇ 'ਚ ਦਾਖਲ ਹੋ ਕੇ ਭਾਰੀ ਹੰਗਾਮਾ ਕੀਤਾ ਸੀ।"

- 26 ਮਈ, 2024 ਨੂੰ ਪੱਛਮੀ ਬੰਗਾਲ ਸਥਿਤ ਜਾਧਵਪੁਰ ਯੂਨੀਵਰਸਿਟੀ ਦੀ ਐਗਜ਼ੀਕਿਊਟਿਵ ਕੌਂਸਲ ਨੇ ਸਿਵਲ ਇੰਜੀਨੀਅਰਿੰਗ, ਇਕਨਾਮਿਕਸ ਤੇ ਸੋਸ਼ਿਓਲੋਜੀ ਦੇ 10 ਸੀਨੀਅਰ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਹੋਸਟਲ 'ਚੋਂ ਕੱਢ ਦੇਣ ਦੇ ਹੁਕਮ ਜਾਰੀ ਕੀਤੇ।

ਦੋਸ਼ੀ ਵਿਦਿਆਰਥੀਆਂ ਨੇ 10 ਅਗਸਤ, 2023 ਨੂੰ ਇਕ ਵਿਦਿਆਰਥੀ ਦੀ ਇੰਨੀ ਬੁਰੀ ਤਰ੍ਹਾਂ ਰੈਗਿੰਗ ਅਤੇ ਸੈਕਸ ਸ਼ੋਸ਼ਣ ਕੀਤਾ ਸੀ ਕਿ ਉਨ੍ਹਾਂ ਤੋਂ ਬਚਣ ਦੀ ਕੋਸ਼ਿਸ਼ 'ਚ ਉਹ ਹੋਸਟਲ ਦੀ ਦੂਜੀ ਮੰਜ਼ਿਲ ਤੋਂ ਹੇਠਾਂ ਡਿੱਗ ਗਿਆ ਅਤੇ ਉਸ ਦੀ ਮੌਤ ਹੋ ਗਈ।

- 5 ਜੂਨ ਨੂੰ ਟਾਂਡਾ (ਹਿਮਾਚਲ ਪ੍ਰਦੇਸ਼) ਸਥਿਤ 'ਡਾ. ਰਾਜੇਂਦਰ ਪ੍ਰਸਾਦ ਮੈਡੀਕਲ ਕਾਲਜ ਅਤੇ ਹਸਪਤਾਲ' ਦੇ ਸੀਨੀਅਰ ਟਰੇਨੀ ਡਾਕਟਰਾਂ ਵੱਲੋਂ ਜੂਨੀਅਰ ਡਾਕਟਰਾਂ ਦੀ ਰੈਗਿੰਗ ਕਰਨ ਦੇ ਦੋਸ਼ 'ਚ 4 ਟਰੇਨੀ ਡਾਕਟਰਾਂ 'ਚੋਂ 2 ਨੂੰ 1-1 ਲੱਖ ਰੁਪਏ ਅਤੇ 2 'ਤੇ 50-50 ਹਜ਼ਾਰ ਰੁਪਏ ਜੁਰਮਾਨਾ ਕਰਨ ਦੇ ਇਲਾਵਾ 2 ਟਰੇਨੀ ਡਾਕਟਰਾਂ ਨੂੰ ਇਕ-ਇਕ ਸਾਲ ਲਈ ਕਾਲਜ 'ਚੋਂ ਕੱਢ ਦਿੱਤਾ ਗਿਆ।
- 26 ਜੂਨ ਨੂੰ ਡੂੰਗਰਪੁਰ (ਰਾਜਸਥਾਨ) ਜ਼ਿਲਾ ਮੈਡੀਕਲ ਕਾਲਜ 'ਚ ਐੱਮ. ਬੀ. ਬੀ. ਐੱਸ. ਪਹਿਲੇ ਸਾਲ ਦੇ 50 ਤੋਂ ਵੱਧ ਵਿਦਿਆਰਥੀਆਂ ਨੂੰ ਸੀਨੀਅਰ ਵਿਦਿਆਰਥੀਆਂ ਵੱਲੋਂ 44 ਡਿਗਰੀ ਤਾਪਮਾਨ 'ਚ 350 ਤੋਂ ਵੱਧ ਬੈਠਕਾਂ ਕਢਵਾਉਣ ਦੇ ਕਾਰਨ ਕਈ ਵਿਦਿਆਰਥੀਆਂ ਦੀ ਹਾਲਤ ਵਿਗੜਨ ਦਾ ਮਾਮਲਾ ਸਾਹਮਣੇ ਆਇਆ।

ਇਸ ਕਾਰਨ ਇਕ ਵਿਦਿਆਰਥੀ ਦੀ ਕਿਡਨੀ ਅਤੇ ਲਿਵਰ ਦੋਵੇਂ ਪ੍ਰਭਾਵਿਤ ਹੋ ਗਏ ਅਤੇ ਉਸ ਨੂੰ ਹਸਪਤਾਲ 'ਚ ਦਾਖਲ ਹੋ ਕੇ ਡਾਇਲਿਸਿਸ ਕਰਵਾਉਣਾ ਪਿਆ। 15 ਮਈ ਦੀ ਇਸ ਘਟਨਾ ਦੇ ਸਬੰਧ 'ਚ ਦੂਜੇ ਸਾਲ ਦੇ 7 ਵਿਦਿਆਰਥੀਆਂ ਨੂੰ ਮੁਅੱਤਲ ਕਰਨ ਦੇ ਇਲਾਵਾ ਉਨ੍ਹਾਂ ਦੇ ਵਿਰੁੱਧ ਮੁਕੱਦਮਾ ਦਰਜ ਕਰਵਾਇਆ ਗਿਆ।

- 29 ਜੂਨ ਨੂੰ ਜਮਸ਼ੇਦਪੁਰ (ਝਾਰਖੰਡ) ਸਥਿਤ 'ਮਹਾਤਮਾ ਗਾਂਧੀ ਮੈਮੋਰੀਅਲ ਸਰਕਾਰੀ ਮੈਡੀਕਲ ਕਾਲਜ' 'ਚ ਜੂਨੀਅਰ ਵਿਦਿਆਰਥੀਆਂ ਨੇ 5 ਸੀਨੀਅਰ ਵਿਦਿਆਰਥੀਆਂ ਦੇ ਵਿਰੁੱਧ ਰੈਗਿੰਗ ਦੇ ਨਾਂ 'ਤੇ ਉਨ੍ਹਾਂ ਨੂੰ ਨੰਗਾ ਕਰ ਕੇ ਨਚਾਉਣ, ਜ਼ਬਰਦਸਤੀ ਸ਼ਰਾਬ ਪਿਆਉਣ, ਸਿਗਰਟਨੋਸ਼ੀ ਕਰਵਾਉਣ, ਸੈਕਸ ਸ਼ੋਸ਼ਣ ਅਤੇ ਉਨ੍ਹਾਂ ਨੂੰ ਗੰਦੀਆਂ-ਗੰਦੀਆਂ ਗੱਲਾਂ ਕਹਿਣ ਦੀ ਸ਼ਿਕਾਇਤ 'ਨੈਸ਼ਨਲ ਮੈਡੀਕਲ ਕਮਿਸ਼ਨ' (ਐੱਨ. ਐੱਮ. ਸੀ.) ਨੂੰ ਕੀਤੀ।

ਦੇਸ਼ 'ਚ ਰੈਗਿੰਗ 'ਤੇ ਪਾਬੰਦੀ ਹੈ ਅਤੇ ਕਾਲਜਾਂ 'ਚ ਐਂਟੀ ਰੈਗਿੰਗ ਕਮੇਟੀਆਂ ਵੀ ਬਣੀਆਂ ਹੋਈਆਂ ਹਨ ਪਰ ਇਸ ਦੇ ਬਾਵਜੂਦ ਰੈਗਿੰਗ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸਭ ਤੋਂ ਬੁਰੀ ਗੱਲ ਇਹ ਹੈ ਕਿ ਰੈਗਿੰਗ ਦੀਆਂ ਘਟਨਾਵਾਂ 'ਚ ਮੈਡੀਕਲ ਵਰਗੇ ਨਾਜ਼ੁਕ ਅਤੇ ਮਹੱਤਵਪੂਰਨ ਪੇਸ਼ੇ ਦੀ ਪੜ੍ਹਾਈ ਨਾਲ ਜੁੜੇ ਵਿਦਿਆਰਥੀ ਵੀ ਸ਼ਾਮਲ ਪਾਏ ਜਾ ਰਹੇ ਹਨ।

ਹਾਲਾਂਕਿ ਸਾਰੇ ਵਿਦਿਆਰਥੀ ਅਜਿਹੇ ਨਹੀਂ ਹਨ ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਯਕੀਨੀ ਤੌਰ 'ਤੇ ਦੁਖਦਾਇਕ ਹਨ ਅਤੇ ਇਨ੍ਹਾਂ ਦੇ ਲਈ ਜ਼ਿੰਮੇਵਾਰ ਲੋਕਾਂ ਨੂੰ ਸਿੱਖਿਆਦਾਇਕ ਸਜ਼ਾ ਮਿਲਣੀ ਹੀ ਚਾਹੀਦੀ ਹੈ ਤਾਂ ਕਿ ਇਸ ਬੁਰਾਈ 'ਤੇ ਰੋਕ ਲੱਗੇ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD